ਕੌਮਾਂਤਰੀ www.amritsartimes.live
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 22 | Issue 162| 12 Feb. to 18 Feb., 2025 | Ph.: (510) 240-5949 | Email: asrtimes@gmail.com



# ਜੇ ਰਿਜ਼ਕ ਰਜਾਈ ਦੇਸੋਂ ਮਿਲ ਜਾਏ...

# ਦੇਸ਼ ਨਿਕਾਲਾ : ਚਕਨਾਚੂਰ ਹੋਏ ਚੰਗੇ ਭਵਿੱਖ ਦੇ ਸੁਪਨੇ

## ਰੌਂਗਟੇ ਖੜ੍ਹੇ ਕਰਦੀ ਹੈ ਅਮਰੀਕਾ ਤੋਂ ਵਾਪਸ ਭੇਜੇ ਗ਼ੈਰ ਕਾਨੂੰਨੀ ਪਰਵਾਸੀਆਂ ਦੀ ਗਾਥਾ

## 'ਸਵਰਗ' ਵਰਗੇ ਦੇਸ਼ ਅਮਰੀਕਾ 'ਚ ਜਾਣ ਲਈ ਡੌਂਕੀ ਰੂਟ ਦਾ 'ਨਰਕ' ਭਰਿਆ ਸਫ਼ਰ ਕਰਨ ਲਈ ਮਜਬੂਰ ਕਿਉਂ ਹੁੰਦੇ ਨੇ ਨੌਜਵਾਨ ?



**ਪੂਰੀ ਦੁਨੀਆਂ ਵਿੱਚ ਆਪਣੇ ਆਪ ਨੂੰ ਮਨੁੱਖੀ ਅਧਿਕਾਰਾਂ ਦਾ ਰਾਖਾ ਅਤੇ ਅਲੰਬਰਦਾਰ ਕਹਾਉਣ ਵਾਲੇ ਅਮਰੀਕਾ ਦੀ ਅਸਲੀਅਤ ਉਦੋਂ ਸਾਹਮਣੇ ਆ ਗਈ, ਜਦੋਂ ਪਿਛਲੇ ਦਿਨੀਂ ਅਮਰੀਕਾ ਤੋਂ ਡਿਪੋਰਟ ਕਰਕੇ ਭਾਰਤ ਭੇਜੇ ਗਏ 104 ਭਾਰਤੀਆਂ ਦਾ ਹਵਾਈ ਜਹਾਜ਼ ਅੰਮ੍ਰਿਤਸਰ ਦੇ ਏਅਰਪੋਰਟ 'ਤੇ ਉੱਤਰਿਆ। ਕੈਦੀਆਂ ਵਾਂਗ ਇਹਨਾਂ ਪਰਵਾਸੀ ਭਾਰਤੀਆਂ ਦੇ ਹੱਥਕੜੀਆਂ ਲੱਗੀਆਂ ਹੋਈਆਂ ਸਨ ਅਤੇ ਪੈਰਾਂ 'ਚ ਜ਼ੰਜੀਰ ਸੀ, ਜੋ ਕਿ ਗ਼ੁਲਾਮ ਯੁੱਗ ਦੀ ਯਾਦ ਤਾਜ਼ਾ ਕਰਵਾ ਰਹੀ ਸੀ। ਇਹ ਭਾਰਤੀ ਵਿਦੇਸ਼ੀ ਅਮਰੀਕਾ ਡਾਲਰ ਕਮਾਉਣ ਗਏ ਸਨ ਪਰ ਅਮਰੀਕਾ ਵੱਲੋਂ ਇਹਨਾਂ ਨਾਲ ਅੱਤਵਾਦੀਆਂ ਵਰਗਾ ਸਲੂਕ ਕਰਦਿਆਂ ਨੂੰ ਇਨ੍ਹਾਂ ਨੂੰ ਵਾਪਸ ਭੇਜਿਆ ਗਿਆ, ਜਿਸ ਨੇ ਕਈ ਸਵਾਲ ਖੜ੍ਹੇ ਕਰ ਦਿੱਤੇ ਹਨ।**







**ਜਗਮੋਹਨ ਸਿੰਘ ਲੱਕੀ**

ਪਰਵਾਸ, ਹਿਜਰਤ, ਡੌਂਕੀ ਅਤੇ ਦੇਸ਼ ਨਿਕਾਲ਼ਾ ਸ਼ਬਦ ਤਾਂ ਸਭ ਨੇ ਹੀ ਪੜ੍ਹੇ ਅਤੇ ਸੁਣੇ ਹਨ, ਪਰ ਇਹਨਾਂ ਸ਼ਬਦਾਂ ਦੇ ਅਸਲੀ ਅਰਥ ਉਹੋ ਵਿਅਕਤੀ ਹੀ ਜਾਣਦੇ ਹਨ, ਜਿਨ੍ਹਾਂ ਨੇ ਏਨ੍ਹਾਂ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੈ। ਆਪਣੇ ਘਰ ਅਤੇ ਆਪਣੇ ਖੇਤਾਂ ਨੂੰ ਛੱਡ ਤੇ ਕੁਝ ਨੇ ਵੇਚ ਵੱਟ ਕੇ ਰੌਸ਼ਨ ਭਵਿੱਖ ਅਤੇ ਆਪਣੇ ਪਰਿਵਾਰ ਦੀ ਜੂਨ ਸੁਧਾਰਨ ਦੀ ਆਸ ਵਿੱਚ ਜਦੋਂ ਵੱਡੀ ਗਿਣਤੀ ਵਿੱਚ ਆਪਣੇ ਪਿੰਡਾਂ ਦੀਆਂ ਜੂਹਾਂ ਟੱਪੀਆਂ ਸਨ ਤਾਂ ਨਵੀਂ ਦਿੱਲੀ ਦੇ ਏਅਰਪੋਰਟ ਦੀਆਂ ਅੱਖਾਂ ਚੁੰਧਾਂਉਂਦੀਆਂ ਰੌਸ਼ਨੀਆਂ ਵਿੱਚ ਅਧਮੀਟੀਆਂ ਅੱਖਾਂ ਵਿੱਚ ਹੀ ਇਹ ਲੋਕ ਅਨੇਕਾਂ ਸੁਨਹਿਰੀ ਸੁਪਨੇ ਲੈਂਦਿਆਂ ਵਿਦੇਸ਼ ਜਾਣ ਲਈ ਜਹਾਜ਼ ਚੜ੍ਹੇ ਸਨ। ਘਰ ਅਤੇ ਜ਼ਮੀਨਾਂ ਗਹਿਣੇ ਧਰ ਕੇ, ਆਪਣੇ ਖੇਤਾਂ ਨੂੰ ਵੇਚ ਕੇ, ਟ੍ਰੈਵਲ ਏਜੰਟਾਂ ਨੂੰ 40-40, 50-50 ਲੱਖ ਰੁਪਏ ਦੇ ਕੇ ਡੌਂਕੀ ਲਗਾ ਕੇ ਅਨੇਕਾਂ ਪੰਜਾਬੀ ਅਮਰੀਕਾ ਦੀ ਧਰਤੀ 'ਤੇ ਤਾਂ ਪੁੱਜ ਗਏ ਸਨ ਪਰ ਉਸ ਬੇਗਾਨੀ ਧਰਤੀ 'ਤੇ ਇਹਨਾਂ ਦਾ ਦਾਣਾ ਪਾਣੀ ਉਦੋਂ ਖਤਮ ਹੋ ਗਿਆ ਜਦੋਂ ਅਮਰੀਕਾ ਦੇ ਨਵੇਂ ਬਣੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣਾ ਅਹੁਦਾ ਸੰਭਾਲਦਿਆਂ ਹੀ ਅਮਰੀਕਾ 'ਚ ਰਹਿ ਰਹੇ ਗ਼ੈਰ ਕਾਨੂੰਨੀ ਪਰਵਾਸੀਆਂ ਦੇ ਜਹਾਜ਼ ਭਰ ਕੇ ਉਹਨਾਂ ਨੂੰ ਮੂਲ ਮੁਲਕਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ। ਪਿਛਲੇ ਦਿਨੀਂ ਅਮਰੀਕੀ ਫ਼ੌਜ ਦਾ ਗਲੋਬਮਾਸਟਰ ਹਵਾਈ ਜਹਾਜ਼ ਸੀ-17 ਅੰਮ੍ਰਿਤਸਰ ਦੇ ਰਾਜਾਸਾਂਸੀ ਕੌਮਾਂਤਰੀ ਹਵਾਈ ਅੱਡੇ 'ਤੇ ਉੱਤਰਿਆ ਤਾਂ ਇਸ ਵਿੱਚ 104 ਗ਼ੈਰਕਾਨੂੰਨੀ ਪਰਵਾਸੀ ਸਵਾਰ ਸਨ। ਇਨ੍ਹਾਂ 'ਚੋਂ 30 ਪਰਵਾਸੀ ਪੰਜਾਬ ਦੇ ਹਨ ਜਦਕਿ 33 ਗੁਜਰਾਤ, 35 ਹਰਿਆਣਾ, ਜਦਕਿ 3-3 ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਨਾਲ ਸਬੰਧਿਤ ਹਨ। ਜਦੋਂ ਇਹ ਡਿਪੋਰਟ ਕੀਤੇ ਵਿਅਕਤੀ ਅੰਮ੍ਰਿਤਸਰ ਦੇ ਹਵਾਈ ਅੱਡੇ 'ਤੇ ਪਹੁੰਚੇ ਸਨ ਤਾਂ ਹਰ ਕਿਸੇ ਦੇ ਚਿਹਰੇ 'ਤੇ ਉਦਾਸੀ ਦੀਆਂ ਪਰਤਾਂ ਸਨ, ਮੱਥੇ 'ਤੇ ਚਿੰਤਾ ਦੀਆਂ ਲਕੀਰਾਂ ਉਭਰੀਆਂ ਹੋਈਆਂ ਸਨ, ਬੁੱਲਾਂ 'ਤੇ ਚੁੱਪ ਵਾਲਾ ਜਿੰਦਰਾ ਲੱਗਿਆ ਹੋਇਆ ਸੀ, ਹੱਥਾਂ 'ਚ ਹੱਥਕੜੀਆਂ ਅਤੇ ਪੈਰਾਂ 'ਚ ਬੇੜੀਆਂ ਅਤੇ ਕਮਰ 'ਤੇ ਜ਼ੰਜੀਰ ਸੀ। ਇਹ ਵਿਅਕਤੀ ਅਮਰੀਕਾ ਡਾਲਰ ਕਮਾਉਣ ਗਏ ਸਨ ਪਰ ਅਮਰੀਕਾ ਵੱਲੋਂ ਇਹਨਾਂ ਨਾਲ ਅੱਤਵਾਦੀਆਂ ਵਰਗਾ ਸਲੂਕ ਕਰਦਿਆਂ ਇਹਨਾਂ ਨੂੰ ਵਾਪਸ ਭੇਜਿਆ ਗਿਆ। ਮੀਡੀਆ ਰਿਪੋਰਟਾਂ ਅਨੁਸਾਰ ਇਹਨਾਂ ਵਿਅਕਤੀਆਂ ਨੂੰ ਹੱਥਕੜੀਆਂ ਲਗਾ ਕੇ ਜਹਾਜ਼ ਵਿੱਚ 40 ਘੰਟੇ ਹਿੱਲਣ ਵੀ ਨਹੀਂ ਦਿੱਤਾ, ਬਾਥਰੂਮ ਜਾਣ ਲਈ ਵੀ ਇਹ ਪਰਵਾਸੀ ਵਿਅਕਤੀ ਤਰਸ ਗਏ ਸਨ। ਇੱਥੋਂ ਤੱਕ ਕਿ ਇਹਨਾਂ ਨੌਜਵਾਨਾਂ 'ਤੇ ਮਜਾਕ ਵੀ ਉਡਾਏ ਗਏ ਪਰ ਦਿਲ ਉਹਨਾਂ ਦਾ ਪੁਛਿਆਂ ਜਾਣਦਾ ਕਿ ਜਿਹੜੇ ਰਿਸ਼ਤੇਦਾਰਾਂ ਦੇ ਅੱਗੇ ਵੀ ਮੰਗਤੇ ਬਣੇ, ਤੇ ਆਪਣੇ ਪੁੱਤਾਂ ਨੂੰ 'ਮੌਤ ਦੀ ਘਾਟੀ' ਪਾਰ ਕਰਨ ਦੀ ਹੱਲਾਸ਼ੇਰੀ ਦਿੱਤੀ, ਸੱਚ ਕਹੀਏ ਤਾਂ ਇਹ ਉਹਨਾਂ ਦਾ ਦੂਜਾ ਜਨਮ ਹੈ। ਨਰਕ ਦਾ ਰਸਤਾ ਲੰਘ ਕੇ ਟਿਕਾਣੇ ਵੀ ਲੱਗ ਗਏ ਤੇ ਵਾਪਸ ਵੀ ਆ ਗਏ। ਅਸਲ ਚਾਹੀਦਾ ਤਾਂ ਇਹ ਸੀ ਕਿ ਸਿਰਫ਼ ਅਸਲ ਅਪਰਾਧੀ ਫੜ ਕੇ ਭੇਜਦੇ।

ਅਮਰੀਕਾ ਤੋਂ ਬਾਅਦ ਹੁਣ ਕੈਨੇਡਾ, ਯੂ.ਕੇ. ਅਤੇ ਹੋਰ ਮੁਲਕਾਂ ਵੱਲੋਂ ਵੀ ਆਪਣੇ ਦੇਸ਼ਾਂ ਵਿਚੋਂ ਗ਼ੈਰ ਕਾਨੂੰਨੀ ਪਰਵਾਸੀਆਂ ਅਤੇ ਵੀਜ਼ੇ ਦੀ ਮਿਆਦ ਪੁਗਾ ਚੁੱਕੇ ਵਿਦਿਆਰਥੀਆਂ ਨੂੰ ਵਾਪਸ ਭਾਰਤ ਭੇਜਣਾ ਸ਼ੁਰੂ ਕਰ ਦਿੱਤਾ ਹੈ, ਅਜਿਹੇ ਲੋਕਾਂ ਵਿੱਚ ਪੰਜਾਬੀ ਵੀ ਵੱਡੀ ਗਿਣਤੀ ਵਿੱਚ ਹਨ।

ਦਾਣਿਆਂ ਖਾਤਰ ਇਹ ਪੰਜਾਬੀ ਆਪਣੇ ਜੱਦੀ ਆਲ੍ਹਣਿਆਂ ਤੋਂ ਦੂਰ ਹੋ ਕੇ ਸੱਤ ਸਮੁੰਦਰ ਪਾਰ ਨਵੇਂ ਆਲ੍ਹਣੇ ਦੀ ਤਲਾਸ਼ ਵਿੱਚ ਗਏ ਸਨ ਪਰ ਇਹਨਾਂ ਦੀਆਂ ਉਮੀਦਾਂ ਦਾ ਇਹ ਆਲ੍ਹਣਾ ਵਿਦੇਸ਼ ਵਿੱਚ ਵੀ ਤੀਲਾ ਤੀਲਾ ਹੋ ਗਿਆ ਅਤੇ ਪੰਜਾਬ ਵਿਚਲੇ ਇਹਨਾਂ ਦੇ ਜੱਦੀ ਆਲ੍ਹਣੇ ਵੀ ਖਿੰਡ ਪੁੰਡ ਗਏ। ਪੰਜਾਬ 'ਚ ਇਹਨਾਂ ਦੇ ਹਿੱਸੇ ਦੇ ਦਾਣੇ ਕਾਂ (ਧਨਾਢ ਲੋਕ) ਚੁਗ ਗਏ ਹਨ।

(ਬਾਕੀ ਸਫ਼ਾ 30 'ਤੇ)

### ਟ੍ਰੈਵਲ ਏਜੰਟਾਂ ਵਿਰੁੱਧ ਕਾਰਵਾਈ

ਅਮਰੀਕਾ ਤੋਂ ਡਿਪੋਰਟ ਹੋ ਕੇ ਆਏ ਕਈ ਪੰਜਾਬੀਆਂ ਨੇ ਟ੍ਰੈਵਲ ਏਜੰਟਾਂ ਖ਼ਿਲਾਫ਼ ਵੀ ਮੁਕਦਮੇ ਦਰਜ ਕਰਵਾਏ ਹਨ। ਇਹਨਾਂ ਪੰਜਾਬੀਆਂ ਦਾ ਕਹਿਣਾ ਹੈ ਕਿ ਲੱਖਾਂ ਰੁਪਏ ਟ੍ਰੈਵਲ ਏਜੰਟਾਂ ਨੂੰ ਦੇ ਕੇ ਉਹ ਅਮਰੀਕਾ ਗਏ ਸਨ ਪਰ ਅਮਰੀਕਾ ਵੱਲੋਂ ਡਿਪੋਰਟ ਕੀਤੇ ਜਾਣ ਕਾਰਨ ਹੁਣ ਉਹਨਾਂ ਕੋਲ ਨਾ ਤਾਂ ਜ਼ਮੀਨ ਹੈ, ਨਾ ਪੈਸੇ ਹਨ। ਪੰਜਾਬ ਸਰਕਾਰ ਨੇ ਵੀ ਅਜਿਹੇ ਟ੍ਰੈਵਲ ਏਜੰਟਾਂ ਵਿਰੁੱਧ ਕਾਰਵਾਈ ਕਰਨੀ ਸ਼ੁਰੂ ਕਰ ਦਿੱਤੀ ਹੈ।

## ਅਮਰੀਕਾ: 2009 ਤੋਂ ਹੁਣ ਤੱਕ 15,668 ਗ਼ੈਰ-ਕਾਨੂੰਨੀ ਭਾਰਤੀਆਂ ਦੀ ਵਾਪਸੀ

ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਰਾਜ ਸਭਾ 'ਚ ਬਿਆਨ ਦਿੰਦਿਆਂ ਕਿਹਾ ਕਿ ਅਮਰੀਕਾ ਤੋਂ ਸਾਲ 2009 ਤੋਂ ਹੁਣ ਤੱਕ 15,668 ਗ਼ੈਰ-ਕਾਨੂੰਨੀ ਭਾਰਤੀਆਂ ਦੀ ਵਤਨ ਵਾਪਸੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਭ ਤੋਂ ਵੱਧ 2,042 ਭਾਰਤੀ 2019 'ਚ ਮੁਲਕ ਭੇਜੇ ਗਏ ਸਨ। ਸਾਲ 2020 'ਚ 1,889, 2021 'ਚ 805, 2022 'ਚ 862, 2023 'ਚ 617, 2024 'ਚ 1,368, 2018 'ਚ 1,180, 2017 'ਚ 1,024, 2016 'ਚ 1,303, 2015 'ਚ 708 ਅਤੇ 2014 'ਚ 591 ਭਾਰਤੀ ਵਾਪਸ ਆਏ ਸਨ। ਮੰਤਰੀ ਨੇ ਕਿਹਾ ਕਿ 2009 'ਚ 734, 2010 'ਚ 799, 2011 'ਚ 597, 2012 'ਚ 530 ਅਤੇ 2013 'ਚ 515 ਭਾਰਤੀਆਂ ਨੂੰ ਮੁਲਕ ਭੇਜਿਆ ਗਿਆ ਸੀ।

## ਅਮਰੀਕਾ 'ਚ ਕਿੰਨੇ ਹਨ ਗ਼ੈਰ-ਕਾਨੂੰਨੀ ਭਾਰਤੀ ?

ਅਮਰੀਕਾ ਵਿੱਚ ਲਗਭਗ 11 ਮਿਲੀਅਨ (1 ਕਰੋੜ 10 ਲੱਖ) ਗ਼ੈਰ-ਕਾਨੂੰਨੀ ਜਾਂ ਅਸਥਾਈ ਦਸਤਾਵੇਜ਼ੀ ਵਿਦੇਸ਼ੀ ਹਨ। ਕੁਝ ਮਾਹਰ ਇਸ ਗਿਣਤੀ ਨੂੰ 14 ਮਿਲੀਅਨ ਤੱਕ ਦੱਸਦੇ ਹਨ। ਰਿਪੋਰਟਾਂ ਅਨੁਸਾਰ, ਗ਼ੈਰ-ਕਾਨੂੰਨੀ ਭਾਰਤੀਆਂ ਦੀ ਗਿਣਤੀ ਲਗਭਗ 7.25 ਲੱਖ (7,25,000) ਹੈ ਜੋ ਕਾਰਵਾਈ ਦੇ ਦਾਇਰੇ ਵਿੱਚ ਆ ਸਕਦੇ ਹਨ ਅਤੇ ਉਨ੍ਹਾਂ ਲਈ ਇਹ ਵੀ ਖ਼ਤਰਾ ਹੈ ਕਿ ਉਨ੍ਹਾਂ ਨੂੰ ਅਮਰੀਕਾ ਤੋਂ ਦੇਸ਼ ਨਿਕਾਲ਼ਾ ਦਿੱਤਾ ਜਾ ਸਕਦਾ ਹੈ। ਮੀਡੀਆ ਰਿਪੋਰਟਾਂ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਨੇ 18,000 ਭਾਰਤੀਆਂ ਦੀ ਪਛਾਣ ਗ਼ੈਰ-ਕਾਨੂੰਨੀ ਪਰਵਾਸੀਆਂ ਵਜੋਂ ਕੀਤੀ ਹੈ ਜਿਨ੍ਹਾਂ ਨੂੰ ਦੇਸ਼ ਨਿਕਾਲ਼ਾ ਦਿੱਤਾ ਜਾਣਾ ਹੈ। ਹਾਲਾਂ ਕਿ, ਕੁਝ ਖੋਜਾਂ ਕਹਿੰਦੀਆਂ ਹਨ ਕਿ ਇਹ ਗਿਣਤੀ ਲੱਖਾਂ ਵਿੱਚ ਹੈ।



ਬ੍ਰਿਟਿਸ਼ ਅਖ਼ਬਾਰ 'ਦ ਗਾਰਡੀਅਨ' ਨੇ ਆਪਣੀ ਰਿਪੋਰਟ ਵਿੱਚ ਪਿਊ ਰਿਸਰਚ ਸੈਂਟਰ ਦੇ ਅੰਕੜਿਆਂ ਦਾ ਹਵਾਲਾ ਦਿੱਤਾ ਹੈ ਕਿ ਅਮਰੀਕਾ ਵਿੱਚ ਲਗਭਗ 7,25000 ਭਾਰਤੀ ਪ੍ਰਵਾਸੀ ਹਨ, ਜਿਨ੍ਹਾਂ ਦਾ ਕੋਈ ਰਿਕਾਰਡ ਨਹੀਂ ਹੈ। ਇਸ ਤਰ੍ਹਾਂ ਭਾਰਤੀ ਭਾਈਚਾਰਾ ਮੈਕਸੀਕਨ ਅਤੇ ਅਲ ਸਲਵਾਡੋਰ ਤੋਂ ਬਾਅਦ ਅਮਰੀਕਾ ਵਿੱਚ ਤੀਜਾ ਸਭ ਤੋਂ ਵੱਡਾ ਪ੍ਰਵਾਸੀ ਸਮੂਹ ਹੈ। ਹਾਲਾਂ ਕਿ, ਇਨ੍ਹਾਂ ਅੰਕੜਿਆਂ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਨਹੀਂ ਹੋ ਸਕੀ।

## ਆਰਥਿਕ ਤੌਰ 'ਤੇ ਖ਼ੁਸ਼ਹਾਲ ਲੋਕ ਵੀ ਕਰਦੇ ਨੇ ਪਰਵਾਸ !

ਜਿਹੜੇ ਲੋਕਾਂ ਨੂੰ ਪੰਜਾਬ 'ਚ ਕੋਈ ਰੁਜ਼ਗਾਰ ਨਹੀਂ ਮਿਲਦਾ, ਖੇਤੀ ਲਈ ਜ਼ਮੀਨਾਂ ਨਹੀਂ ਹੁੰਦੀਆਂ, ਉਨ੍ਹਾਂ ਲਈ ਤਾਂ ਪਰਵਾਸ ਕਰਨਾ ਮਜਬੂਰੀ ਹੁੰਦਾ ਹੈ ਪਰ ਓਨਾ ਲੋਕਾਂ ਦੀ ਵੀ ਵੱਡੀ ਗਿਣਤੀ ਹੈ, ਜੋ ਕਿ ਪੰਜਾਬ ਵਿੱਚ ਹੀ ਖ਼ੁਸ਼ਹਾਲ ਹਨ ਪਰ ਫੇਰ ਵੀ ਉਹ ਪਰਵਾਸ ਕਰ ਚੁੱਕੇ ਹਨ। ਪੰਜਾਬ ਵਿੱਚ ਕਈ ਵਿਅਕਤੀ ਸਰਕਾਰੀ ਨੌਕਰੀਆਂ ਕਰਦੇ ਸਨ ਪਰ ਉਹ ਵੀ ਵਿਦੇਸ਼ ਜਾ ਚੁੱਕੇ ਹਨ। ਇਸ ਤੋਂ ਇਲਾਵਾ 25-25 ਕਿੱਲਿਆਂ ਦੇ ਮਾਲਕ ਨੌਜਵਾਨ ਵੀ ਵਿਦੇਸ਼ ਜਾ ਚੁੱਕੇ ਹਨ। ਹੁਣ ਇਹ ਸੋਚਣ ਵਾਲੀ ਗੱਲ ਹੈ ਕਿ ਪੰਜਾਬ ਦੇ ਖ਼ੁਸ਼ਹਾਲ ਲੋਕਾਂ ਨੂੰ ਭਲਾ ਪਰਵਾਸ ਕਰਨ ਦੀ ਕੀ ਮਜਬੂਰੀ ਸੀ ? ਰੱਜੇ ਪੁੱਜੇ ਲੋਕਾਂ ਦੇ ਪਰਵਾਸ ਲਈ ਸਰਕਾਰ ਨੂੰ ਕਿਵੇਂ ਦੋਸ਼ੀ ਠਹਿਰਾਇਆ ਜਾ ਸਕਦਾ ਹੈ ?

# ਆਖ਼ਿਰ ਕਿਉਂ ਹਾਰ ਗਈ ਆਮ ਆਦਮੀ ਪਾਰਟੀ 'ਦਿੱਲੀ'

## 27 ਸਾਲ ਬਾਅਦ ਦਿੱਲੀ 'ਚ ਖਿੜਿਆ 'ਕੰਵਲ'

## ਦਿੱਲੀ ਚੋਣਾਂ ਹਾਰਨ ਤੋਂ ਬਾਅਦ 'ਆਪ' ਬੈਕਫੁੱਟ 'ਤੇ

ਦਿੱਲੀ ਵਾਲਿਆਂ ਦੇ ਭਾਗ ਹੁਣ ਖੁੱਲ ਜਾਣਗੇ, ਕਿਉਂਕਿ ਰਾਮ ਆ ਗਏ ਨੇ। ਨਵੇਂ ਯੁੱਗ ਦਾ ਆਰੰਭ ਹੋ ਗਿਆ ਹੈ। ਰਾਮ ਰਾਜ ਚਾਹੇ ਲੇਟ ਹੀ ਸਹੀ ਪਰ ਦਿੱਲੀ ਵਿੱਚ ਆ ਗਿਆ ਹੈ। ਹੁਣ ਹਵਾ ਸਾਫ਼ ਹੋ ਜਾਵੇਗੀ, ਕਚਰਾ ਖ਼ੁੱਦ ਚੱਲ ਕੇ ਹਿਮਾਚਲ ਵੱਲ ਤੁਰ ਜਾਵੇਗਾ। ਪਾਣੀ, ਬਿਜਲੀ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਵਿੱਚ ਜਿਆਦਾ ਆਉਣ ਲੱਗ ਪਏ ਹਨ। ਭ੍ਰਿਸ਼ਟਾਚਾਰ ਵੀ ਕੈਬਨਿਟ ਦੀ ਪਹਿਲੀ ਬੈਠਕ ਤੋਂ ਬਾਅਦ ਖਤਮ ਹੋ ਜਾਵੇਗਾ, ਯਮੁਨਾ ਨਦੀ ਜ਼ਹਿਰ ਮੁਕਤ ਹੋ ਕੇ ਕਲ ਕਲ ਵਹਿਣ ਲੱਗ ਜਾਵੇਗੀ। ਵੈਸੇ ਤਾਂ ਕੇਜਰੀਵਾਲ ਨੇ ਇਹੀ ਸੁਪਨੇ ਦਿਖਾਏ ਸੀ ਪਰ ਹੁਣ ਇੱਕ ਗੱਲ ਹੋਰ ਖਾਸ ਹੋਵੇਗੀ ਕਿ ਹੁਣ ਦਿੱਲੀ ਦੀ ਦੁਰਦਸ਼ਾ ਦੀ ਚਰਚਾ ਮੀਡੀਆ ਵਿੱਚ ਨਹੀਂ ਦਿਖੇਗੀ। ਸ਼ਰਾਬ ਦੀਆਂ ਦੁਕਾਨਾਂ ਬੰਦ ਹੋ ਜਾਣਗੀਆਂ।

ਵੈਸੇ ਸੱਚ ਤਾਂ ਇਹ ਹੈ ਕਿ ਦਿੱਲੀ ਖ਼ੂਹ ਵਿਚੋਂ ਨਿਕਲ ਕੇ ਖਾਈ ਵਿੱਚ ਡਿੱਗ ਪਈ ਹੈ। ਵੈਸੇ ਖ਼ਬਰਾਂ ਦੇ ਵਿੱਚ ਦਿੱਲੀ ਜ਼ਸ਼ਨ ਮਨਾ ਰਹੀ ਹੈ।
ਦਿੱਲੀ ਦੇ ਦਿਲ ਵਿੱਚ ਕੀ ਹੈ? ਇਹ



ਦਿੱਲੀ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਾਹਮਣੇ ਆ ਗਿਆ ਹੈ। ਜਿਹੜੀ ਆਮ ਆਦਮੀ ਪਾਰਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ 'ਹੈਟ੍ਰਿਕ' ਮਾਰਨ ਤੋਂ ਬਾਅਦ ਇਸ ਵਾਰ 'ਚੌਕਾ' ਮਾਰਨ ਦਾ ਯਤਨ ਕਰ ਰਹੀ ਸੀ ਪਰ ਉਹ ਬਹੁਮਤ ਦੇ ਨੇੜੇ ਵੀ ਨਾ ਪਹੁੰਚ ਸਕੀ। ਜਦੋਂਕਿ 27 ਸਾਲ ਬਾਅਦ ਭਾਜਪਾ ਦਿੱਲੀ ਵਿੱਚ ਸਰਕਾਰ ਬਣਾਉਣ ਵਿੱਚ ਕਾਮਯਾਬ ਹੋ ਗਈ। ਦਿੱਲੀ ਵਿੱਚ ਭਾਜਪਾ ਦੀ ਚੱਲੀ ਹਨੇਰੀ ਵਿੱਚ ਆਮ ਆਦਮੀ ਪਾਰਟੀ ਸੁੱਕੇ ਪੱਤਿਆਂ ਵਾਂਗ ਉਡ ਗਈ। ਅਜਿਹਾ ਕੀ ਹੋਇਆ? ਕਿ ਆਮ ਆਦਮੀ ਪਾਰਟੀ, ਜਿਸਨੇ ਕਦੇ 70 ਵਿੱਚੋਂ 67 ਅਤੇ 62 ਸੀਟਾਂ ਜਿੱਤੀਆਂ ਸਨ, ਨੂੰ ਇਸ ਵਾਰ ਬੁਰੀ ਹਾਰ ਦਾ ਸਾਹਮਣਾ ਕਰਨਾ ਪਿਆ? ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਅਤੇ ਭਾਜਪਾ ਦੀ ਜਿੱਤ ਦੇ ਬਹੁਤ ਕਾਰਨ ਹਨ।

ਅਜੇਤੂ ਹੋਣ ਦਾ ਭਰਮ : ਆਮ ਆਦਮੀ ਪਾਰਟੀ ਦਿੱਲੀ ਵਿੱਚ ਤਿੰਨ ਵਾਰ ਸਰਕਾਰ ਬਣਾ ਕੇ ਹੈਟ੍ਰਿਕ ਮਾਰ ਚੁੱਕੀ ਸੀ। ਇਸ ਕਾਰਨ ਉਸ ਨੂੰ ਇਹ ਭਰਮ ਹੋ ਗਿਆ ਸੀ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਨੂੰ ਕੋਈ ਹਰਾ ਨਹੀਂ ਸਕਦਾ। ਇਸੇ ਭਰਮ ਵਿੱਚ ਹੀ ਆਮ ਆਦਮੀ ਪਾਰਟੀ ਦੇ ਵੱਡੀ ਗਿਣਤੀ ਆਗੂ ਆਮ ਲੋਕਾਂ ਨਾਲ ਸਹੀ ਤਰੀਕੇ ਨਾਲ ਤਾਲਮੇਲ ਨਾ ਕਰ ਸਕੇ। ਇਸ ਹੰਕਾਰ ਕਾਰਨ, ਪਾਰਟੀ ਨੇ ਕਾਂਗਰਸ ਵੱਲੋਂ ਚੋਣ ਗੱਠਜੋੜ ਲਈ ਵਧਾਇਆ ਗਿਆ 'ਹੱਥ' ਠੁਕਰਾ ਦਿੱਤਾ। ਹੁਣ ਕਾਂਗਰਸ ਦੀ ਬੁਲਾਰਾ ਸੁਪ੍ਰੀਆ ਸ਼੍ਰੀਨੇਤ ਕਹਿ ਰਹੀ ਹੈ ਕਿ ਉਨ੍ਹਾਂ ਦੀ ਪਾਰਟੀ ਨੇ ਗੱਠਜੋੜ ਦਾ ਪ੍ਰਸਤਾਵ ਰੱਖਿਆ ਸੀ ਪਰ 'ਆਪ' ਨੇ ਇਸਨੂੰ ਰੱਦ ਕਰ ਦਿੱਤਾ।

ਕੇਜਰੀਵਾਲ ਵੱਲੋਂ ਜੇਲ੍ਹ ਜਾਣ ਤੋਂ ਬਾਅਦ ਆਤਿਸ਼ੀ ਨੂੰ ਮੁੱਖ ਮੰਤਰੀ ਬਣਾ ਦਿੱਤਾ ਗਿਆ ਪਰ ਇਹ ਗੱਲ ਵੀ ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਗਈ। ਕੇਜਰੀਵਾਲ ਨੇ ਐਲਾਨ ਕੀਤਾ ਸੀ ਕਿ ਉਹ ਮੁੱਖ ਮੰਤਰੀ ਦੀ ਕੁਰਸੀ ਤੇ ਉਦੋਂ ਤੱਕ ਨਹੀਂ ਬੈਠਣਗੇ ਜਦੋਂ ਤੱਕ ਜਨਤਾ ਉਹਨਾਂ ਨੂੰ ਬੇਦਾਗ਼ ਸਾਬਤ ਨਹੀਂ ਕਰ ਦਿੰਦੀ ਪਰ ਚੋਣਾਂ ਵਿੱਚ ਕੇਜਰੀਵਾਲ ਦੀ ਹੋਈ ਹਾਰ ਜਨਤਾ ਦਾ ਸਪਸ਼ਟ ਸੁਨੇਹਾ ਹੀ ਮੰਨਿਆ ਜਾ ਸਕਦਾ ਹੈ।

ਭਾਜਪਾ ਦੀ ਜ਼ਮੀਨੀ ਪੱਧਰ ਦੀ ਰਣਨੀਤੀ : ਦਿੱਲੀ ਵਿਧਾਨ ਸਭਾ ਚੋਣਾਂ ਆਮ ਆਦਮੀ ਪਾਰਟੀ ਦੀ ਵੱਡੀ ਹਾਰ ਦਾ ਇੱਕ ਵੱਡਾ ਕਾਰਨ ਭਾਜਪਾ ਦਾ ਦਿੱਲੀ ਵਿੱਚ ਜ਼ਮੀਨੀ ਪੱਧਰ 'ਤੇ ਮਜ਼ਬੂਤ ਹੋਣਾ ਹੈ। ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਭਾਜਪਾ ਨੇ ਦਿੱਲੀ ਵਿੱਚ ਕਰੀਬ 10 ਹਜ਼ਾਰ ਨੁਕੜ ਰੈਲੀਆਂ ਕੀਤੀਆਂ। ਇਸ ਤਰ੍ਹਾਂ ਭਾਜਪਾ ਨੇ ਦਿੱਲੀ ਦੇ 70 ਵਿਧਾਨ ਸਭਾ ਹਲਕਿਆਂ ਵਿਚੋਂ ਹਰ ਹਲਕੇ ਵਿੱਚ 100 ਤੋਂ 125 ਨੁਕੜ ਰੈਲੀਆਂ ਕੀਤੀਆਂ ਅਤੇ ਆਮ ਲੋਕਾਂ ਦੇ ਘਰਾਂ ਵਿੱਚ ਜਾ ਕੇ ਉਹਨਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਜਿੱਤਣ ਤੋਂ ਬਾਅਦ ਉਹਨਾਂ ਸਮੱਸਿਆਵਾਂ ਨੂੰ ਹੱਲ ਕਰਨ ਦਾ ਵਾਅਦਾ ਕੀਤਾ। ਭਾਜਪਾ ਨੇ ਦਿੱਲੀ ਚੋਣਾਂ ਦੌਰਾਨ ਹਰ ਵਰਗ ਦੇ ਲੋਕਾਂ ਦੀ ਹਮਾਇਤ ਲੈਣ ਲਈ ਵੱਡੇ ਯਤਨ ਕੀਤੇ, ਜਿਸ ਵਿੱਚ ਉਹ ਕਾਮਯਾਬ ਵੀ ਹੋਈ।

ਸੱਤਾ ਵਿਰੋਧੀ ਲਹਿਰ: ਆਮ ਆਦਮੀ ਪਾਰਟੀ ਨੇ ਆਪਣੇ ਜਨਮ ਤੋਂ ਹੀ ਦਿੱਲੀ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕੀਤਾ ਹੈ। 2013 ਵਿੱਚ ਆਪਣੀ ਪਹਿਲੀ ਚੋਣ ਵਿੱਚ, ਉਹ ਭਾਜਪਾ ਤੋਂ ਬਾਅਦ ਦੂਜੇ ਸਥਾਨ 'ਤੇ ਰਹੀ, ਪਰ ਲਟਕਦੀ ਵਿਧਾਨ ਸਭਾ ਵਿੱਚ, ਉਸਨੇ ਕਾਂਗਰਸ ਨਾਲ ਹੱਥ ਮਿਲਾਇਆ, ਜਿਸਦੇ ਕਥਿਤ ਭ੍ਰਿਸ਼ਟਾਚਾਰ ਵਿਰੁੱਧ ਉਸਨੇ ਆਪਣਾ ਰਾਜਨੀਤਿਕ ਕੈਰੀਅਰ ਸ਼ੁਰੂ ਕੀਤਾ ਸੀ। ਖੈਰ, ਕਾਂਗਰਸ ਨਾਲ ਗੱਠਜੋੜ ਵਾਲੀ ਆਮ ਆਦਮੀ ਪਾਰਟੀ ਦੀ ਉਹ ਸਰਕਾਰ 2 ਮਹੀਨੇ ਵੀ ਨਹੀਂ ਚੱਲ ਸਕੀ। ਉਸ ਤੋਂ ਬਾਅਦ, 2015 ਵਿੱਚ 70 ਵਿੱਚੋਂ 67 ਸੀਟਾਂ ਅਤੇ 2020 ਵਿੱਚ 70 ਵਿੱਚੋਂ 62 ਸੀਟਾਂ ਜਿੱਤ ਕੇ ਇਤਿਹਾਸ ਰਚਿਆ ਗਿਆ। ਆਮ ਆਦਮੀ ਪਾਰਟੀ ਲਗਾਤਾਰ 10 ਸਾਲ ਦਿੱਲੀ ਵਿੱਚ ਸੱਤਾ ਵਿੱਚ ਰਹੀ। ਕਿਸੇ ਵੀ ਹਾਲਤ ਵਿੱਚ, ਲਗਾਤਾਰ ਚੌਥੀ ਵਾਰ ਜਿੱਤਣਾ ਬਹੁਤ ਆਸਾਨ ਨਹੀਂ ਹੈ ਕਿਉਂਕਿ ਸੱਤਾ ਵਿਰੋਧੀ ਲਹਿਰ ਦਾ ਖ਼ਤਰਾ ਬਣਿਆ ਹੋਇਆ ਹੈ। ਇਸ ਕਾਰਨ ਆਮ ਆਦਮੀ ਪਾਰਟੀ ਨੂੰ ਵੀ ਨੁਕਸਾਨ ਉਠਾਉਣਾ ਪਿਆ।

# ਆਮ ਆਦਮੀ ਪਾਰਟੀ ਦੇ ਦਿੱਲੀ 'ਚ ਪਤਨ ਦੇ ਮੁੱਖ ਕਾਰਨ



**ਭ੍ਰਿਸ਼ਟਾਚਾਰ ਦਾ ਦਾਗ:** ਭ੍ਰਿਸ਼ਟਾਚਾਰ ਵਿਰੋਧੀ ਲਹਿਰ ਵਿੱਚੋਂ ਪੈਦਾ ਹੋਈ ਆਮ ਆਦਮੀ ਪਾਰਟੀ ਸੱਤਾ ਵਿੱਚ ਆਉਣ ਤੋਂ ਬਾਅਦ ਆਪਣੇ ਨਾਮ ਨੂੰ ਭ੍ਰਿਸ਼ਟਾਚਾਰ ਦੇ ਦਾਗ਼ ਤੋਂ ਨਹੀਂ ਬਚਾ ਸਕੀ। ਅਰਵਿੰਦ ਕੇਜਰੀਵਾਲ, ਜੋ ਆਪਣੇ ਆਪ ਨੂੰ ਇੱਕ ਪੱਕਾ ਇਮਾਨਦਾਰ ਵਿਅਕਤੀ ਕਹਿੰਦੇ ਹਨ, ਨੂੰ ਭ੍ਰਿਸ਼ਟਾਚਾਰ ਦੇ ਦਾਗ ਦਾ ਖਮਿਆਜ਼ਾ ਭੁਗਤਣਾ ਪਿਆ। ਉਨ੍ਹਾਂ ਨੂੰ ਖੁਦ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਜੇਲ੍ਹ ਜਾਣਾ ਪਿਆ। ਮਨੀਸ਼ ਸਿਸੋਦੀਆ ਨੂੰ ਜੇਲ੍ਹ ਜਾਣਾ ਪਿਆ। ਸਤੇਂਦਰ ਜੈਨ ਨੂੰ ਜੇਲ੍ਹ ਜਾਣਾ ਪਿਆ। ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਆਪਣੀ ਪੱਕੀ ਇਮਾਨਦਾਰੀ ਦਾ ਦਾਅਵਾ ਕਰਦੇ ਰਹੇ ਪਰ ਦਿੱਲੀ ਦੇ ਲੋਕਾਂ ਨੇ ਉਨ੍ਹਾਂ ਨੂੰ ਰੱਦ ਕਰ ਦਿੱਤਾ।

**ਇਕੱਲੇ ਚੋਣਾਂ ਲੜਨ ਦਾ ਫ਼ੈਸਲਾ :** ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਇਕੱਲੇ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਸੀ। ਅਰਵਿੰਦ ਕੇਜਰੀਵਾਲ ਨੇ ਖੁਦ ਕਾਂਗਰਸ ਨਾਲ ਕਿਸੇ ਵੀ ਤਰ੍ਹਾਂ ਦੇ ਗੱਠਜੋੜ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਸੀ। ਜੇਕਰ ਅਸੀਂ ਚੋਣ ਨਤੀਜਿਆਂ 'ਤੇ ਨਜ਼ਰ ਮਾਰੀਏ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਕੇਜਰੀਵਾਲ ਦਾ ਇਹ ਫ਼ੈਸਲਾ ਗਲਤ ਸਾਬਤ ਹੋਇਆ ਹੈ। ਇਹ ਇਸ ਲਈ ਕਿਹਾ ਜਾ ਰਿਹਾ ਹੈ ਕਿਉਂਕਿ ਘੱਟੋ-ਘੱਟ ਗਿਆਰਾਂ ਸੀਟਾਂ 'ਤੇ, ਤੀਜੇ ਸਥਾਨ 'ਤੇ ਆਉਣ ਵਾਲੇ ਕਾਂਗਰਸੀ ਉਮੀਦਵਾਰ ਨੂੰ ਭਾਜਪਾ ਦੀ ਜਿੱਤ ਦੇ ਫ਼ਰਕ ਤੋਂ ਵੱਧ ਵੋਟਾਂ ਮਿਲੀਆਂ। ਇਨ੍ਹਾਂ ਵਿੱਚ ਉਹ ਸੀਟਾਂ ਸ਼ਾਮਲ ਹਨ ਜਿੱਥੋਂ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਸੌਰਭ ਭਾਰਦਵਾਜ ਥੋੜ੍ਹੇ ਫ਼ਰਕ ਨਾਲ ਹਾਰ ਗਏ ਸਨ।

**ਕੇਂਦਰੀ ਬਜਟ:** ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਦੇ ਕਾਰਨਾਂ ਵਿੱਚ ਕੇਂਦਰੀ ਬਜਟ ਨੂੰ ਵੀ ਗਿਣਿਆ ਜਾਵੇਗਾ। ਚੋਣਾਂ ਤੋਂ ਠੀਕ ਪਹਿਲਾਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਬਜਟ ਵਿੱਚ ਜਿਸ ਤਰ੍ਹਾਂ ਮੱਧ ਵਰਗ ਨੂੰ ਵੱਡਾ ਤੋਹਫ਼ਾ ਦਿੱਤਾ ਗਿਆ, 12 ਲੱਖ ਰੁਪਏ ਤੱਕ ਦੀ ਆਮਦਨ 'ਤੇ ਛੋਟ ਦਾ ਐਲਾਨ ਅਤੇ ਤਨਖਾਹਦਾਰਾਂ ਦੇ ਮਾਮਲੇ ਵਿੱਚ 12.75 ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ 'ਤੇ ਆਮਦਨ ਕਰ ਤੋਂ ਛੋਟ ਦਾ ਐਲਾਨ ਕੀਤਾ ਗਿਆ, ਭਾਜਪਾ ਨੂੰ ਦਿੱਲੀ ਚੋਣਾਂ ਵਿੱਚ ਇਸਦਾ ਸਿੱਧਾ ਫ਼ਾਇਦਾ ਮਿਲਿਆ ਹੈ।

**ਮੱਧ ਵਰਗ ਵੱਲੋਂ 'ਆਪ' ਤੋਂ ਦੂਰੀ ਬਣਾਉਣਾ:** 2015 ਅਤੇ 2020 ਦੀਆਂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਵਿੱਚ ਮੱਧ ਵਰਗ ਦਾ ਵੱਡਾ ਹੱਥ ਸੀ। ਪਰ ਇਸ ਵਾਰ ਦੇ ਨਤੀਜੇ ਸਪੱਸ਼ਟ ਤੌਰ 'ਤੇ ਦਰਸਾਉਂਦੇ ਹਨ ਕਿ ਇਹ ਵੋਟ ਬੈਂਕ ਭਾਰਤੀ ਜਨਤਾ ਪਾਰਟੀ ਵੱਲ ਚਲਾ ਗਿਆ ਹੈ। ਪੱਛਮੀ ਦਿੱਲੀ, ਦੱਖਣੀ ਦਿੱਲੀ, ਕੇਂਦਰੀ ਦਿੱਲੀ, ਪੂਰਬੀ ਦਿੱਲੀ ਅਤੇ ਨਵੀਂ ਦਿੱਲੀ ਅਜਿਹੇ ਖੇਤਰ ਹਨ ਜਿੱਥੇ ਮੱਧ ਵਰਗ ਦੇ ਵੋਟਰ ਵੱਡੀ ਗਿਣਤੀ ਵਿੱਚ ਹਨ। 2020 ਵਿੱਚ, ਆਮ ਆਦਮੀ ਪਾਰਟੀ ਨੇ ਇਨ੍ਹਾਂ ਇਲਾਕਿਆਂ ਵਿੱਚ ਲਗਭਗ 30 ਸੀਟਾਂ ਜਿੱਤੀਆਂ। ਪਰ ਇਸ ਵਾਰ ਭਾਜਪਾ ਨੇ ਲੀਡ ਹਾਸਲ ਕਰ ਲਈ ਹੈ।

**ਸਿੱਖ ਪੱਤਾ :** ਭਾਜਪਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਪੰਜਾਬੀ ਅਤੇ ਸਿੱਖ ਪੱਤਾ ਵੀ ਖੇਡਿਆ। ਦਿੱਲੀ ਦੇ ਜਿਹੜੇ ਇਲਾਕਿਆਂ ਵਿੱਚ ਪੰਜਾਬੀ ਬਹੁਗਿਣਤੀ ਵਿੱਚ ਰਹਿੰਦੇ ਹਨ, ਉਥੇ ਭਾਜਪਾ ਨੇ ਸਿੱਖ ਜਾਂ ਪੰਜਾਬੀ ਉਮੀਦਵਾਰ ਖੜੇ ਕੀਤੇ। ਭਾਜਪਾ ਵੱਲੋਂ ਗਾਂਧੀ ਨਗਰ ਤੋਂ ਅਰਵਿੰਦਰ ਸਿੰਘ ਲਵਲੀ, ਰਾਜੌਰੀ ਗਾਰਡਨ ਤੋਂ ਮਨਜਿੰਦਰ ਸਿੰਘ ਸਿਰਸਾ ਅਤੇ ਜੰਗਪੁਰਾ ਤੋਂ ਤਰਵਿੰਦਰ ਸਿੰਘ ਮਰਵਾਹ ਜਿੱਤੇ ਹਨ ਜਦਕਿ 'ਆਪ' ਵੱਲੋਂ ਜਰਨੈਲ ਸਿੰਘ ਨੇ ਤਿਲਕ ਨਗਰ ਤੇ ਪੂਨਰਦੀਪ ਸਿੰਘ ਸਾਹਨੀ ਨੇ ਚਾਂਦਨੀ ਚੌਕ ਤੋਂ ਜਿੱਤ ਦਰਜ ਕੀਤੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਭਾਜਪਾ ਦਿੱਲੀ ਦਾ ਉਪ ਮੰਤਰੀ ਕਿਸੇ ਸਿੱਖ ਚਿਹਰੇ ਨੂੰ ਬਣਾ ਸਕਦੀ ਹੈ ਤਾਂ ਜੋ ਪੰਜਾਬ ਉੱਪਰ ਪ੍ਰਭਾਵ ਪਾਇਆ ਜਾ ਸਕੇ ਤੇ 2027 ਦੀਆਂ ਚੋਣਾਂ ਜਿਤੀਆਂ ਜਾ ਸਕਣ।

**ਪੂਰਬੀ ਵੋਟਰ:** ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਪੂਰਵਾਂਚਲ ਦੇ ਵੋਟਰਾਂ ਨੇ ਵੀ ਆਮ ਆਦਮੀ ਪਾਰਟੀ ਨੂੰ ਝਟਕਾ ਦਿੱਤਾ ਹੈ। ਦਿੱਲੀ ਵਿੱਚ ਲਗਭਗ 30 ਪ੍ਰਤੀਸ਼ਤ ਵੋਟਰ ਪੂਰਬੀ ਖੇਤਰ ਦੇ ਹਨ। ਪਿਛਲੀਆਂ ਦੋ ਚੋਣਾਂ ਵਿੱਚ, ਪੂਰਵਾਂਚਲ ਦੇ ਲੋਕਾਂ ਨੇ ਕੇਜਰੀਵਾਲ ਦਾ ਸਮਰਥਨ ਕੀਤਾ ਸੀ। ਪਰ ਇਸ ਵਾਰ, ਪੂਰਵਾਂਚਲ ਦੇ ਵੋਟਰਾਂ ਨੇ ਝਾੜੂ ਛੱਡ ਕੇ ਕਮਲ ਦਾ ਚਿੰਨ੍ਹ ਚੁੱਕਿਆ ਹੈ।

ਮੰਨਿਆ ਜਾ ਰਿਹਾ ਹੈ ਕਿ ਪੂਰਬੀ ਵੋਟਰਾਂ ਦਾ ਦਿੱਲੀ ਦੀਆਂ 20 ਸੀਟਾਂ 'ਤੇ ਪ੍ਰਭਾਵ ਹੈ। ਇਨ੍ਹਾਂ ਵਿੱਚੋਂ 14 ਸੀਟਾਂ ਅਜਿਹੀਆਂ ਹਨ ਜਿੱਥੇ ਪੂਰਵਾਂਚਲ ਦੇ ਵੋਟਰ ਜਿੱਤ ਜਾਂ ਹਾਰ ਦਾ ਫ਼ੈਸਲਾ ਕਰਦੇ ਹਨ। ਇਨ੍ਹਾਂ ਵਿੱਚੋਂ ਆਮ ਆਦਮੀ ਪਾਰਟੀ ਨੂੰ 11 ਸੀਟਾਂ 'ਤੇ ਹਾਰ ਦਾ ਸਾਹਮਣਾ ਕਰਨਾ ਪਿਆ ਹੈ। ਪਾਰਟੀ ਸਿਰਫ਼ ਤਿੰਨ ਸੀਟਾਂ ਹੀ ਜਿੱਤ ਸਕੀ। ਭਾਜਪਾ ਉਮੀਦਵਾਰਾਂ ਨੇ ਦਵਾਰਕਾ, ਲਕਸ਼ਮੀ ਨਗਰ, ਕਰਾਵਲ ਨਗਰ, ਪਟਪੜਗੰਜ, ਰਾਜਿੰਦਰ ਨਗਰ, ਸੰਗਮ ਵਿਹਾਰ, ਸ਼ਾਲੀਮਾਰ ਬਾਗ ਵਰਗੀਆਂ ਸੀਟਾਂ 'ਤੇ ਜਿੱਤ ਪ੍ਰਾਪਤ ਕੀਤੀ ਹੈ।

## ਦਿੱਲੀ ਚੋਣ ਨਤੀਜਿਆਂ ਦਾ ਪੰਜਾਬ 'ਤੇ ਵੀ ਪਵੇਗਾ ਅਸਰ ?



ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਕੋਲ 2 ਸਾਲ ਦਾ ਸਮਾਂ ਬਾਕੀ ਹੈ। ਹੁਣ ਇਹ ਵੀ ਵੇਖਣਾ ਹੋਵੇਗਾ ਕਿ ਇਸ ਸਮੇਂ ਵਿੱਚ ਉਹ ਆਪਣੀ ਪਾਰਟੀ ਦਾ ਪ੍ਰਭਾਵ ਬਣਾਈ ਰੱਖਣ ਦੇ ਨਾਲ-ਨਾਲ ਸੂਬੇ ਦੀ ਹਰ ਪੱਖੋਂ ਬਿਹਤਰੀ ਕਰਨ ਵਿੱਚ ਕਿੰਨਾ ਕੁ ਯੋਗਦਾਨ ਪਾਉਣ ਦੇ ਸਮਰੱਥ ਹੋਵੇਗੀ? ਪਾਰਟੀ ਲੀਡਰਸ਼ਿਪ ਨੂੰ ਪਿਛਲੇ 3 ਸਾਲ ਦੇ ਤਜਰਬੇ ਨੂੰ ਸਾਹਮਣੇ ਰੱਖਦਿਆਂ ਆਪਣੀਆਂ ਨੀਤੀਆਂ ਨੂੰ ਮੁੜ ਘੜਨ ਦੀ ਜ਼ਰੂਰਤ ਹੋਵੇਗੀ। ਜਿੱਥੇ ਭਾਜਪਾ ਲਈ ਇਹ ਜਿੱਤ ਹੋਰ ਵੀ ਉਤਸ਼ਾਹ ਪੈਦਾ ਕਰਨ ਵਾਲੀ ਹੋਵੇਗੀ, ਉੱਥੇ ਕਾਂਗਰਸ ਨੂੰ ਵੀ ਮੁੜ ਗੰਭੀਰਤਾ ਨਾਲ ਡੂੰਘੀ ਸੋਚ ਵਿਚਾਰ ਕਰਨ ਦੀ ਲੋੜ ਹੋਵੇਗੀ, ਕਿਉਂਕਿ 2 ਸਾਲ ਬਾਅਦ ਪੰਜਾਬ ਵਿੱਚ ਉਸ ਨੂੰ ਇੱਕ ਵਾਰ ਫਿਰ ਚੋਣ ਮੈਦਾਨ ਵਿੱਚ ਉਤਰਨਾ ਪਵੇਗਾ।

ਹਾਲਾਂਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੇ 2027 ਦੇ ਸ਼ੁਰੂ ਵਿੱਚ ਹੋਣ ਕਾਰਨ ਨਤੀਜਿਆਂ ਦਾ ਰਾਜ ਦੀ ਕਿਸੇ ਚੋਣ 'ਤੇ ਤਾਂ ਛੇਤੀ ਅਸਰ ਨਹੀਂ ਪੈਣ ਵਾਲਾ ਲੇਕਿਨ ਸਮਝਿਆ ਜਾਂਦਾ ਹੈ ਕਿ ਦੇਸ਼ ਦੇ ਕੇਵਲ ਇਕੋ-ਇਕ ਸੂਬੇ ਵਿੱਚ ਹੁਣ ਪਾਰਟੀ ਦੀ ਸਰਕਾਰ ਦੇ ਰਹਿ ਜਾਣ ਕਾਰਨ ਆਪ ਪਾਰਟੀ ਸਰਗਰਮੀਆਂ ਅਤੇ ਸੱਤਾ ਦਾ ਕੇਂਦਰ ਹੁਣ ਪੰਜਾਬ ਬਣ ਜਾਵੇਗਾ।

ਅੰਤ ਵਿੱਚ ਕਿਹਾ ਜਾ ਸਕਦਾ ਹੈ ਕਿ ਦਿੱਲੀ ਦੇ ਵਿੱਚ ਜਨਮ ਲੈ ਕੇ ਦਿੱਲੀ ਦੇ ਲੋਕਾਂ ਦੇ ਦਿਲਾਂ 'ਤੇ ਰਾਜ ਕਰਨ ਵਾਲੀ ਆਮ ਆਦਮੀ ਪਾਰਟੀ ਇਸ ਵਾਰ ਖੁੰਝ ਗਈ ਅਤੇ ਭਾਜਪਾ ਦੇ ਜੇਤੂ ਰੱਥ ਨੂੰ ਕੋਈ ਵੀ ਸਿਆਸੀ ਧਿਰ ਰੋਕ ਨਾ ਸਕੀ। ਹੁਣ ਇਹ ਤਾਂ ਆਉਣ ਵਾਲਾ ਸਮਾਂ ਦਸੇਗਾ ਕਿ ਦਿੱਲੀ ਵਿੱਚ ਡਬਲ ਇੰਜਣ ਸਰਕਾਰ ਦੀ ਕਾਰਗੁਜਾਰੀ ਕਿਸ ਤਰ੍ਹਾਂ ਦੀ ਰਹਿੰਦੀ ਹੈ?

## ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਕੀਤੇ ਗਏ ਅਹਿਮ ਫ਼ੈਸਲੇ

# ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿ. ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ



## ਗਿ. ਜਗਤਾਰ ਸਿੰਘ ਨੂੰ ਬਣਾਇਆ ਕਾਰਜਕਾਰੀ ਜਥੇਦਾਰ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਪਿਛਲੇ ਦਿਨੀਂ ਹੋਈ ਮੀਟਿੰਗ ਵਿੱਚ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰ ਦਿੱਤੀਆਂ ਗਈਆਂ। ਉਨ੍ਹਾਂ ਦੀ ਥਾਂ 'ਤੇ ਤਖ਼ਤ ਦਮਦਮਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੂੰ ਜਥੇਦਾਰ ਦੇ ਅਧਿਕਾਰ ਖੇਤਰ ਵਾਲੀਆਂ ਸੇਵਾਵਾਂ ਕਾਰਜਕਾਰੀ ਤੌਰ 'ਤੇ ਨਿਭਾਉਣ ਲਈ ਸੌਂਪ ਦਿੱਤੀਆਂ ਗਈਆਂ ਹਨ। ਅੰਤ੍ਰਿੰਗ ਕਮੇਟੀ ਦੀ ਮੀਟਿੰਗ ਬਾਅਦ ਦੁਪਹਿਰ 2 ਵਜੇ ਸ਼ੁਰੂ ਹੋਈ, ਜਿਸ ਦੀ ਪ੍ਰਧਾਨਗੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਬਿਆਨ ਜਾਰੀ ਕਰਕੇ ਗਿਆਨੀ ਹਰਪ੍ਰੀਤ ਸਿੰਘ ਨੂੰ ਜਥੇਦਾਰ ਦੇ ਅਹੁਦੇ ਤੋਂ ਹਟਾਉਣ ਦੀ ਜਾਣਕਾਰੀ ਦਿੱਤੀ ਜਦਕਿ ਪ੍ਰਧਾਨ ਧਾਮੀ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ। ਸਕੱਤਰ ਨੇ ਦੱਸਿਆ ਕਿ ਮੀਟਿੰਗ ਵਿੱਚ ਸ਼ਾਮਲ ਵਿਰੋਧੀ ਧਿਰ ਨਾਲ ਸਬੰਧਿਤ ਤਿੰਨ ਮੈਂਬਰਾਂ ਜਸਵੰਤ ਸਿੰਘ ਪੁੜੈਨ, ਅਮਰੀਕ ਸਿੰਘ ਸ਼ਾਹਪੁਰ ਅਤੇ ਪਰਮਜੀਤ ਸਿੰਘ ਰਾਏਪੁਰ ਨੇ ਫ਼ੈਸਲੇ ਦਾ ਵਿਰੋਧ ਕੀਤਾ। ਉਨ੍ਹਾਂ ਫ਼ੈਸਲੇ 'ਤੇ ਇਤਰਾਜ਼ ਸਬੰਧੀ ਆਪਣਾ ਲਿਖਤੀ ਨੋਟ ਵੀ ਦਰਜ ਕਰਾਇਆ ਹੈ। ਉਨ੍ਹਾਂ ਕਿਹਾ ਕਿ ਮੀਟਿੰਗ ਵਿੱਚ ਜਥੇਦਾਰ ਨੂੰ ਹਟਾਉਣ ਦਾ ਫ਼ੈਸਲਾ ਬਹੁਮਤ ਦੇ ਆਧਾਰ 'ਤੇ ਕੀਤਾ ਗਿਆ। ਇਸ ਤੋਂ ਪਹਿਲਾਂ ਤਿੰਨ ਮੈਂਬਰੀ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿੱਚ ਪੇਸ਼ ਕੀਤੀ ਸੀ, ਜਿਸ 'ਤੇ ਵਿਚਾਰ ਕਰਦਿਆਂ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖਤਮ ਕੀਤੀਆਂ ਗਈਆਂ ਹਨ। ਪ੍ਰਤਾਪ ਸਿੰਘ ਨੇ ਕਿਹਾ ਕਿ ਜਾਂਚ ਰਿਪੋਰਟ ਵਿੱਚ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲੱਗੇ ਦੋਸ਼ ਸਾਬਤ ਹੋਏ ਹਨ ਅਤੇ ਤਖ਼ਤ ਦੀ ਮਾਣ-ਮਰਿਆਦਾ ਨੂੰ ਠੇਸ ਪਹੁੰਚਾਉਣ ਕਾਰਨ ਅੰਤ੍ਰਿੰਗ ਕਮੇਟੀ ਵੱਲੋਂ ਇਹ ਕਾਰਵਾਈ ਕੀਤੀ ਗਈ ਹੈ। ਮੀਟਿੰਗ ਦੌਰਾਨ ਲਏ ਹੋਰ ਫ਼ੈਸਲਿਆਂ ਬਾਰੇ ਸਕੱਤਰ ਨੇ ਦੱਸਿਆ ਕਿ ਬੀਤੇ ਦਿਨੀਂ ਗੁਰਦੁਆਰਾ ਕੰਧ ਸਾਹਿਬ ਬਟਾਲਾ ਵਿਖੇ ਨਿਸ਼ਾਨ ਸਾਹਿਬ ਦੇ ਚੋਲੇ ਦੀ ਸੇਵਾ ਕਰਦਿਆਂ ਡਿੱਗਣ ਕਾਰਨ ਅਕਾਲ ਚਲਾਣਾ ਕਰ ਗਏ ਸਤਨਾਮ ਸਿੰਘ ਦੇ ਪਰਿਵਾਰ ਨੂੰ 2 ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਗੁਰਦੁਆਰਾ ਸਾਹਿਬਾਨ ਵਿੱਦਿਅਕ ਅਦਾਰੇ ਟਰਸਟ ਵਿਭਾਗ, ਸ਼੍ਰੋਮਣੀ ਕਮੇਟੀ ਨਾਲ ਸਬੰਧਤ ਹੋਰ ਕਾਰਜਾਂ ਦੇ ਮਾਮਲੇ ਵਿਚਾਰੇ ਗਏ ਅਤੇ ਉਨ੍ਹਾਂ ਦਾ ਸਰਲੀਕਰਨ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਉਨ੍ਹਾਂ ਦੇ ਰਿਸ਼ਤੇਦਾਰ ਵੱਲੋਂ ਗੰਭੀਰ ਦੋਸ਼ ਲਾਏ ਗਏ ਸਨ। ਉਸ ਨੇ ਦੋਸ਼ਾਂ ਸਬੰਧੀ ਸ਼ਿਕਾਇਤ ਪੱਤਰ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਵੀ ਸੌਂਪਿਆ ਸੀ। ਇਸ ਪੱਤਰ ਦੇ ਆਧਾਰ 'ਤੇ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਿੰਨ ਮੈਂਬਰੀ ਕਮੇਟੀ ਦਾ ਗਠਨ ਕਰਕੇ ਮਾਮਲੇ ਦੀ ਜਾਂਚ ਕਰਾਉਣ ਦਾ ਫ਼ੈਸਲਾ ਲਿਆ ਗਿਆ ਸੀ। ਜਾਂਚ ਦੌਰਾਨ ਸ਼੍ਰੋਮਣੀ ਕਮੇਟੀ ਨੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ 'ਤੇ ਰੋਕ ਲਗਾ ਦਿੱਤੀ ਸੀ। ਉਧਰ ਗਿਆਨੀ ਹਰਪ੍ਰੀਤ ਸਿੰਘ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਸੀ। ਉਨ੍ਹਾਂ ਤਖ਼ਤ ਦਮਦਮਾ ਸਾਹਿਬ 'ਤੇ ਗੁਰੂ ਸਾਹਿਬ ਦੀ ਹਜ਼ੂਰੀ ਅਤੇ ਪੰਜ ਪਿਆਰਿਆਂ ਦੀ ਹਾਜ਼ਰੀ ਵਿੱਚ ਸੰਗਤ ਦੇ ਸਾਹਮਣੇ ਆਪਣਾ ਸਪੱਸ਼ਟੀਕਰਨ ਵੀ ਦਿੱਤਾ ਸੀ। ਗਿਆਨੀ ਹਰਪ੍ਰੀਤ ਸਿੰਘ ਦੀ ਇੱਕ ਮੀਟਿੰਗ ਦੌਰਾਨ ਅਕਾਲੀ ਆਗੂ ਵਿਰਸਾ ਸਿੰਘ ਵਲਟੋਹਾ ਨਾਲ ਵੀ ਤਿੱਖੀ ਬਹਿਸ ਹੋਈ ਸੀ।

## ਸਿਆਸੀ ਦਬਾਅ ਹੇਠ ਕੀਤਾ ਫ਼ੈਸਲਾ: ਗਿ. ਹਰਪ੍ਰੀਤ ਸਿੰਘ

ਅੰਮ੍ਰਿਤਸਰ: ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਲਏ ਫ਼ੈਸਲੇ ਨੂੰ ਸਿਆਸੀ ਦਬਾਅ ਹੇਠ ਲਿਆ ਫ਼ੈਸਲਾ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਦੋ ਦਸੰਬਰ ਨੂੰ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਖ਼ਿਲਾਫ਼ ਕੀਤੀ ਗਈ ਕਾਰਵਾਈ ਮਗਰੋਂ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਸੀ ਕਿ ਭਵਿੱਖ 'ਚ ਉਨ੍ਹਾਂ ਦੀਆਂ ਸੇਵਾਵਾਂ ਵੀ ਖਤਮ ਕਰ ਦਿੱਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਜਦੋਂ ਤੱਕ ਸਿੱਖ ਸੰਸਥਾਵਾਂ ਤੋਂ ਸਿਆਸੀ ਦਬਾਅ ਖ਼ਤਮ ਨਹੀਂ ਹੁੰਦਾ, ਅਜਿਹੇ ਫ਼ੈਸਲੇ ਹੁੰਦੇ ਰਹਿਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਜਾਂਚ ਕਮੇਟੀ ਕੋਲ ਪੇਸ਼ ਹੋਣ ਤੋਂ ਨਾਂਹ ਕਰ ਦਿੱਤੀ ਸੀ ਕਿਉਂਕਿ ਇਹ ਜਥੇਦਾਰ ਦੇ ਅਹੁਦੇ ਦੀ ਤੌਹੀਨ ਸੀ। ਸ਼੍ਰੋਮਣੀ ਅਕਾਲੀ ਦਲ ਤੇ ਵਿਰੋਧੀ ਧਿਰਾਂ ਨਾਲ ਸਬੰਧਾਂ ਬਾਰੇ ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ 80 ਫ਼ੀਸਦੀ ਤੋਂ ਵੱਧ ਆਗੂਆਂ ਨਾਲ ਉਨ੍ਹਾਂ ਦੇ ਸਬੰਧ ਹਨ। ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੂੰ ਸਿਰੋਪਾ ਦੇਣ ਬਾਰੇ ਉਨ੍ਹਾਂ ਕਿਹਾ ਕਿ ਉਹ ਦਿੱਲੀ ਕਥਾ ਕੀਰਤਨ ਵਾਸਤੇ ਗਏ ਹੋਏ ਸਨ ਅਤੇ ਇਹ ਸਿਰੋਪਾ ਗੁਰਦੁਆਰੇ ਦੇ ਹੈੱਡ ਗ੍ਰੰਥੀ ਵੱਲੋਂ ਦਿੱਤਾ ਗਿਆ ਹੈ।

## ਵਿਰੋਧੀ ਧਿਰ ਨੇ ਗਿ. ਹਰਪ੍ਰੀਤ ਸਿੰਘ ਨੂੰ ਹਟਾਉਣ ਦਾ ਫ਼ੈਸਲਾ ਸਿਆਸਤ ਤੋਂ ਪ੍ਰੇਰਿਤ ਦੱਸਿਆ



ਅੰਮ੍ਰਿਤਸਰ: ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਵਿੱਚ ਸ਼ਾਮਲ ਵਿਰੋਧੀ ਧਿਰ ਦੇ ਮੈਂਬਰ ਜਸਵੰਤ ਸਿੰਘ ਪੁੜੈਨ ਤੇ ਉਨ੍ਹਾਂ ਦੇ ਸਾਥੀਆਂ ਨੇ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੂੰ ਫ਼ਾਰਗ ਕਰਨ ਦੇ ਫ਼ੈਸਲੇ ਦਾ ਵਿਰੋਧ ਕਰਦਿਆਂ ਆਖਿਆ ਕਿ ਇਹ ਫ਼ੈਸਲਾ ਸਿਆਸਤ ਤੋਂ ਪ੍ਰੇਰਿਤ ਹੈ।

ਮੀਡੀਆ ਨਾਲ ਗੱਲ ਕਰਦਿਆਂ ਜਸਵੰਤ ਸਿੰਘ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਦੇ ਏਜੰਡੇ ਵਿੱਚ ਇਹ ਮਾਮਲਾ ਸ਼ਾਮਲ ਨਹੀਂ ਸੀ ਅਤੇ ਮੀਟਿੰਗ ਦੇ ਅੰਤ ਵਿੱਚ ਜਾਂਚ ਕਮੇਟੀ ਵੱਲੋਂ ਰਿਪੋਰਟ ਸੌਂਪਣ ਮਗਰੋਂ ਕਾਰਵਾਈ ਕੀਤੀ ਗਈ। ਉਨ੍ਹਾਂ ਦੱਸਿਆ ਕਿ ਜਾਂਚ ਰਿਪੋਰਟ ਸਿਰਫ਼ ਪੜ੍ਹ ਕੇ ਸੁਣਾਈ ਗਈ ਹੈ ਅਤੇ ਇਹ ਫ਼ੈਸਲਾ ਸਿਧਾਂਤਕ ਤੌਰ 'ਤੇ ਗਲਤ ਹੈ। ਉਨ੍ਹਾਂ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ, ਅਧਿਕਾਰ ਖੇਤਰ ਅਤੇ ਸੇਵਾ ਨਿਯਮ ਬਣਾਉਣ ਦਾ ਮੁੱਦਾ ਵੀ ਉਭਾਰਿਆ।

## ਬਾਦਲ ਪਰਿਵਾਰ ਦੇ ਦਬਦਬੇ ਨੂੰ ਚੁਣੌਤੀ ਦੇਣ ਵਾਲੀ ਆਵਾਜ਼ ਨੂੰ ਚੁੱਪ ਕਰਾਉਣ ਦੀ ਇੱਕ ਸਾਜ਼ਿਸ਼ : ਅਜੇਪਾਲ ਸਿੰਘ ਬਰਾੜ



ਮਿਸਲ ਸਤਲੁਜ ਦੇ ਪ੍ਰਧਾਨ ਅਜੈਪਾਲ ਸਿੰਘ ਬਰਾੜ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਅਚਾਨਕ ਹਟਾਏ ਜਾਣ ਦੀ ਸਖ਼ਤ ਨਿਖੇਧੀ ਕਰਦਿਆਂ ਕਿਹਾ ਹੈ ਕਿ ਇਸ ਕਾਰਵਾਈ ਨੂੰ ਸ਼੍ਰੋਮਣੀ ਅਕਾਲੀ ਦਲ ਅਤੇ ਸਿੱਖ ਸੰਸਥਾਵਾਂ 'ਤੇ ਬਾਦਲ ਪਰਿਵਾਰ ਦੇ ਦਬਦਬੇ ਦੀ ਇਕੋ-ਇਕ ਅਸਲ ਚੁਣੌਤੀ ਨੂੰ ਚੁੱਪ ਕਰਾਉਣ ਲਈ ਇੱਕ ਗਿਣੀ-ਮਿਥੀ ਚਾਲ ਵਜੋਂ ਦੇਖਿਆ ਜਾ ਰਿਹਾ ਹੈ।

ਇੱਕ ਬਿਆਨ ਵਿੱਚ ਸ੍ਰ.ਬਰਾੜ ਨੇ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਨੂੰ 2 ਦਸੰਬਰ ਦੇ ਹੁਕਮਨਾਮੇ ਦੇ ਮੁੱਖ ਆਰਕੀਟੈਕਟ ਵਜੋਂ ਜਾਣਿਆ ਜਾਂਦਾ ਹੈ, ਜਿਸ ਵਿੱਚ ਬਦਨਾਮ ਤਾਨਾਸ਼ਾਹੀ ਲੀਡਰਸ਼ਿਪ ਨੂੰ ਖਤਮ ਕਰਨ ਅਤੇ ਅਕਾਲੀ ਦਲ ਨੂੰ ਜਮਹੂਰੀ ਅਤੇ ਪੰਥਕ ਲੀਹਾਂ 'ਤੇ ਮੁੜ ਸੁਰਜੀਤ ਕਰਨ ਦੀ ਸਮਰੱਥਾ ਸੀ ਅਤੇ ਇਸ ਨਾਜ਼ੁਕ ਮੋੜ 'ਤੇ ਉਹਨਾਂ ਨੂੰ ਹਟਾਉਣਾ ਸਿੱਖ ਕੌਮ ਦੀਆਂ ਅਸਲੀ ਸੁਧਾਰ ਦੀਆਂ ਇੱਛਾਵਾਂ ਦੇ ਵਿਰੁੱਧ ਕੰਮ ਕਰ ਰਹੇ ਸਵਾਰਥੀ ਹਿੱਤਾਂ ਦਾ ਪਰਦਾਫਾਸ਼ ਕਰਦਾ ਹੈ।

ਉਹਨਾਂ ਕਿਹਾ ਕਿ ਹੁਣ ਜਿਸ ਸਮੇਂ 'ਤੇ ਇਹ ਫੈਸਲਾ ਲਿਆ ਗਿਆ ਉਹ ਗੰਭੀਰ ਚਿੰਤਾਵਾਂ ਪੈਦਾ ਕਰਦਾ ਹੈ, ਕਿਉਂਕਿ ਸ੍ਰ. ਬਲਵਿੰਦਰ ਸਿੰਘ ਭੂੰਦੜ ਨੇ ਅਕਾਲੀ ਦਲ ਦੀ ਮੈਂਬਰਸ਼ਿਪ ਭਰਤੀ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਗਠਿਤ ਕਮੇਟੀ ਅੱਗੇ ਪੇਸ਼ ਹੋਣਾ ਸੀ। ਇਸ ਘਟਨਾਕ੍ਰਮ ਤੋਂ ਠੀਕ ਪਹਿਲਾਂ ਗਿਆਨੀ ਹਰਪ੍ਰੀਤ ਸਿੰਘ ਨੂੰ ਹਟਾ ਕੇ, ਲੀਡਰਸ਼ਿਪ ਨੇ ਜਵਾਬਦੇਹੀ ਨੂੰ ਦਬਾਉਣ ਅਤੇ ਸਿੱਖ ਰਾਜਨੀਤਿਕ ਮਾਮਲਿਆਂ 'ਤੇ ਆਪਣੀ ਅਜਾਰੇਦਾਰੀ ਨੂੰ ਬਚਾਉਣ ਦੇ ਆਪਣੇ ਇਰਾਦੇ ਨੂੰ ਨੰਗਾ ਕਰ ਦਿੱਤਾ ਹੈ। (ਬਾਕੀ ਸਫ਼ਾ 30 'ਤੇ)

## ਇਸ ਫ਼ੈਸਲੇ ਨਾਲ ਪੰਥ ਨੂੰ ਢਾਹ ਲੱਗੇਗੀ: ਵਡਾਲਾ



ਅਕਾਲੀ ਆਗੂ ਗੁਰਪ੍ਰਤਾਪ ਸਿੰਘ ਵਡਾਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲਿਆ ਗਿਆ ਫ਼ੈਸਲਾ ਪੰਥ ਵਿਰੋਧੀ ਫ਼ੈਸਲਾ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਐਸ.ਜੀ.ਪੀ.ਸੀ. ਨੂੰ ਸਪੱਸ਼ਟ ਕਿਹਾ ਸੀ ਕਿ ਤੁਸੀਂ ਅਜਿਹਾ ਨਹੀਂ ਕਰ ਸਕਦੇ, ਜਾਂਚ ਸਿਰਫ਼ ਅਕਾਲ ਤਖ਼ਤ ਸਾਹਿਬ ਨੂੰ ਅਧਿਕਾਰ ਹੈ ਕਰਨ ਦਾ ਜਾਂ ਫ਼ਿਰ ਹੈੱਡ ਗ੍ਰੰਥੀ ਕਰ ਸਕਦੇ ਹਨ। ਪਰ ਐਸ.ਜੀ.ਪੀ.ਸੀ. ਦੁਆਰਾ ਬਣਾਈ ਕਮੇਟੀ ਨੇ ਆਪਣੀ ਮਨਮਰਜ਼ੀ ਦੇ ਨਾਲ ਜਾਂਚ ਕਰਕੇ ਫ਼ੈਸਲਾ ਲਿਆ, ਜੋ ਕਿ ਸਰਾਸਰ ਧੱਕਾ ਹੈ। ਉਨ੍ਹਾਂ ਕਿਹਾ ਕਿ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਲਏ ਗਏ ਇਸ ਫ਼ੈਸਲੇ ਨਾਲ ਪੰਥ ਨੂੰ ਢਾਹ ਲੱਗੇਗੀ।

(ਬਾਕੀ ਸਫ਼ਾ 30 'ਤੇ)

## ਸਿੱਖ ਜਥੇਬੰਦੀਆਂ ਵੱਲੋਂ ਵਿਰੋਧ

ਅੰਮ੍ਰਿਤਸਰ: ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕੀਤੇ ਜਾਣ ਦਾ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ ਹੈ। ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਅਤੇ ਅਕਾਲ ਪੁਰਖ ਕੀ ਫ਼ੌਜ ਜਥੇਬੰਦੀ ਦੇ ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਕਿਹਾ ਕਿ ਜਥੇਦਾਰਾਂ ਦੀ ਨਿਯੁਕਤੀ, ਸੇਵਾਮੁਕਤੀ ਅਤੇ ਅਧਿਕਾਰ ਖੇਤਰ ਸਬੰਧੀ ਨਿਯਮ ਘੜਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਸ (ਬਾਕੀ ਸਫ਼ਾ 30 'ਤੇ)

## ਇਹ ਸਿਆਸੀ ਫ਼ੈਸਲੈ, ਧਾਰਮਿਕ ਨਹੀਂ : ਦਾਦੂਵਾਲ



ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਬਲਜੀਤ ਸਿੰਘ ਦਾਦੂਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਜਦੋਂ ਤੱਕ ਜਥੇਦਾਰਾਂ ਨੂੰ ਲਗਾਉਣ ਦਾ ਕੋਈ ਵਿਧੀ ਵਿਧਾਨ ਨਹੀਂ ਬਣਦਾ, ਉਦੋਂ ਤੱਕ ਅਜਿਹੇ ਫ਼ੈਸਲੇ ਹੀ ਹੁੰਦੇ ਰਹਿਣਗੇ। ਦਾਦੂਵਾਲ ਨੇ ਇਹ ਵੀ ਕਿਹਾ ਕਿ ਜਦ ਤੱਕ ਨਿਰਖੱਪ ਤੌਰ 'ਤੇ ਸਰਬੱਤ ਖ਼ਾਲਸਾ ਬੁਲਾ ਕੇ ਜਥੇਦਾਰ ਨਹੀਂ ਥਾਪਿਆ ਜਾਂਦਾ, ਉਦੋਂ ਤੱਕ ਅਕਾਲੀ ਦਲ ਆਪ ਹੁਦਰੀ ਕਰਦਾ ਰਹੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਇੱਕ ਸਿਆਸੀ ਧਿਰ ਦੁਆਰਾ ਇਸੇ ਤਰ੍ਹਾਂ ਹੀ ਐਸ.ਜੀ.ਪੀ.ਸੀ. 'ਤੇ ਕਬਜ਼ਾ ਬਰਕਰਾਰ ਰੱਖਿਆ ਜਾਵੇਗਾ ਤਾਂ ਅਜਿਹੇ ਹੀ ਨਤੀਜੇ ਸਾਹਮਣੇ ਆਉਣਗੇ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਅਜਿਹੇ ਮਾਮਲੇ ਸਾਹਮਣੇ ਆ ਚੁੱਕੇ ਹਨ। ਦਾਦੂਵਾਲ ਨੇ ਕਿਹਾ ਕਿ ਇਹ ਸਿਆਸੀ ਫ਼ੈਸਲਾ ਹੈ, ਧਾਰਮਿਕ ਫ਼ੈਸਲਾ ਨਹੀਂ। ਉਨ੍ਹਾਂ ਦੋਸ਼ ਲਾਇਆ ਕਿ ਜਦੋਂ ਤੋਂ ਬਾਦਲ ਪਰਿਵਾਰ ਦੇ ਪ੍ਰਬੰਧ ਵਿੱਚ ਇਹ ਤਖ਼ਤ ਸਾਹਿਬ ਆਏ ਹਨ, ਉਦੋਂ ਤੋਂ ਅਜਿਹੇ ਹੀ ਫ਼ੈਸਲੇ ਹੋ ਰਹੇ ਹਨ। (ਬਾਕੀ ਸਫ਼ਾ 30 'ਤੇ)

# ਮੈਕਸਿਕੋ ਵੱਲੋਂ ਅਮਰੀਕਾ ਨਾਲ ਲੱਗਦੀ ਸਰਹੱਦ ’ਤੇ 10,000 ਫ਼ੌਜੀ ਤਾਇਨਾਤ



ਸਿਊਦਾਦ ਜੁਆਰੇਜ਼ (ਮੈਕਸਿਕੋ)/ਏ.ਟੀ.ਨਿਊਜ਼: ਮੈਕਸਿਕੋ ਦੇ ‘ਨੈਸ਼ਨਲ ਗਾਰਡ’ ਦੇ ਜਵਾਨ ਅਤੇ ਫ਼ੌਜ ਦੇ ਕਈ ਟਰੱਕ ਬੀਤੇ ਦਿਨ ਸਿਊਦਾਦ ਜੁਆਰੇਜ਼ ਅਤੇ ਟੈਕਸਾਸ ਦੇ ਐੱਲ ਪਾਸੋ ਨੂੰ ਵੱਖ ਕਰਨ ਵਾਲੀ ਸਰਹੱਦ ’ਤੇ ਦੇਖੇ ਗਏ। ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਟੈਕਸ ਲਗਾਏ ਜਾਣ ਦੀਆਂ ਧਮਕੀਆਂ ਤੋਂ ਬਾਅਦ ਮੈਕਸਿਕੋ ਨੇ ਆਪਣੀ ਉੱਤਰੀ ਸਰਹੱਦ ’ਤੇ 10,000 ਸੈਨਿਕ ਭੇਜੇ ਹਨ।

ਸਿਊਦਾਦ ਜੁਆਰੇਜ਼ ਦੇ ਬਾਹਰਲੇ ਇਲਾਕੇ ਵਿੱਚ ਨਕਾਬਪੋਸ਼ ਅਤੇ ਹਥਿਆਰਬੰਦ ਨੈਸ਼ਨਲ ਗਾਰਡ ਦੇ ਮੈਂਬਰ ਬੈਰੀਅਰਾਂ ਦੇ ਨਾਲ ਝਾੜੀਆਂ ਵਿੱਚੋਂ ਲੰਘਦੇ ਹੋਏ ਦੇਖੇ ਗਏ। ਤਿਜੁਆਨਾ ਨੇੜੇ ਵੀ ਸੈਨਿਕਾਂ ਨੂੰ ਗਸ਼ਤ ਕਰਦੇ ਹੋਏ ਦੇਖਿਆ ਗਿਆ। ਭਾਰੀ ਟੈਕਸ ਲਗਾਉਣ ਦੇ ਟਰੰਪ ਦੇ ਐਲਾਨ ਤੋਂ ਬਾਅਦ ਇਹ ਘਟਨਾਕ੍ਰਮ ਹੋਇਆ ਹੈ। ਮੈਕਸਿਕੋ ਦੀ ਰਾਸ਼ਟਰਪਤੀ ਕਲੌਡੀਆ ਸ਼ਿਨਬੌਮ ਨੇ ਵਾਅਦਾ ਕੀਤਾ ਕਿ ਉਹ ਸਰਹੱਦ ਨੂੰ ਮਜ਼ਬੂਤ ਕਰਨ ਅਤੇ ਫ਼ੈਂਟਾਨਾਈਲ (ਦਰਦ ਤੋਂ ਰਾਹਤ ਲਈ ਇਸਤੇਮਾਲ ਕੀਤੀ ਜਾਣ ਵਾਲੀ ਦਵਾਈ) ਡਰੱਗ ਦੀ ਤਸਕਰੀ ਰੋਕਣ ਲਈ ਦੇਸ਼ ਦੇ ਨੈਸ਼ਨਲ ਗਾਰਡ ਦੇ ਸੈਨਿਕਾਂ ਨੂੰ ਸਰਹੱਦ ’ਤੇ ਤਾਇਨਾਤ ਰੱਖਣਗੇ। ਪਿਛਲੇ ਇਕ ਸਾਲ ਵਿੱਚ ਗ਼ੈਰ ਕਾਨੂੰਨੀ ਪਰਵਾਸ ਵਿੱਚ ਨਿਘਾਰ ਆਉਣ ਅਤੇ ਫ਼ੈਂਟਾਨਾਈਲ ਦੇ ਹੱਦੋਂ ਵੱਧ ਇਸਤੇਮਾਲ ਵਿੱਚ ਜ਼ਿਕਰਯੋਗ ਨਿਘਾਰ ਆਉਣ ਦੇ ਬਾਵਜੂਦ ਟਰੰਪ ਨੇ ਸਰਹੱਦ ’ਤੇ ਐਮਰਜੈਂਸੀ ਐਲਾਨ ਦਿੱਤੀ ਹੈ। ਮੈਕਸਿਕੋ ਸਰਕਾਰ ਦੇ ਇਕ ਬਿਆਨ ਮੁਤਾਬਕ, ਅਮਰੀਕਾ ਦੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਲਾਤਿਨੀ ਅਮਰੀਕਾ ਦੇ ਆਪਣੇ ਦੌਰੇ ਦੌਰਾਨ, ਸਰਹੱਦ ’ਤੇ ਸੈਨਿਕਾਂ ਦੀ ਤਾਇਨਾਤੀ ਲਈ ਮੈਕਸਿਕੋ ਸਰਕਾਰ ਦਾ ਧੰਨਵਾਦ ਕੀਤਾ ਸੀ।

## ਮੰਦੀ ਕਾਰਨ ਮੇਟਾ ਵਿੱਚ 3600 ਕਰਮਚਾਰੀਆਂ ਦੀ ਜਾਏਗੀ ਨੌਕਰੀ

### ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਹੋਵੇਗੀ ਛਾਂਟੀ

ਨਵੀਂ ਦਿੱਲੀ/ਏ.ਟੀ.ਨਿਊਜ਼ : ਫੇਸਬੁੱਕ ਤੇ ਇੰਸਟਾਗ੍ਰਾਮ ਦੀ ਮੂਲ ਕੰਪਨੀ ਮੇਟਾ ਵਿੱਚ ਛਾਂਟੀ ਦਾ ਇੱਕ ਹੋਰ ਦੌਰ ਸ਼ੁਰੂ ਹੋਣ ਵਾਲਾ ਹੈ। ਰਿਪੋਰਟਾਂ ਦੇ ਅਨੁਸਾਰ, ਸੀ.ਈ.ਓ. ਮਾਰਕ ਜ਼ੁਕਰਬਰਗ ਦੀ ਅਗਵਾਈ ਵਾਲੀ ਕੰਪਨੀ ਅਗਲੇ ਹਫ਼ਤੇ 3,600 ਕਰਮਚਾਰੀਆਂ ਦੀ ਛਾਂਟੀ ਕਰਨ ਵਾਲੀ ਹੈ। ਮੇਟਾ ਨੇ ਹਾਲ ਹੀ ਵਿੱਚ ਐਲਾਨ ਕੀਤਾ ਹੈ ਕਿ ਉਹ ਕੰਪਨੀ ਦੇ ਸਭ ਤੋਂ ਘੱਟ ਪ੍ਰਦਰਸ਼ਨ ਕਰਨ ਵਾਲੇ ਲੋਕਾਂ ਵਿੱਚੋਂ 5 ਫੀਸਦੀ ਨੂੰ ਛਾਂਟਣ ਦੀ ਯੋਜਨਾ ਬਣਾ ਰਿਹਾ ਹੈ। ਯਾਨੀ, ਜਿਨ੍ਹਾਂ ਕਰਮਚਾਰੀਆਂ ਦਾ ਪ੍ਰਦਰਸ਼ਨ ਉਮੀਦਾਂ ਅਨੁਸਾਰ ਨਹੀਂ ਰਿਹਾ, ਉਨ੍ਹਾਂ ਦੀ ਛਾਂਟੀ ਹੋਵੇਗੀ।

ਰਿਪੋਰਟ ਦੇ ਅਨੁਸਾਰ, ਇਹ ਛਾਂਟੀ ਅਮਰੀਕਾ ਸਮੇਤ ਕਈ ਦੇਸ਼ਾਂ ਵਿੱਚ ਸ਼ੁਰੂ ਹੋਵੇਗੀ। ਹਾਲਾਂਕਿ, ਜਰਮਨੀ, ਫਰਾਂਸ, ਇਟਲੀ ਅਤੇ ਨੀਦਰਲੈਂਡ ਵਰਗੇ ਦੇਸ਼ਾਂ ਵਿੱਚ, ਸਥਾਨਕ ਕਿਰਤ ਕਾਨੂੰਨਾਂ ਦੇ ਕਾਰਨ ਛਾਂਟੀ ਨਹੀਂ ਕੀਤੀ ਜਾਵੇਗੀ। ਯੂਰਪ, ਏਸ਼ੀਆ ਅਤੇ ਅਫ਼ਰੀਕਾ ਦੇ ਹੋਰ ਦੇਸ਼ਾਂ ਵਿੱਚ, ਕਰਮਚਾਰੀਆਂ ਨੂੰ ਨੋਟਿਸ ਭੇਜੇ ਜਾਣਗੇ।

ਛਾਂਟੀ ਦੇ ਬਾਵਜੂਦ, ਮੇਟਾ ਨੇ ਆਪਣੇ ਕਰਮਚਾਰੀਆਂ ਨੂੰ ਇੱਕ ਅੰਦਰੂਨੀ ਮੀਮੋ ਵਿੱਚ ਦੱਸਿਆ ਕਿ ਕੰਪਨੀ ਤੇਜ਼ੀ ਨਾਲ ਮਸ਼ੀਨ ਲਰਨਿੰਗ ਇੰਜੀਨੀਅਰਾਂ ਨੂੰ ਨਿਯੁਕਤ ਕਰੇਗੀ।

**ਨੌਕਰੀ ਦੀ ਸਥਿਤੀ ਵਿੱਚ ਗਿਰਾਵਟ**

ਬਲੂਮਬਰਗ ਦੀ ਇੱਕ ਰਿਪੋਰਟ ਦੇ ਅਨੁਸਾਰ, ਦਸੰਬਰ 2024 ਵਿੱਚ ਅਮਰੀਕਾ ਵਿੱਚ ਨੌਕਰੀ ਦੇ ਮੌਕੇ ਤਿੰਨ ਮਹੀਨਿਆਂ ਦੇ ਹੇਠਲੇ ਪੱਧਰ ’ਤੇ ਆ ਗਏ ਹਨ। ਬਿਊਰੋ ਆਫ਼ ਲੇਬਰ ਸਟੈਟਿਸਟਿਕਸ ਦੁਆਰਾ ਜਾਰੀ ਕੀਤੀ ਗਈ ਜੇ.ਓ.ਐਲ.ਟੀ.ਐਸ. ਰਿਪੋਰਟ ਦੇ ਅਨੁਸਾਰ, ਉਪਲਬਧ ਨੌਕਰੀਆਂ ਦੀ ਗਿਣਤੀ ਨਵੰਬਰ ਵਿੱਚ 8.16 ਮਿਲੀਅਨ ਤੋਂ ਘੱਟ ਕੇ ਦਸੰਬਰ ਵਿੱਚ 7.60 ਮਿਲੀਅਨ ਹੋ ਗਈ।

## ਅਮਰੀਕਾ ਦਾ 51ਵਾਂ ਰਾਜ ਬਣਨ ਵਿੱਚ ਹੀ ਕੈਨੇਡਾ ਦੀ ਭਲਾਈ : ਟਰੰਪ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਿਹਾ ਕਿ ਉਹ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਲਈ ਗੰਭੀਰ ਹਨ। ਟਰੰਪ ਨੇ ਪਿਛਲੇ ਦਿਨੀਂ ਸੁਪਰ ਬਾਊਲ ਪ੍ਰੀਸ਼ੋਅ ਦੌਰਾਨ ਪ੍ਰਸਾਰਿਤ ਇੰਟਰਵਿਊ ਦੌਰਾਨ ਇਹ ਦਾਅਵਾ ਕੀਤਾ।

ਟਰੰਪ ਨੇ ਕਿਹਾ, “ਮੈਨੂੰ ਲੱਗਦਾ ਹੈ ਕਿ ਕੈਨੇਡਾ ਜੇ ਅਮਰੀਕਾ ਦਾ 51ਵਾਂ ਰਾਜ ਬਣ ਜਾਵੇ ਤਾਂ ਉਸ ਲਈ ਬਹੁਤ ਚੰਗਾ ਰਹੇਗਾ ਕਿਉਂਕਿ ਸਾਨੂੰ ਕੈਨੇਡਾ ਨਾਲ ਸਾਲਾਨਾ 200 ਅਰਬ ਡਾਲਰ ਦਾ ਨੁਕਸਾਨ ਹੋ ਰਿਹਾ ਹੈ ਅਤੇ ਮੈਂ ਇਹ ਨਹੀਂ ਹੋਣ ਦੇਵਾਂਗਾ।” ਅਮਰੀਕੀ ਰਾਸ਼ਟਰਪਤੀ ਨੇ ਕਿਹਾ, “ਅਸੀਂ ਕੈਨੇਡਾ ਨੂੰ ਸਬਸਿਡੀ ਦੇ ਰੂਪ ਵਿੱਚ ਸਾਲਾਨਾ 200 ਅਰਬ ਡਾਲਰ ਕਿਉਂ ਦੇ ਰਹੇ ਹਾਂ?”

ਚੇਤੇ ਰਹੇ ਕਿ ਟਰੰਪ ਲਗਾਤਾਰ ਇਸ ਗੱਲ ਲਈ ਜ਼ੋਰ ਪਾਉਂਦੇ ਰਹੇ ਹਨ ਕਿ ਜੇ ਕੈਨੇਡਾ ਅਮਰੀਕਾ ਦਾ 51ਵਾਂ ਰਾਜ ਬਣਨ ਦੀ ਸਹਿਮਤੀ ਦਿੰਦਾ ਹੈ ਤਾਂ ਇਹ ਉਸ ਲਈ ਬਹੁਤ ਬਿਹਤਰ ਹੋਵੇਗਾ।


## ਐਲਨ ਮਸਕ ਦੀ ਨਜ਼ਰ ਹੁਣ ਓਪਨ.ਏ.ਆਈ. ’ਤੇ

ਵਸ਼ਿੰਗਟਨ/ਏ.ਟੀ.ਨਿਊਜ਼: ਤਿੰਨ ਸਾਲ ਪਹਿਲਾਂ ਟਵਿੱਟਰ (ਹੁਣ ਐਕਸ) ’ਤੇ ਕਾਬਜ਼ ਹੋਣ ਵਾਲੇ ਟੈਸਲਾ ਦੇ ਮਾਲਕ ਐਲਨ ਮਸਕ ਦੀ ਨਜ਼ਰ ਹੁਣ ਓਪਨ.ਏ.ਆਈ. ’ਤੇ ਹੈ। ਉਨ੍ਹਾਂ ਦੀ ਅਗਵਾਈ ਵਾਲੇ ਕੰਸੋਟਿਅਮ ਨੇ ਓਪਨ.ਏ.ਆਈ. ਨੂੰ 97.4 ਅਰਬ ਡਾਲਰ ’ਚ ਖਰੀਦਣ ਦਾ ਪ੍ਰਸਾਤਾਵ ਦਿੱਤਾ ਹੈ। ਹਾਲਾਂਕਿ ਓਪਨ.ਏ.ਆਈ. ਦੇ ਸੀ.ਈ.ਓ. ਸੈਮ ਆਲਟਮੈਨ ਨੇ ਇਸ ਪ੍ਰਸਤਾਵ ਨੂੰ ਨਾਮਨਜ਼ੂਰ ਕਰ ਦਿੱਤਾ ਹੈ ਤੇ ਕਿਹਾ, ‘ਨਹੀਂ ਧੰਨਵਾਦ ਜੇਕਰ ਤੁਸੀਂ ਕਹੋ ਤਾਂ ਅਸੀਂ ਟਵਿੱਟਰ ਨੂੰ 9.74 ਅਰਬ ਡਾਲਰ ਵਿੱਚ ਖਰੀਦ ਲਵਾਂਗੇ।’ ਦੱਸ ਦਈਏ ਕਿ ਮਸਕ ਨੇ 2022 ’ਚ ਟਵਿੱਟਰ ਨੂੰ 44 ਅਰਬ ਡਾਲਰ ਵਿੱਚ ਖਰੀਦਿਆ ਸੀ। ਉਨ੍ਹਾਂ ਬਾਅਦ ਵਿੱਚ ਇਸ ਮੀਡੀਆ ਪਲੇਟਫਾਰਮ ਦਾ ਨਾਂ ਬਦਲ ਕੇ ਐਕਸ ਰੱਖ ਦਿੱਤਾ ਸੀ। ਵਾਲ ਸਟ੍ਰੀਟ ਜਰਨਲ ਦੇ ਮੁਤਾਬਕ ਓਪਨ ਏ.ਆਈ. ਨੂੰ ਖਰੀਦਣ ਦਾ ਪ੍ਰਸਤਾਵ ਦੇਣ ਵਾਲੇ ਮਸਕ ਦੀ ਅਗਵਾਈ ਵਾਲੇ ਕੰਸੋਟਿਅਮ ਵਿੱਚ ਐਕਸ ਏ.ਆਈ. ਕੰਸੋਟਿਅਮ, ਬੈਰਨ ਕੈਪੀਟਲ ਗਰੁੱਪ, ਈਮੈਨੁਅਲ ਕੈਪੀਟਲ ਮੈਨੇਜਮੈਂਟ ਤੇ ਹੋਰ ਸ਼ਾਮਲ ਹਨ। ਸਮਝੌਤਾ ਹੋਣ ’ਤੇ ਐਕਸ.ਏ.ਆਈ. ਦਾ ਓਪਨ.ਏ.ਆਈ. ਦੇ ਨਾਲ ਰਲੇਵਾਂ ਹੋ ਸਕਦਾ ਹੈ। ਮਸਕ ਦੇ ਪ੍ਰਸਤਾਵ ਨਾਲ ਓਪਨ.ਏ.ਆਈ. ਦੇ ਸੀ.ਈ.ਓ. ਆਲਟਮੈਨ ਦੇ ਨਾਲ ਚੈਟ.ਜੀ.ਪੀ.ਟੀ. ਨਿਰਮਾਤਾ ਦੇ ਭਵਿੱਖ ਨੂੰ ਲੈ ਕੇ ਲੰਬੇ ਸਮੇਂ ਤੋਂ ਚੱਲ ਰਹੇ ਵਿਵਾਦ ਦੇ ਡੂੰਘਾ ਹੋਣ ਦਾ ਖਦਸ਼ਾ ਜਤਾਇਆ ਜਾ ਰਿਹਾ ਹੈ। ਮਸਕ ਤੇ ਆਲਟਮੈਨ ਨੇ 2015 ’ਚ ਗੈਰਲਾਭਕਾਰੀ ਦੇ ਤੌਰ ’ਤੇ ਓਪਨ.ਏ.ਆਈ. ਨੂੰ ਸ਼ੁਰੂ ਕਰਨ ਵਿੱਚ ਮਦਦ ਕੀਤੀ ਸੀ ਤੇ ਬਾਅਦ ਵਿੱਚ ਉਨ੍ਹਾਂ ਵਿੱਚ ਇਸ ਗੱਲ ’ਤੇ ਮੁਕਾਬਲਾ ਸੀ ਕਿ ਇਸ ਦੀ ਅਗਵਾਈ ਕਿਸ ਨੂੰ ਕਰਨੀ ਚਾਹੀਦੀ। ਮਸਕ ਦੇ 2018 ’ਚ ਬੋਰਡ ਤੋਂ ਅਸਤੀਫਾ ਦੇਣ ਦੇ ਬਾਅਦ ਇਸ ਸਟਾਰਟਅੱਪ ਦੀ ਦਿਸ਼ਾ ਨੂੰ ਲੈ ਕੇ ਲੰਬੇ ਸਮੇਂ ਤੋਂ ਵਿਵਾਦ ਚੱਲ ਰਿਹਾ ਹੈ।



# ਅਮਰੀਕਾ ’ਚ ਦੁਨੀਆਂ ਦੀ ਸਭ ਤੋਂ ਅਜੀਬ ਕਿਸਮ ਦੀ ਚੋਰੀ, ਇੱਕ ਲੱਖ ਅੰਡੇ ਕੀਤੇ ਗ਼ਾਇਬ

ਨਿਊਯਾਰਕ/ਏ.ਟੀ.ਨਿਊਜ਼: ਹਰ ਕੋਈ ਹੀ ਜਾਣਦਾ ਹੈ ਕਿ ਅਮਰੀਕਾ ਦੁਨੀਆਂ ਦਾ ਸਭ ਤੋਂ ਸ਼ਕਤੀਸ਼ਾਲੀ ਦੇਸ਼ ਹੈ। ਹੁਣ ਇਸ ਵੇਲੇ, ਇੱਥੋਂ ਦੇ ਲੋਕ ਆਂਡਿਆਂ ਨੂੰ ਲੈ ਕੇ ਬਹੁਤ ਚਿੰਤਤ ਹਨ ਅਤੇ ਅੰਡੇ ਚੋਰੀ ਦੇ ਮਾਮਲੇ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਅਮਰੀਕਾ ਦੇ ਪੈਨਸਿਲਵੇਨੀਆ ਰਾਜ ਦੇ ਇੱਕ ਸ਼ਹਿਰ ਵਿੱਚ ਅੰਡੇ ਚੋਰੀ ਦਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ ਡਿਲੀਵਰੀ ਰਿਟੇਲਰ ਤੋਂ ਲਗਭਗ ਇੱਕ ਲੱਖ ਅੰਡੇ ਚੋਰੀ ਹੋ ਗਏ। ਪੁਲਿਸ ਨੇ ਮਾਮਲਾ ਦਰਜ ਕਰ ਲਿਆ ਹੈ ਅਤੇ ਚੋਰੀ ਦੀ ਜਾਂਚ ਕਰ ਰਹੀ ਹੈ। ਪੁਲਿਸ ਦੇ ਅਨੁਸਾਰ, ਚੋਰੀ ਦੀ ਇਹ ਘਟਨਾ ਗ੍ਰੀਨ ਕੈਸਲ ਦੇ ਪੀਟ ਐਂਡ ਗੈਰੀ ਆਰਗੈਨਿਕਸ ਐਲ.ਐਲ.ਸੀ. ਵਿੱਚ ਰਾਤ 8:40 ਵਜੇ ਦੇ ਕਰੀਬ ਵਾਪਰੀ। ਚੋਰੀ ਹੋਏ ਆਂਡਿਆਂ ਦੀ ਕੀਮਤ ਲਗਭਗ 40,000 ਹਜ਼ਾਰ ਡਾਲਰ ਦੇ ਕਰੀਬ ਦੱਸੀ ਜਾ ਰਹੀ ਹੈ। ਅਜਿਹੀਆਂ ਖ਼ਬਰਾਂ ਦੇ ਵਿਚਕਾਰ, ਅਮਰੀਕਾ ਵਿੱਚ ਲੋਕ ਅੰਡਿਆਂ ਲਈ ਵਿਰੋਧ ਪ੍ਰਦਰਸ਼ਨ ਵੀ ਕਰ ਰਹੇ ਹਨ। ਅੰਡੇ ਦੀਆਂ ਕੀਮਤਾਂ ਰਿਕਾਰਡ ਪੱਧਰ ’ਤੇ ਇੱਥੇ ਪਹੁੰਚ ਗਈਆ ਹਨ। ਇਸ ਕਾਰਨ ਕੀਮਤਾਂ ਪ੍ਰਤੀ ਡੱਬਾ 7 ਡਾਲਰ ਤੱਕ ਵਧ ਗਈਆਂ ਹਨ। ਅੰਡੇ ਲੋਕਾਂ ਦੇ ਨਾਸ਼ਤੇ ਦਾ ਇੱਕ ਮਹੱਤਵਪੂਰਨ ਇੱਥੇ ਹਿੱਸਾ ਹਨ। ਇਸੇ ਲਈ ਲੱਖਾਂ ਲੋਕ ਹਰ ਰੋਜ਼ ਅੰਡੇ ਖਰੀਦਦੇ ਹਨ। ਪਰ ਹੁਣ ਅੰਡਿਆਂ ਦੀ ਕੀਮਤ ਉਨ੍ਹਾਂ ਦਾ ਬਜਟ ਬਰਬਾਦ ਕਰ ਰਹੀ ਹੈ। ਇਸ ਘਾਟ ਕਾਰਨ ਪੁਲਿਸ ਵੱਲੋਂ ਚੋਰੀ ਹੋਏ ਆਂਡਿਆਂ ਦੀ ਜਾਂਚ ਕੀਤੀ ਰਹੀ ਹੈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਕੋਲ ਇਸ ਸਮੇਂ ਇਸ ਬਾਰੇ ਜ਼ਿਆਦਾ ਜਾਣਕਾਰੀ ਨਹੀਂ ਹੈ। ਪੁਲਿਸ ਨੇ ਕਿਹਾ ਕਿ ਚੋਰੀ ਦਾ ਜਲਦੀ ਹੀ ਪਰਦਾਫਾਸ਼ ਕਰ ਦਿੱਤਾ ਜਾਵੇਗਾ। ਹੁਣ ਪੂਰਾ ਅਮਰੀਕਾ ਇਸ ਸਮੇਂ ਅੰਡਿਆਂ ਦੀ ਘਾਟ ਦਾ ਸਾਹਮਣਾ ਕਰ ਰਿਹਾ ਹੈ। ਇਹ ਸਿਰਫ਼ ਇੱਕ ਖੇਤਰ ਵਿੱਚ ਨਹੀਂ ਹੈ। ਇਹੀ ਸਥਿਤੀ ਪੂਰੇ ਦੇਸ਼ ਵਿੱਚ ਹੀ ਹੈ। ਲਗਾਤਾਰ ਹੋ ਰਹੀ ਘਾਟ ਦੇ ਕਾਰਨ ਕੀਮਤਾਂ ਵੀ ਅਸਮਾਨ ਛੂਹ ਰਹੀਆਂ ਹਨ। ਅੰਡਿਆਂ ਦੀ ਮੌਜੂਦਾ ਕੀਮਤ ਪ੍ਰਤੀ ਡੱਬਾ 7 ਡਾਲਰ ਹੈ। ਅਮਰੀਕਾ ਦੇ ਖੇਤੀਬਾੜੀ ਵਿਭਾਗ ਦੇ ਅਨੁਸਾਰ, ਮੱਧ-ਪੱਛਮੀ ਖੇਤਰ ਵਿੱਚ ਇੱਕ ਦਰਜਨ ਵੱਡੇ ਆਂਡਿਆਂ ਦੀ ਥੋਕ ਕੀਮਤ ਹੁਣ ਔਸਤਨ 7 ਡਾਲਰ 08 ਸੈਂਟ ਹੈ, ਜੋ ਕਿ ਦੋ ਸਾਲ ਪਹਿਲਾਂ ਦੀ ਕੀਮਤ ਨਾਲੋਂ ਲਗਭਗ ਸੱਤ ਗੁਣਾ ਜ਼ਿਆਦਾ ਹੈ। ਨਿਊਯਾਰਕ ਸਿਟੀ ਵਿੱਚ ਹੋਲ ਫੂਡਜ਼ ਇੰਕ. ਇੱਕ ਦਰਜਨ ਆਂਡਿਆਂ ਦੇ ਡੱਬੇ ਦੀਆਂ ਕੀਮਤਾਂ 11.99 ਸੈਂਟ ਤੱਕ ਪਹੁੰਚ ਗਈਆਂ ਹਨ। ਰਾਸ਼ਟਰੀ ਰਿਟੇਲਰ ਨੇ ਸ਼ਹਿਰ ਦੇ ਕੁਝ ਸਥਾਨਾਂ ’ਤੇ ਗਾਹਕਾਂ ’ਤੇ ਤਿੰਨ-ਡੱਬੇ ਦੀ ਖਰੀਦ ਸੀਮਾ ਵੀ ਲਗਾਈ ਹੈ। ਆਂਡਿਆਂ ਦੀ ਇਹ ਕਮੀ ਕਿਉਂ ਆਈ ਹੈ। ਅਮਰੀਕਾ ਵਿੱਚ ਅੰਡੇ ਦਾ ਬਾਜ਼ਾਰ ਕਈ ਮਹੀਨਿਆਂ ਤੋਂ ਚੱਲ ਰਿਹਾ ਹੈ। ਇਸ ਪਿੱਛੇ ਬਰਡ ਫਲੂ ਦਾ ਕਾਰਨ ਦੱਸਿਆ ਜਾ ਰਿਹਾ ਹੈ। ਬਰਡ ਫਲੂ ਕਾਰਨ ਇੱਥੇ ਲੱਖਾਂ ਮੁਰਗੀਆਂ ਮਰ ਚੁੱਕੀਆਂ ਹਨ। ਇਸ ਨਾਲ ਅੰਡਿਆਂ ਦੀ ਕਮੀ ਹੋ ਗਈ। ਇਸ ਗਲਤੀ ਦੀ ਲੋਕਾਂ ਨੂੰ ਭਾਰੀ ਕੀਮਤ ਚੁਕਾਉਣੀ ਪੈ ਰਹੀ ਹੈ। ਕਿਸਾਨ ਸਮੂਹ ਯੂਨਾਈਟਿਡ ਐੱਗ ਪ੍ਰੋਡਿਊਸਰਜ਼ ਨੇ ਇਹ ਰਿਪੋਰਟ ਦਿੱਤੀ ਕਿ 2022 ਵਿੱਚ ਬਰਡ ਫਲੂ ਕਾਰਨ 104 ਮਿਲੀਅਨ ਅੰਡੇ ਦੇਣ ਵਾਲੀਆਂ ਮੁਰਗੀਆਂ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਅਕਤੂਬਰ ਵਿੱਚ 29 ਮਿਲੀਅਨ ਮੁਰਗੀਆਂ ਦੀ ਮੌਤ ਹੋ ਗਈ। ਇਸ ਨਾਲ ਅਮਰੀਕਾ ’ਚ ਅੰਡਿਆਂ ਦੀ ਕਮੀ ਹੋ ਗਈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

**Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.**

**All legal disputes must be handled in the courts of State of Punjab in India.**

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

## ਪੰਜਾਬੀਆਂ ਲਈ ਮਾਣ ਦੀ ਗੱਲ

# ਮਨਵੀਰ ਕੌਰ ਮਾਣਕ ਨੂੰ ਬਰਤਾਨੀਆ ਸੰਸਦ ਵਿੱਚ ਕੀਤਾ ਗਿਆ ਸਨਮਾਨਿਤ





ਲੰਡਨ/ਏ.ਟੀ.ਨਿਊਜ਼: ਲੰਡਨ 'ਚ 'ਵਰਲਡ ਬੁੱਕ ਆਫ਼ ਰਿਕਾਰਡਜ਼' ਵੱਲੋਂ ਨੁਵੋ ਲਿੰਕਸ ਦੇ ਸੀ. ਈ. ਓ. ਸੁਮੀਤ ਜਾਲਾਨ ਦੇ ਸਹਿਯੋਗ ਨਾਲ ਯੂ.ਕੇ. ਸੰਸਦ ਦੇ ਹਾਊਸ ਆਫ਼ ਕਾਮਨਜ਼ ਵਿਖੇ ਸਮਾਜਿਕ ਅਤੇ ਆਰਥਿਕ ਤਰੱਕੀ ਨੂੰ ਅੱਗੇ ਵਧਾਉਣ ਵਾਲੇ ਵਿਅਕਤੀਆਂ ਦਾ ਸਨਮਾਨ ਕਰਨ ਲਈ ਇੱਕ ਸਮਾਗਮ ਕਰਵਾਇਆ ਗਿਆ। 'ਸਮਾਜਿਕ ਅਤੇ ਆਰਥਿਕ ਪ੍ਰਭਾਵ ਦਾ ਜਸ਼ਨ' ਸਿਰਲੇਖ ਹੇਠ ਕਰਵਾਏ ਸਮਾਗਮ ਨੂੰ ਓਰਪਿੰਗਟਨ ਦੇ ਸੰਸਦ ਮੈਂਬਰ ਗੈਰੇਥ ਬੇਕਨ ਵਲੋਂ ਆਯੋਜਿਤ ਕੀਤਾ ਗਿਆ ਸੀ। ਇਸ ਸਮਾਗਮ 'ਚ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਵਾਲੀਆਂ ਪ੍ਰਮੁੱਖ ਸ਼ਖ਼ਸੀਅਤਾਂ ਸ਼ਾਮਲ ਹੋਈਆਂ।

ਇਸ ਮੌਕੇ 'ਵਰਲਡ ਬੁੱਕ ਆਫ਼ ਰਿਕਾਰਡਜ਼' ਵੱਲੋਂ ਲਵੀਨਾ ਟੰਡਨ, ਡਿਨਾ ਮਦਲਾਨੀ, ਅਸ਼ੋਕ ਕੁਮਾਰ ਚੌਹਾਨ, ਐਂਥਨੀ ਚੀਜ਼ਮੈਨ, ਕਮਲ ਪ੍ਰਭਾਕਰ, ਸੁਰੇਸ਼ ਕੁਮਾਰ ਗੁਪਤਾ, ਕੇਵਲ ਸਡੋਕ, ਮਾਣਕ ਸੁਲਿਸਟਰ ਤੋਂ ਸੁਰਿੰਦਰ ਸਿੰਘ ਮਾਣਕ, ਮਨਵੀਰ ਕੌਰ ਮਾਣਕ, ਵਿਟ ਜਡਲੀਕਾ, ਡਾ. ਕੰਵਲ ਮੋਹਨ ਚੰਡੋਕ ਨੂੰ ਵੱਖ-ਵੱਖ ਖੇਤਰਾਂ 'ਚ ਯੋਗਦਾਨ ਪਾਉਣ ਲਈ ਸਨਮਾਨਿਤ ਕੀਤਾ ਗਿਆ।

# ਨਾਇਜੀਰੀਆ ਵਿੱਚ ਸਕੂਲ 'ਚ ਅੱਗ ਲੱਗਣ ਕਾਰਨ 17 ਬੱਚਿਆਂ ਦੀ ਮੌਤ

ਅਬੂਜਾ (ਨਾਇਜੀਰੀਆ)/ ਏ.ਟੀ.ਨਿਊਜ਼: ਨਾਇਜੀਰੀਆ ਦੇ ਉੱਤਰ-ਪੱਛਮੀ ਇਲਾਕੇ ਵਿੱਚ ਇਸਲਾਮਿਕ ਸਕੂਲ 'ਚ ਅੱਗ ਲੱਗਣ ਕਾਰਨ ਘੱਟੋ-ਘੱਟ 17 ਬੱਚਿਆਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਸ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਹੈ। ਕੌਮੀ ਐਮਰਜੈਂਸੀ ਪ੍ਰਬੰਧਨ ਏਜੰਸੀ ਨੇ ਦੱਸਿਆ ਕਿ ਜ਼ਮਫਾਰਾ ਸੂਬੇ ਦੇ ਕੌੜਾ ਨਾਮੋਦਾ ਜ਼ਿਲ੍ਹੇ 'ਚ ਪਿਛਲੇ ਦਿਨੀਂ ਜਦੋਂ ਅੱਗ ਲੱਗੀ ਤਾਂ ਸਕੂਲ 'ਚ ਕਰੀਬ 100 ਬੱਚੇ ਮੌਜੂਦ ਸਨ। ਏਜੰਸੀ ਨੇ ਦੱਸਿਆ ਕਿ 17 ਬੱਚੇ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਏ, ਜਿਨ੍ਹਾਂ ਦਾ ਵੱਖ-ਵੱਖ ਹਸਪਤਾਲਾਂ 'ਚ ਇਲਾਜ ਚੱਲ ਰਿਹਾ ਹੈ। ਫਿਲਹਾਲ ਅੱਗ ਲੱਗਣ ਦਾ ਕਾਰਨ ਸਪੱਸ਼ਟ ਨਹੀਂ ਹੈ। ਨਾਇਜੀਰੀਆ ਦੇ ਰਾਸ਼ਟਰਪਤੀ ਬੋਲਾ ਟੀਨੂਬੂ ਨੇ ਪੀੜਤਾਂ ਦੇ ਪਰਿਵਾਰਾਂ ਨਾਲ ਹਮਦਰਦੀ ਜ਼ਾਹਰ ਕੀਤੀ ਅਤੇ ਸਕੂਲਾਂ ਨੂੰ ਬੱਚਿਆਂ ਦੀ ਸੁਰੱਖਿਆ ਨੂੰ ਤਰਜੀਹ ਦੇਣ ਦੀ ਅਪੀਲ ਕੀਤੀ ਹੈ। ਪਿਛਲੇ ਮਹੀਨੇ ਵੀ ਅਬੂਜਾ ਦੇ ਸਕੂਲ ਵਿੱਚ ਧਮਾਕੇ ਕਾਰਨ ਦੋ ਵਿਅਕਤੀਆਂ ਦੀ ਮੌਤ ਹੋ ਗਈ ਸੀ।

## ਅਮਰੀਕਾ ਵਿੱਚ ਲਾਪਤਾ ਜਹਾਜ਼ ਦਾ ਮਲਬਾ ਲੱਭਾ

ਸੈਕਰਾਮੈਂਟੋ, ਕੈਲੀਫ਼ੋਰਨੀਆ/ਹੁਸਨ ਲੜੋਆ ਬੰਗਾ: ਅਮਰੀਕਾ ਦੇ ਰਾਜ ਅਲਾਸਕਾ ਦੇ ਪੱਛਮੀ ਤੱਟ ਨੇੜੇ ਲਾਪਤਾ ਹੋਏ ਇੱਕ ਜਹਾਜ਼ ਦਾ ਮਲਬਾ ਲੱਭ ਜਾਣ ਦੀ ਖ਼ਬਰ ਹੈ। ਜਹਾਜ਼ ਵਿੱਚ ਪਾਇਲਟ ਸਮੇਤ 10 ਲੋਕ ਸਵਾਰ ਸਨ, ਜਿਨਾਂ ਵਿਚੋਂ 3 ਦੀਆਂ ਲਾਸ਼ਾਂ ਮਿਲ ਗਈਆਂ ਹਨ ਜਦ ਕਿ ਬਾਕੀ 7 ਦੀ ਭਾਲ ਜਾਰੀ ਹੈ। ਇਹ ਜਾਣਕਾਰੀ ਯੂ. ਐਸ. ਕੋਸਟ ਗਾਰਡ ਨੇ ਜਾਰੀ ਇੱਕ ਬਿਆਨ ਵਿੱਚ ਦਿੱਤੀ ਹੈ। ਕੋਸਟ ਗਾਰਡ ਨੇ ਐਕਸ ਉਪਰ ਪਾਈ ਇੱਕ ਪੋਸਟ ਵਿੱਚ ਕਿਹਾ ਹੈ ਕਿ 3 ਵਿਅਕਤੀ ਜਹਾਜ਼ ਵਿੱਚ ਹੀ ਮ੍ਰਿਤਕ ਮਿਲੇ ਹਨ।

ਜਹਾਜ਼ ਦਾ ਮਲਬਾ ਨੋਮ ਦੇ ਦੱਖਣ ਪੂਰਬ ਵਿੱਚ ਤਕਰੀਬਨ 34 ਮੀਲ ਦੂਰ ਮਿਲਿਆ। ਕੋਸਟ ਗਾਰਡ ਨੇ ਕਿਹਾ ਹੈ ਕਿ ਬਾਕੀ 7 ਵਿਅਕਤੀਆਂ ਦੀ ਹੋਣੀ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ ਤੇ ਅਸੀਂ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਿਵਾਰਾਂ ਦੇ ਨਾਲ ਖੜੇ ਹਾਂ।

# ਸਾਊਦੀ ਅਰਬ ਨੇ 14 ਦੇਸ਼ਾਂ ਲਈ ਵੀਜ਼ਾ ਨਿਯਮਾਂ 'ਚ ਬਦਲਾਅ ਕੀਤੇ

## ਹੱਜ ਯਾਤਰਾ ਨੂੰ ਧਿਆਨ ਵਿੱਚ ਰੱਖਦੇ ਹੋਏ ਲਿਆ ਫ਼ੈਸਲਾ




ਸਾਊਦੀ ਅਰਬ ਨੇ 14 ਦੇਸ਼ਾਂ ਦੇ ਯਾਤਰੀਆਂ ਲਈ ਸਿੰਗਲ-ਐਂਟਰੀ ਵੀਜ਼ਾ ਲਾਗੂ ਕੀਤਾ ਹੈ। ਇਹ ਨਿਯਮ 1 ਫ਼ਰਵਰੀ, 2025 ਤੋਂ ਲਾਗੂ ਮੰਨਿਆ ਜਾਵੇਗਾ। ਇਸ ਫ਼ੈਸਲੇ ਦਾ ਉਦੇਸ਼ ਅਣਅਧਿਕਾਰਤ ਹੱਜ ਯਾਤਰੀਆਂ ਨੂੰ ਰੋਕਣਾ ਹੈ। ਵੀਜ਼ਾ 30 ਦਿਨਾਂ ਲਈ ਲਾਗੂ ਹੋਵੇਗਾ। ਹੱਜ, ਉਮਰਾਹ, ਡਿਪਲੋਮੈਟਿਕ ਅਤੇ ਰਿਹਾਇਸ਼ੀ ਵੀਜ਼ੇ ਪ੍ਰਭਾਵਿਤ ਨਹੀਂ ਹੋਣਗੇ।

ਸਾਊਦੀ ਅਰਬ ਸਰਕਾਰ ਨੇ ਆਪਣੇ ਵੀਜ਼ਾ ਨਿਯਮਾਂ ਵਿੱਚ ਮਹੱਤਵਪੂਰਨ ਬਦਲਾਅ ਕੀਤੇ ਹਨ। ਸਾਊਦੀ ਸਰਕਾਰ ਨੇ ਐਲਾਨ ਕੀਤਾ ਹੈ ਕਿ ਭਾਰਤ ਸਮੇਤ 14 ਦੇਸ਼ਾਂ ਦੇ ਯਾਤਰੀਆਂ ਨੂੰ ਹੁਣ ਸਿਰਫ਼ ਸਿੰਗਲ ਐਂਟਰੀ ਵੀਜ਼ਾ ਮਿਲੇਗਾ। ਇਸ ਦਾ ਮਤਲਬ ਹੈ ਕਿ ਇਨ੍ਹਾਂ ਦੇਸ਼ਾਂ ਲਈ ਮਲਟੀਪਲ ਐਂਟਰੀ ਵੀਜ਼ਾ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਹ ਨਿਯਮ 1 ਫ਼ਰਵਰੀ, 2025 ਤੋਂ ਲਾਗੂ ਕੀਤਾ ਗਿਆ ਹੈ। ਇਸ ਦਾ ਉਦੇਸ਼ ਲੋਕਾਂ ਨੂੰ ਲੰਬੇ ਸਮੇਂ ਦੇ ਵਿਜ਼ਿਟ ਵੀਜ਼ੇ 'ਤੇ ਆਉਣ ਅਤੇ ਅਣਅਧਿਕਾਰਤ ਤੌਰ 'ਤੇ ਹੱਜ ਕਰਨ ਤੋਂ ਰੋਕਣਾ ਹੈ। ਹਾਲ ਹੀ ਦੇ ਸਾਲਾਂ ਵਿੱਚ ਸਾਊਦੀ ਅਰਬ ਲਈ ਅਣਅਧਿਕਾਰਤ ਹੱਜ ਯਾਤਰੀ ਇੱਕ ਵੱਡੀ ਚੁਣੌਤੀ ਬਣ ਕੇ ਉਭਰੇ ਹਨ। ਸਾਊਦੀ ਸਰਕਾਰ ਨੇ ਅਲਜੀਰੀਆ, ਬੰਗਲਾਦੇਸ਼, ਮਿਸਰ, ਇਥੋਪੀਆ, ਭਾਰਤ, ਇੰਡੋਨੇਸ਼ੀਆ, ਇਰਾਕ, ਜਾਰਡਨ, ਮੋਰੋਕੋ, ਨਾਈਜੀਰੀਆ, ਪਾਕਿਸਤਾਨ, ਸੁਡਾਨ, ਟਿਊਨੀਸ਼ੀਆ ਅਤੇ ਯਮਨ ਦੇ ਯਾਤਰੀਆਂ ਲਈ ਮਲਟੀਪਲ ਵੀਜ਼ਾ 'ਤੇ ਪਾਬੰਦੀ ਲਗਾ ਦਿਤੀ ਹੈ। ਇਨ੍ਹਾਂ 14 ਦੇਸ਼ਾਂ ਦੇ ਸੈਰ-ਸਪਾਟਾ, ਕਾਰੋਬਾਰ ਅਤੇ ਪਰਿਵਾਰਕ ਦੌਰਿਆਂ ਲਈ ਇਕ ਸਾਲ ਦੇ ਮਲਟੀਪਲ-ਐਂਟਰੀ ਵੀਜ਼ੇ ਅਣਮਿੱਥੇ ਸਮੇਂ ਲਈ ਮੁਅੱਤਲ ਕਰ ਦਿਤੇ ਗਏ ਹਨ। ਸਾਊਦੀ ਅਧਿਕਾਰੀਆਂ ਦਾ ਕਹਿਣਾ ਹੈ ਕਿ ਇਸ ਨਾਲ ਹੱਜ ਯਾਤਰਾ ਨੂੰ ਬਿਹਤਰ ਢੰਗ ਨਾਲ ਕੰਟਰੋਲ ਕਰਨ ਵਿਚ ਮਦਦ ਮਿਲੇਗੀ।

## ਕੈਨੇਡਾ ਪੁਲਿਸ ਵੱਲੋਂ ਗੁੰਮ ਪੰਜਾਬਣ ਦੀ ਭਾਲ ਜਾਰੀ



ਵੈਨਕੂਵਰ/ਏ.ਟੀ.ਨਿਊਜ਼:ਪੀਲ ਪੁਲਿਸ ਦੇ ਮਹੀਨੇ ਪਹਿਲਾਂ ਗੁੰਮ ਹੋਈ 21 ਸਾਲਾ ਪੰਜਾਬਣ ਦੀ ਭਾਲ ਪ੍ਰਤੀ ਗੰਭੀਰ ਹੋ ਕੇ ਜੁੱਟ ਗਈ ਹੈ ਤੇ ਆਮ ਲੋਕਾਂ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਪੁਲਿਸ ਅਨੁਸਾਰ ਮਧਰੇ ਕੱਦ (4-11) ਵਾਲੀ ਹਰਸਿਮਰਨਜੀਤ ਨੂੰ ਆਖਰੀ ਵਾਰ ਦਸੰਬਰ ਦੇ ਪਹਿਲੇ ਹਫ਼ਤੇ ਬਰੈਂਪਟਨ ਦੇ ਮੋਫ਼ਟ ਐਵੇਨਿਊ ਅਤੇ ਹਡਸਨ ਡਰਾਈਵ ਨੇੜਲੇ ਬੱਸ ਸਟਾਪ 'ਤੇ ਦੇਖਿਆ ਗਿਆ ਸੀ। ਉਸ ਤੋਂ ਬਾਅਦ ਉਸ ਦਾ ਕੋਈ ਅਤਾ ਪਤਾ ਨਹੀਂ ਲੱਗਾ। ਪੁਲਿਸ ਵੱਲੋਂ ਘਟਨਾ ਸਥਾਨ ਦੁਆਲੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਰਿਕਾਰਡਿੰਗ ਘੋਖੀ ਜਾਣ ਲੱਗੀ ਹੈ। ਪੁਲਿਸ ਨੇ ਕੁੜੀ ਦੇ ਮੌਕੇ ਦਾ ਪਹਿਰਾਵਾ ਤੇ ਹੁਲੀਆ ਵੀ ਲੋਕਾਂ ਨਾਲ ਸਾਂਝਾ ਕੀਤਾ ਹੈ ਤਾਂ ਜੋ ਠੋਸ ਸੁਰਾਗ ਮਿਲ ਸਕੇ। ਪੁਲਿਸ ਦਾ ਕਹਿਣਾ ਹੈ ਕਿ ਕੁੜੀ ਦੇ ਮਾਪੇ ਬੜੇ ਪ੍ਰੇਸ਼ਾਨ ਹਨ।

# ਯੂ.ਕੇ. ਵਿੱਚ ਨਾਜਾਇਜ਼ ਕਾਮਿਆਂ ਦੀਆਂ ਹੋਈਆਂ ਗ੍ਰਿਫ਼ਤਾਰੀਆਂ

## ਭਾਰਤੀ ਰੈਸਟੋਰੈਂਟ ਉੱਪਰ ਪਏ ਛਾਪੇ, ਹੁਣ ਤੱਕ 609 ਗ੍ਰਿਫ਼ਤਾਰ




ਲੰਡਨ/ਏ.ਟੀ.ਨਿਊਜ਼ : ਅਮਰੀਕਾ ਤੋਂ ਬਾਅਦ ਹੁਣ ਇੰਗਲੈਂਡ ਵਿੱਚ ਨਾਜਾਇਜ਼ ਤੌਰ 'ਤੇ ਰਹਿ ਰਹੇ ਲੋਕਾਂ ਦੀ ਫੜੋ-ਫੜੀ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ। ਭਾਰਤੀ ਰੈਸਟੋਰੈਂਟ, ਨੇਲ ਬਾਰ, ਕਰਿਆਨੇ ਦੀਆਂ ਦੁਕਾਨਾਂ ਤੇ ਕਾਰ ਵਾਸ਼ ਹੁਣ ਬ੍ਰਿਟੇਨ ਦੇ ਗ੍ਰਹਿ ਵਿਭਾਗ ਦੇ ਨਿਸ਼ਾਨੇ 'ਤੇ ਹਨ।

ਬ੍ਰਿਟੇਨ ਦੇ ਗ੍ਰਹਿ ਮੰਤਰੀ ਯਵੇਟੇ ਕੂਪਰ ਨੇ ਦੱਸਿਆ ਕਿ ਉਨ੍ਹਾਂ ਦੇ ਇਮੀਗ੍ਰੇਸ਼ਨ ਵਿਭਾਗ ਨੇ ਜਨਵਰੀ 'ਚ 828 ਕੰਪਲੈਕਸਾਂ 'ਤੇ ਮਾਰੇ ਗਏ ਛਾਪਿਆਂ 'ਚ 609 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪਿਛਲੇ ਸਾਲ ਜਨਵਰੀ ਦੇ ਮੁਕਾਬਲੇ ਇਸ ਫੜੋ-ਫੜੀ ਵਿੱਚ 73 ਫ਼ੀਸਦੀ ਦਾ ਵਾਧਾ ਹੋਇਆ ਹੈ। ਬ੍ਰਿਟੇਨ ਦੇ ਗ੍ਰਹਿ ਵਿਭਾਗ ਅਨੁਸਾਰ, ਵੱਖ- ਵੱਖ ਖੇਤਰਾਂ ਤੋਂ ਮਿਲੀਆਂ ਜਾਣਕਾਰੀਆਂ ਦੇ ਆਧਾਰ 'ਤੇ ਪਿਛਲੇ ਮਹੀਨੇ ਕਈ ਰੈਸਟੋਰੈਂਟਾਂ, ਟੇਕਅਵੇ ਤੇ ਕੈਫ਼ੇ 'ਚ ਛਾਪੇਮਾਰੀ ਕੀਤੀ। ਇਸ ਤੋਂ ਇਲਾਵਾ ਖ਼ੁਰਾਕੀ, ਤਰਲ ਤੇ ਤੰਬਾਕੂ ਉਦਯੋਗ ਨਾਲ ਜੁੜੇ ਟਿਕਾਣਿਆਂ 'ਤੇ ਵੀ ਫੜੋ-ਫੜੀ ਕੀਤੀ ਗਈ ਹੈ। ਉੱਤਰੀ ਇੰਗਲੈਂਡ ਦੇ ਹੰਬਰਸਾਈਡ ਸਥਿਤ ਇੱਕ ਭਾਰਤੀ ਰੈਸਟੋਰੈਂਟ ਤੋਂ ਸੱਤ ਗ੍ਰਿਫ਼ਤਾਰੀਆਂ ਹੋਈਆਂ ਹਨ ਤੇ ਚਾਰ ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ। ਪਿਛਲੇ ਇੱਕ ਸਾਲ 'ਚ ਕੁੱਲ 1090 ਸਿਵਲ ਨੋਟਿਸ ਜਾਰੀ ਕੀਤੇ ਗਏ ਸਨ। ਜੇ ਨਿਯੁਕਤ ਕਰਨ ਵਾਲਿਆਂ ਨੂੰ ਦੋਸ਼ੀ ਪਾਇਆ ਗਿਆ ਤਾਂ ਉਨ੍ਹਾਂ ਨੂੰ ਪ੍ਰਤੀ ਮੁਲਾਜ਼ਮ 60 ਹਜ਼ਾਰ ਪਾਊਂਡ ਦੇਣੇ ਹੋਣਗੇ।

ਕੂਪਰ ਨੇ ਕਿਹਾ ਕਿ ਇਮੀਗ੍ਰੇਸ਼ਨ ਦੇ ਨਿਯਮਾਂ ਦਾ ਸਨਮਾਨ ਹੋਵੇ ਤੇ ਉਨ੍ਹਾਂ ਦੀ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਪਰ ਇੱਕ ਅਰਸੇ ਤੋਂ ਇਥੇ ਨਿਯੁਕਤ ਕਰਨ ਵਾਲੇ ਨਾਜਾਇਜ਼ ਇਮੀਗ੍ਰੈਂਟਸ ਦਾ ਸ਼ੋਸ਼ਣ ਕਰ ਰਹੇ ਹਨ ਤੇ ਬਹੁਤ ਸਾਰੇ ਲੋਕ ਨਾਜਾਇਜ਼ ਤੌਰ 'ਤੇ ਆਉਣ 'ਚ ਕਾਮਯਾਬ ਰਹੇ ਤੇ ਹੁਣ ਤੱਕ ਉਨ੍ਹਾਂ ਖ਼ਿਲਾਫ਼ ਕੋਈ ਵੱਡੀ ਕਾਰਵਾਈ ਨਹੀਂ ਕੀਤੀ ਗਈ। ਨਾਜਾਇਜ਼ ਕਾਮਿਆ ਨੇ ਬ੍ਰਿਟੇਨ ਦੀ ਅਰਥਵਿਵਸਥਾ ਤੇ ਕਾਨੂੰਨ ਵਿਵਸਥਾ ਦੋਵਾਂ ਨੂੰ ਨੁਕਸਾਨ ਪਹੁੰਚਿਆ ਹੈ।

## ਅਮਰੀਕਾ ਵਿੱਚ ਗ਼ੈਰ ਕਾਨੂੰਨੀ ਪਰਵਾਸੀਆਂ ਦੀ ਪਛਾਣ ਕਰਨ ਦਾ ਕੰਮ ਤੇਜ਼

ਵਾਸ਼ਿੰਗਟਨ/ਏ.ਟੀ.ਨਿਊਜ਼: ਉਪਨਗਰ ਇੰਡੀਆਨਾ ਪੋਲਿਸ ਵਿੱਚ ਹੈਮਿਲਟਨ ਕਾਊਂਟੀ ਸ਼ੈਰਿਫ ਦਫਤਰ ਅਮਰੀਕਾ ਵਿੱਚ ਗ਼ੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਪਰਵਾਸੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹਿਰਾਸਤ ਵਿੱਚ ਲੈਣ ਲਈ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਭਾਈਵਾਲੀ ਕਰਨ ਲਈ ਉਤਸੁਕ ਹੈ। ਰਾਸ਼ਟਰਪਤੀ ਟਰੰਪ ਦੇ ਅਧੀਨ, ਯੂ.ਐਸ. ਕਸਟਮਜ਼ ਐਂਡ ਇਮੀਗ੍ਰੇਸ਼ਨ ਇਨਫੋਰਸਮੈਂਟ (ਆਈ.ਸੀ.ਈ.) 287 (ਜੀ) ਪ੍ਰੋਗਰਾਮ ਨੂੰ ਮੁੜ ਸੁਰਜੀਤ ਅਤੇ ਵਿਸਥਾਰ ਕਰ ਰਿਹਾ ਹੈ, ਜੋ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਸੰਭਾਵਤ ਦੇਸ਼ ਨਿਕਾਲੇ ਲਈ ਪ੍ਰਵਾਸੀਆਂ ਤੋਂ ਪੁੱਛ-ਪੜਤਾਲ ਕਰਨ ਅਤੇ ਹਿਰਾਸਤ 'ਚ ਲੈਣ ਲਈ ਸਿਖਲਾਈ ਦਿੰਦਾ ਹੈ। ਫਲੋਰਿਡਾ ਦੇ ਗਵਰਨਰ ਰੌਨ ਡੀਸੈਂਟਿਸ ਨੇ ਆਈ.ਸੀ.ਈ. ਨਾਲ ਇੱਕ ਸਮਝੌਤੇ ਦਾ ਐਲਾਨ ਕੀਤਾ, ਜਿਸ ਨਾਲ ਫਲੋਰਿਡਾ ਹਾਈਵੇ ਪੈਟਰੋਲ ਨੂੰ ਇਸ ਪ੍ਰੋਗਰਾਮ 'ਚ ਹਿੱਸਾ ਲੈਣ ਦੀ ਇਜਾਜ਼ਤ ਦਿਤੀ ਗਈ, ਜਿਸ ਦਾ ਉਦੇਸ਼ ਟਰੰਪ ਦੇ ਵਿਆਪਕ ਦੇਸ਼ ਨਿਕਾਲੇ ਦੇ ਯਤਨਾਂ ਦੇ ਮਿਸ਼ਨ ਨੂੰ ਪੂਰਾ ਕਰਨਾ ਹੈ।

# ਟਰੂਡੋ ਸਰਕਾਰ ਦੇ ਦੋ ਮੰਤਰੀਆਂ ਵੱਲੋਂ ਚੋਣ ਨਾ ਲੜਨ ਦਾ ਐਲਾਨ

## ਕੈਨੇਡਾ 'ਚ ਅਗਲੀਆਂ ਸੰਸਦੀ ਚੋਣਾਂ ਅਪ੍ਰੈਲ ਦੇ ਅਖ਼ੀਰ ਜਾਂ ਮਈ ਦੇ ਪਹਿਲੇ ਹਫ਼ਤੇ ਹੋਣ ਦੀਆਂ ਸੰਭਾਵਨਾਵਾਂ





ਵੈਨਕੂਵਰ/ਏ.ਟੀ. ਨਿਊਜ਼: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਖਾਸਮ ਖਾਸਾਂ ਵੱਲੋਂ ਅਗਲੀਆਂ ਸੰਸਦੀ ਚੋਣਾਂ ਲੜਨ ਤੋਂ ਨਾਂਹ ਕਰਨ ਵਾਲਿਆਂ ਦੀ ਸੂਚੀ ਵਧਣ ਲੱਗੀ ਹੈ। ਕੈਨੇਡਾ ਦੇ ਕਾਨੂੰਨ ਮੰਤਰੀ ਤੇ ਅਟਾਰਨੀ ਜਨਰਲ ਆਰਿਫ਼ ਵਿਰਾਨੀ ਅਤੇ ਕੌਮਾਂਤਰੀ ਵਪਾਰ ਤੇ ਅਰਥਚਾਰੇ ਦੇ ਵਿਕਾਸ ਬਾਰੇ ਮੰਤਰੀ ਮੈਰੀ ਐਨਜੀ ਵਲੋਂ ਆਪਣੇ ਐਕਸ ਖਾਤਿਆਂ 'ਤੇ ਐਲਾਨ ਕੀਤਾ ਗਿਆ ਹੈ ਕਿ ਉਹ ਅਗਲੀਆਂ ਚੋਣਾਂ ਵਿੱਚ ਲਿਬਰਲ ਪਾਰਟੀ ਦੇ ਉਮੀਦਵਾਰ ਨਹੀਂ ਬਣਨਗੇ।

ਆਰਿਫ਼ ਵਿਰਾਨੀ ਨੇ ਆਪਣੇ ਐਕਸ ਖਾਤੇ 'ਤੇ ਇਕ ਪੋਸਟ ਵਿੱਚ ਲਿਖਿਆ ਕਿ ਕਈ ਹਫ਼ਤੇ ਆਪਣੀ ਜ਼ਮੀਰ ਨਾਲ ਸੋਚ ਵਿਚਾਰ ਕਰਨ ਤੋਂ ਬਾਅਦ ਉਹ ਭਰੇ ਮਨ ਨਾਲ ਫ਼ੈਸਲਾ ਲੈਣ ਲਈ ਮਜਬੂਰ ਹੋਏ ਹਨ ਕਿ ਅਗਲੀਆਂ ਚੋਣਾਂ ਤੋਂ ਬਾਅਦ ਉਹ ਸੰਸਦ ਦੇ ਅੰਦਰੋਂ ਕੈਨੇਡਾ ਲਈ ਕੁਝ ਕਰ ਸਕਣ ਤੋਂ ਅਸਮਰਥ ਹੋਣਗੇ। ਉਨ੍ਹਾਂ ਅਸਿੱਧੇ ਢੰਗ ਨਾਲ ਚੋਣ ਲੜਨ ਤੋਂ ਨਾਂਹ ਕਰ ਦਿੱਤੀ ਹੈ। ਉਧਰ ਕੌਮਾਂਤਰੀ ਵਪਾਰ ਮੰਤਰੀ ਮੈਰੀ ਨੇ ਵੀ ਕੁਝ ਇਸੇ ਤਰ੍ਹਾਂ ਦੇ ਵਿਚਾਰ ਪ੍ਰਗਟਾਏ ਹਨ। ਸਿਆਸੀ ਮਾਹਿਰ ਸਮਝਣ ਲੱਗੇ ਹਨ ਕਿ ਅਗਲੀ ਸੰਸਦੀ ਚੋਣ, ਜਿਸ ਦੇ ਅਪਰੈਲ ਅਖ਼ੀਰ ਜਾਂ ਮਈ ਦੇ ਪਹਿਲੇ ਹਫ਼ਤੇ ਹੋਣ ਦੀਆਂ ਸੰਭਾਵਨਾਵਾਂ ਬਣੀਆਂ ਹੋਈਆਂ ਹਨ, ਤੋਂ ਪਹਿਲਾਂ ਹੀ ਲਿਬਰਲ ਪਾਰਟੀ ਆਗੂਆਂ ਵਲੋਂ ਚੋਣ ਮੈਦਾਨ 'ਚੋਂ ਭੱਜਣ ਦੇ ਸੰਕੇਤ ਦਿੰਦਾ ਹੈ। ਇਹ ਆਗੂ ਆਪਣੇ ਮੱਥੇ 'ਤੇ ਹਾਰ ਦਾ ਟਿੱਕਾ ਲਵਾਉਣ ਦੀ ਥਾਂ ਚੋਣ ਲੜਨ ਤੋਂ ਨਾਂਹ ਕਰਨ ਲੱਗੇ ਹਨ।

# ਪੰਥ ਨੂੰ ਲੋੜ ਉਹਨਾਂ ਦੀ, ਜਿਹਨਾਂ ਦਾ ਕਿਰਦਾਰ ਵੀ ਹੋਵੇ ਤੇ ਇਖ਼ਲਾਕ ਵੀ...

## ਕੀ ਗਿਆਨੀ ਹਰਪ੍ਰੀਤ ਸਿੰਘ ਬਾਦਲ ਦਲ ਦੇ ਲਈ ਬਣੇਗਾ ਵੱਡੀ ਸਿਆਸੀ ਚੁਣੌਤੀ ?





**ਬਲਰਾਜ ਪੰਨੂ**

ਸਿਆਣੇ ਕਹਿੰਦੇ ਨੇ ਕਿ ਕਈ ਵਾਰ ਹੱਥਾਂ ਦੀਆਂ ਗੰਢਾਂ ਮੂੰਹ ਨਾਲ ਖੋਲ੍ਹਣੀਆਂ ਪੈਂਦੀਆਂ ਨੇ ਤੇ ਜਦੋਂ ਆਪ 'ਤੇ ਬਣਦੀ ਹੈ ਤਾਂ ਦੂਜਿਆਂ ਦੀਆਂ ਕੱਛ 'ਚ ਅਤੇ ਆਪਣੀਆਂ ਹੱਥ ਵਿੱਚ ਹੁੰਦੀਆਂ ਨੇ। ਖ਼ੈਰ ਇਹ ਤਾਂ ਐਵੇਂ ਦਿਲ ਕੀਤਾ ਸੀ ਕਿ ਦੋ ਕਹਾਵਤਾਂ ਦਾ ਮੇਲ ਕਰੀਏ ਪਰ ਆਪਾਂ ਗੱਲ ਕਰਾਂਗੇ ਗਿਆਨੀ ਹਰਪ੍ਰੀਤ ਸਿੰਘ ਹੁਰਾਂ ਦੀ। ਲੰਘੇ ਦਿਨਾਂ ਦੇ ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਉਹਨਾਂ ਦੀਆਂ ਸੇਵਾਵਾਂ ਤੋਂ ਬਰਖ਼ਾਸਤ ਕਰ ਦਿੱਤਾ ਗਿਆ। ਜਿਸ ਦੀ ਕਿ ਨਿੰਦਾ ਕੀਤੀ ਜਾਣੀ ਬਣਦੀ ਹੈ। ਇਹ ਕਹਿ ਕੇ ਕਿ ਉਹਨਾਂ ਦੀ ਬਰਖ਼ਾਸਤਗੀ ਤਿੰਨ ਮੈਂਬਰੀ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਕੀਤੀ ਗਈ ਹੈ। ਆਖ਼ਰ ਇਸ ਰਿਪੋਰਟ ਵਿੱਚ ਹੈ ਕੀ ਸੀ ? ਨਿੱਕੀ ਨਿੱਕੀ ਗੱਲ 'ਤੇ ਮੀਡੀਆ ਦੇ ਸਨਮੁਖ ਹੋਣ ਵਾਲੇ, ਪ੍ਰੈਸ ਕਾਨਫ਼ਰੰਸਾਂ ਕਰਨ ਵਾਲੇ ਹਰਜਿੰਦਰ ਸਿੰਘ ਧਾਮੀ ਆਖ਼ਰ ਕਿਉਂ ਮੀਡੀਆ ਤੋਂ ਬਚਦੇ ਫਿਰਦੇ ਸੀ ? ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਇਹ ਕਹਿਣ ਵਾਲੇ ਕਿ ਅਕਾਲ ਤਖ਼ਤ ਸਾਹਿਬ ਦਾ ਹਰ ਹੁਕਮ ਪ੍ਰਵਾਨ ਹੈ, ਉਸੇ ਵਿਅਕਤੀ ਦੇ ਹੰਕਾਰ ਅੱਗੇ ਅਤੇ ਇੱਕ ਪਰਿਵਾਰ ਦੀ ਖਾਤਰ ਸਭ ਮਾਣ ਮਰਿਆਦਾ ਨੂੰ ਛਿੱਕੇ ਟੰਗ ਕੇ ਸੌਂਦੇ ਵੀ ਹੋ ਗਏ। ਜਥੇਦਾਰ ਸਾਹਿਬ ਨੂੰ ਅਹੁਦੇ ਤੋਂ ਹਟਾ ਕੇ ਕੀ ਸ਼੍ਰੋਮਣੀ ਅਕਾਲੀ ਦਲ ਦੇ ਲਈ ਚੁਣੌਤੀਆਂ ਖਤਮ ਹੋ ਜਾਣਗੀਆਂ ? ਜਵਾਬ ਹੋਵੇਗਾ ਨਹੀਂ। ਸਗੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ 'ਤੇ ਵੀ ਅਨੇਕਾਂ ਸਵਾਲ ਮੂੰਹ ਅੱਡੀ ਖੜੇ ਨੇ। ਸੁਣਨ ਵਿੱਚ ਤਾਂ ਇਹ ਵੀ ਆਇਆ ਹੈ ਕਿ ਉਹ ਚਿੰਤਾ ਵਿੱਚ ਨੇ।

ਬਰਖ਼ਾਸਤਗੀ ਤੋਂ ਬਾਅਦ ਫਰੀਦਕੋਟ ਦੇ ਇੱਕ ਸਮਾਗਮ ਦੇ ਵਿੱਚ ਗਿਆਨੀ ਹਰਪ੍ਰੀਤ ਸਿੰਘ, ਸੁਖਬੀਰ ਬਾਦਲ ਦੇ ਉੱਤੇ ਸਿੱਧਾ ਜ਼ੁਬਾਨੀ ਹਮਲਾ ਕਰਦੇ ਹਨ, ਜਿਹੜੇ ਲਫ਼ਜ਼ਾਂ ਦੀ ਉਹਨਾਂ ਨੇ ਚੋਣ ਕੀਤੀ, ਉਹ ਬਹੁਤ ਅਹਿਮੀਅਤ ਰੱਖਦੇ ਨੇ। ਇੱਥੋਂ ਤੱਕ ਕਿ ਅਕਾਲ ਤਖ਼ਤ 'ਤੇ ਸਿੱਧਾ ਹਮਲਾ, ਸੱਤ ਮੈਂਬਰੀ ਕਮੇਟੀ 'ਤੇ ਵੀ ਸਵਾਲ ਚੁੱਕੇ। ਉਹਨਾਂ ਨੇ ਕਿਹਾ ਕਿ ਪਰਮਾਤਮਾ ਹੀ ਕਿਸੇ ਅਜਿਹੇ ਨੂੰ ਘੱਲੇ ਕਿ ਜਿਹੜਾ ਐਹੋ ਜਿਹੇ ਮਾਹੌਲ ਨੂੰ ਸੁਖਾਵਾਂ ਕਰ ਸਕੇ ਤੇ ਬਾਦਲਾਂ ਤੋਂ ਨਿਜਾਤ ਦਿਵਾ ਸਕੇ। ਉਹਨਾਂ ਨੇ ਉਦਾਹਰਣ ਦਿੱਤੀ ਕਿ ਇੱਕ ਸਮਾਂ ਸੀ ਜਦੋਂ ਯਮੁਨਾ ਤੋਂ ਲੈ ਕੇ ਸਿੰਧ ਤੱਕ ਮੁਗਲਾਂ ਦਾ ਰਾਜ ਸੀ। ਸਿੱਖ ਥੋੜੀ ਗਿਣਤੀ ਵਿੱਚ ਸਨ ਪਰ ਉਸ ਸਮੇਂ ਵੀ ਕਲਾ ਵਰਤੀ ਸੀ ਤੇ ਉਹ ਸ਼ਾਸਨ ਖ਼ਤਮ ਹੋ ਗਿਆ ਸੀ। ਸੋ ਗਿਆਨੀ ਹਰਪ੍ਰੀਤ ਸਿੰਘ ਇੱਕ ਪੜ੍ਹਿਆ ਲਿਖਿਆ ਇਨਸਾਨ ਹੈ, ਗਿਆਨ ਰੱਖਦਾ ਹੈ, ਸੰਜੀਦਾ ਤੇ ਸਮਝਦਾਰ ਸ਼ਖ਼ਸੀਅਤ ਹੈ। ਸਵਾਲ ਤਾਂ ਇਹ ਵੀ ਹੈ ਕਿ ਜਿਸ ਤਰੀਕੇ ਦੇ ਨਾਲ ਗਿਆਨੀ ਹਰਪ੍ਰੀਤ ਸਿੰਘ ਨੇ ਬਾਦਲਾਂ ਦਾ ਪੂਰਾ ਨਿਚੋੜ ਕੱਢ ਕੇ ਸਿੱਖ ਕੌਮ ਅੱਗੇ ਰੱਖ ਦਿੱਤਾ ਹੈ ਕੀ ਇਹ ਉਹਨਾਂ ਦੇ ਹਿੱਤ ਵਿੱਚ ਹੋਵੇਗਾ ? ਜਿਸ ਕੇਸ ਦੇ ਤਹਿਤ ਗਿਆਨੀ ਹਰਪ੍ਰੀਤ ਸਿੰਘ ਨੂੰ ਬਰਖ਼ਾਸਤ ਕੀਤਾ ਗਿਆ, ਉਹ ਕੇਸ ਤਾਂ 20 ਸਾਲ ਪੁਰਾਣਾ ਹੈ। ਇਹ ਕੇਸ ਤਾਂ ਪਹਿਲਾਂ ਵੀ ਸ਼੍ਰੋਮਣੀ ਕਮੇਟੀ ਦੇ ਸਾਹਮਣੇ ਸੀ ਤੇ ਇਹ ਉਦੋਂ ਦਾ ਹੀ ਕੇਸ ਹੈ, ਜਦੋਂ ਉਹਨਾਂ ਨੂੰ ਗ੍ਰੰਥੀ ਸਿੰਘ ਨਿਯੁਕਤ ਕੀਤਾ ਗਿਆ ਸੀ। ਫਿਰ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ 2017 ਦੇ ਵਿੱਚ ਥਾਪਿਆ ਗਿਆ, ਉਦੋਂ ਵੀ ਪਤਾ ਸੀ। ਤੇ ਫੇਰ ਜਦੋਂ ਗਿਆਨੀ ਗੁਰਮੁਖ ਸਿੰਘ ਨੇ ਸੌਦਾ ਸਾਧ ਨੂੰ ਦਿੱਤੀ ਮਾਫ਼ੀ ਦਾ ਚਿੱਟਾ ਚਿੱਠਾ ਬਾਹਰ ਰੱਖ ਦਿੱਤਾ ਸੀ ਤਾਂ ਉਸ ਸਮੇਂ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਬਣਾਇਆ ਗਿਆ ਸੀ, ਉਦੋਂ ਵੀ ਪਤਾ ਸੀ। ਤੇ ਫੇਰ ਉਹ ਸਮਾਂ ਆ ਗਿਆ ਜਦੋਂ ਗਿਆਨੀ ਹਰਪ੍ਰੀਤ ਸਿੰਘ ਬਾਦਲਾਂ ਦੇ ਨਾਲ ਰਲ ਕੇ ਚੋਗਾ ਚੁਗਦੇ ਰਹੇ ਤੇ ਉਹਨਾਂ ਦੇ ਹੱਕ ਦੇ ਵਿੱਚ ਭੁਗਤਦੇ ਰਹੇ। ਤੇ ਫੇਰ 328 ਸਰੂਪਾਂ ਦਾ ਮਾਮਲਾ ਸਾਹਮਣੇ ਆਉਂਦਾ ਹੈ ਤਾਂ ਸ਼੍ਰੋਮਣੀ ਕਮੇਟੀ ਤੇ ਗਿਆਨੀ ਹਰਪ੍ਰੀਤ ਸਿੰਘ ਦੇ ਵਿੱਚ ਇਸ ਮਾਮਲੇ 'ਤੇ ਆ ਕੇ ਖਟਾਸ ਆਉਣੀ ਸ਼ੁਰੂ ਹੁੰਦੀ ਹੈ। ਭਾਵੇਂ ਕਿ ਇਸ ਮਸਲੇ ਦੇ ਉੱਤੇ ਕਮੇਟੀ ਵੀ ਬਣੀ, ਜਾਂਚ ਦੀ ਵੀ ਗੱਲ ਕੀਤੀ ਗਈ ਪਰ ਅੱਜ ਤਕ 328 ਸਰੂਪਾਂ ਵਾਲੇ ਮਾਮਲੇ 'ਤੇ ਕੋਈ ਕਾਰਵਾਈ ਨਹੀਂ ਹੋਈ। ਅੰਦਰਖਾਤੇ ਹੋਲੀ ਹੋਲੀ ਕੁੜੱਤਣ ਵਧਦੀ ਗਈ ਤੇ 2023 ਵਿੱਚ ਗਿਆਨੀ ਹਰਪ੍ਰੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦੀ ਕਾਰਜਕਾਰੀ ਜਥੇਦਾਰੀ ਤੋਂ ਫ਼ਾਰਗ ਕਰ ਦਿੱਤਾ ਜਾਂਦਾ ਹੈ। ਸਾਡਾ ਖਿਆਲ ਹੈ ਕਿ ਉਸ ਦਿਨ ਗਿਆਨੀ ਹਰਪ੍ਰੀਤ ਸਿੰਘ ਨੇ ਬੜਾ ਸੁਰਖ਼ਰੂ ਮਹਿਸੂਸ ਕੀਤਾ ਹੋਵੇਗਾ ਜਿਵੇਂ ਉਸ ਦਿਨ ਉਹਨਾਂ ਦੇ ਗੱਲੋਂ ਪੰਜਾਲੀ ਉੱਤਰ ਗਈ ਹੋਵੇ ਕਿਉਂਕਿ ਜ਼ਿੰਮੇਵਾਰੀਆਂ ਕੁਝ ਸੀ ਤੇ ਕੁਝ ਧੱਕੇ ਨਾਲ ਨਿਭਾਉਣੀਆਂ ਪੈਂਦੀਆਂ ਸਨ। ਕਹਾਣੀ ਅੱਗੇ ਤੁਰਦੀ ਹੈ ਤੇ ਫਿਰ ਅਕਾਲੀ ਬਾਗੀਆਂ ਦੀ ਦਰਖਾਸਤ ਅਕਾਲ ਤਖ਼ਤ ਸਾਹਿਬ 'ਤੇ ਪਹੁੰਚਦੀ ਹੈ। ਛੇ ਮੱਦਾਂ ਲੈ ਕੇ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮਾ ਸੁਣਾਇਆ ਜਾਂਦਾ ਹੈ। ਬਿਲਕੁਲ ਨਿਰਪੱਖ ਹੋ ਕੇ ਤੇ ਨਿਰਭੈ ਹੋ ਕੇ। ਤੇ ਫਿਰ ਵਿਰਸਾ ਸਿੰਘ ਵਲਟੋਹਾ ਗਿਆਨੀ ਹਰਪ੍ਰੀਤ ਸਿੰਘ ਤੇ ਗਿਆਨੀ ਰਘਬੀਰ ਸਿੰਘ ਨੂੰ ਧਮਕਾਉਂਦੇ ਨੇ। ਹੁਕਮਨਾਮਾ ਫੇਰ ਅਕਾਲ ਤਖ਼ਤ ਸਾਹਿਬ ਤੋਂ ਆਉਂਦਾ ਹੈ ਕਿ ਵਲਟੋਹਾ ਨੂੰ ਪਾਰਟੀ ਦੇ ਵਿਚੋਂ 10 ਸਾਲ ਲਈ ਫ਼ਾਰਗ ਕਰ ਦਿਓ। ਇੱਥੇ ਵੀ ਅਕਾਲ ਤਖ਼ਤ ਸਾਹਿਬ ਦੇ ਹੁਕਮਨਾਮੇ ਨੂੰ ਅਣਗੌਲਿਆ ਗਿਆ। ਚਲੋ ਖ਼ੈਰ, ਆਪਸੀ ਕੁੜੱਤਣ ਨੇ ਗਿਆਨੀ ਹਰਪ੍ਰੀਤ ਸਿੰਘ ਨੂੰ ਲਾਂਭੇ ਕਰ ਦਿੱਤਾ। ਭਾਵੇਂ ਕਿ ਇਸ ਗੱਲ ਦਾ ਵਿਰੋਧ ਵੱਡੇ ਪੱਧਰ 'ਤੇ ਕੀਤਾ ਗਿਆ। ਕਹਿਣ ਵਾਲੇ ਤਾਂ ਇਹ ਵੀ ਕਹਿੰਦੇ ਨੇ ਕਿ ਆਉਣ ਵਾਲੇ ਸਮੇਂ ਦੇ ਵਿੱਚ ਇਹ ਕੇਸ ਕੋਈ ਸਿੱਖ ਅਦਾਲਤ ਵਿੱਚ ਲੈ ਜਾ ਸਕਦਾ ਹੈ ਕਿ ਏਨੇ ਪੁਰਾਣੇ ਕੇਸ ਵਿੱਚ ਸਜ਼ਾ ਹੁਣ ਕਿਉਂ ? ਕੀ ਐਸ.ਜੀ.ਪੀ.ਸੀ. ਕੋਲ ਉਸ ਸਮੇਂ ਕੋਈ ਜਵਾਬ ਹੋਵੇਗਾ ? ਤੁਹਾਨੂੰ ਯਾਦ ਹੋਣੈ ਭਾਈ ਰਣਜੀਤ ਸਿੰਘ ਦੇ ਮਾਮਲੇ ਵਿੱਚ ਵੀ ਕੇਸ ਕੋਰਟ ਵਿੱਚ ਗਿਆ ਸੀ ਪਰ ਭਾਈ ਸਾਹਿਬ ਨੇ ਕਿਹਾ ਸੀ ਕਿ ਭਾਵੇਂ ਮੇਰੀਆਂ ਸੇਵਾਵਾਂ ਬਹਾਲ ਕੀਤੀਆਂ ਜਾਣ ਪਰ ਮੈਂ ਵਾਪਸ ਨਹੀਂ ਆਉਣਾ। ਮੁੱਦਾ ਤਾਂ ਇਹ ਵੀ ਭੱਖ ਰਿਹੈ ਕਿ ਗਿਆਨੀ ਹਰਪ੍ਰੀਤ ਸਿੰਘ ਦੂਜੇ ਭਾਈ ਰਣਜੀਤ ਸਿੰਘ ਬਣਨਗੇ। ਜਿਵੇਂ ਉਹਨਾਂ ਨੇ ਪੰਥਕ ਲਹਿਰ ਚਲਾਈ ਸੀ, ਇਸੇ ਤਰੀਕੇ ਨਾਲ ਭਾਈ ਸਾਹਿਬ ਵੀ ਪ੍ਰਚਾਰ ਕਰਨਗੇ। ਲੋਕਾਂ ਨੂੰ ਜਾਗਰੂਕ ਕਰਨ ਦੀ ਗੱਲ ਤਾਂ ਉਹਨਾਂ ਫਰੀਦਕੋਟ ਦੇ ਵਿੱਚ ਕਹਿ ਹੀ ਦਿੱਤੀ ਹੈ। ਇੱਕ ਹੈਰਾਨੀ ਦੀ ਗੱਲ ਹੋਰ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਵਿਦੇਸ਼ ਵਿੱਚ ਜਾ ਕੇ ਇਹ ਕਹਿਣਾ ਕਿ ਸਾਨੂੰ ਧਮਕੀਆਂ ਆ ਰਹੀਆਂ ਨੇ ਬੜੀ ਵੱਡੀ ਗੱਲ ਹੈ। ਉਹਨਾਂ ਕਿਹਾ ਕਿ 2 ਤਰੀਕ ਨੂੰ 'ਫ਼ਖ਼ਰ ਏ ਕੌਮ' ਜੋ ਵਾਪਸ ਲਿਆ ਸੀ, ਉਹ ਮੁੜ ਬਹਾਲ ਕਰਨ ਦੀ ਗੱਲ ਸਾਨੂੰ ਕਹੀ ਜਾ ਰਹੀ ਹੈ। ਇਹ ਵੀ ਕਿਹਾ ਕਿ 28 ਜਨਵਰੀ ਦੀ ਮੀਟਿੰਗ ਸਾਡੇ 'ਤੇ ਦਬਾਅ ਪਾ ਕੇ ਰੱਦ ਕਰਵਾਈ ਗਈ। ਉਹਨਾਂ ਦਾ ਇਹ ਕਹਿਣਾ ਕਿ "ਅਸੀਂ ਖੂੰਖਾਰ ਅਪਰਾਧੀਆਂ ਦੇ ਗਿਰੋਹ ਵਿੱਚ ਕੰਮ ਕਰ ਰਹੇ ਹਾਂ, ਇਹ ਸੌਖਾ ਨਹੀਂ ਹੈ।" ਇਹੋ ਜਿਹੀ ਗੱਲਬਾਤ ਤੋਂ ਲੱਗਦਾ ਹੈ ਕਿ ਛੁੱਟੀ ਉਹਨਾਂ ਦੀ ਵੀ ਪੱਕੀ ਲੱਗਦੀ ਹੈ ਪਰ ਧਮਕੀਆਂ ਕਿਸ ਵੱਲੋਂ ਆ ਰਹੀਆਂ ਨੇ, ਇਹ ਵੇਰਵਾ ਉਹਨਾਂ ਨੇ ਨਹੀਂ ਦਿੱਤਾ।

ਸਿਆਣੇ ਕਹਿੰਦੇ ਨੇ ਕਿ ਜਦੋਂ ਰੱਬ ਦੀ ਡਾਂਗ ਵੱਜਦੀ ਹੈ ਤਾਂ ਆਵਾਜ਼ ਨਹੀਂ ਆਉਂਦੀ ਫੇਰ ਭਾਵੇਂ ਕਿਸੇ ਕੋਲ ਜਥੇਦਾਰ ਹੋਵੇ, ਪੈਸਾ ਹੋਵੇ, ਗਾਲ੍ਹਾਂ ਕੱਢਣ ਦੇ ਲਈ ਬੰਦੇ ਹੋਣ, ਜੈਕਾਰਿਆਂ ਵਾਲਾ ਜਥਾ ਅੱਡ ਹੋਵੇ, ਚਾਪਲੂਸਾਂ ਦੀ ਵਲਗਣ ਹੋਵੇ, ਤੇ ਭਾਵੇਂ ਚੋਣ ਨਿਸ਼ਾਨ ਤੱਕੜੀ ਹੋਵੇ। ਤੇ ਇਸ ਵਿੱਚ ਕੋਈ ਸ਼ੱਕ ਨਹੀਂ ਇਹ ਸਮੇਂ ਦੀ ਲੋੜ ਹੈ ਕਿ ਪੰਥ ਇੱਕ ਸੂਤਰ ਵਿੱਚ ਬੱਝੇ ਪਰ ਸੂਤਰ ਵਿੱਚ ਉਹੀ ਆਉਣ, ਜਿਹਨਾਂ ਦਾ ਇਖਲਾਕ ਵੀ ਹੋਵੇ ਤੇ ਕਿਰਦਾਰ ਵੀ ਹੋਵੇ।

# ਸਿੱਖ ਪੰਥ ਦੀ ਆਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ. ਰਘਬੀਰ ਸਿੰਘ 'ਤੇ ਕੇਂਦਰਿਤ ਹੋਈ



ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੀ ਪੱਕੀ ਛੁੱਟੀ ਕਰਨ ਤੋਂ ਬਾਅਦ ਇਸ ਫੈਸਲੇ 'ਤੇ ਰੋਕ ਲਗਾਉਂਣ ਲਈ ਸਿੱਖ ਪੰਥ ਦੀ ਆਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ 'ਤੇ ਕੇਂਦਰਿਤ ਹੋ ਗਈ ਹੈ। ਬਹੁਤ ਸਾਰੀਆਂ ਜਥੇਬੰਦੀਆਂ ਨੇ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੂੰ ਗਲਤ ਦੱਸਦਿਆਂ ਜਥੇਦਾਰ ਨੂੰ ਇਸ ਉਪਰ ਰੋਕ ਲਗਾਉਂਣ ਲਈ ਆਪਣੇ ਬਿਆਨ ਜਾਰੀ ਕੀਤੇ ਹਨ। ਜਥੇਬੰਦੀਆਂ ਵੱਲੋਂ ਇਹ ਵੀ ਕਿਹਾ ਜਾ ਰਿਹਾ ਹੈ ਕਿ ਹੁਣ ਸਵਾਲ ਇਹ ਪੈਦਾ ਹੋ ਗਿਆ ਹੈ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਆਪਣੀ ਕਹੀ ਗੱਲ ਪੁਗਾਉਂਣ ਲਈ ਪਹਿਰਾ ਦੇਣਗੇ ? ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲੋਂ 16 ਅਕਤੂਬਰ ਨੂੰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਸਤੀਫਾ ਦੇਣ ਮੌਕੇ ਉਹਨਾਂ ਦੇ ਹੱਕ 'ਚ ਅਹੁਦਾ ਛੱਡਣ ਦੀ ਗੱਲ ਕਹੀ ਸੀ, ਜਿਸ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਵੱਲੋਂ ਵੀ ਅਹੁਦਾ ਛੱਡਣ ਦੇ ਸੰਕੇਤ ਦਿੰਦਿਆ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਗਿਆਨੀ ਹਰਪ੍ਰੀਤ ਸਿੰਘ ਦਾ ਅਸਤੀਫਾ ਨਾ ਪ੍ਰਵਾਨ ਕਰਨ ਦਾ ਆਦੇਸ਼ ਦਿੱਤਾ ਸੀ। ਅਸਤੀਫਾ ਪ੍ਰਵਾਨ ਕਰਨ ਦੇ ਫਲਸਰੂਪ ਆਪਣਾ ਅਹੁਦਾ ਤਿਆਗਣ ਦੀ ਗੱਲ ਕਹੀ ਸੀ ਜਿਸ ਤੋਂ ਬਾਅਦ ਪ੍ਰਧਾਨ ਨੇ ਅਸਤੀਫਾ ਅਪ੍ਰਵਾਨ ਕੀਤਾ ਸੀ।

ਗਿਆਨੀ ਹਰਪ੍ਰੀਤ ਸਿੰਘ 'ਤੇ ਲੱਗੇ ਦੋਸ਼ਾਂ ਦੀ ਜਾਂਚ ਲਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਨੇ 19 ਦਸੰਬਰ 2024 ਨੂੰ ਜਾਂਚ ਲਈ ਤਿੰਨ ਮੈਂਬਰੀ ਸਬ ਕਮੇਟੀ ਗਠਿਤ ਕੀਤੀ ਸੀ ਜਿਸ ਸਬੰਧੀ ਜਥੇਦਾਰ ਰਘਬੀਰ ਸਿੰਘ ਨੇ 6 ਜਨਵਰੀ ਨੂੰ ਗਿਆਨੀ ਹਰਪ੍ਰੀਤ ਸਿੰਘ ਨੂੰ ਬੇਦੋਸ਼ਾ ਕਰਾਰ ਦਿੰਦੇ ਜਾਂਚ ਸਬ ਕਮੇਟੀ ਨੂੰ ਰੱਦ ਕੀਤਾ ਸੀ। ਜਥੇਦਾਰ ਨੇ ਮੀਡੀਆ ਨੂੰ ਬਿਆਨ ਦਿੱਤਾ ਸੀ ਕਿ ਜਥੇਦਾਰ/ ਸਿੰਘ ਸਾਹਿਬਾਨ ਦੀ ਪੜਤਾਲ ਕਰਨ ਦਾ ਅਧਿਕਾਰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਹੈ, ਇਹ ਅਧਿਕਾਰ ਸ਼੍ਰੋਮਣੀ ਕਮੇਟੀ ਜਾਂ ਕਿਸੇ ਹੋਰ ਕਮੇਟੀ ਨੂੰ ਨਹੀਂ ਹੈ।

ਦੱਸਣਯੋਗ ਹੈ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ 28 ਜਨਵਰੀ ਨੂੰ 15 ਦਿਨ ਲਈ ਵਿਦੇਸ਼ ਦੌਰੇ 'ਤੇ ਚੱਲੇ ਗਏ ਸਨ, ਜਿਨ੍ਹਾਂ ਦੀ ਵਾਪਸੀ 11 ਫਰਵਰੀ ਨੂੰ ਸੀ ਪਰ ਸੂਤਰਾਂ ਮੁਤਾਬਕ ਉਨ੍ਹਾਂ ਨੇ ਆਪਣੀ ਵਿਦੇਸ਼ ਯਾਤਰਾ ਇੱਕ ਹਫਤੇ ਲਈ ਹੋਰ ਵਧਾ ਦਿੱਤੀ ਹੈ ਪਰ ਸਿੱਖ ਪੰਥ ਦੀਆਂ ਨਜ਼ਰਾਂ ਹੁਣ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ 'ਤੇ ਹਨ ਕਿ ਜਥੇਦਾਰ ਆਪਣੇ ਤੌਰ 'ਤੇ ਇਸ ਮਾਮਲੇ ਵਿੱਚ ਦਖਲ ਦੇਣਗੇ ਜਾਂ ਫਿਰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਸੱਦ ਕੇ ਮਾਮਲੇ ਨੂੰ ਵਿਚਾਰਨਗੇ।


ਪਾਠਕਾਂ ਲਈ ਵਿਸ਼ੇਸ਼ ਸੂਚਨਾ

ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ

www.amritsartimes.live

ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

# ਦੇਸ਼ ਵਿਦੇਸ਼ 'ਚ ਮਨਾਇਆ ਸਾਕਾ ਨਕੋਦਰ ਦਾ 39ਵਾਂ ਸ਼ਹੀਦੀ ਦਿਹਾੜਾ



ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਦਬ ਸਤਿਕਾਰ ਵਿੱਚ ਭਰ ਜਵਾਨੀ ਵਿੱਚ 4 ਫ਼ਰਵਰੀ 1986 ਨੂੰ ਸ਼ਹਾਦਤਾਂ ਦੀ ਦਾਤ ਪ੍ਰਾਪਤ ਕਰ ਕੇ ਦਸ਼ਮੇਸ਼ ਪਿਤਾ ਜੀ ਦੀ ਗੋਦ ਵਿੱਚ ਬਿਰਾਜੇ ਸਾਕਾ ਨਕੋਦਰ ਦੇ ਸ਼ਹੀਦਾਂ ਦੇ 39ਵੇਂ ਸ਼ਹੀਦੀ ਦਿਹਾੜੇ ਮੌਕੇ ਹਰ ਸਾਲ ਦੀ ਤਰ੍ਹਾਂ ਗੁਰਦੁਆਰਾ ਸਾਹਿਬ ਬੋਹੜਾਂ ਵਾਲਾ ਪਿੰਡ ਲਿੱਤਰਾਂ ਨੇੜੇ ਨਕੋਦਰ ਵਿਖੇ ਸਮੂਹ ਇਲਾਕਾ ਨਿਵਾਸੀਆਂ ਅਤੇ ਸ਼ਹੀਦ ਪਰਿਵਾਰਾਂ ਵਲੋਂ ਮਨਾਇਆ ਗਿਆ।

ਇਸ ਮੌਕੇ ਪੰਥ ਦਰਦੀ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਸ਼ਹੀਦ ਸਿੰਘਾ ਭਾਈ ਰਵਿੰਦਰ ਸਿੰਘ ਜੀ ਲਿੱਤਰਾਂ, ਭਾਈ ਹਰਮਿੰਦਰ ਸਿੰਘ ਜੀ ਚਲੂਪਰ, ਭਾਈ ਝਲਮਣ ਸਿੰਘ ਜੀ ਗੋਰਸੀਆਂ ਅਤੇ ਭਾਈ ਬਲਧੀਰ ਸਿੰਘ ਜੀ ਰਾਮਗੜ੍ਹ ਨੂੰ ਸ਼ਰਧਾ ਦੇ ਫ਼ੁਲ ਭੇਂਟ ਕੀਤੇ। ਭਾਈ ਬਲਦੇਵ ਸਿੰਘ ਵਡਾਲਾ ਵੱਲੋਂ ਕੀਰਤਨ ਕੀਤਾ ਗਿਆ। ਇਸ ਮੌਕੇ ਸ਼ਹੀਦ ਪ੍ਰੀਵਾਰਾਂ ਨੂੰ ਬਾਪੂ ਬਲਦੇਵ ਸਿੰਘ ਜੀ ਵੱਲੋਂ ਕੈਲੀਫ਼ੋਰਨੀਆ ਸੂਬਾ ਅਸੈਂਬਲੀ ਵੱਲੋਂ 4 ਫ਼ਰਵਰੀ ਨੂੰ ਸੂਬੇ ਵਿੱਚ ਹਰ ਸਾਲ ਸਾਕਾ ਨਕੋਦਰ ਦਿਵਸ ਵਜੋਂ ਪਾਸ ਕੀਤੇ ਮਤੇ ਦੀਆਂ ਕਾਪੀਆਂ ਦਿੱਤੀਆਂ ਗਈਆਂ। ਇਸ ਸਮਾਗਮ ਵਿੱਚ ਵਿੱਚ ਭਾਈ ਪਰਮਜੀਤ ਸਿੰਘ ਗਾਜੀ, ਭਾਈ ਬਲਦੇਵ ਸਿੰਘ ਵਡਾਲਾ, ਭਾਈ ਸੁਖਵਿੰਦਰ ਸਿੰਘ, ਬਾਗੀ ਕਲਮ ਗਗਨਦੀਪ ਸਿੰਘ, ਭਾਈ ਗੁਰਵਤਨ ਸਿੰਘ ਪੰਜਾਬ ਪ੍ਰਧਾਨ ਸਿੱਖ ਸਦਭਾਵਨਾ ਦਲ, ਭਾਈ ਅਜੈਬ ਸਿੰਘ ਜੀ ਗਰਚਾ ਤੇ ਬਾਪੂ ਬਲਦੇਵ ਸਿੰਘ ਜੀ ਨੇ ਆਪਣੇ ਵਿਚਾਰ ਸਾਂਝੇ ਕੀਤੇ।

ਇਸੇ ਤਰ੍ਹਾਂ ਗੁਰੂ ਨਾਨਕ ਸਿੱਖ ਗੁਰਦਵਾਰਾ ਸਰੀ, ਕੈਨੇਡਾ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਸ੍ਰੀ

ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਖੁੱਲੇ ਦੀਵਾਨ ਸਜਾਏ ਗਏ ਜਿਨ੍ਹਾਂ ਅੰਦਰ ਪੰਥਕ ਬੁਲਾਰਿਆਂ ਨੇ ਹਾਜ਼ਰੀਆਂ ਭਰ ਕੇ ਸ਼ਹੀਦਾਂ ਦੇ ਜੀਵਨ ਉੱਪਰ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ।

ਇਸੇ ਤਰ੍ਹਾਂ ਅਮਰੀਕਾ ਦੇ ਗੁਰਦੁਆਰਾ ਸਾਹਿਬ ਫ਼ਰੀਮੌਂਟ, ਕੈਲੀਫ਼ੋਰਨੀਆ ਵਿਖੇ ਸਮੂਹ ਸੰਗਤਾਂ ਅਤੇ ਗੁਰਦੁਆਰਾ ਸਾਹਿਬ ਕਮੇਟੀ ਵੱਲੋਂ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਸੇ ਲੜੀ ਤਹਿਤ 16 ਫ਼ਰਵਰੀ ਨੂੰ ਅਮਰੀਕਾ ਦੇ ਗੁਰਦੁਆਰਾ ਸਾਹਿਬ ਸੈਨ ਹੋਜ਼ੇ , ਕੈਲੀਫ਼ੋਰਨੀਆ ਵਿਖੇ ਸਾਕਾ ਨਕੋਦਰ ਦੇ ਸ਼ਹੀਦਾਂ ਦਾ 39ਵਾਂ ਸ਼ਹੀਦੀ ਦਿਹਾੜਾ ਮਨਾਇਆ ਜਾਵੇਗਾ। ਸ਼ਹੀਦ ਪਰਿਵਾਰ ਤੇ ਬੀਬੀ ਪਰਮਜੀਤ ਕੌਰ ਜੀ ਖਾਲੜਾ ਇਨ੍ਹਾਂ ਸਮਾਗਮ ਵਿੱਚ ਸ਼ਾਮਲ ਹੋਣਗੇ।

ਪਿਛਲੇ ਦਿਨੀਂ ਸੈਂਟਾ ਕਲਾਰਾ ਕਾਉਂਟੀ ਦੇ ਬੋਰਡ ਆਫ਼ ਸੁਪਰਵਾਈਜ਼ਰ ਵੱਲੋਂ ਸਰਬਸੰਮਤੀ ਨਾਲ 4 ਫ਼ਰਵਰੀ 2025 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਣਤਾ ਦੇਣ ਦਾ ਮਤਾ ਪਾਇਆ ਗਿਆ। ਮਿਤੀ 4 ਫ਼ਰਵਰੀ 2025 ਨੂੰ ਮਨਟੀਕਾ ਸਿਟੀ ਕੌਂਸਿਲ ਵਲੋਂ ਸਿਟੀ ਹਾਲ ਮਨਟੀਕਾ ਵਿਖੇ ਆਪਣੀ ਮੀਟਿੰਗ ਵਿੱਚ ਸਾਕਾ ਨਕੋਦਰ ਦੇ ਸ਼ਹੀਦਾਂ ਦੇ 39ਵੇਂ ਸ਼ਹੀਦੀ ਦਿਹਾੜੇ ਮੌਕੇ ਸ਼ਹਿਰ ਵੱਲੋਂ 4 ਫ਼ਰਵਰੀ 2025 ਨੂੰ ਸਾਕਾ ਨਕੋਦਰ ਦਿਵਸ ਵਜੋਂ ਮਾਣਤਾ ਦਿੱਤੀ ਗਈ । ਇਨ੍ਹਾਂ ਸਮਾਗਮਾਂ ਵਿੱਚ ਸ਼ਹਿਰਾਂ ਦੇ ਪਤਵੰਤੇ ਸੱਜਣਾਂ, ਸਿੱਖ ਵਿਦਿਆਰਥੀ ਜਥੇਬੰਦੀ ਜੈਕਾਰਾ ਦੇ ਅਹੁਦੇਦਾਰਾਂ ਤੇ ਮੈਂਬਰਾਂ ਅਤੇ ਸਿੱਖ ਸੰਗਤਾਂ ਨੇ ਸ਼ਮੂਲੀਅਤ ਕੀਤੀ। ਸ਼ਹੀਦ ਭਾਈ ਰਵਿੰਦਰ ਸਿੰਘ ਲਿੱਤਰਾਂ ਦੇ ਛੋਟੇ ਵੀਰ ਡਾ. ਹਰਿੰਦਰ ਸਿੰਘ ਨੇ ਸਾਕੇ ਸਬੰਧੀ ਤੇ ਸਰਕਾਰੀ ਨਾ ਇਨਸਾਫ਼ੀ 'ਤੇ ਚਾਨਣਾ ਪਾਇਆ। ਸਿਟੀ ਆਫ਼ ਸੈਨ ਹੋਜ਼ੇ ਤੇ ਸਿਟੀ ਆਫ਼ ਐਲਕ ਗਰੋਵ ਤੇ ਹੋਰ ਵੀ ਬਹੁਤ ਸਾਰੇ ਸ਼ਹਿਰ ਆਉਂਦੇ ਦਿਨਾਂ ਵਿੱਚ ਸਾਕਾ ਨਕੋਦਰ ਸਬੰਧੀ ਮਾਣਤਾ ਦਿਵਸ ਜਾਰੀ ਕਰਨਗੇ।

ਯਾਦ ਰਹੇ ਕਿ ਲਗਭਗ ਚਾਰ ਦਹਾਕੇ ਪਹਿਲਾਂ ਹੋਈਆਂ ਸ਼ਹਾਦਤਾਂ ਦਾ ਪੰਥ ਅਤੇ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ, ਸ਼ਹੀਦਾਂ ਦੇ ਡੁੱਲ੍ਹੇ ਖ਼ੂਨ ਦੀ ਹਿਸਾਬ ਅਜੇ ਬਾਕੀ ਹੈ। ਬਾਪੂ ਬਲਦੇਵ ਸਿੰਘ ਜੀ ਲਿੱਤਰਾਂ ਲਗਾਤਾਰ ਇਸ ਸਾਕੇ ਬਾਰੇ ਦੁਨੀਆਂ ਭਰ ਵਿੱਚ ਜਾਣਕਾਰੀ ਦੇ ਕੇ ਚਾਨਣ ਫ਼ੈਲਾ ਰਹੇ ਹਨ।

## 39 ਸਾਲ ਬੀਤ ਜਾਣ ਉਪਰੰਤ ਵੀ ਨਕੋਦਰ ਬੇਅਦਬੀ ਕਾਂਡ ਤੇ ਚਾਰ ਸਿੱਖਾਂ ਦੀ ਸ਼ਹਾਦਤ ਦਾ ਨਿਆਂ ਨਾ ਮਿਲਿਆ


### ਅਮਰੀਕੀ ਕਾਂਗਰਸਮੈਨ ਵੱਲੋਂ ਪੀੜ੍ਹਤਾਂ ਦੇ ਹੱਕ ਵਿੱਚ ਅਮਰੀਕੀ ਪ੍ਰਤੀਨਿਧੀ ਸਦਨ 'ਚ ਮਤਾ ਪੇਸ਼

ਅਮਰੀਕੀ ਕਾਂਗਰਸਮੈਨ ਜਿੰਮੀ ਪਨੇਟਾ ਨੇ ਪੰਜਾਬ ਵਿੱਚ 1986 ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਵੇਲੇ ਨਕੋਦਰ ਬੇਅਦਬੀ ਕਾਂਡ ਦਾ ਵਿਰੋਧ ਕਰ ਰਹੀ ਸਿੱਖ ਸੰਗਤ 'ਤੇ ਪੰਜਾਬ ਪੁਲਿਸ ਵੱਲੋਂ ਕੀਤੀ ਗਈ ਗੋਲੀਬਾਰੀ ਵਿੱਚ ਸ਼ਹੀਦ ਹੋਏ ਚਾਰ ਸਿੱਖ ਨੌਜਵਾਨਾਂ ਦਾ ਮੁੱਦਾ ਅਮਰੀਕੀ ਪ੍ਰਤੀਨਿਧੀ ਸਦਨ ਵਿੱਚ ਗੰਭੀਰਤਾ ਨਾਲ ਚੁੱਕਿਆ ਹੈ। ਉਸ ਨੇ ਕਿਹਾ ਕਿ 39 ਸਾਲ ਬੀਤ ਜਾਣ ਦੇ ਬਾਵਜੂਦ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ। ਕੈਲੀਫ਼ੋਰਨੀਆ ਦੇ 19ਵੇਂ ਜ਼ਿਲ੍ਹੇ ਦੀ ਨੁਮਾਇੰਦਗੀ ਕਰਨ ਵਾਲੇ ਅਮਰੀਕੀ



ਕਾਂਗਰਸਮੈਨ ਜਿੰਮੀ ਪਨੇਟਾ ਨੇ ਪੀੜਤਾਂ ਨੂੰ ਯਾਦ ਕਰਦਿਆਂ ਅਮਰੀਕੀ ਪ੍ਰਤੀਨਿਧੀ ਸਦਨ ਵਿੱਚ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਪੀੜਤਾਂ ਦੀਆਂ ਲਾਸ਼ਾਂ ਗੁਪਤ ਰੂਪ ਵਿੱਚ ਸਾੜ ਦਿੱਤੀਆਂ ਗਈਆਂ ਤੇ ਇਸ ਮਾਮਲੇ ਵਿੱਚ ਕਿਸੇ ਨੂੰ ਵੀ ਦੋਸ਼ੀ ਨਹੀਂ ਠਹਿਰਾਇਆ ਗਿਆ ਸੀ। ਉਨ੍ਹਾਂ 4 ਫ਼ਰਵਰੀ ਨੂੰ 'ਸਾਕਾ ਨਕੋਦਰ ਦਿਵਸ' ਵਜੋਂ ਮਾਨਤਾ ਦੇਣ ਦਾ ਮਤਾ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਜਾਂਚ ਨਾ ਹੋਣੀ ਅਤਿ ਨਿੰਦਣਯੋਗ ਹੈ। 4 ਫ਼ਰਵਰੀ ਪੰਜਾਬ ਦੇ ਸਿੱਖਾਂ ਲਈ ਹੀ ਨਹੀਂ ਸਗੋਂ ਅਮਰੀਕਾ ਦੇ ਸਿੱਖਾਂ ਲਈ ਵੀ ਕਾਲਾ ਦਿਨ ਹੈ। ਪੀੜਤ ਪਰਿਵਾਰ 39 ਸਾਲਾਂ ਤੋਂ ਇਨਸਾਫ਼ ਤੇ ਜਵਾਬਦੇਹੀ ਲਈ ਲੜਾਈ ਲੜ ਰਹੇ ਹਨ। (ਬਾਕੀ ਸਫ਼ਾ 30 'ਤੇ)

## ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ



ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸੰਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**

CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

Capital DRUG TESTING
CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse,
DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਪਰਵਾਸੀ ਮਜ਼ਦੂਰ ਸਿੱਖਣ ਲੱਗੇ ਪੰਜਾਬੀ ਤੇ ਅਪਨਾਉਣ ਲੱਗੇ ਪੰਜਾਬੀ ਸੱਭਿਆਚਾਰ

## ਪੰਜਾਬ ਨੂੰ ਬਣਾਇਆ ਆਪਣੀ ਧਰਤੀ, ਕਈ ਅਪਨਾਉਣ ਲੱਗੇ ਸਿੱਖ ਧਰਮ

## ਪਰਵਾਸੀਆਂ ਤੋਂ ਬਗ਼ੈਰ ਚੱਲ ਨਹੀਂ ਸਕਦੇ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗ

ਪੰਜਾਬੀ ਪੰਜਾਬ ਛੱਡ ਕੇ ਵਿਦੇਸ਼ ਜਾ ਰਹੇ ਨੇ ਤੇ ਦੇਸ਼ ਦੇ ਪਰਵਾਸੀ ਮਜ਼ਦੂਰ ਪੰਜਾਬ ਸੰਭਾਲੀ ਜਾ ਰਹੇ ਨੇ। ਪੰਜਾਬ ਵਿੱਚ ਇਨ੍ਹਾਂ ਦੀ ਗਿਣਤੀ ਤਾਂ ਕਿਸੇ ਨੇ ਨਹੀਂ ਕੀਤੀ ਪਰ ਅਨੁਮਾਨ ਹੈ ਕਿ ਉਹ ਤੀਹ-ਪੈਂਤੀ ਲੱਖ ਹੋਣਗੇ। ਜੇ ਇਹੋ ਸਿਲਸਿਲਾ ਜਾਰੀ ਰਿਹਾ ਤਾਂ ਵੀਹ ਤੀਹ ਵਰ੍ਹਿਆਂ ਵਿੱਚ ਇੱਕ ਕਰੋੜ ਦੇ ਕਰੀਬ ਪੁੱਜ ਜਾਣਗੇ। ਇਨ੍ਹਾਂ ਦੇ ਬੱਚੇ ਪੰਜਾਬ ਨੂੰ ਹੀ ਆਪਣੀ ਜਨਮ ਭੋਇੰ ਸਮਝਣ ਲੱਗਣਗੇ ਜਿਵੇਂ ਵਿਦੇਸ਼ਾਂ ਵਿੱਚ ਜੰਮੇ ਪੰਜਾਬੀ ਵਿਦੇਸ਼ਾਂ ਨੂੰ ਸਮਝਦੇ ਹਨ। ਉਨ੍ਹਾਂ ਦੀ ਬੋਲੀ ਹਿੰਦੀ ਪੰਜਾਬੀ ਦਾ ਮਿਲਗੋਭਾ ਹੋਵੇਗੀ ਜਿਵੇਂ ਸ਼ਹਿਰੀ ਪੰਜਾਬੀਆਂ ਦੀ ਬਣ ਗਈ ਹੈ। ਉਨ੍ਹਾਂ ਵਿਚੋਂ ਬਹੁਤ ਸਾਰੇ ਸਿੱਖ ਸਜ ਜਾਣਗੇ ਤੇ ਪਹਿਲੇ ਪੰਜਾਬੀਆਂ ਵਿੱਚ ਰਚ-ਮਿਚ ਜਾਣਗੇ। ਉਦੋਂ ਤਕ ਲੁਧਿਆਣਾ ਉਨ੍ਹਾਂ ਦੀ ਰਾਜਧਾਨੀ ਬਣ ਜਾਵੇਗੀ। ਜਿਹੜੇ ਅੱਜ ਰਿਕਸ਼ੇ ਚਲਾ ਜਾਂ ਰੇਹੜੀਆਂ ਲਾ ਰਹੇ ਨੇ ਉਨ੍ਹਾਂ ਦੀ ਆਪਣੀ ਟਰਾਂਸਪੋਰਟ ਹੋਵੇਗੀ ਅਤੇ ਆਪਣੇ ਮਕਾਨ ਤੇ ਦੁਕਾਨਾਂ। ਲੋਕਰਾਜ ਵਿੱਚ ਉਹ ਰਾਜ ਭਾਗ ਦੇ ਵੀ ਹਿੱਸੇਦਾਰ ਬਣਨਗੇ।



ਜਦੋਂ ਤਕ ਪਰਵਾਸੀ ਮਜ਼ਦੂਰ ਪੰਜਾਬ ਵਿੱਚ ਕਰੋੜ ਤਕ ਪਹੁੰਚਣਗੇ ਉਦੋਂ ਤਕ ਪੰਜਾਬ ਛੱਡ ਕੇ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਵੀ ਕਰੋੜ ਤੋਂ ਵਧ ਜਾਵੇਗੀ। ਕੈਨੇਡਾ ਵਿੱਚ ਉਨ੍ਹਾਂ ਦੀ ਗਿਣਤੀ ਵਾਹਵਾ ਹੋ ਗਈ ਹੈ ਤੇ ਉਹ ਰਾਜ-ਭਾਗ ਦੇ ਹਿੱਸੇਦਾਰ ਬਣ ਗਏ ਹਨ। ਇੰਗਲੈਂਡ ਵਿੱਚ ਉਹ ਮੇਅਰ ਹਨ ਤੇ ਅਮਰੀਕਾ ਵਿੱਚ ਗਵਰਨਰ। ਉਹ ਹੋਰ ਵੀ ਕਈ ਥਾਈਂ ਝੰਡੇ ਗੱਡਣਗੇ। ਪੰਜਾਬੀਆਂ ਨੇ ਪਰਦੇਸਾਂ ਵਿੱਚ ਕਈ ਪੰਜਾਬ ਵਸਾ ਲਏ ਹਨ। ਜੇਕਰ ਪੰਜਾਬੀ ਪੰਜਾਬ ਤੋਂ ਬਾਹਰ ਜਾ ਕੇ ਹੋਰਨਾਂ ਰਾਜਾਂ ਦੇ ਰਾਜ ਭਾਗ 'ਚ ਸ਼ਰੀਕ ਹੋਣਾ ਆਪਣਾ ਹੱਕ ਸਮਝਦੇ ਹਨ ਤਾਂ ਉਹੋ ਜਿਹੇ ਸ਼ਰੀਕ ਹੋਣਾ ਪਰਵਾਸੀ ਮਜ਼ਦੂਰ ਵੀ ਆਪਣਾ ਹੱਕ ਸਮਝਣਗੇ।

**ਕੀ ਕਹਿੰਦੇ ਹਨ ਪਰਵਾਸੀ ਮਜ਼ਦੂਰਾਂ ਤੋਂ ਬਣੇ ਸਿੱਖ**

ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦਾ ਲਖੇਂਦਰ ਇਸ ਸਮੇਂ ਸਿੰਘ ਸੱਜ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁਲਾਜ਼ਮ ਵਜੋਂ ਕੰਮ ਕਰ ਰਹੇ ਹਨ। ਉਹ ਇਸ ਸਮੇਂ ਪੰਜਾਬ ਦੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਆਪਣੇ ਪਰਿਵਾਰ ਨਾਲ ਰਹਿੰਦੇ ਹਨ। ਉਹ ਦੱਸਦੇ ਹਨ ਕਿ ਉਸਦੇ ਪਿਤਾ 1980 ਦੇ ਆਸ ਪਾਸ ਮਜ਼ਦੂਰੀ ਕਰਨ ਲਈ ਪੰਜਾਬ ਆਏ ਸਨ ਅਤੇ ਇੱਥੇ ਹੀ ਉਨ੍ਹਾਂ ਅੰਮ੍ਰਿਤ ਛਕ ਲਿਆ ਸੀ। ਲਖੇਂਦਰ ਸਿੰਘ ਦੇ ਪਿਤਾ ਵੀ ਸ਼੍ਰੋਮਣੀ ਕਮੇਟੀ ਵਿੱਚ ਮਾਲੀ ਦੀ ਨੌਕਰੀ ਕਰ ਕੇ ਸੇਵਾ ਮੁਕਤ ਹੋਏ ਹਨ। ਯੂ.ਪੀ. ਵਿੱਚ ਪੜਾਈ ਕਰਨ ਵਾਲੇ ਲਖੇਂਦਰ ਸਿੰਘ ਦੱਸਦੇ ਹਨ ਕਿ ਜਦੋਂ ਛੁੱਟੀਆਂ ਵਿੱਚ ਪਿਤਾ ਜੀ ਪਿੰਡ ਆਉਂਦੇ ਸਨ ਤਾਂ ਸਿੱਖ ਧਰਮ ਸਬੰਧੀ ਬਹੁਤ ਸਾਰੀਆਂ ਕਿਤਾਬਾਂ ਆਪਣੇ ਨਾਲ ਲੈ ਕੇ ਆਉਂਦੇ ਸਨ ਲਖੇਂਦਰ ਸਿੰਘ ਮਾਣ ਨਾਲ ਆਖਦੇ ਹਨ ਕਿ ਜਦੋਂ ਉਹ ਆਜ਼ਮਗੜ੍ਹ ਰਿਸ਼ਤੇਦਾਰਾਂ ਨੂੰ ਮਿਲਣ ਲਈ ਜਾਂਦੇ ਹਨ ਤਾਂ ਉੱਥੋਂ ਦੇ ਸਥਾਨਕ ਲੋਕ ਉਨ੍ਹਾਂ ਨੂੰ 'ਸਰਦਾਰ ਜੀ' ਆਖ ਕੇ ਬੁਲਾਉਂਦੇ ਹਨ, ਜੋ ਉਨ੍ਹਾਂ ਨੂੰ ਚੰਗਾ ਲੱਗਦਾ ਹੈ।







ਰੁਕਮ ਕੁਮਾਰੀ ਤੋਂ ਰੁਕਮ ਕੌਰ ਬਣੀ ਲਖੇਂਦਰ ਸਿੰਘ ਦੀ ਪਤਨੀ ਦੱਸਦੇ ਹਨ ਕਿ ਉਹ ਰੋਜ਼ਾਨਾ ਨਿਤਨੇਮ ਕਰਦੇ ਹਨ ਅਤੇ ਬੱਚੇ ਪੰਜਾਬੀ ਸਕੂਲਾਂ ਵਿੱਚ ਪੜ੍ਹਦੇ ਹਨ। ਉਨ੍ਹਾਂ ਦਾ ਕਹਿਣਾ ਹੈ, ਭਾਵੇਂ ਲਖੇਂਦਰ ਅਤੇ ਮੈਂ ਘਰ ਵਿੱਚ ਭੋਜਪੁਰੀ ਜਾਂ ਹਿੰਦੀ ਵਿੱਚ ਗੱਲਬਾਤ ਕਰਦੇ ਹਾਂ, ਪਰ ਬੱਚੇ ਭੋਜਪੁਰੀ ਦੀ ਥਾਂ ਪੰਜਾਬੀ ਬੋਲਦੇ ਹਨ। ਉਨ੍ਹਾਂ ਦੱਸਿਆ ਕਿ ਹੁਣ ਉਹ ਯੂਪੀ ਵਾਲੇ ਨਹੀਂ, ਸਗੋਂ ਪੰਜਾਬੀ ਹਨ ਕਿਉਂਕਿ ਘਰ ਦਾ ਮਾਹੌਲ ਪੂਰੀ ਤਰਾਂ ਪੰਜਾਬੀਅਤ ਦੇ ਰੰਗ ਵਿੱਚ ਰੰਗਿਆ ਹੋਇਆ ਹੈ।

ਰੁਕਮ ਕੌਰ ਦੇ ਪੁੱਤਰ ਜਗਜੀਤ ਸਿੰਘ ਨੇ ਵੀ ਕੇਸ ਰੱਖੇ ਹੋਏ ਹਨ ਅਤੇ ਪੰਜਾਬੀਆਂ ਵਾਂਗ ਉਹ ਫਰਾਟੇਦਾਰ ਪੁਆਧੀ ਭਾਸ਼ਾ ਬੋਲਦੇ ਹਨ।

ਸਮਾਜ ਸ਼ਾਸਤਰ ਵਿੱਚ ਐੱਮ ਏ ਪਾਸ ਲਖੇਂਦਰ ਸਿੰਘ ਨੇ ਦੱਸਿਆ, 'ਮੈਂ ਸਿੱਖ ਧਰਮ ਦਾ ਅਧਿਐਨ ਕੀਤਾ ਅਤੇ ਫਿਰ ਪ੍ਰਭਾਵਿਤ ਹੋ ਕੇ 1990 ਵਿੱਚ ਪੰਜਾਬ ਆ ਗਿਆ। ਪੰਜਾਬ ਆ ਕੇ ਪੰਜਾਬੀ ਪੜ੍ਹਨੀ ਅਤੇ ਬੋਲਣੀ ਸਿੱਖੀ ਤੇ ਇਸ ਤੋਂ ਬਾਅਦ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਅੰਮ੍ਰਿਤ ਛਕ ਕੇ ਸਿੰਘ ਸੱਜ ਗਿਆ।'

ਲਖੇਂਦਰ ਸਿੰਘ ਦੀ ਪਤਨੀ ਨੇ ਵੀ ਅੰਮ੍ਰਿਤ ਛਕਿਆ ਹੋਇਆ ਹੈ ਅਤੇ ਉਨ੍ਹਾਂ ਦੇ ਬੱਚਿਆਂ ਦੇ ਨਾਮ ਜਗਜੀਤ ਸਿੰਘ, ਰਮਨਪ੍ਰੀਤ ਕੌਰ ਅਤੇ ਹਰਪ੍ਰੀਤ ਕੌਰ ਹਨ।

ਉਸਦਾ ਕਹਿਣਾ ਹੈ ਕਿ ਅਸੀਂ ਵਾਪਸ ਯੂਪੀ ਕਿੱਥੇ ਮੁੜਨਾ ਹੈ, ਪੰਜਾਬ ਵਿੱਚ ਹੀ ਰਹਿਣਾ ਹੈ, ਸਾਡਾ ਸਭ ਕੁਝ ਤਾਂ ਇੱਥੇ ਹੈ, ਪੰਜਾਬੀ ਬੋਲਦੇ ਹਾਂ, ਪੰਜਾਬੀ ਪੜ੍ਹਦੇ ਹਾਂ।

ਲਖੇਂਦਰ ਸਿੰਘ ਕਹਿੰਦੇ ਹਨ ਕਿ ਜਦੋਂ ਮੈਂ ਯੂਪੀ ਅਤੇ ਬਿਹਾਰ ਦੇ ਕਾਮਿਆਂ ਨੂੰ ਪੰਜਾਬ ਵਿਚੋਂ ਬਾਹਰ ਕਰਨ ਦੀਆਂ ਖ਼ਬਰਾਂ ਸੁਣਦਾ ਹਾਂ ਤਾਂ ਮੈਨੂੰ ਬਹੁਤ ਦੁੱਖ ਹੁੰਦਾ ਹੈ ਅਤੇ ਅਸੀਂ ਹੁਣ ਯੂਪੀ ਦੇ ਨਹੀਂ ਬਲਕਿ ਪੰਜਾਬ ਦੇ ਹਾਂ।

**ਪੰਜਾਬ ਵਿੱਚ ਸਿਆਸੀ ਆਗੂ ਬਣਿਆ ਪਰਵਾਸੀ**

ਅਜਿਹੀ ਹੀ ਕਹਾਣੀ ਰੋਪੜ ਜ਼ਿਲ੍ਹੇ ਦੇ ਨੂਰਪੁਰ ਬੇਦੀ ਕਸਬੇ ਦੇ ਲਸਾੜੀ ਪਿੰਡ ਦੇ ਬਰਜਿੰਦਰ ਪੰਡਿਤ ਦੀ ਵੀ ਹੈ। ਬਰਜਿੰਦਰ ਪੰਡਿਤ ਅਸਲ ਵਿੱਚ ਬਿਹਾਰ ਦੇ ਵੈਸ਼ਾਲੀ ਜ਼ਿਲ੍ਹੇ ਦੇ ਰਹਿਣ ਵਾਲੇ ਹਨ ਪਰ ਉਹ ਵੀ ਪੰਜਾਬੀਅਤ ਦੇ ਰੰਗ ਵਿੱਚ ਰੰਗੇ ਗਏ ਹਨ। ਪਹਿਲੀ ਤੱਕਣੀ ਵਿੱਚ ਤੁਹਾਨੂੰ ਇਹ ਪਤਾ ਨਹੀਂ ਲੱਗੇਗਾ ਕਿ ਬਰਜਿੰਦਰ ਦਾ ਪਿਛੋਕੜ ਬਿਹਾਰ ਨਾਲ ਹੈ ਕਿਉਂਕਿ ਉਹ ਵੀ ਦਸਤਾਰਧਾਰੀ ਹੈ ਅਤੇ ਫਰਾਟੇਦਾਰ ਪੰਜਾਬੀ ਬੋਲਦੇ ਹਨ। ਸੀਪੀਐੱਮ ਪਾਰਟੀ ਦੇ ਜ਼ਿਲ੍ਹਾ ਰੋਪੜ ਦੇ ਸਕੱਤਰ ਬਰਜਿੰਦਰ ਪੰਡਿਤ ਦਾ ਖੇਤਾਂ ਵਿੱਚ ਬਣਿਆ ਮਕਾਨ ਕਿਸੇ ਜ਼ਿਮੀਂਦਾਰ ਦੇ ਘਰ ਤੋਂ ਘੱਟ ਨਹੀਂ ਹੈ।

ਬਰਜਿੰਦਰ ਪੰਡਿਤ ਕਹਿੰਦੇ ਹਨ, 'ਘਰ ਦੀ ਗ਼ਰੀਬੀ ਅਤੇ ਰੋਜ਼ਗਾਰ ਦੀ ਭਾਲ ਵਿੱਚ ਮੈਂ ਮਹਿਜ਼ 9 ਸਾਲ ਦੀ ਉਮਰ ਵਿੱਚ 1974 ਦੇ ਆਸ-ਪਾਸ ਪੰਜਾਬ ਆ ਗਿਆ ਸੀ। ਸ਼ੁਰੂ ਦੇ ਸਾਲਾਂ ਵਿੱਚ ਨਵਾਂ ਸ਼ਹਿਰ ਦੇ ਕਿਸੇ ਜ਼ਿਮੀਂਦਾਰ ਦੇ ਘਰ ਪਸ਼ੂਆਂ ਦੀ ਦੇਖਭਾਲ ਕਰਨ ਦੀ ਨੌਕਰੀ ਕੀਤੀ ਅਤੇ ਫਿਰ ਜਿਵੇਂ ਜਿਵੇਂ ਵੱਡਾ ਹੁੰਦਾ ਗਿਆ ਤਾਂ ਟਰੈਕਟਰ ਚਲਾਉਣਾ ਅਤੇ ਖੇਤੀਬਾੜੀ ਦੇ ਕੰਮ ਕਰਨੇ ਸ਼ੁਰੂ ਕਰ ਦਿੱਤੇ। ਇੱਥੇ ਰਹਿੰਦੇ ਹੀ ਉਨ੍ਹਾਂ ਨੂੰ ਕਿਸੇ ਪੰਜਾਬੀ ਜਾਣਕਾਰ ਨੇ ਬਿਜਲੀ ਬੋਰਡ ਵਿੱਚ ਮਾਲੀ ਦੀ ਨੌਕਰੀ ਲਗਵਾ ਦਿੱਤੀ, ਜਿੱਥੋਂ ਉਹ ਲਾਈਨਮੈਨ ਦੇ ਅਹੁਦੇ ਤੋਂ 2023 ਵਿੱਚ ਸੇਵਾ ਮੁਕਤ ਹੋਏ ਹਨ।

ਬਰਜਿੰਦਰ ਪੰਡਿਤ ਹੁਣ ਪੰਜਾਬ ਦੇ ਪੱਕੇ ਵਸਨੀਕ ਬਣ ਚੁੱਕੇ ਹਨ ਅਤੇ ਉਨ੍ਹਾਂ ਦੇ ਘਰ ਵਿੱਚ ਪੂਰਾ ਮਾਹੌਲ ਪੰਜਾਬੀ ਹੈ। ਘਰ ਦੀਆਂ ਔਰਤਾਂ ਸਾੜੀ ਦੀ ਥਾਂ ਪੰਜਾਬੀ ਸੂਟ ਪਾਉਂਦੀਆਂ ਹਨ ਅਤੇ ਪੰਜਾਬੀ ਵਿੱਚ ਗੱਲਾਂ ਕਰਦੀਆਂ ਹਨ। ਬਰਜਿੰਦਰ ਪੰਡਿਤ ਆਖਦੇ ਹਨ, 'ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਾਈ ਪੂਰੀ ਕਰ ਕੇ ਦੋਵੇਂ ਪੁੱਤਰ ਇੱਕ ਬੀ.ਐੱਸ.ਐੱਫ. ਵਿੱਚ ਦੂਜਾ ਪੰਜਾਬ ਪੁਲਿਸ ਵਿੱਚ ਨੌਕਰੀ ਕਰ ਰਿਹਾ ਹੈ। ਮੇਰੀ ਪੂਰੀ ਜ਼ਿੰਦਗੀ ਪੰਜਾਬ ਵਿੱਚ ਗੁਜ਼ਰੀ ਹੈ ਅਤੇ ਕਿਸੇ ਨੇ ਵੀ ਮੇਰੇ ਨਾਲ ਵਿਤਕਰਾ ਨਹੀਂ ਕੀਤਾ।'

ਬੇਸ਼ੱਕ ਬਰਜਿੰਦਰ ਪੰਡਿਤ ਨੇ ਆਪਣੇ ਦੋਵਾਂ ਪੁੱਤਰਾਂ ਦੇ ਵਿਆਹ ਬਿਹਾਰ ਵਿੱਚ ਕੀਤੇ ਹਨ ਪਰ ਪਾਰਟੀ ਉਨ੍ਹਾਂ ਨੇ ਲਸਾੜੀ ਪਿੰਡ ਵਿੱਚ ਪੰਜਾਬੀ ਤਰੀਕੇ ਨਾਲ ਕੀਤੀ ਹੈ। ਬਰਜਿੰਦਰ ਪੰਡਿਤ ਦੀ ਤੀਜੀ ਪੀੜੀ ਉਨ੍ਹਾਂ ਦੇ ਪੋਤੇ ਪੋਤੀਆਂ ਪੰਜਾਬੀ ਬੋਲਦੇ ਹਨ ਅਤੇ ਪੰਜਾਬੀ ਸਕੂਲਾਂ ਵਿੱਚ ਪੜ੍ਹਦੇ ਹਨ। ਬਰਜਿੰਦਰ ਦੀ ਪਤਨੀ ਪਰਮਿਲਾ ਦੇਵੀ ਆਖਦੇ ਹਨ ਕਿ ਵਿਆਹ ਤੋਂ ਬਾਅਦ ਜਦੋਂ ਪੰਜਾਬ ਆਏ ਤਾਂ ਸ਼ੁਰੂ ਵਿੱਚ ਕੁਝ ਦਿੱਕਤਾਂ ਆਈਆਂ, ਖ਼ਾਸ ਤੌਰ ਉੱਤੇ ਭਾਸ਼ਾ ਨੂੰ ਲੈ ਕੇ... ਪਰ ਹੌਲੀ ਹੌਲੀ ਉਹ ਵੀ ਪੰਜਾਬੀ ਪੜ੍ਹਨੀ ਅਤੇ ਲਿਖਣੀ ਸਿੱਖ ਗਏ। ਉਨ੍ਹਾਂ ਆਖਿਆ, ਬੇਸ਼ੱਕ ਮੇਰਾ ਸਬੰਧ ਬਿਹਾਰ ਨਾਲ ਹੈ ਪਰ ਸਾਡੇ ਰੀਤੀ ਰਿਵਾਜ ਪੰਜਾਬੀਆਂ ਵਾਂਗ ਹੀ ਹੋ ਗਏ ਹਨ।

**ਪਰਵਾਸੀ ਮਜ਼ਦੂਰਾਂ ਵਿਰੁੱਧ ਪੰਜਾਬੀਆਂ ਦੀ ਮੁਹਿੰਮ**

ਦੂਜੇ ਪਾਸੇ ਪੰਜਾਬ ਵਿੱਚ ਪਿਛਲੇ ਕੁਝ ਸਮੇਂ ਤੋਂ ਪਰਵਾਸੀਆਂ ਦੇ ਪੰਜਾਬ ਵਿੱਚ ਵੱਸਣ ਖ਼ਿਲਾਫ਼ ਕੁਝ ਲੋਕ ਮੁਹਿੰਮ ਚਲਾ ਰਹੇ ਹਨ। ਉਹ ਪੰਜਾਬ ਸਰਕਾਰ ਤੋਂ ਅਜਿਹਾ ਕਾਨੂੰਨ ਪਾਸ ਕਰਨ ਦੀ ਮੰਗ ਕਰ ਰਹੇ ਹਨ, ਜਿਸ ਨਾਲ ਪੰਜਾਬ ਵਿੱਚ ਆਉਣ ਵਾਲੇ ਪਰਵਾਸੀ ਕਾਮਿਆਂ ਨੂੰ ਪੱਕੇ ਤੌਰ ਉੱਤੇ ਵੱਸਣ ਦੇ ਮਾਮਲੇ ਵਿੱਚ ਕੋਈ ਮਾਪਦੰਡ ਤੈਅ ਕੀਤੇ ਜਾਣ।

(ਬਾਕੀ ਸਫ਼ਾ 31 'ਤੇ)

## ਕਾਰੋਬਾਰ, ਜਿਨ੍ਹਾਂ 'ਚ ਪਰਵਾਸੀਆਂ ਦੀ ਸਰਦਾਰੀ

ਲੁਧਿਆਣਾ ਅਤੇ ਜਲੰਧਰ ਦੀਆਂ ਉਦਯੋਗਿਕ ਇਕਾਈਆਂ ਵਿੱਚ ਕੰਮ ਕਰਨ ਤੋਂ ਇਲਾਵਾ ਪਰਵਾਸੀ ਮਜ਼ਦੂਰ ਉਸਾਰੀ, ਸੰਗਮਰਮਰ ਦੇ ਫ਼ਰਸ਼ ਲਾਉਣ, ਫਲ ਤੇ ਸਬਜ਼ੀਆਂ ਵੇਚਣ, ਬਿਜਲੀ ਮਕੈਨਿਕ, ਢਾਬੇ ਚਲਾਉਣ ਅਤੇ ਪਲੰਬਰ ਆਦਿ ਦੇ ਧੰਦਿਆਂ ਨਾਲ ਜੁੜੇ ਹੋਏ ਹਨ। ਕਈ ਪਰਵਾਸੀ ਮਜ਼ਦੂਰਾਂ ਨੇ ਲੁਧਿਆਣਾ, ਪਟਿਆਲਾ, ਪਠਾਨਕੋਟ ਤੋਂ ਇਲਾਵਾ ਪੰਜਾਬ ਦੇ ਕਈ ਸ਼ਹਿਰਾਂ ਵਿੱਚ ਆਪਣਾ ਹੌਜ਼ਰੀ ਦਾ ਕੰਮ ਵੀ ਸ਼ੁਰੂ ਕੀਤਾ ਹੋਇਆ ਹੈ। ਇਸੇ ਤਰ੍ਹਾਂ ਜਲੰਧਰ ਵਿੱਚ ਖੇਡਾਂ ਦਾ ਸਮਾਨ ਬਣਾਉਣ ਵਾਲੀਆਂ ਫ਼ੈਕਟਰੀਆਂ ਵਿੱਚ ਵੀ ਪਰਵਾਸੀ ਮਜ਼ਦੂਰਾਂ ਦਾ ਬੋਲਬਾਲਾ ਹੈ। ਪੰਦਰਾਂ ਲੱਖ ਦੇ ਕਰੀਬ ਪਰਵਾਸੀ ਮਜ਼ਦੂਰ ਫ਼ੈਕਟਰੀਆਂ ਵਿੱਚ ਕੰਮ ਕਰਦੇ ਹਨ। ਡਾਕਟਰ ਮਨਜੀਤ ਸਿੰਘ ਮੁਤਾਬਕ ਪੰਜਾਬ ਵਿੱਚ ਪੰਜਾਬੀਆਂ ਨੇ ਹੱਥੀ ਕੰਮ ਕਰਨਾ ਬੰਦ ਕਰ ਦਿੱਤਾ ਹੈ ਅਤੇ ਉਹ ਪੂਰੀ ਤਰ੍ਹਾਂ ਪਰਵਾਸੀ ਮਜ਼ਦੂਰਾਂ ਉੱਤੇ ਨਿਰਭਰ ਹੋ ਗਏ ਹਨ। ਇਸ ਕਰ ਕੇ ਉਹ ਕਾਮਯਾਬ ਹੋ ਰਹੇ ਹਨ। ਡਾਕਟਰ ਮਨਜੀਤ ਸਿੰਘ ਦਾ ਕਹਿਣਾ ਹੈ ਕਿ ਬਹੁਤ ਸਾਰੇ ਪਰਵਾਸੀ ਮਜ਼ਦੂਰ ਪੰਜਾਬ ਵਿੱਚ ਰਹਿ ਕੇ ਸਿੱਖ ਧਰਮ ਅਤੇ ਪੰਜਾਬੀ ਭਾਸ਼ਾ ਲਿਖ ਅਤੇ ਪੜ੍ਹ ਰਹੇ ਹਨ, ਇਸ ਉੱਤੇ ਖ਼ੁਸ਼ੀ ਹੋਣੀ ਚਾਹੀਦੀ ਹੈ

ਅਸਲੀਅਤ ਇਹ ਹੈ ਕਿ ਸਰਦੇ ਪੁੱਜਦੇ ਪੰਜਾਬੀਆਂ ਦੇ ਬੱਚੇ ਤਾਂ ਅੰਗਰੇਜ਼ੀ ਸਕੂਲਾਂ ਵਿੱਚ ਪੜ੍ਹਦੇ ਆਪਣੀ ਮਾਂ ਬੋਲੀ ਪੰਜਾਬੀ ਵੀ ਛੱਡੀ ਜਾ ਰਹੇ ਹਨ ਤੇ ਪੰਜਾਬ ਵੀ ਛੱਡੀ ਜਾ ਰਹੇ ਹਨ। ਪਰਵਾਸੀ ਮਜ਼ਦੂਰਾਂ ਦੇ ਬੱਚੇ ਸਸਤੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਹਨ ਜਿੱਥੇ ਪੰਜਾਬੀ ਪੜ੍ਹਾਈ ਜਾਂਦੀ ਹੈ ਜਿਸ ਕਰਕੇ ਪੰਜਾਬੀ ਉਨ੍ਹਾਂ ਦੀ ਬੋਲ ਚਾਲ ਦੀ ਬੋਲੀ ਬਣ ਰਹੀ ਹੈ। ਇਹੋ ਉਨ੍ਹਾਂ ਦੇ ਬੱਚਿਆਂ ਦੀ ਮਾਂ ਬੋਲੀ ਬਣੇਗੀ। ਜਿਵੇਂ ਮਲਵਈ, ਮਾਝੀ, ਦੁਆਬੀ, ਪੋਠੋਹਾਰੀ, ਪਹਾੜੀ, ਲਹਿੰਦੀ, ਮੁਲਤਾਨੀ, ਬਾਗੜੀ ਜਾਂ ਪੁਆਧੀ ਹੈ ਉਵੇਂ ਹੀ ਪਰਵਾਸੀ ਮਜ਼ਦੂਰਾਂ ਦੀ ਮਿਲਗੋਭਾ ਬੋਲੀ ਪੰਜਾਬੀ ਦੀ ਉਪ ਭਾਸ਼ਾ ਹੋਵੇਗੀ। ਆਖ਼ਰ ਨੂੰ ਤਾਂ ਪੰਜਾਬ ਉਨ੍ਹਾਂ ਦਾ ਹੀ ਹੋਣਾ ਹੈ ਜਿਹੜੇ ਪੰਜਾਬ ਵਿੱਚ ਕੰਮ ਕਰਨਗੇ, ਪੰਜਾਬੀ ਬਣ ਕੇ ਰਹਿਣਗੇ।

## ਪੰਜਾਬ 'ਚ ਕਿੰਨੇ ਪਰਵਾਸੀ ਮਜ਼ਦੂਰ



ਪੰਜਾਬ ਵਿੱਚ ਖੇਤੀਬਾੜੀ ਅਤੇ ਉਦਯੋਗਿਕ ਇਕਾਈਆਂ ਹਿੰਦੀ ਭਾਸ਼ੀ ਸੂਬਿਆਂ ਨਾਲ ਸਬੰਧਿਤ ਮਜ਼ਦੂਰਾਂ ਉੱਤੇ ਨਿਰਭਰ ਹੈ। ਪੰਜਾਬ ਵਿੱਚ ਤਿੰਨ ਤਰੀਕੇ ਨਾਲ ਮਜ਼ਦੂਰੀ ਕਰਨ ਲਈ ਪਰਵਾਸੀ ਮਜ਼ਦੂਰ ਦੂਜੇ ਸੂਬਿਆਂ ਤੋਂ ਆਉਂਦੇ ਹਨ। ਪਹਿਲੀ ਕਿਸਮ ਦੇ ਮਜ਼ਦੂਰ ਖੇਤੀ ਕਾਮਿਆਂ ਵਜੋਂ ਆਉਂਦੇ ਹਨ। ਉਨ੍ਹਾਂ ਦਾ ਛਿਮਾਹੀ- ਦਰ ਛਿਮਾਹੀ ਫ਼ਸਲਾਂ ਦੇ ਕੰਮ ਦੇ ਹਿਸਾਬ ਨਾਲ ਆਉਣਾ-ਜਾਣਾ ਲੱਗਿਆ ਰਹਿੰਦਾ ਹੈ।

ਦੂਜੇ ਕਿਸਮ ਦੇ ਮਜ਼ਦੂਰ, ਸੂਬੇ ਦੀਆਂ ਫ਼ੈਕਟਰੀਆਂ, ਢਾਂਚਾ ਗਤ ਸਹੂਲਤਾਂ ਦੇ ਉਸਾਰੀ ਕਾਰਜਾਂ ਲਈ ਆਉਂਦੇ ਹਨ। ਇਹ ਪੰਜਾਬ ਵਿੱਚ ਵੱਧ ਸਥਾਈ ਤੌਰ ਉੱਤੇ ਰਹਿੰਦੇ ਹਨ।

ਤੀਜੀ ਕਿਸਮ ਘਰੇਲੂ ਕਾਮਿਆਂ, ਰੇਹੜੀ ਫੜੀ ਲਾਉਣ ਵਾਲਿਆਂ ਅਤੇ ਜ਼ਮੀਨਾਂ ਠੇਕੇ ਉੱਤੇ ਲੈ ਕੇ ਖੇਤੀ ਕਰਨ ਜਾਂ ਛੋਟੇ-ਮੋਟੇ ਧੰਦਿਆਂ ਵਾਲਿਆਂ ਦੀ ਹੈ, ਇਹ ਵੀ ਪੰਜਾਬ ਸਥਾਈ ਤੌਰ ਉੱਤੇ ਵੱਸਦੇ ਹਨ।

ਇਨ੍ਹਾਂ ਵਿੱਚ ਬਹੁਗਿਣਤੀ ਉੱਤਰ ਪ੍ਰਦੇਸ਼ ਅਤੇ ਬਿਹਾਰ ਦੀ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਧਿਐਨ ਮੁਤਾਬਕ ਅਸਲ ਵਿੱਚ ਪਰਵਾਸੀ ਮਜ਼ਦੂਰਾਂ ਦੀ ਪੰਜਾਬ ਵਿੱਚ ਆਮਦ ਸਾਲ 1977-78 ਵਿੱਚ ਸ਼ੁਰੂ ਹੋਈ ਸੀ।

ਸਾਲ 1978 ਵਿੱਚ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦੀ ਗਿਣਤੀ 2.18 ਲੱਖ ਦੇ ਕਰੀਬ ਦੱਸੀ ਗਈ ਸੀ। ਪੰਜਾਬ ਸਰਕਾਰ ਦੇ ਇੱਕ ਸਰਵੇਖਣ ਮੁਤਾਬਕ 50 ਹਜ਼ਾਰ ਦੇ ਕਰੀਬ ਪਰਵਾਸੀ ਮਜ਼ਦੂਰ ਲੁਧਿਆਣਾ ਨੇੜਲੇ ਪਿੰਡ ਸਾਹਨੇਵਾਲ ਵਿੱਚ ਰਹਿੰਦੇ ਹਨ।

ਭਾਰਤ ਸਰਕਾਰ ਦੇ ਮਨਿਸਟਰੀ ਆਫ਼ ਲੇਬਰ ਐਂਡ ਇੰਪਲਾਈਮੈਂਟ ਵਿਭਾਗ ਮੁਤਾਬਕ ਸਾਲ 1977 ਤੋਂ ਲੈ ਕੇ ਭਾਰਤ ਦੇ ਦੂਜੇ ਸੂਬਿਆਂ ਵਿੱਚੋਂ ਮਜ਼ਦੂਰਾਂ ਦਾ ਪੰਜਾਬ ਆਉਣ ਦਾ ਰੁਝਾਨ ਨਿਰੰਤਰ ਜਾਰੀ ਹੈ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵੱਲੋਂ ਕਰਵਾਏ ਗਏ ਇੱਕ ਸਰਵੇਖਣ ਮੁਤਾਬਕ ਸਾਲ 2015 ਤੱਕ ਪੰਜਾਬੀਆਂ ਦੀ 3 ਕਰੋੜ ਦੀ ਆਬਾਦੀ ਪਿੱਛੇ 37 ਲੱਖ ਪਰਵਾਸੀ ਮਜ਼ਦੂਰ ਦੂਜੇ ਸੂਬਿਆਂ ਤੋਂ ਪੰਜਾਬ ਆ ਕੇ ਪੰਜਾਬ ਇੱਥੇ ਵਸ ਚੁੱਕੇ ਹਨ। ਅੰਕੜਿਆਂ ਮੁਤਾਬਕ ਪੰਜਾਬ ਆ ਕੇ ਵਸਣ ਵਾਲੇ ਪਰਵਾਸੀ ਮਜ਼ਦੂਰਾਂ ਦੀ ਗਿਣਤੀ ਵਿੱਚ ਸਾਲ 2022 ਦੇ ਅੰਤ ਤੱਕ ਹੋਰ ਵਾਧਾ ਹੋਇਆ ਹੈ।

ਪਰਵਾਸੀ ਕਾਮਿਆਂ ਸਬੰਧੀ ਖੋਜ ਕਰ ਚੁੱਕੇ ਪੰਜਾਬ ਯੂਨੀਵਰਸਿਟੀ ਦੇ ਸਮਾਜ ਸ਼ਾਸਤਰ ਵਿਭਾਗ ਦੇ ਸਾਬਕਾ ਪ੍ਰੋਫੈਸਰ ਮਨਜੀਤ ਸਿੰਘ ਦਾ ਮੁਤਾਬਕ, 'ਪੰਜਾਬ ਦੀ ਖੇਤੀਬਾੜੀ ਪਰਵਾਸੀ ਕਾਮਿਆਂ ਉੱਤੇ ਕਿੰਨੀ ਨਿਰਭਰ ਹੈ ਇਸ ਦੀ ਉਦਾਹਰਨ ਕੋਵਿਡ ਵੇਲੇ ਦੇਖਣ ਨੂੰ ਮਿਲੀ ਸੀ। ਉਸ ਵੇਲੇ ਮਜ਼ਦੂਰਾਂ ਦੀ ਇੰਨੀ ਜ਼ਿਆਦਾ ਕਮੀ ਹੋ ਗਈ ਸੀ ਕਿ ਪੰਜਾਬੀ ਕਿਸਾਨ ਆਪ ਯੂਪੀ ਅਤੇ ਬਿਹਾਰ ਦੇ ਪਿੰਡਾਂ ਵਿੱਚ ਜਾ ਕੇ ਮਜ਼ਦੂਰਾਂ ਨੂੰ ਲੈ ਕੇ ਆਏ ਸਨ।' ਉਨ੍ਹਾਂ ਆਖਿਆ ਕਿ ਪੰਜਾਬ ਦੀ ਸਥਾਨਕ ਮਜ਼ਦੂਰਾਂ ਨੇ ਝੋਨੇ ਦੀ ਲੁਆਈ ਇੰਨੀ ਮਹਿੰਗੀ ਕਰ ਦਿੱਤੀ ਸੀ ਜੋ ਕਿਸਾਨਾਂ ਦੇ ਵਿੱਤ ਵਿੱਚ ਨਹੀਂ ਸੀ। ਇਸ ਕਰ ਕੇ ਪੰਜਾਬ ਦੀ ਖੇਤੀਬਾੜੀ ਅਤੇ ਉਦਯੋਗ ਪਰਵਾਸੀਆਂ ਤੋਂ ਬਗ਼ੈਰ ਚੱਲ ਨਹੀਂ ਸਕਦੇ।

## ਦਰਪਣ ਝੂਠ ਨਹੀਂ ਬੋਲਦਾ

# ਮੋਦੀ ਸਰਕਾਰ ਵੱਲੋਂ ਛਮਾ ਸਵੰਤ ਦਾ ਵੀਜ਼ਾ ਰੋਕਣਾ ਜਮਹੂਰੀਅਤ ਵਿਰੋਧੀ ਕਾਰਵਾਈ

## ਬਿਮਾਰ ਮਾਂ ਨੂੰ ਮਿਲਣ ਲਈ ਵੀਜ਼ੇ ਤੋਂ ਕਿਉਂ ਇਨਕਾਰ ਕੀਤਾ ਭਾਰਤ ਸਰਕਾਰ ਨੇ ?

ਭਾਰਤੀ ਮੂਲ ਦੀ ਸਿਆਟਲ ਸਿਟੀ ਕੌਂਸਲ ਮੈਂਬਰ ਛਮਾ ਸਾਵੰਤ ਨੇ ਦੋਸ਼ ਲਾਇਆ ਹੈ ਕਿ ਉਸ ਨੂੰ ਆਪਣੀ ਬਿਮਾਰ ਮਾਂ ਨੂੰ ਮਿਲਣ ਲਈ ਭਾਰਤ ਫ਼ੇਰੀ ਵਾਸਤੇ ਭਾਰਤੀ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਅਮਰੀਕਾ ਦੇ ਵਾਸ਼ਿੰਗਟਲ ਸੂਬੇ ਵਿੱਚ ਜਾਤੀ ਭੇਦਭਾਵ ਨੂੰ ਖਤਮ ਕਰਨ ਲਈ ਇੱਕ ਕਾਨੂੰਨ ਪਾਸ ਕਰਵਾਉਣ ਵਾਲੀ ਸਾਵੰਤ ਨੇ ਕਿਹਾ ਕਿ ਇਸੇ ਕਾਰਨ ਉਸ ਨੂੰ ਭਾਰਤ ਸਰਕਾਰ ਦੀ 'ਵੀਜ਼ਾ ਨਾ ਦੇਣ' ਵਾਲੀ ਸੂਚੀ ਵਿੱਚ ਰੱਖਿਆ ਗਿਆ ਹੈ। ਉਸ ਨੂੰ ਬੀਤੇ ਸਾਲ ਤੋਂ ਤੀਜੀ ਵਾਰ ਵੀਜ਼ਾ ਦੇਣ ਤੋਂ ਨਾਂਹ ਕੀਤੀ ਗਈ ਹੈ।



ਭਾਰਤ ਦੇ ਸਿਆਟਲ ਸਥਿਤ ਕੌਂਸਲਖ਼ਾਨੇ ਦੀ ਇਸ ਕਾਰਵਾਈ ਵਿਰੁੱਧ ਸਾਵੰਤ ਅਤੇ ਉਸ ਦੀ ਸੰਸਥਾ 'ਵਰਕਰਜ਼ ਸਟਰਾਈਕ ਬੈਕ' ਦੇ ਮੈਂਬਰਾਂ ਨੇ ਭਾਰਤੀ ਕੌਂਸਲਖਾਨੇ ਵਿਖੇ ਧਰਨਾ ਦਿੱਤਾ। ਦੂਜੇ ਪਾਸੇ ਭਾਰਤੀ ਕੌਂਸਲਖਾਨੇ ਦੇ ਅਧਿਕਾਰੀਆਂ ਨੇ ਵਿਰੋਧ ਪ੍ਰਦਰਸ਼ਨ ਨਾਲ ਸਿੱਝਣ ਲਈ ਸਥਾਨਕ ਪੁਲਿਸ ਨੂੰ ਬੁਲਾ ਲਿਆ। ਬੀਬੀ ਸਾਵੰਤ ਨੇ 'ਐੱਕਸ' ਉਤੇ ਪਾਈ ਇੱਕ ਪੋਸਟ ਵਿੱਚ ਕਿਹਾ ਕਿ ਮੈਂ ਅਤੇ ਮੇਰੇ ਪਤੀ ਸਿਆਟਲ ਸਥਿਤ ਭਾਰਤੀ ਕੌਂਸਲਖਾਨੇ ਵਿੱਚ ਹਾਂ। ਉਨ੍ਹਾਂ ਮੇਰੀ ਮਾਂ ਦੇ ਬਹੁਤ ਬਿਮਾਰ ਹੋਣ ਕਾਰਨ ਉਨ੍ਹਾਂ ਨੂੰ ਤਾਂ ਐਮਰਜੈਂਸੀ ਵੀਜ਼ਾ ਦੇ ਦਿੱਤਾ, ਪਰ ਮੇਰਾ ਵੀਜ਼ਾ ਰੱਦ ਕਰ ਦਿੱਤਾ, ਸਾਫ਼ ਕਿਹਾ ਕਿ ਮੇਰਾ ਨਾਂਅ 'ਰੱਦ ਸੂਚੀ' ਵਿੱਚ ਹੈ। ਛਮਾ ਦਾ ਕਹਿਣਾ ਸੀ ਕਿ ਮੇਰੇ ਸਮਾਜਵਾਦੀ ਸਿਟੀ ਕੌਂਸਲ ਦਫ਼ਤਰ ਨੇ ਮੋਦੀ ਦੇ ਮੁਸਲਿਮ-ਵਿਰੋਧੀ ਗਰੀਬ-ਵਿਰੋਧੀ ਨਾਗਰਿਕਤਾ ਕਾਨੂੰਨ (ਸੀ. ਏ. ਏ.-ਐੱਨ. ਆਰ. ਸੀ.) ਦੀ ਨਿੰਦਾ ਕਰਦੇ ਹੋਏ ਇੱਕ ਮਤਾ ਪਾਸ ਕੀਤਾ। ਅਸੀਂ ਜਾਤੀ ਵਿਤਕਰੇ ਵਿਰੁੱਧ ਵੀ ਇਤਿਹਾਸਕ ਪਾਬੰਦੀ ਲਈ ਜਿੱਤ ਹਾਸਲ ਕੀਤੀ ਸੀ।ਸੀ. ਏ. ਏ. ਦਾ ਭਾਵ ਹੈ, ਭਾਰਤੀ ਸੰਸਦ ਵੱਲੋਂ ਪਾਸ ਕੀਤਾ ਗਿਆ ਨਾਗਰਿਕਤਾ ਸੋਧ ਕਾਨੂੰਨ, 2019 ਅਤੇ ਐੱਨ. ਆਰ. ਸੀ. ਨਾਗਰਿਕਾਂ ਦਾ ਰਾਸ਼ਟਰੀ ਰਜਿਸਟਰ ਹੈ। ਸਿਆਟਲ ਸਿਟੀ ਕੌਂਸਲ ਨੇ 2023 ਵਿੱਚ ਸਾਵੰਤ ਵੱਲੋਂ ਪੇਸ਼ ਕੀਤੇ ਗਏ ਇੱਕ ਮਤੇ ਦੇ ਅਧਾਰ 'ਤੇ ਸ਼ਹਿਰ ਦੇ ਵਿਤਕਰੇ ਵਿਰੋਧੀ ਕਾਨੂੰਨਾਂ ਵਿੱਚ ਜਾਤੀ ਵਿਤਕਰੇ ਨੂੰ ਸ਼ਾਮਲ ਕੀਤਾ ਸੀ ਅਤੇ ਇਸ ਤਰ੍ਹਾਂ ਸਿਆਟਲ ਜਾਤਪਾਤ 'ਤੇ ਪਾਬੰਦੀ ਲਗਾਉਣ ਵਾਲਾ ਪਹਿਲਾ ਅਮਰੀਕੀ ਸ਼ਹਿਰ ਬਣ ਗਿਆ ਸੀ ਅਤੇ ਦੱਖਣੀ ਏਸ਼ੀਆ ਤੋਂ ਬਾਹਰ ਅਜਿਹਾ ਕਾਨੂੰਨ ਪਾਸ ਕਰਨ ਵਾਲਾ ਦੁਨੀਆਂ ਦਾ ਪਹਿਲਾ ਸ਼ਹਿਰ ਬਣ ਗਿਆ।

ਇਸ ਕਾਨੂੰਨ, ਜੋ ਕਿ ਜਾਤ ਦੇ ਆਧਾਰ 'ਤੇ ਵਿਤਕਰੇ ਨੂੰ ਗੈਰ-ਕਾਨੂੰਨੀ ਠਹਿਰਾਉਂਦਾ ਹੈ, ਨੂੰ ਅਮਰੀਕਾ ਵਿੱਚ ਦੱਖਣੀ ਏਸ਼ੀਆਈ ਭਾਈਚਾਰਿਆਂ ਦਾ ਭਾਰੀ ਸਮਰਥਨ ਪ੍ਰਾਪਤ ਹੋਇਆ। ਹਾਲਾਂਕਿ ਇਸ ਅੰਦੋਲਨ ਨੂੰ ਕੁਝ ਭਾਰਤੀਆਂ ਤੇ ਅਮਰੀਕੀਆਂ ਦੇ ਵਿਰੋਧ ਦਾ ਵੀ ਸਾਹਮਣਾ ਕਰਨਾ ਪਿਆ। ਉਨ੍ਹਾਂ ਦੀ ਦਲੀਲ ਸੀ ਕਿ ਅਜਿਹਾ ਕਾਨੂੰਨ ਇੱਕ ਖਾਸ ਭਾਈਚਾਰੇ ਨੂੰ ਬਦਨਾਮ ਕਰਨ ਵਾਲਾ ਹੈ।

ਇਥੇ ਜ਼ਿਕਰਯੋਗ ਹੈ ਕਿ 17 ਅਕਤੂਬਰ 1973 ਨੂੰ ਮੁੰਬਈ ਵਿੱਚ ਦਰਮਿਆਨੇ ਤਬਕੇ ਦੇ ਪਰਵਾਰ ਵਿੱਚ ਜਨਮ ਲੈਣ ਵਾਲੀ ਛਮਾ ਸਾਵੰਤ ਯੂਨੀਵਰਸਿਟੀ ਦੀ ਪੜ੍ਹਾਈ ਪੂਰੀ ਕਰਕੇ ਉੱਚ ਸਿੱਖਿਆ ਹਾਸਲ ਕਰਨ ਲਈ ਅਮਰੀਕਾ ਚਲੇ ਗਈ ਸੀ, ਜਿੱਥੇ ਉਸ ਨੇ ਨਾਰਥ ਕੈਰੋਲਾਈਨਾ ਸਟੇਟ ਯੂਨੀਵਰਸਿਟੀ ਤੋਂ ਮਾਸਟਰ ਦੀ ਡਿਗਰੀ ਹਾਸਲ ਕੀਤੀ। ਅਮਰੀਕਾ ਵਿੱਚ ਰਹਿੰਦਿਆਂ ਉਸ ਨੇ ਸਮਾਜੀ ਨਿਆਂ ਤੇ ਮਜ਼ਦੂਰਾਂ ਦੇ ਹੱਕਾਂ ਦੇ ਮੁੱਦਿਆਂ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਉਸ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਸੋਸ਼ਲਿਸਟ ਅਲਟਰਨੇਟਿਵ ਨਾਂਅ ਦੀ ਜਥੇਬੰਦੀ ਨਾਲ ਕੀਤੀ, ਜਿਹੜੀ ਕਿ ਸਮਾਜਵਾਦੀ ਵਿਚਾਰਧਾਰਾ ਨੂੰ ਬੜ੍ਹਾਵਾ ਦਿੰਦੀ ਹੈ ਅਤੇ ਪੂੰਜੀਵਾਦ ਦੇ ਖ਼ਿਲਾਫ਼ ਸੰਘਰਸ਼ ਕਰਦੀ ਹੈ। 2013 ਵਿੱਚ ਉਹ ਸਿਆਟਲ ਸਿਟੀ ਕੌਂਸਲ ਦੀ ਮੈਂਬਰ ਚੁਣੀ ਗਈ ਸੀ। ਉਸ ਨੇ ਆਪਣੇ ਕਾਰਜਕਾਲ ਦੌਰਾਨ ਘੱਟੋ-ਘੱਟ ਮਜ਼ਦੂਰੀ ਵਧਾਉਣ, ਮਕਾਨ ਕਿਰਾਇਆਂ 'ਤੇ ਕੰਟਰੋਲ ਤੇ ਮਜ਼ਦੂਰਾਂ ਦੇ ਹੱਕਾਂ ਲਈ ਕਈ ਅਹਿਮ ਕਦਮ ਚੁੱਕੇ। 2020 ਵਿੱਚ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਨਾਗਰਿਕਤਾ ਸੋਧ ਕਾਨੂੰਨ (ਸੀ. ਏ. ਏ.) ਤੇ ਕੌਮੀ ਨਾਗਰਿਕ ਰਜਿਸਟਰ (ਐੱਨ. ਆਰ. ਸੀ.) ਖ਼ਿਲਾਫ਼ ਛਮਾ ਸਾਵੰਤ ਦੀ ਅਗਵਾਈ 'ਚ ਸਿਆਟਲ ਨਗਰ ਕੌਂਸਲ ਵਿੱਚ ਮਤਾ ਪਾਸ ਕੀਤਾ ਗਿਆ। ਅਮਰੀਕਾ 'ਚ ਇਸ ਤਰ੍ਹਾਂ ਦਾ ਇਹ ਪਹਿਲਾ ਕਦਮ ਸੀ। ਇਸ ਮਤੇ ਦੀ ਸੈਂਕੜੇ ਹਿੰਦੂਆਂ, ਮੁਸਲਮਾਨਾਂ, ਇਸਾਈਆਂ ਤੇ ਵੱਖ-ਵੱਖ ਅਮਰੀਕੀ ਮਜ਼ਦੂਰ ਜਥੇਬੰਦੀਆਂ ਨੇ ਹਮਾਇਤ ਕੀਤੀ। ਮੋਦੀ ਸਰਕਾਰ ਇਸ ਤੋਂ ਕਾਫ਼ੀ ਨਰਾਜ਼ ਹੋਈ। ਅਮਰੀਕਾ 'ਚ ਭਾਰਤੀ ਕੌਂਸਲਖਾਨੇ ਨੇ ਮਤੇ 'ਤੇ ਵੋਟਿੰਗ ਰੁਕਵਾਉਣ ਦੀ ਵੀ ਕੋਸ਼ਿਸ਼ ਕੀਤੀ ਸੀ। 2020 ਵਿੱਚ ਹੀ ਛਮਾ ਨੇ ਸਿਆਟਲ ਨਗਰ ਕੌਂਸਲ ਵਿੱਚ ਜਾਤੀ ਵਿਤਕਰੇ ਖ਼ਿਲਾਫ਼ ਮਤਾ ਪਾਸ ਕਰਵਾਇਆ ਸੀ। ਜਦੋਂ ਨਾਂਅ ਨਾਲ ਜਾਤ ਜੋੜਨ ਦੀ ਗੱਲ ਚੱਲੀ ਤਾਂ ਛਮਾ ਸਾਵੰਤ ਨੇ ਜਾਤ-ਵਿਰੋਧੀ ਜਥੇਬੰਦੀਆਂ ਨਾਲ ਮਿਲ ਕੇ ਸੰਘਰਸ਼ ਕੀਤਾ ਸੀ। ਉੱਥੇ ਰਹਿੰਦੇ ਆਰ. ਐੱਸ. ਐੱਸ. ਤੇ ਭਾਜਪਾ ਹਮਾਇਤੀ ਇਸ ਮਤੇ ਦੇ ਵਿਰੁੱਧ ਸਨ। ਸਿਆਟਲ ਨਗਰ ਕੌਂਸਲ ਨੇ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਕਾਲੇ ਖੇਤੀ ਕਾਨੂੰਨਾਂ ਖ਼ਿਲਾਫ਼ ਵੀ ਮਤਾ ਪਾਸ ਕੀਤਾ। ਸਾਵੰਤ ਦੀ ਸੋਚ ਹੈ ਕਿ ਜਦੋਂ ਤੁਸੀਂ ਇੱਕ ਮਾਰਕਸਵਾਦੀ, ਇੱਕ ਸਮਾਜਵਾਦੀ ਤੇ ਮਿਹਨਤਕਸ਼ ਵਰਗਾਂ ਦੇ ਲੋਕਾਂ ਲਈ ਲੜਨ ਵਾਲੇ ਵਿਅਕਤੀ ਬਣ ਜਾਂਦੇ ਹੋ ਤਾਂ ਕੌਮਾਂਤਰੀ ਪੱਧਰ 'ਤੇ ਸਥਾਪਤੀ ਦਾ ਹਰ ਵਿੰਗ ਦੁਸ਼ਮਣ ਬਣ ਜਾਂਦਾ ਹੈ, ਚਾਹੇ ਉਹ ਅਮਰੀਕਾ ਵਿਚ ਹੋਵੇ ਜਾਂ ਭਾਰਤ ਵਿੱਚ।

ਛਮਾ ਦੀ ਮਾਂ ਬੇਂਗਲੁਰੂ ਰਹਿੰਦੀ ਹੈ ਤੇ ਕਾਫ਼ੀ ਬਿਮਾਰ ਹੈ। ਛਮਾ ਨੇ ਪਿਛਲੇ ਸਾਲ 26 ਜੂਨ ਤੋਂ 15 ਜੁਲਾਈ ਤੱਕ ਲਈ ਈ-ਵੀਜ਼ੇ ਲਈ ਅਰਜ਼ੀ ਦਿੱਤੀ ਸੀ। ਵਿਦੇਸ਼ੀਆਂ ਨੂੰ ਸੈਰਸਪਾਟਾ, ਦੋਸਤਾਂ ਤੇ ਰਿਸ਼ਤੇਦਾਰਾਂ ਨੂੰ ਮਿਲਣ, ਇਲਾਜ ਤੇ ਘੱਟ ਸਮੇਂ ਦੇ ਯੋਗਾ ਪ੍ਰੋਗਰਾਮਾਂ ਲਈ ਈ-ਵੀਜ਼ਾ ਦਿੱਤਾ ਜਾਂਦਾ ਹੈ। ਭਾਰਤ ਸਰਕਾਰ ਨੇ ਬਿਨਾਂ ਕੋਈ ਕਾਰਨ ਦੱਸੇ 26 ਮਈ ਨੂੰ ਵੀਜ਼ਾ ਦੇਣ ਤੋਂ ਨਾਂਹ ਕਰ ਦਿੱਤੀ। ਫ਼ਿਰ ਅਪਲਾਈ ਕੀਤਾ ਤਾਂ ਉਸ ਦੇ ਪਤੀ ਨੂੰ ਵੀਜ਼ਾ ਦੇ ਦਿੱਤਾ ਗਿਆ, ਪਰ ਛਮਾ ਨੂੰ ਫ਼ਿਰ ਬਿਨਾਂ ਕੋਈ ਕਾਰਨ ਦੱਸੇ ਨਾਂਹ ਕਰ ਦਿੱਤੀ ਗਈ। ਛਮਾ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੂੰ ਵੀ ਪੱਤਰ ਲਿਖ ਚੁੱਕੀ ਹੈ ਕਿ ਉਸ ਦਾ ਮਾਂ ਕੋਲ ਹੋਣਾ ਜ਼ਰੂਰੀ ਹੈ, ਪਰ ਕੋਈ ਜਵਾਬ ਨਹੀਂ ਮਿਲਿਆ। 'ਸਬਕਾ ਸਾਥ, ਸਬਕਾ ਵਿਕਾਸ ਤੇ ਸਬਕਾ ਵਿਸ਼ਵਾਸ' ਦੇ ਨਾਅਰੇ ਲਾਉਣ ਵਾਲੀ ਮੋਦੀ ਸਰਕਾਰ ਦੀ ਸੋਚ ਦਾ ਛਮਾ ਸਾਵੰਤ ਦੇ ਮਾਮਲੇ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੇ ਦੇਸ਼ ਦੀ ਧੀ 'ਤੇ ਕਿੰਨਾ ਵਿਸ਼ਵਾਸ ਕਰਦੀ ਹੈ। ਸਾਫ਼ ਹੈ ਕਿ ਮੋਦੀ ਸਰਕਾਰ ਉਨ੍ਹਾਂ ਲੋਕਾਂ ਦੇ ਖਿਲਾਫ਼ ਹੈ, ਜਿਹੜੇ ਜਾਤੀ ਵਿਤਕਰੇ ਖ਼ਿਲਾਫ਼ ਲੜ ਰਹੇ ਹਨ, ਉਹ ਭਾਰਤ ਵਿਚ ਜਾਂ ਦੁਨੀਆ ਦੇ ਕਿਸੇ ਹੋਰ ਦੇਸ਼ ਵਿੱਚ।

# ਬਲਤੇਜ ਸਿੰਘ ਢਿੱਲੋਂ ਬ੍ਰਿਟਿਸ਼ ਕੋਲੰਬੀਆ ਲਈ ਸੁਤੰਤਰ ਸੈਨੇਟਰ ਵਜੋਂ ਸੈਨੇਟ 'ਚ ਨਿਯੁਕਤ

ਓਟਾਵਾ/ਏ.ਟੀ.ਨਿਊਜ਼ः ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਐਲਾਨ ਕੀਤਾ ਕਿ ਬਲਤੇਜ ਸਿੰਘ ਢਿੱਲੋਂ, ਜੋ ਸੇਵਾਮੁਕਤ ਆਰ.ਸੀ.ਐਮ.ਪੀ. ਅਧਿਕਾਰੀ ਹਨ ਅਤੇ ਲੰਬੇ ਸਮੇਂ ਤੋਂ ਸਮਾਜ ਸੇਵੀ ਹਨ, ਨੂੰ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਕੈਨੇਡਾ ਦੇ ਮਾਣਯੋਗ ਗਵਰਨਰ ਜਨਰਲ, ਮੈਰੀ ਸਾਈਮਨ ਨੇ ਮਾਰਟੀਨ ਹੇਬਰਟ (ਕਿਊਬੈਕ) ਅਤੇ ਟੌਡ ਲੇਵਿਸ (ਸਸਕੈਚਵਨ) ਦੇ ਨਾਲ ਸਰਦਾਰ ਢਿੱਲੋਂ ਦੀ ਨਿਯੁਕਤੀ ਦੀ ਅਧਿਕਾਰਤ ਤੌਰ 'ਤੇ ਪੁਸ਼ਟੀ ਕੀਤੀ ਗਈ ਹੈ।



ਵਰਨਣਯੋਗ ਹੈ ਕਿ ਸਰਦਾਰ ਢਿੱਲੋਂ ਨੇ 1991 ਵਿੱਚ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਿੱਚ ਸਿੱਖ ਪ੍ਰਤੀਨਿਧਤਾ ਲਈ ਰੁਕਾਵਟਾਂ ਨੂੰ ਤੋੜਦੇ ਹੋਏ, ਦਸਤਾਰ ਪਹਿਨਣ ਵਾਲੇ ਪਹਿਲੇ ਆਰ.ਸੀ. ਐਮ. ਪੀ. ਅਧਿਕਾਰੀ ਵਜੋਂ ਇਤਿਹਾਸ ਰਚਿਆ ਸੀ। 30 ਸਾਲਾਂ ਦੇ ਕੈਰੀਅਰ ਦੌਰਾਨ, ਉਹਨਾਂ ਨੇ ਉੱਚ-ਪ੍ਰੋਫਾਈਲ ਜਾਂਚਾਂ ਵਿੱਚ ਯੋਗਦਾਨ ਪਾਇਆ ਅਤੇ ਬਾਅਦ ਵਿੱਚ ਬੀ.ਸੀ. ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ ਜਦੋਂ ਕਿ ਯੁਵਾ ਸਲਾਹਕਾਰ ਵਿੱਚ ਸਰਗਰਮ ਰਹੇ ।

ਸੈਨੇਟ ਵਿੱਚ ਉਰਨਾਂ ਦੀ ਨਿਯੁਕਤੀ ਜਨਤਕ ਸੇਵਾ, ਵਿਭਿੰਨਤਾ ਅਤੇ ਭਾਈਚਾਰਕ ਲੀਡਰਸ਼ਿਪ ਪ੍ਰਤੀ ਉਹਨਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ।

ਸੈਨੇਟ ਕੈਨੇਡਾ ਦੇ ਸੰਸਦੀ ਲੋਕਤੰਤਰ ਵਿੱਚ ਉੱਚ ਸਦਨ ਹੈ। ਇਸ ਐਲਾਨ ਦੇ ਨਾਲ, ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਸਲਾਹ 'ਤੇ ਸੈਨੇਟ ਵਿੱਚ 93 ਸੁਤੰਤਰ ਨਿਯੁਕਤੀਆਂ ਕੀਤੀਆਂ ਗਈਆਂ ਹਨ। ਇਨ੍ਹਾਂ ਸਾਰਿਆਂ ਦੀ ਸਿਫਾਰਸ਼ ਸੁਤੰਤਰ ਸਲਾਹਕਾਰ ਬੋਰਡ ਦੁਆਰਾ ਕੀਤੀ ਗਈ ਸੀ।

# ਰੂਸ-ਯੂਕ੍ਰੇਨ ਜੰਗ ਖ਼ਤਮ ਕਰਨ ਲਈ ਸਰਗਰਮ ਹੋਏ ਟਰੰਪ, ਪੁਤਿਨ ਨਾਲ ਫ਼ੋਨ 'ਤੇ ਕੀਤੀ ਗੱਲਬਾਤ

## ਟਰੰਪ ਨੇ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਨਾਲ ਉਨ੍ਹਾਂ ਦੇ ਨੇ ਚੰਗੇ ਸਬੰਧ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਯੂਕ੍ਰੇਨ ਵਿੱਚ ਜੰਗ ਨੂੰ ਖਤਮ ਕਰਨ ਲਈ ਸਰਗਰਮ ਹੋ ਗਏ ਹਨ। ਉਨ੍ਹਾਂ ਨੇ ਇਸ ਬਾਰੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫ਼ੋਨ 'ਤੇ ਗੱਲ ਕੀਤੀ ਹੈ। 'ਨਿਊਯਾਰਕ ਪੋਸਟ' ਦੀ ਰਿਪੋਰਟ ਮੁਤਾਬਕ ਟਰੰਪ ਅਤੇ ਪੁਤਿਨ ਵਿਚਾਲੇ ਫ਼ੋਨ 'ਤੇ ਗੱਲਬਾਤ ਦੌਰਾਨ ਯੂਕ੍ਰੇਨ ਯੁੱਧ ਨੂੰ ਖਤਮ ਕਰਨ 'ਤੇ ਚਰਚਾ ਹੋਈ। ਟਰੰਪ ਨੇ ਦੱਸਿਆ ਕਿ ਪੁਤਿਨ ਵੀ ਚਾਹੁੰਦੇ ਹਨ ਕਿ ਲੋਕਾਂ ਦੀਆਂ ਮੌਤਾਂ ਬੰਦ ਹੋ ਜਾਣ। ਫ਼ਰਵਰੀ 2022 ਵਿੱਚ ਸ਼ੁਰੂ ਹੋਈ ਜੰਗ ਤੋਂ ਬਾਅਦ ਕਿਸੇ ਅਮਰੀਕੀ ਰਾਸ਼ਟਰਪਤੀ ਨਾਲ ਪੁਤਿਨ ਦੀ ਇਹ ਪਹਿਲੀ ਗੱਲਬਾਤ ਹੈ। ਟਰੰਪ ਨੇ ਕਿਹਾ ਕਿ ਜੇਕਰ ਉਹ 2022 ਵਿੱਚ ਰਾਸ਼ਟਰਪਤੀ ਹੁੰਦੇ ਤਾਂ ਇਹ ਜੰਗ ਕਦੇ ਸ਼ੁਰੂ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਰੂਸ ਦੇ ਰਾਸ਼ਟਰਪਤੀ ਨਾਲ ਉਨ੍ਹਾਂ ਦੇ ਚੰਗੇ ਸਬੰਧ ਹਨ।

ਇਸ ਦੇ ਨਾਲ ਹੀ ਡੋਨਾਲਡ ਟਰੰਪ ਨੇ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ 'ਤੇ ਹਮਲਾ ਬੋਲਦੇ ਹੋਏ ਕਿਹਾ ਕਿ ਬਾਈਡੇਨ ਸਾਡੇ ਦੇਸ਼ ਲਈ ਕਿਸੇ ਨਮੋਸ਼ੀ ਤੋਂ ਘੱਟ ਨਹੀਂ ਹਨ। ਬਾਈਡੇਨ ਨੇ ਦੇਸ਼ ਲਈ ਸ਼ਰਮਨਾਕ ਸਥਿਤੀ ਪੈਦਾ ਕਰ ਦਿੱਤੀ ਹੈ ਜਿਸ ਨੂੰ ਠੀਕ ਕਰਨ ਵਿੱਚ ਕੁਝ ਸਮਾਂ ਲੱਗੇਗਾ ਅਤੇ ਅਸੀਂ ਵੀ ਅਜਿਹਾ ਹੀ ਕਰ ਰਹੇ ਹਾਂ। ਟਰੰਪ ਨੇ ਕਿਹਾ ਕਿ ਉਨ੍ਹਾਂ ਕੋਲ ਰੂਸ ਅਤੇ ਯੂਕ੍ਰੇਨ ਵਿਚਾਲੇ ਚੱਲ ਰਹੇ ਯੁੱਧ ਨੂੰ ਖਤਮ ਕਰਨ ਦੀ ਠੋਸ ਯੋਜਨਾ ਹੈ। ਉਮੀਦ ਹੈ ਕਿ ਇਹ ਜਲਦੀ ਹੀ ਹੋਵੇਗਾ। ਟਰੰਪ ਨੇ ਕਿਹਾ ਕਿ ਇਹ ਜੰਗ ਬਹੁਤ ਮਾੜੀ ਹੈ ਅਤੇ ਉਹ ਇਸ ਨੂੰ ਖਤਮ ਕਰਨਾ ਚਾਹੁੰਦੇ ਹਨ।




ਟਰੰਪ ਕਈ ਵਾਰ ਕਹਿ ਚੁੱਕੇ ਹਨ ਕਿ ਉਹ ਯੁੱਧ ਨੂੰ ਖਤਮ ਕਰਨਾ ਚਾਹੁੰਦੇ ਹਨ ਅਤੇ ਉਹ ਇਸ 'ਤੇ ਚਰਚਾ ਕਰਨ ਲਈ ਰੂਸੀ ਰਾਸ਼ਟਰਪਤੀ ਪੁਤਿਨ ਨਾਲ ਮੁਲਾਕਾਤ ਕਰਨਗੇ, ਹਾਲਾਂਕਿ ਦੋਵਾਂ ਨੇਤਾਵਾਂ ਵਿਚਾਲੇ ਇਹ ਮੁਲਾਕਾਤ ਕਦੋਂ ਹੋਵੇਗੀ, ਇਸ ਬਾਰੇ ਫ਼ਿਲਹਾਲ ਜਾਣਕਾਰੀ ਜਨਤਕ ਨਹੀਂ ਕੀਤੀ ਗਈ ਹੈ। ਰਾਇਟਰਜ਼ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਖ਼ਬਰ ਦਿੱਤੀ ਸੀ ਕਿ ਰੂਸ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਵਿੱਚ ਦੋਵਾਂ ਦੇਸ਼ਾਂ ਦੇ ਨੇਤਾਵਾਂ ਨੂੰ ਮਿਲਣਾ ਚਾਹੁੰਦਾ ਹੈ, ਪਿਛਲੇ ਸਾਲ 14 ਜੂਨ ਨੂੰ ਪੁਤਿਨ ਨੇ ਜੰਗ ਨੂੰ ਤੁਰੰਤ ਖਤਮ ਕਰਨ ਲਈ ਆਪਣੀਆਂ ਸ਼ਰਤਾਂ ਅੱਗੇ ਰੱਖੀਆਂ ਸਨ, ਜਿਸ ਅਨੁਸਾਰ ਯੂਕਰੇਨ ਨੂੰ ਆਪਣੀਆਂ ਨਾਟੋ ਦੀਆਂ ਇੱਛਾਵਾਂ ਨੂੰ ਛੱਡਣਾ ਹੋਵੇਗਾ ਅਤੇ ਯੂਕਰੇਨ ਦੇ ਚਾਰੇ ਖੇਤਰਾਂ ਤੋਂ ਆਪਣੀਆਂ ਫ਼ੌਜਾਂ ਨੂੰ ਵਾਪਸ ਲੈਣਾ ਹੋਵੇਗਾ।

ਦੇਖਿਆ ਜਾਵੇ ਤਾਂ ਇਸ ਜੰਗ ਦਾ ਸਿੱਧਾ ਜਾਂ ਅਸਿੱਧਾ ਅਸਰ ਸਮੁੱਚੇ ਸੰਸਾਰ ਤੇ ਖਾਸ ਕਰਕੇ ਅਮਰੀਕਾ ਦੀ ਆਰਥਿਕਤਾ ਤੇ ਕੁਝ ਮੁਲਕਾਂ ਦੇ ਅਰਥਚਾਰਿਆਂ 'ਤੇ ਇਸ ਦਾ ਡਾਢਾ ਅਸਰ ਪਿਆ ਹੈ। ਇਸ ਵਕਤ ਸੰਸਾਰ ਭਰ ਵਿੱਚ ਮਹਿੰਗਾਈ ਬਹੁਤ ਮੂੰਹਜ਼ੋਰ ਹੋ ਗਈ ਹੈ ਅਤੇ ਕਮਜ਼ੋਰ ਅਰਥਚਾਰੇ ਡਾਵਾਂਡੋਲ ਹੋ ਗਏ ਹਨ। ਜੇਕਰ ਜੰਗ ਨਾ ਰੁਕੀ ਤਾਂ ਸਾਫ਼ ਹੈ ਕਿ ਇਸ ਹਮਲੇ ਨਾਲ ਦੁਨੀਆਂ ਦੇ ਦੇਸ਼ਾਂ ਦੀ ਇੱਕ ਨਵੀਂ ਸਫ਼ਬੰਦੀ ਬਣ ਸਕਦੀ ਹੈ ਅਤੇ ਇੱਕ ਵਾਰ ਫ਼ਿਰ ਤੋਂ ਸ਼ੀਤ ਯੁੱਧ ਦਾ ਉਹੀਓ ਸਾਢੇ ਤਿੰਨ ਦਹਾਕਿਆਂ ਪਹਿਲਾਂ ਵਾਲਾ ਦੌਰ ਵਾਪਸ ਆ ਸਕਦਾ ਹੈ, ਜਿਸ ਵਿੱਚ ਕੁਝ ਦੇਸ਼ ਰੂਸ ਨਾਲ ਅਤੇ ਕੁਝ ਅਮਰੀਕੀ ਧੜੇ ਨਾਲ ਖੜ੍ਹੇ ਵਿਖਾਈ ਦੇ ਸਕਦੇ ਹਨ। ਵਿਸ਼ਵ ਜੰਗ ਦੀ ਸੰਭਾਵਨਾ ਬਣ ਸਕਦੀ ਹੈ।

# ਅੰਮ੍ਰਿਤਸਰ ਹਵਾਈ ਅੱਡੇ ’ਤੇ ਯਾਤਰੂਆਂ ਦੀ ਗਿਣਤੀ ’ਚ ਰਿਕਾਰਡ ਵਾਧਾ

## ਸਾਲ 2024 ਦੌਰਾਨ 34 ਲੱਖ 25 ਹਜ਼ਾਰ ਤੋਂ ਵੱਧ ਯਾਤਰੂਆਂ ਦੀ ਆਵਾਜਾਈ ਦਰਜ

ਅੰਮ੍ਰਿਤਸਰ/ਏ.ਟੀ.ਨਿਊਜ਼: ਇੱਥੋਂ ਦੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ’ਤੇ ਬੀਤੇ ਸਾਲ 2024 ਦੌਰਾਨ ਲਗਭਗ 34 ਲੱਖ 25 ਹਜ਼ਾਰ ਤੋਂ ਵੱਧ ਯਾਤਰੂਆਂ ਦੀ ਆਵਾਜਾਈ ਦਰਜ ਕੀਤੀ ਗਈ ਹੈ। ਇਹ ਖੁਲਾਸਾ ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਨਾਂ ਦੀ ਜਥੇਬੰਦੀ ਵੱਲੋਂ ਕੀਤਾ ਗਿਆ ਹੈ।

ਜਥੇਬੰਦੀ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਹਵਾਈ ਅੱਡੇ ’ਤੇ ਦਸੰਬਰ 2024 ਮਹੀਨੇ ਵਿੱਚ ਸਭ ਤੋਂ ਵੱਧ ਯਾਤਰੀਆਂ ਦੀ ਆਵਾਜਾਈ ਦਰਜ ਹੋਈ ਹੈ। ਏਅਰਪੋਰਟ ਅਥਾਰਟੀ ਆਫ ਇੰਡੀਆ ਵੱਲੋਂ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਦੇ ਮੁਤਾਬਕ ਦਸੰਬਰ 2024 ਵਿੱਚ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਲਗਭਗ 3 ਲੱਖ 40 ਹਜ਼ਾਰ ਤੋਂ ਵੱਧ ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਗਈ ਹੈ ਜਿਸ ਵਿੱਚ 2 ਲੱਖ 29 ਘਰੇਲੂ ਯਾਤਰੂ ਅਤੇ ਇਕ ਲੱਖ 11 ਹਜ਼ਾਰ ਅੰਤਰਰਾਸ਼ਟਰੀ ਯਾਤਰੀ ਸ਼ਾਮਿਲ ਹਨ। ਉਨ੍ਹਾਂ ਦੱਸਿਆ ਕਿ ਸਾਲ 2024 ਵਿੱਚ ਇਸ ਹਵਾਈ ਅੱਡੇ ’ਤੇ ਲਗਭਗ 34 ਲੱਖ 25 ਹਜ਼ਾਰ 657 ਯਾਤਰੀਆਂ ਦੀ ਆਵਾਜਾਈ ਦਰਜ ਕੀਤੀ ਗਈ ਹੈ ਜਦੋਂ ਕਿ ਪਿਛਲੇ ਵਰ੍ਹੇ 2023 ਵਿੱਚ ਇਸ ਹਵਾਈ ਅੱਡੇ ’ਤੇ ਲਗਭਗ 29 ਲੱਖ 44 ਯਾਤਰੀਆਂ ਦੀ ਆਵਾਜਾਈ ਦਰਜ ਹੋਈ ਸੀ। ਬੀਤੇ ਸਾਲ ਵਿੱਚ ਲਗਭਗ 23 ਲੱਖ ਤੋਂ ਵਧੇਰੇ ਘਰੇਲੂ ਅਤੇ 11 ਲੱਖ ਤੋਂ ਵਧੇਰੇ ਅੰਤਰਾਸ਼ਟਰੀ ਯਾਤਰੀਆਂ ਨੇ ਇਸ ਹਵਾਈ ਅੱਡੇ ਤੋਂ ਸਫਰ ਕੀਤਾ ਹੈ। ਉਨ੍ਹਾਂ ਕਿਹਾ ਕਿ ਯਾਤਰੀਆਂ ਦੀ ਵਧ ਰਹੀ ਗਿਣਤੀ



ਦਾ ਵੱਡਾ ਕਾਰਨ ਇਹੀ ਹੈ ਕਿ ਪੰਜਾਬੀ ਦਿੱਲੀ ਹਵਾਈ ਅੱਡੇ ਰਾਹੀਂ ਹਵਾਈ ਸਫਰ ਕਰਨ ਦੀ ਥਾਂ ਪੰਜਾਬ ਦੇ ਅੰਮ੍ਰਿਤਸਰ ਹਵਾਈ ਅੱਡੇ ਨੂੰ ਤਰਜੀਹ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਯਾਤਰੀਆਂ ਦੀ ਵਧ ਰਹੀ ਆਵਾਜਾਈ ਨੂੰ ਦੇਖਦੇ ਹੋਏ ਹਵਾਈ ਅੱਡੇ ਦੇ ਟਰਮੀਨਲ ਦਾ ਤੁਰੰਤ ਵਿਸਥਾਰ ਕਰਨ ਦੀ ਲੋੜ ਹੈ, ਇੱਥੇ ਪਾਰਕਿੰਗ ਅਤੇ ਹੋਰ ਯਾਤਰੂ ਸਹੂਲਤਾਂ ਵਿੱਚ ਵੀ ਸੁਧਾਰ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲੋਂ ਮੰਗ ਕੀਤੀ ਗਈ ਹੈ ਕਿ ਇਥੋਂ ਵੱਖ ਵੱਖ ਸ਼ਹਿਰਾਂ ਵਾਸਤੇ ਬੱਸ ਸੇਵਾ ਸ਼ੁਰੂ ਕੀਤੀ ਜਾਵੇ ਪਰ ਹੁਣ ਤੱਕ ਪੰਜਾਬ ਸਰਕਾਰ ਵੱਲੋਂ ਇਸ ਮੰਗ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਵਾਈ ਆਵਾਜਾਈ ਵਧਣ ਨਾਲ ਹਵਾਈ ਅੱਡੇ ਦੀ ਆਮਦਨ ਵਿੱਚ ਵਾਧਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਵੇਲੇ ਅੰਮ੍ਰਿਤਸਰ ਦੇ ਹਵਾਈ ਅੱਡੇ ਤੋਂ ਦਸ ਅੰਤਰਰਾਸ਼ਟਰੀ ਉਡਾਨਾਂ ਅਤੇ 12 ਘਰੇਲੂ ਹਵਾਈ ਉਡਾਨਾਂ ਚੱਲ ਰਹੀਆਂ ਹਨ। ਅੰਤਰਰਾਸ਼ਟਰੀ ਹਵਾਈ ਉਡਾਨਾਂ ਲੰਡਨ, ਬਰਮਿੰਘਮ ਮਿਲਾਨ, ਰੋਮ, ਦੁਬਈ, ਸ਼ਾਰਜਾਹ, ਦੋਹਾ, ਸਿੰਗਾਪੁਰ, ਕੁਆਲੰਮਪੁਰ, ਬੈਂਕਾਕ ਸਮੇਤ ਹੋਰ ਮੁਲਕਾਂ ਵਿੱਚ ਆ ਜਾ ਰਹੀਆਂ ਹਨ

# ਇਸ ਵਾਰ ਅਮਰੀਕੀ ਜਹਾਜ਼ ਆਵੇ ਤਾਂ ਉਸ ਨੂੰ ਰਨਵੇਅ ’ਤੇ ਨਾ ਉਤਰਨ ਦਿਓ : ਅੰਮ੍ਰਿਤਪਾਲ ਸਿੰਘ

ਚੰਡੀਗੜ੍ਹ/ਏ.ਟੀ.ਨਿਊਜ਼: ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਖ਼ਾਲਿਸਤਾਨ ਸਮਰਥਕ ਅੰਮ੍ਰਿਤਪਾਲ ਸਿੰਘ ਨੇ ਅਮਰੀਕਾ ਤੋਂ ਸਿੱਖਾਂ ਨੂੰ ਦੇਸ਼ ਨਿਕਾਲਾ ਦੇਣ ’ਤੇ ਸਖ਼ਤ ਇਤਰਾਜ਼ ਜਤਾਇਆ ਹੈ। ਉਨ੍ਹਾਂ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਭਵਿੱਖ ਵਿੱਚ ਜੇਕਰ ਅਮਰੀਕਾ ਤੋਂ ਡਿਪੋਰਟ ਕੀਤੇ ਗਏ ਲੋਕਾਂ ਨੂੰ ਲੈ ਕੇ ਕੋਈ ਜਹਾਜ਼ ਅੰਮ੍ਰਿਤਸਰ ਪਹੁੰਚਦਾ ਹੈ ਤਾਂ ਉਹ ਰਨਵੇਅ ’ਤੇ ਹੀ ਵਿਰੋਧ ਪ੍ਰਦਰਸ਼ਨ ਕਰਨ ਅਤੇ ਇਸਨੂੰ ਉਤਰਨ ਨਾ ਦੇਣ। ਉਨ੍ਹਾਂ ਕਿਹਾ ਕਿ ਇੱਕ ਵੀ ਸਿੱਖ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਨਹੀਂ ਦਿੱਤਾ ਜਾਣਾ ਚਾਹੀਦਾ। ਐਨ.ਐਸ.ਏ. ਅਧੀਨ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਨੇ ਇਹ ਅਪੀਲ ਆਪਣੇ ਪਿਤਾ ਤਰਸੇਮ ਸਿੰਘ ਰਾਹੀਂ ਕੀਤੀ ਹੈ। ਅੰਮ੍ਰਿਤਪਾਲ ਸਿੰਘ ਨਾਲ ਗੱਲ ਕਰਨ ਤੋਂ ਬਾਅਦ, ਉਸਦੇ ਪਿਤਾ ਤਰਸੇਮ ਸਿੰਘ ਨੇ ਇੱਕ ਪੱਤਰ ਵੀ ਜਾਰੀ ਕੀਤਾ ਹੈ ਜਿਸ ਵਿੱਚ ਉਸਨੇ ਪੰਜਾਬੀਆਂ ਨੂੰ ਦੇਸ਼ ਨਿਕਾਲਾ ਦੇਣ ਅਤੇ ਅਮਰੀਕੀ ਫ਼ੌਜੀ ਜਹਾਜ਼ ਵਿੱਚ ਹੱਥਕੜੀਆਂ ਅਤੇ ਜ਼ੰਜੀਰਾਂ ਨਾਲ ਅੰਮ੍ਰਿਤਸਰ ਭੇਜਣ ’ਤੇ ਦੁੱਖ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਇੱਕ ਸੰਸਦ ਮੈਂਬਰ ਹੋਣ ਦੇ ਨਾਤੇ, ਉਹ ਇਸ ਸਬੰਧੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੀ ਇੱਕ ਪੱਤਰ ਲਿਖਣਗੇ।



ਅੰਮ੍ਰਿਤਪਾਲ ਨੇ ਅਮਰੀਕਾ ਵਿੱਚ ਰਹਿੰਦੇ ਸਿੱਖਾਂ ਨੂੰ ਵੀ ਅਪੀਲ ਕੀਤੀ ਹੈ ਕਿ ਉਹ ਟਰੰਪ ਦੇ ਇਸ ਫੈਸਲੇ ਦਾ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਵਿਰੋਧ ਕਰਨ ਅਤੇ ਉਨ੍ਹਾਂ ’ਤੇ ਦਬਾਅ ਬਣਾਉਣ ਤਾਂ ਜੋ ਉਹ ਸਿੱਖ ਨੌਜਵਾਨਾਂ ਨੂੰ ਡਿਪੋਰਟ ਨਾ ਕਰਨ। ਉਨ੍ਹਾਂ ਇਹ ਵੀ ਸੁਝਾਅ ਦਿੱਤਾ ਕਿ ਜੇਕਰ ਦੇਸ਼ ਨਿਕਾਲਾ ਦੇਣਾ ਹੈ, ਤਾਂ ਉਨ੍ਹਾਂ ਨੂੰ ਘੱਟੋ-ਘੱਟ ਤਿੰਨ ਸਾਲ ਅਮਰੀਕਾ ਵਿੱਚ ਰਹਿਣ ਦਾ ਮੌਕਾ ਦਿੱਤਾ ਜਾਣਾ ਚਾਹੀਦਾ ਹੈ ਤਾਂ ਜੋ ਨੌਜਵਾਨ ਅਮਰੀਕਾ ਪਹੁੰਚਣ ਲਈ ਵੱਡੀ ਰਕਮ ਖਰਚ ਕਰਕੇ ਲਏ ਗਏ ਜੋਖ਼ਮ ਨੂੰ ਵਾਪਸ ਕਮਾ ਸਕਣ।

# ਮੁੜ ਸਰਗਰਮ ਹੋਣਗੇ ਐੱਨ.ਆਰ.ਆਈ. ਸਭਾ ਦੇ ਜ਼ਿਲ੍ਹਾ ਯੂਨਿਟ, ਵੱਧ ਕੇ ਗਿਣਤੀ ਹੋਵੇਗੀ 18

ਜਲੰਧਰ/ਏ.ਟੀ.ਨਿਊਜ਼: ਐੱਨ.ਆਰ. ਆਈ. ਸਭਾ ਪੰਜਾਬ ਦੇ ਬੰਦ ਪਏ ਜ਼ਿਲ੍ਹਾ ਯੂਨਿਟਾਂ ਦੀ 14 ਸਾਲ ਬਾਅਦ ਮੁੜ ਸੁਰਜੀਤੀ ਦਾ ਰਾਹ ਖੁੱਲ੍ਹ ਗਿਆ ਹੈ। ਸਭਾ ਵੱਲੋਂ ਜਲਦ ਹੀ ਜ਼ਿਲ੍ਹਾ ਯੂਨਿਟ ਮੁੜ ਸੁਰਜੀਤ ਕੀਤੇ ਜਾ ਰਹੇ ਹਨ। ਸਭਾ ਦੀ ਪ੍ਰਧਾਨ ਪਰਵਿੰਦਰ ਕੌਰ ਬੰਗਾ ਤੇ ਸੀਨੀਅਰ ਵਾਈਸ ਪ੍ਰਧਾਨ ਸਤਨਾਮ ਸਿੰਘ ਚਾਨਾ ਦੀ ਅਗਵਾਈ ਹੇਠ ਪ੍ਰਕਿਰਿਆ ਆਰੰਭ ਦਿੱਤੀ ਗਈ ਹੈ। ਜ਼ਿਲ੍ਹਾ ਯੂਨਿਟਾਂ ਦੇ ਗਠਨ ਦੇ ਨਾਲ ਹੀ ਪਰਵਾਸੀ ਭਾਰਤੀਆਂ ਦੀ ਵਧਦੀ ਗਿਣਤੀ ਨੂੰ ਦੇਖਦਿਆਂ ਪੰਜਾਬ ਦੇ ਕੁਝ ਹੋਰ ਜ਼ਿਲ੍ਹਿਆਂ ’ਚ ਜ਼ਿਲ੍ਹਾ ਯੂਨਿਟ ਸਥਾਪਤ ਕੀਤੇ ਜਾ ਰਹੇ ਹਨ। ਹਾਲਾਂਕਿ ਸਭਾ ਵੱਲੋਂ ਪੁਰਾਣੇ ਜ਼ਿਲ੍ਹਾ ਯੂਨਿਟਾਂ ਦੇ ਆਡਿਟ ਵਿੱਚ ਕਈ ਤਰ੍ਹਾਂ ਦੀਆਂ ਫੰਡਾਂ ਤੇ ਸੰਚਾਲਨ ਨਾਲ ਸਬੰਧਤ ਬੇਨਿਯਮੀਆਂ ਸਾਹਮਣੇ ਆਈਆਂ ਹਨ। ਸਭਾ ਵੱਲੋਂ ਇਨ੍ਹਾਂ ਬੇਨਿਯਮੀਆਂ ਤੇ ਫੰਡਾਂ ਦੀ



ਦੁਰਵਰਤੋਂ ਬਾਰੇ ਵੀ ਗੰਭੀਰਤਾ ਨਾਲ ਜਾਂਚ ਕਰਵਾਈ ਜਾ ਰਹੀ ਹੈ। ਪ੍ਰਧਾਨ ਬੰਗਾ ਨੇ ਕਿਹਾ ਕਿ ਸਭਾ ਦੇ ਮੁੱਖ ਦਫਤਰ ਦਾ ਪ੍ਰਬੰਧ ਠੀਕ ਕਰਨ ਤੇ ਹੋਰ ਅਹੁਦੇਦਾਰਾਂ ਦੀ ਨਿਯੁਕਤੀ ਤੋਂ ਬਾਅਦ ਹੁਣ ਉਨ੍ਹਾਂ ਨੇ ਜ਼ਿਲ੍ਹਾ ਪੱਧਰ ’ਤੇ ਗਠਿਤ ਯੂਨਿਟਾਂ ਨੂੰ ਸਰਗਰਮ ਕਰਨ ਲਈ ਪ੍ਰਕਿਰਿਆ ਆਰੰਭੀ ਹੈ। ਜ਼ਿਲ੍ਹਾ ਯੂਨਿਟਾਂ ਦੇ ਆਡਿਟ ਦੌਰਾਨ ਵੱਡੇ ਪੱਧਰ ’ਤੇ ਫੰਡਾਂ ਦੀ ਦੁਰਵਰਤੋਂ ਹੋਣ ਬਾਰੇ ਖੁਲਾਸੇ ਹੋਏ ਹਨ। ਇਨ੍ਹਾਂ ਦੀ ਜਾਂਚ ਕਰਵਾਈ ਜਾ ਰਹੀ ਹੈ, ਜੋ ਵੀ ਜ਼ਿੰਮੇਵਾਰ ਹੋਵੇਗਾ, ਉਸ ਖ਼ਿਲਾਫ਼ ਬਣਦੀ ਕਾਰਵਾਈ ਕੀਤੀ ਜਾਵੇਗੀ।

**14 ਸਾਲ ਪਹਿਲਾਂ ਹੋਈ ਸੀ ਜ਼ਿਲ੍ਹਾ ਪ੍ਰਧਾਨਾਂ ਦੀ ਚੋਣ**

ਐੱਨ.ਆਰ.ਆਈ. ਸਭਾ ਪੰਜਾਬ ਦੇ ਹੋਂਦ ਵਿੱਚ ਆਉਣ ਦੇ ਨਾਲ ਹੀ ਜ਼ਿਲ੍ਹਾ ਪੱਧਰੀ ਐੱਨ.ਆਰ.ਆਈ. ਸਭਾਵਾਂ ਦਾ ਗਠਨ ਕੀਤਾ ਗਿਆ ਸੀ, ਜਿਨ੍ਹਾਂ ’ਚ ਪਰਵਾਸੀ ਪੰਜਾਬੀਆ ਦੀ ਗਿਣਤੀ ਵਧੇਰੇ ਸੀ। ਇਸ ਤਰ੍ਹਾਂ ਸੂਬੇ ਦੇ 14 ਜ਼ਿਲ੍ਹਿਆਂ ’ਚ ਐੱਨ.ਆਰ.ਆਈ. ਸਭਾਵਾਂ ਦੇ ਜ਼ਿਲ੍ਹਾ ਪ੍ਰਧਾਨ ਵੀ ਬਣਾਏ ਜਾਂਦੇ ਰਹੇ ਸਨ ਪਰ 2011 ਤੋਂ ਬਾਅਦ ਜ਼ਿਲ੍ਹਾ ਯੂਨਿਟਾਂ ਦੇ ਪ੍ਰਧਾਨਾਂ ਤੇ ਹੋਰ ਅਹੁਦੇਦਾਰਾਂ ਦੀ ਚੋਣ ਹੀ ਨਹੀਂ ਕਰਵਾਈ। 14 ਸਾਲਾਂ ਦੇ ਇਸ ਵਕਫੇ ਦੌਰਾਨ ਐੱਨ.ਆਰ.ਆਈ. ਸਭਾ ਪੰਜਾਬ ਦੇ ਚਾਰ ਪ੍ਰਧਾਨ ਬਣ ਚੁੱਕੇ ਸਨ ਪਰ ਜ਼ਿਲ੍ਹਾ ਇਕਾਈਆਂ ਦੇ ਗਠਨ ਵੱਲ ਕਿਸੇ ਨੇ ਵੀ ਧਿਆਨ ਨਹੀਂ ਦਿੱਤਾ ਸੀ। (ਬਾਕੀ ਸਫ਼ਾ 30 ’ਤੇ)

# ਪੰਜ ਵਰ੍ਹਿਆਂ ’ਚ ‘ਬੁਲੇਟ ਤੇ ਥਾਰ’ ਦੇ ਸ਼ੌਕੀਨ ਪੰਜਾਬੀਆਂ ਨੇ ਕਰੀਬ ਸੱਤ ਹਜ਼ਾਰ ਕਰੋੜ ਰੁਪਏ ਖ਼ਰਚੇ

## ਬੀਤੇ ਪੰਜ ਸਾਲਾਂ ਵਿੱਚ ਬੁਲੇਟ ਉੱਪਰ 3327.25 ਕਰੋੜ ਰੁਪਏ ਖ਼ਰਚੇ

ਪੰਜ ਵਰ੍ਹਿਆਂ ਵਿੱਚ ‘ਬੁਲੇਟ ਤੇ ਥਾਰ’ ਦਾ ਸ਼ੌਕੀਨ ਪੰਜਾਬੀਆਂ ਨੇ ਕਰੀਬ ਸੱਤ ਹਜ਼ਾਰ ਕਰੋੜ ਰੁਪਏ ਖ਼ਰਚ ਦਿੱਤੇ ਹਨ। ਮਹਿੰਦਰਾ ਐਂਡ ਮਹਿੰਦਰਾ ਕੰਪਨੀ ਨੇ ਅਕਤੂਬਰ 2020 ਵਿੱਚ ਥਾਰ ਜੀਪ ਨੂੰ ਲਾਂਚ ਕੀਤਾ ਸੀ। ਪੰਜਾਬੀਆਂ ਨੂੰ ਗੱਡੀਆਂ ਦਾ ਸ਼ੌਕ ਤਾਂ ਹੁੰਦਾ ਹੈ, ਪਰ ਥਾਰ ਨੂੰ ਲੈ ਕੇ ਇਨ੍ਹਾਂ ਦੀ ਦਿਵਾਨਗੀ ਤਾਂ ਵੇਖਦਿਆਂ ਹੀ ਬਣਦੀ ਹੈ। ਥਾਰ ਗੱਡੀ ਥੱਲੇ ਹੋਵੇ ਤੇ ਪੰਜਾਬੀ ਗਭਰੂ ਉਸ ਨੂੰ ਚਲਾ ਰਿਹਾ ਹੋਵੇ ਤਾਂ ਬੱਸ ਫ਼ਿਰ ਹੋਰ ਕੀ ਚਾਹੀਦਾ ਹੈ। ਪੰਜਾਬੀ ਗਾਣੇ ਅਤੇ ਫ਼ਿਲਮਾਂ ਵਿੱਚ ਵੀ ਥਾਰ ਦਾ ਕ੍ਰੇਜ਼ ਬਹੁਤ ਜ਼ਿਆਦਾ ਹੁੰਦਾ ਹੈ।


ਸਾਲ 2020-21 ਤੋਂ ਅਕਤੂਬਰ 2024 ਤੱਕ ਸਮੁੱਚੇ ਦੇਸ਼ ਵਿੱਚ 2.07 ਲੱਖ ਥਾਰ ਜੀਪਾਂ ਦੀ ਵਿਕਰੀ ਹੋਈ ਹੈ, ਜਦੋਂ ਕਿ ਇਕੱਲੇ ਪੰਜਾਬ ਵਿੱਚ ਇਨ੍ਹਾਂ ਪੰਜ ਵਰ੍ਹਿਆਂ ’ਚ 24,794 ਥਾਰ ਜੀਪਾਂ ਵਿਕੀਆਂ। ਪਹਿਲਾਂ ਤਿੰਨ ਤਾਕੀਆਂ ਵਾਲੀ ਅਤੇ ਹੁਣ ਪੰਜ ਤਾਕੀਆਂ ਵਾਲੀ ਥਾਰ ਬਾਜ਼ਾਰ ਵਿੱਚ ਹੈ। ਥਾਰ ਦੀ ਕੀਮਤ 13 ਲੱਖ ਤੋਂ 20 ਲੱਖ ਤੱਕ ਦੱਸੀ ਜਾ ਰਹੀ ਹੈ।

ਸਾਲ 2024 ਦੇ ਨਵੰਬਰ ਮਹੀਨੇ ਤੱਕ ਪੰਜਾਬ ਵਿੱਚ 5211 ਥਾਰ ਜੀਪਾਂ ਦੀ ਵਿਕਰੀ ਹੋਈ ਹੈ, ਜਦੋਂ ਕਿ ਸਾਲ 2023-24 ਵਿੱਚ 8951 ਥਾਰ ਜੀਪਾਂ ਵਿਕੀਆਂ ਸਨ। ਸਾਲ 2020-21 ਵਿੱਚ



ਸਿਰਫ਼ 708 ਥਾਰ ਜੀਪਾਂ ਸੂਬੇ ਵਿੱਚ ਵਿਕੀਆਂ ਸਨ। ਇੰਝ ਹੀ ਸਾਲ 2021-22 ਵਿੱਚ 4354 ਅਤੇ ਸਾਲ 2022-23 ਵਿੱਚ 5570 ਥਾਰ ਜੀਪਾਂ ਦੀ ਵਿਕਰੀ ਹੋਈ। ਪ੍ਰਤੀ ਜੀਪ 15 ਲੱਖ ਦਾ ਖ਼ਰਚਾ ਵੀ ਮੰਨੀਏ ਤਾਂ ਇਨ੍ਹਾਂ ਪੰਜ ਵਰ੍ਹਿਆਂ ਵਿੱਚ 3719.10 ਕਰੋੜ ਰੁਪਏ ਖ਼ਰਚ ਕੀਤੇ। ਸਾਲ 2023-24 ਵਿੱਚ ਇਕੱਲੀ 13.71 ਫ਼ੀਸਦੀ ਥਾਰ ਦੀ ਵਿਕਰੀ ਪੰਜਾਬ ਵਿੱਚ ਰਹੀ ਹੈ।

ਰਾਇਲ ਇਨਫ਼ੀਲਡ (ਬੁਲੇਟ) ਦੀ ਸਦਾਬਹਾਰ ਮੰਗ ਪੰਜਾਬ ਵਿੱਚ ਰਹੀ ਹੈ। ਪੰਜਾਬ ਵਿੱਚ ਮੌਜੂਦਾ ਸਮੇਂ ਵਿੱਚ 5.01 ਲੱਖ ਬੁਲੇਟ ਮੋਟਰਸਾਈਕਲ ਰਜਿਸਟਰਡ ਹਨ, ਜਦੋਂ ਕਿ ਲੰਘੇ ਪੰਜ ਸਾਲਾਂ ’ਚ 1.90 ਲੱਖ ਬੁਲੇਟ ਵਿਕੇ ਹਨ। ਬੁਲੇਟ ਮੋਟਰਸਾਈਕਲ ਆਮ ਰੇਂਜ ਘੱਟੋ ਘੱਟ ਪੌਣੇ ਦੋ ਲੱਖ ਰੁਪਏ ’ਚ ਪੈਂਦਾ ਹੈ। ਦੇਸ਼ ’ਚ ਇਸ ਵੇਲੇ ਕੁੱਲ 38.58 ਕਰੋੜ ਵਾਹਨ ਰਜਿਸਟਰਡ ਹਨ, ਜਦੋਂ ਕਿ ਪੰਜਾਬ ਵਿੱਚ ਹਰ ਤਰ੍ਹਾਂ ਦੇ 1.42 ਕਰੋੜ ਵਾਹਨ ਹਨ, ਜੋ ਦੇਸ਼ ਦਾ ਕਰੀਬ 3.68 ਫ਼ੀਸਦੀ ਬਣਦੇ ਹਨ। ਸੂਬੇ ਵਿੱਚ ਅਨੁਮਾਨਿਤ 75 ਲੱਖ ਘਰ ਹਨ ਅਤੇ ਇਸ ਲਿਹਾਜ਼ ਨਾਲ ਔਸਤਨ ਹਰ ਘਰ ਦੋ ਵਾਹਨ ਖੜ੍ਹੇ ਹਨ। ਉਂਝ ਹਰ ਪੰਦ੍ਰਵੇਂ ਘਰ ਵਿੱਚ ਬੁਲੇਟ ਹੈ। ਪੰਜਾਬ ਦੇ ਲੋਕਾਂ ਨੇ ਲੰਘੇ ਪੰਜ ਸਾਲਾਂ ’ਚ ਬੁਲੇਟ ਦੀ ਖ਼ਰੀਦ ’ਤੇ ਕਰੀਬ 3327.25 ਕਰੋੜ ਰੁਪਏ ਖ਼ਰਚ ਕੀਤੇ ਹਨ। ਵੈਸੇ ਤਾਂ ਪੰਜਾਬ ਦੇ ਸਿਆਸੀ ਨੇਤਾਵਾਂ ਦੀ ਪਹਿਲੀ ਪਸੰਦ ਅੱਜ ਕੱਲ੍ਹ ਫ਼ਾਰਚੂਨਰ ਗੱਡੀ ਹੈ ਪ੍ਰੰਤੂ ਸਾਬਕਾ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਫ਼ਾਰਚੂਨਰ ਦੇ ਨਾਲ ਥਾਰ ਜੀਪ ਵੀ ਰੱਖੀ ਹੋਈ ਹੈ। ਇਸੇ ਤਰ੍ਹਾਂ ਕਾਂਗਰਸੀ ਵਿਧਾਇਕ ਬਰਿੰਦਰਮੀਤ ਸਿੰਘ ਪਾਹੜਾ ਕੋਲ ਵੀ ਥਾਰ ਜੀਪ ਹੈ। ਸ਼ੌਕ ਦੇ ਮਾਮਲੇ ’ਚ ਸਾਬਕਾ ਮੰਤਰੀ ਮਨਪ੍ਰੀਤ ਬਾਦਲ ਵੀ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕੋਲ ਤਿੰਨ ਜੀਪਾਂ, ਇੱਕ ਜੌਂਗਾ ਤੇ ਫ਼ਾਰਚੂਨਰ ਹੈ।



ਪੰਜਾਬ ਵਿੱਚ ਮੌਜੂਦਾ ਸਮੇਂ 99.50 ਲੱਖ ਮੋਟਰਸਾਈਕਲ ਤੇ ਸਕੂਟਰ ਹਨ ਅਤੇ ਖੇਤਾਂ ਵਿੱਚ 6.15 ਲੱਖ ਟਰੈਕਟਰ ਹਨ। ਦੂਸਰੇ ਪਾਸੇ ਨਜ਼ਰ ਮਾਰੀਏ ਤਾਂ ਪੰਜਾਬ ਸਿਰ ਕਰਜ਼ਾ ਇਸ ਵਿੱਤੀ ਵਰ੍ਹੇ ਦੇ ਅਖ਼ੀਰ ਤੱਕ ਪੌਣੇ ਚਾਰ ਲੱਖ ਕਰੋੜ ਨੂੰ ਛੂਹ ਜਾਣਾ ਹੈ।

# ਅਕਾਲੀ ਦਲ 'ਵਾਰਿਸ ਪੰਜਾਬ ਦੇ' ਵੱਲੋਂ ਪੰਚ ਪ੍ਰਧਾਨੀ ਟੀਮ ਕਾਇਮ

## ਗੁਰਦਾਸਪੁਰ ਜ਼ਿਲ੍ਹੇ ਲਈ ਮੈਂਬਰਸ਼ਿਪ ਮੁਹਿੰਮ ਜਾਰੀ

ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ ਪਿੰਡ ਅਗਵਾਨ 'ਚ ਗੁਰਦੁਆਰਾ ਯਾਦਗਾਰ-ਏ-ਸ਼ਹੀਦਾਂ ਤੋਂ ਜ਼ਿਲ੍ਹਾ ਗੁਰਦਾਸਪੁਰ ਦੀ ਭਰਤੀ ਮੁਹਿੰਮ ਦਾ ਆਗਾਜ਼ ਕੀਤਾ ਗਿਆ। ਇਸ ਮੌਕੇ ਸਰਹੱਦੀ ਜ਼ਿਲ੍ਹੇ 'ਚ ਭਰਤੀ ਲਈ ਪੰਜ ਮੈਂਬਰੀ ਕਮੇਟੀ ਬਣਾਈ ਗਈ।


ਇਸ ਮੌਕੇ ਪੰਚ ਪ੍ਰਧਾਨੀ ਟੀਮ ਦਾ ਗਠਨ ਕੀਤਾ ਗਿਆ ਜਿਸ ਵਿੱਚ ਆਬਜ਼ਰਵਰ ਅਜੇਪਾਲ ਸਿੰਘ ਢਿੱਲੋਂ, ਸੁਰਿੰਦਰ ਸਿੰਘ ਗੁਣੀਆ, ਪ੍ਰਭਜੋਤ ਸਿੰਘ, ਜਤਿੰਦਰ ਸਿੰਘ ਗੋਰਾ ਸੋਹਲ ਅਤੇ ਜਗਰਾਜ ਸਿੰਘ ਲਾਲੇ ਨੰਗਲ ਨੂੰ ਸ਼ਾਮਿਲ ਕੀਤਾ ਗਿਆ। ਇਸ ਮੌਕੇ



ਅਕਾਲੀ ਦਲ ਵਾਰਿਸ ਪੰਜਾਬ ਦੇ ਮੁਖੀ ਅਤੇ ਖਡੂਰ ਸਾਹਿਬ ਤੋਂ ਲੋਕ ਸਭਾ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਮਾਤਾ ਬੀਬੀ ਬਲਵਿੰਦਰ ਕੌਰ, ਸ਼ਹੀਦ ਭਾਈ ਸਤਵੰਤ ਸਿੰਘ ਦੇ ਤਿੰਨ ਭਰਾ ਭਾਈ ਗੁਰਨਾਮ ਸਿੰਘ, ਭਾਈ ਵਰਿਆਮ ਸਿੰਘ ਅਤੇ ਭਾਈ ਸਰਵਣ ਸਿੰਘ ਅਗਵਾਨ ਨੇ ਸਾਂਝੇ ਤੌਰ 'ਤੇ ਜ਼ਿਲ੍ਹਾ ਗੁਰਦਾਸਪੁਰ ਲਈ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ। ਮਾਤਾ ਬਲਵਿੰਦਰ ਕੌਰ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਸਹੀ ਰੂਪ ਵਿੱਚ ਸਿੱਖ ਪੰਥ ਦੀ ਨੁਮਾਇੰਦਗੀ ਕਰਨ ਵਾਲੀ ਅਤੇ ਸ਼ਹੀਦਾਂ ਦੀ ਸੋਚ ਉੱਤੇ ਪਹਿਰਾ ਦੇਣ ਵਾਲੀ ਪੰਜਾਬ ਦੀ ਸਿਆਸੀ ਪਾਰਟੀ ਹੋਵੇਗੀ।

# ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ਵਿੱਕੀ ਕੌਸ਼ਲ ਅਤੇ ਰਸ਼ਮਿਕਾ ਮੰਦਾਨਾ

ਅੰਮ੍ਰਿਤਸਰ/ਏ.ਟੀ. ਨਿਊਜ਼: ਬਾਲੀਵੁੱਡ ਅਦਾਕਾਰ ਵਿੱਕੀ ਕੌਸ਼ਲ ਅਤੇ ਰਸ਼ਮਿਕਾ ਮੰਦਾਨਾ ਨੇ ਪਿਛਲੇ ਦਿਨੀਂ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਿਆ। ਗੁਰੂ ਘਰ ਨਤਮਸਤਕ ਹੋਣ ਅਤੇ ਅਰਦਾਸ ਕਰਨ ਮਗਰੋਂ ਮੀਡੀਆ ਨਾਲ ਗੱਲਬਾਤ ਦੌਰਾਨ ਵਿੱਕੀ ਕੌਸ਼ਲ ਨੇ ਦੱਸਿਆ ਕਿ ਉਹ ਆਪਣੀ ਜ਼ਿੰਦਗੀ ਵਿੱਚ ਜਦੋਂ ਵੀ ਕੋਈ ਨਵਾਂ ਕੰਮ ਸ਼ੁਰੂ ਕਰਦਾ ਹੈ ਤਾਂ ਗੁਰੂ ਘਰ ਤੋਂ ਅਸ਼ੀਰਵਾਦ ਜ਼ਰੂਰ ਲੈਂਦਾ ਹੈ। ਉਹ ਜਦੋਂ ਵੀ ਕੋਈ ਨਵੀਂ ਫ਼ਿਲਮ ਸ਼ੁਰੂ ਕਰਦਾ ਹੈ ਤਾਂ ਗੁਰੂ ਘਰ ਨਤਮਸਤਕ ਜ਼ਰੂਰ ਹੁੰਦਾ ਹੈ। ਇਸ ਮੌਕੇ ਅਦਾਕਾਰਾ ਰਸ਼ਮਿਕਾ ਵੀ ਮੌਜੂਦ ਸੀ, ਜੋ ਵੀਲ੍ਹ ਚੇਅਰ 'ਤੇ ਸੀ। ਉਸ ਦੀ ਲੱਤ ਵਿੱਚ ਬੀਤੇ ਦਿਨੀਂ ਸੱਟ ਲੱਗ ਗਈ ਸੀ (ਬਾਕੀ ਸਫ਼ਾ 30 'ਤੇ)



# ਗੁਰੂ ਅਮਰਦਾਸ ਦੇ ਜਨਮ ਸਥਾਨ ਦੀ ਅਸਲੀ ਥਾਂ ਲੱਭਣ ਦਾ ਦਾਅਵਾ




ਅੰਮ੍ਰਿਤਸਰ/ਏ.ਟੀ.ਨਿਊਜ਼: ਕਾਰ ਸੇਵਾ ਸੰਪਰਦਾ ਨਾਲ ਜੁੜੇ ਬਾਬਾ ਅਮਰੀਕ ਸਿੰਘ ਵੱਲੋਂ ਇਥੇ ਛੇਹਰਟਾ ਨੇੜੇ ਪਿੰਡ ਬਾਸਰਕੇ ਵਿੱਚ ਗੁਰੂ ਅਮਰਦਾਸ ਦੇ ਵਿਰਾਸਤੀ ਘਰ ਦਾ ਪਤਾ ਲਗਾਉਣ ਦਾ ਦਾਅਵਾ ਕੀਤਾ ਹੈ, ਜਿੱਥੇ ਗੁਰਦੁਆਰਾ ਉਸਾਰਿਆ ਜਾਵੇਗਾ। ਬਾਬਾ ਅਮਰੀਕ ਸਿੰਘ ਨੇ 11 ਘਰਾਂ ਦੀ ਜ਼ਮੀਨ ਨੂੰ ਗੁਰਦੁਆਰੇ ਦੀ ਉਸਾਰੀ ਵਾਸਤੇ ਪ੍ਰਾਪਤ ਕਰ ਲਿਆ ਹੈ। ਗੁਰਦੁਆਰੇ ਦੀ ਉਸਾਰੀ ਵਾਸਤੇ ਲਗਪਗ ਇੱਕ ਕਿੱਲਾ ਜ਼ਮੀਨ ਦਾ ਪ੍ਰਬੰਧ ਹੋ ਚੁੱਕਾ ਹੈ। ਪ੍ਰਾਪਤ ਕੀਤੇ ਗਏ ਘਰਾਂ ਦੀ ਜ਼ਮੀਨ ਵਿੱਚੋਂ ਇੱਕ ਪੁਰਾਤਨ ਖੂਹ, ਇੱਕ ਖੂਹੀ, ਇੱਕ ਪੁਰਾਤਨ ਲੱਕੜ ਦੀ ਭਾਰੀ ਚੌਗਾਠ ਤੇ ਕੁਝ ਹੋਰ ਸਾਮਾਨ ਮਿਲਿਆ। ਬਾਬਾ ਅਮਰੀਕ ਸਿੰਘ ਨੇ ਦੱਸਿਆ ਕਿ ਜਦੋਂ ਪਾਕਿਸਤਾਨ ਸਥਿਤ ਲਾਹੌਰ ਵਿੱਚ ਉਨ੍ਹਾਂ ਨੂੰ ਪਾਕਿਸਤਾਨੀ ਪੁਰਾਤੱਤਵ ਵਿਭਾਗ ਨਾਲ ਸਬੰਧਤ ਇੱਕ ਅਧਿਕਾਰੀ ਅਸ਼ਰਫ਼ ਅੰਮ੍ਰਿਤਸਰ ਮਿਲਿਆ ਸੀ, ਜਿਸਨੇ ਫ਼ਾਰਸੀ ਭਾਸ਼ਾ ਵਿੱਚ ਕੁਝ ਦਸਤਾਵੇਜ਼ ਦਿਖਾਏ ਸਨ ਅਤੇ ਦਾਅਵਾ ਕੀਤਾ ਸੀ ਕਿ ਇਨ੍ਹਾਂ ਦਸਤਾਵੇਜ਼ਾਂ ਵਿੱਚ ਗੁਰੂ ਰਾਮਦਾਸ ਜੀ ਅਤੇ ਗੁਰੂ ਅਮਰਦਾਸ ਜੀ ਦੇ ਜਨਮ ਸਥਾਨ ਨਾਲ ਸਬੰਧਤ ਵੇਰਵੇ ਹਨ। ਉਨ੍ਹਾਂ ਦੱਸਿਆ ਕਿ ਅਸ਼ਰਫ਼ ਵੱਲੋਂ ਦਿੱਤੇ ਗਏ ਵੇਰਵਿਆਂ ਦੇ ਅਧਾਰ 'ਤੇ ਉਹਨਾਂ ਪਿੰਡ ਬਾਸਰਕੇ ਵਿੱਚ ਆ ਕੇ ਇਸ ਸਬੰਧੀ ਖੋਜ ਕੀਤੀ ਤਾਂ ਇੱਥੇ ਕੁਝ ਭੱਲਾ ਪਰਿਵਾਰ ਮਿਲੇ, ਜਿਨ੍ਹਾਂ ਦੇ ਪੁਰਖੇ ਗੁਰੂ ਸਾਹਿਬ ਨਾਲ ਸਬੰਧਤ ਸਨ।

*'84 ਸਿੱਖ ਨਸ਼ਲਕੁਸ਼ੀ ਦਾ ਮਾਮਲਾ*

# ਸੁਪਰੀਮ ਕੋਰਟ ਨੇ ਪੁਲਿਸ ਨੂੰ ਸਖ਼ਤੀ ਨਾਲ ਕਿਹਾ ਕਿ ਕੇਸਾਂ ਨੂੰ ਸੰਜੀਦਗੀ ਨਾਲ ਲਿਆ ਜਾਵੇ

## ਬੈਂਚ ਨੇ ਮਾਮਲੇ ਦੀ ਸੁਣਵਾਈ 17 ਫਰਵਰੀ ਨੂੰ ਨਿਰਧਾਰਤ ਕੀਤੀ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ 1984 ਦੇ ਸਿੱਖ ਕਤਲੇਆਮ ਦੇ ਕੇਸਾਂ ਵਿੱਚ ਬਰੀ ਵਿਅਕਤੀਆਂ ਖ਼ਿਲਾਫ਼ ਅਪੀਲਾਂ ਦਾਖ਼ਲ ਨਾ ਕਰਨ ਲਈ ਦਿੱਲੀ ਪੁਲਿਸ ਨੂੰ ਸਵਾਲ ਕੀਤਾ ਅਤੇ ਕਿਹਾ ਕਿ ਕੇਸਾਂ ਨੂੰ ਸੰਜੀਦਗੀ ਨਾਲ ਲਿਆ ਜਾਣਾ ਚਾਹੀਦਾ ਹੈ ਪਰ ਲਿਆ ਕਿਉਂ ਨਹੀਂ ਜਾ ਰਿਹਾ। ਬੈਂਚ ਨੇ ਮਾਮਲੇ ਦੀ ਸੁਣਵਾਈ 17 ਫਰਵਰੀ ਲਈ ਨਿਰਧਾਰਤ ਕਰ ਦਿੱਤੀ। ਜਸਟਿਸ ਅਭੈ ਐੱਸ. ਓਕਾ ਅਤੇ ਜਸਟਿਸ ਉੱਜਲ ਭੂਈਆਂ ਦੇ ਬੈਂਚ ਨੇ ਦਿੱਲੀ ਪੁਲਿਸ ਤਰਫ਼ੋਂ ਪੇਸ਼ ਹੋਏ ਵਧੀਕ ਸੌਲੀਸਿਟਰ ਜਨਰਲ ਐਸ਼ਵਰਿਆ ਭਾਟੀ ਨੂੰ ਕਿਹਾ ਕਿ ਬਰੀ ਹੋਏ ਵਿਅਕਤੀਆਂ ਖ਼ਿਲਾਫ਼ ਸਪੈਸ਼ਲ ਲੀਵ ਪਟੀਸ਼ਨਾਂ (ਐੱਸ.ਐੱਲ.ਪੀਜ਼.) ਦਾਖ਼ਲ ਹੋਣੀਆਂ ਚਾਹੀਦੀਆਂ ਹਨ ਅਤੇ ਕੇਸ ਗੰਭੀਰਤਾ ਨਾਲ ਲੜੇ ਜਾਣੇ ਚਾਹੀਦੇ ਹਨ। ਬੈਂਚ ਨੇ ਕਿਹਾ, "ਦਿੱਲੀ ਹਾਈ ਕੋਰਟ ਵੱਲੋਂ ਕਈ ਕੇਸਾਂ ਦੇ ਸੁਣਾਏ ਗਏ ਫ਼ੈਸਲਿਆਂ ਨੂੰ ਤੁਸੀਂ ਚੁਣੌਤੀ ਨਹੀਂ ਦਿੱਤੀ। ਸਿਰਫ਼ ਐੱਸ.ਐੱਲ.ਪੀਜ਼. ਦਾਖ਼ਲ ਕਰਨ ਨਾਲ ਮਕਸਦ ਹੱਲ ਨਹੀਂ ਹੋਣਾ ਜਦੋਂ ਤੱਕ ਕਿ ਮੁਕੱਦਮੇ ਸੰਜੀਦਗੀ ਨਾਲ ਨਹੀਂ ਲੜੇ ਜਾਂਦੇ। ਪਹਿਲਾਂ ਦਾਖ਼ਲ ਕੀਤੇ ਗਏ ਮਾਮਲਿਆਂ 'ਚ ਕੀ ਤੁਸੀਂ ਕੋਈ ਸੀਨੀਅਰ ਵਕੀਲ ਕੀਤਾ ਸੀ। ਸਿਰਫ਼ ਮੁਕੱਦਮਾ ਲੜਨ ਖ਼ਾਤਰ ਨਹੀਂ ਸਗੋਂ ਸੰਜੀਦਗੀ ਨਾਲ ਕੇਸ ਲੜਨੇ ਚਾਹੀਦੇ ਹਨ।" ਪਟੀਸ਼ਨਰ ਗੁਰਲਾਡ ਸਿੰਘ ਕਾਹਲੋਂ ਵੱਲੋਂ ਪੇਸ਼ ਹੋਏ ਸੀਨੀਅਰ ਵਕੀਲ ਐੱਚ. ਐੱਸ. ਫੂਲਕਾ ਨੇ ਕਿਹਾ ਕਿ ਪੁਲਿਸ ਵੱਲੋਂ ਦਾਖ਼ਲ ਅਪੀਲਾਂ ਸਿਰਫ਼ ਦਿਖਾਵਾ ਹਨ। ਫੂਲਕਾ ਨੇ ਕਿਹਾ, "ਦਿੱਲੀ ਹਾਈ ਕੋਰਟ ਦਾ ਫ਼ੈਸਲਾ ਸੀ ਕਿ ਮਾਮਲੇ 'ਤੇ



ਪਰਦਾ ਪਾਇਆ ਗਿਆ ਸੀ ਅਤੇ ਰਾਜ ਨੇ ਸਹੀ ਢੰਗ ਨਾਲ ਮੁਕੱਦਮਾ ਨਹੀਂ ਚਲਾਇਆ।" ਸੁਣਵਾਈ ਦੌਰਾਨ ਵਧੀਕ ਸੌਲੀਸਿਟਰ ਜਨਰਲ ਨੇ ਕਿਹਾ ਕਿ ਛੇ ਮਾਮਲਿਆਂ 'ਚ ਅਪੀਲਾਂ ਦਾਖ਼ਲ ਕਰਨ ਲਈ ਪੱਤਰ ਲਿਖੇ ਗਏ ਹਨ।

### ਬੰਦ ਕੀਤੇ ਜਾ ਚੁੱਕੇ 199 ਕੇਸਾਂ ਦਾ ਮਾਮਲਾ

ਸੁਪਰੀਮ ਕੋਰਟ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਮੈਂਬਰ ਗੁਰਲਾਡ ਸਿੰਘ ਕਾਹਲੋਂ ਦੀ ਜਨਹਿੱਤ ਪਟੀਸ਼ਨ 'ਤੇ ਸੁਣਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਦੀ ਅਰਜ਼ੀ 'ਤੇ ਸਿਖਰਲੀ ਅਦਾਲਤ ਨੇ ਬੰਦ ਕੀਤੇ ਜਾ ਚੁੱਕੇ 199 ਕੇਸਾਂ ਦੀ ਜਾਂਚ ਲਈ 2018 ਵਿੱਚ ਜਸਟਿਸ ਢੀਂਗਰਾ ਦੀ ਅਗਵਾਈ ਹੇਠ ਵਿਸ਼ੇਸ਼ ਜਾਂਚ ਟੀਮ ਬਣਾਈ ਸੀ।

# ਸ੍ਰੀ ਹਰਿਮੰਦਰ ਸਾਹਿਬ ਮੁਲਾਜ਼ਮਾਂ ਦੇ ਡਿਊਟੀ ਦੌਰਾਨ ਮੋਬਾਈਲ ਦੀ ਵਰਤੋਂ 'ਤੇ ਲੱਗੀ ਪਾਬੰਦੀ

ਅੰਮ੍ਰਿਤਸਰ/ਏ.ਟੀ. ਨਿਊਜ਼ : ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧਾਂ ਨੂੰ ਹੋਰ ਸੁਚਾਰੂ ਢੰਗ ਨਾਲ ਚਲਾਉਣ ਦੇ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਝੰਗੇੜਾ ਨੇ ਡਿਊਟੀ ਦੌਰਾਨ ਮੋਬਾਈਲ ਫੋਨ ਦੀ ਵਰਤੋਂ 'ਤੇ ਪਾਬੰਦੀ ਲਗਾ ਦਿਤੀ ਹੈ।



ਸ੍ਰੀ ਹਰਿਮੰਦਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਝੰਗੇੜਾ ਦੇ ਦਸਤਖ਼ਤਾਂ ਹੇਠ ਨਿਗਰਾਨ ਅਧਿਕਾਰੀਆਂ ਅਤੇ ਸੁਪਰਵਾਈਜ਼ਰਾਂ ਨੂੰ ਭੇਜੇ ਗਏ ਪੱਤਰ ਨੰਬਰ 5152 ਤਹਿਤ ਦਿਤੇ ਗਏ ਹੁਕਮਾਂ 'ਚ, ਕਰਮਚਾਰੀਆਂ ਨੂੰ ਸਮੇਂ ਸਿਰ ਅਪਣੀ ਡਿਊਟੀ ਸ਼ੁਰੂ ਕਰਨ ਦੇ ਹੁਕਮ ਵੀ ਦਿਤੇ ਗਏ ਹਨ। ਉਨ੍ਹਾਂ ਕਿਹਾ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਸਮੇਂ ਸਿਰ ਡਿਊਟੀ ਨਾ ਪਹੁੰਚਣ ਦੀਆਂ ਸ਼ਿਕਾਇਤਾਂ ਮਿਲੀਆਂ ਸਨ।

ਉਪਰੋਕਤ ਕਰਮਚਾਰੀਆਂ ਵਲੋਂ ਨਿਯਮਿਤ ਤੌਰ 'ਤੇ ਵਰਦੀ ਨਾ ਪਹਿਨਣ ਸੰਬੰਧੀ ਮਿਲੀਆਂ ਸ਼ਿਕਾਇਤਾਂ ਦੇ ਮੱਦੇਨਜ਼ਰ, ਇਹ ਵੀ ਹਦਾਇਤਾਂ ਦਿਤੀਆਂ ਗਈਆਂ ਹਨ ਕਿ ਭਵਿੱਖ 'ਚ ਸਾਰੇ ਕਰਮਚਾਰੀ ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਧਾਰਮਕ ਸਥਾਨਾਂ 'ਤੇ ਡਿਊਟੀ ਦੌਰਾਨ ਵਰਦੀ 'ਚ ਹੋਣਗੇ। ਵਰਦੀ ਤੋਂ ਬਿਨਾਂ ਕਰਮਚਾਰੀਆਂ ਨੂੰ ਡਿਊਟੀ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ। ਇਹ ਲਾਜ਼ਮੀ ਕਰ ਦਿੱਤਾ ਗਿਆ ਹੈ।

ਹੁਕਮਾਂ 'ਚ ਸਪੱਸ਼ਟ ਕੀਤਾ ਗਿਆ ਹੈ ਕਿ ਜੇਕਰ ਕੋਈ ਕਰਮਚਾਰੀ ਸ਼੍ਰੋਮਣੀ ਕਮੇਟੀ ਦੇ ਇੰਸਪੈਕਟਰਾਂ ਅਤੇ ਫਲਾਇੰਗ ਸਕੁਐਡ ਵੱਲੋਂ ਚੈਕਿੰਗ ਦੌਰਾਨ ਮੋਬਾਈਲ ਫੋਨ ਸੁਣਦਾ ਪਾਇਆ ਗਿਆ ਤਾਂ ਉਸ ਵਿਰੁੱਧ ਮੌਕੇ 'ਤੇ ਹੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਜੇਕਰ ਕਰਮਚਾਰੀ ਅਪਣੀ ਨੇਮ ਪਲੇਟ ਨਹੀਂ ਲਗਾਉਂਦਾ ਤਾਂ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ। ਜ਼ਿਕਰਯੋਗ ਹੈ ਹਰ ਸਾਲ ਅਪ੍ਰੈਲ ਮਹੀਨੇ ਤੋਂ ਤਰੱਕੀਆਂ ਮਿਲਦੀਆਂ ਹਨ, ਜੇਕਰ ਕੋਈ ਅਧਿਕਾਰੀ ਜਾਂ ਮੁਲਾਜ਼ਮ ਕੋਲ ਗਲਤੀਆਂ ਹੁੰਦੀਆਂ ਹਨ ਤਾਂ ਤਰੱਕੀ ਰੋਕੀ ਜਾ ਸਕਦੀ ਹੈ।

# ਗਿ. ਰਣਜੀਤ ਸਿੰਘ ਅਤੇ ਗਿ. ਹਰਪ੍ਰੀਤ ਸਿੰਘ ਵੱਲੋਂ ਮਨਜਿੰਦਰ ਸਿੰਘ ਸਿਰਸਾ ਦਾ ਸਨਮਾਨ

ਨਵੀਂ ਦਿੱਲੀ/ਏ.ਟੀ.ਨਿਊਜ਼: ਦਿੱਲੀ ਦੇ ਰਾਜੌਰੀ ਗਾਰਡਨ ਹਲਕੇ ਤੋਂ ਵਿਧਾਇਕ ਬਣੇ ਮਨਜਿੰਦਰ ਸਿੰਘ ਸਿਰਸਾ ਨੂੰ ਸ੍ਰੀ ਬੰਗਲਾ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਿਰੋਪਾਓ ਪਾ ਕੇ ਸਨਮਾਨਿਤ ਕੀਤਾ ਗਿਆ। ਇਸ ਦੀ ਜਾਣਕਾਰੀ ਖੁਦ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਪਾ ਕੇ ਦਿੱਤੀ।

ਐਕਸ 'ਤੇ ਪੋਸਟ ਪਾਉਂਦਿਆਂ ਸਿਰਸਾ ਨੇ ਕਿਹਾ ਕਿ ਸ੍ਰੀ ਬੰਗਲਾ ਸਾਹਿਬ ਗੁਰਦੁਆਰੇ ਵਿਖੇ ਹੈੱਡ ਗ੍ਰੰਥੀ ਗਿਆਨੀ ਰਣਜੀਤ ਸਿੰਘ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੋਂ ਪਵਿੱਤਰ ਸਿਰੋਪਾ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਉਨ੍ਹਾਂ ਦੇ ਆਸ਼ੀਰਵਾਦ ਅਤੇ ਮਾਰਗਦਰਸ਼ਨ ਸੇਵਾ ਪ੍ਰਤੀ ਅਟੁੱਟ ਸਮਰਪਣ ਨੂੰ ਪ੍ਰੇਰਿਤ ਕਰਦੇ ਹਨ। ਗੁਰੂ ਸਾਹਿਬ ਸਾਨੂੰ ਨਿਮਰਤਾ ਅਤੇ ਸ਼ਰਧਾ ਨਾਲ ਸੇਵਾ ਕਰਨ ਦੀ ਤਾਕਤ ਬਖਸ਼ਣ।



# ਸ੍ਰੀ ਅਖੰਡ ਪਾਠ ਸਾਹਿਬ ਨੂੰ ਪਾਠੀ ਸਿੰਘ ਨੇ ਇੱਕੋ ਚੌਕੜੇ 'ਚ ਸੰਪੂਰਨ ਕੀਤਾ

ਤਰਨ ਤਾਰਨ/ਏ.ਟੀ.ਨਿਊਜ਼: 'ਸਤਿਗੁਰ ਜੀ ਕੀ ਸੇਵਾ ਸਭ ਹੈ ਜੇ ਕੋਈ ਕਰੇ ਚਿੱਤ ਲਾਏ' ਗੁਰਬਾਣੀ ਦੀ ਇਹ ਤੁਕ ਪਾਠੀ ਸਿੰਘ ਭਾਈ ਜੋਗਾ ਸਿੰਘ 'ਤੇ ਪੂਰੀ ਤਰ੍ਹਾਂ ਢੁੱਕਦੀ ਹੈ। ਜਿਸ ਨੇ ਇਕੋ ਚੌਕੜੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਸਾਹਿਬ ਦੇ ਸੰਪੂਰਨ ਪਾਠ ਕਰ ਦਿਤੇ। ਪੱਤਰਕਾਰਾਂ ਦੀ ਟੀਮ ਤਰਨਤਾਰਨ ਦੇ ਪਿੰਡ ਕੋਟ ਧਰਮਚੰਦ 'ਚ ਪਹੁੰਚੀ ਜਿਥੇ ਗੁਰਦੁਆਰਾ ਸਾਹਿਬ ਵਿੱਚ ਸੇਵਾ ਨਿਭਾ ਰਹੇ ਪਾਠੀ ਭਾਈ ਜੋਗਾ ਸਿੰਘ ਨੂੰ ਮਿਲੇ, ਜਿਨ੍ਹਾਂ 'ਤੇ ਗੁਰੂ ਸਾਹਿਬ ਦੀ ਅਪਾਰ ਕ੍ਰਿਪਾ ਹੋਈ ਹੈ, ਜਿਨ੍ਹਾਂ ਨੇ ਇੱਕ ਸਾਲ ਵਿੱਚ ਤਿੰਨ ਵਾਰ ਇਕੋ ਚੌਕੜੇ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨ ਪਾਠ ਕੀਤੇ ਤੇ ਭੋਗ ਵੀ ਪਾਏ ਜੋ ਕਿ ਇੱਕ ਬਹੁਤ ਵੱਡੀ ਗੱਲ ਹੈ। ਅਸੀਂ ਦੇਖਦੇ ਹਾਂ ਕਿ ਜਿੱਥੇ 7 ਤੋਂ 8 ਪਾਠੀ ਸਿੰਘ ਮਿਲ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਪਾਠ ਕਰਦੇ ਹਨ (ਬਾਕੀ ਸਫ਼ਾ 30 'ਤੇ)



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

## ਕਿਹੜੇ ਰਾਹ ਤੁਰ ਪਈ ਪੰਜਾਬ ਦੀ ਸਿਆਸਤ ?

ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਈ ਹਾਰ ਤੋਂ ਬਾਅਦ ਪੰਜਾਬ ਦੀ ਸਿਆਸਤ ਵਿੱਚ ਤੂਫ਼ਾਨ ਆ ਗਿਆ ਹੈ। ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਸਮੇਤ ਵੱਖ- ਵੱਖ ਸਿਆਸੀ ਆਗੂ ਦਾਅਵਾ ਕਰਨ ਲੱਗ ਪਏ ਹਨ ਕਿ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਕੁਰਸੀ ਨੂੰ ਵੀ ਆਮ ਆਦਮੀ ਪਾਰਟੀ ਦੇ ਦਿੱਲੀ ਚੋਣਾਂ ਵਿੱਚ ਹਾਰ ਜਾਣ ਤੋਂ ਬਾਅਦ ਖਤਰਾ ਪੈਦਾ ਹੋ ਗਿਆ ਹੈ। ਪ੍ਰਤਾਪ ਸਿੰਘ ਬਾਜਵਾ ਨੇ ਤਾਂ ਇਹ ਵੀ ਦਾਅਵਾ ਕੀਤਾ ਸੀ ਕਿ 'ਆਪ' ਦੇ 30 ਵਿਧਾਇਕ ਉਹਨਾਂ ਦੇ ਸੰਪਰਕ ਵਿੱਚ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਹੋਰਨਾਂ 'ਆਪ' ਆਗੂਆਂ ਨੇ ਪ੍ਰਤਾਪ ਸਿੰਘ ਬਾਜਵਾ ਨੂੰ ਵੀ ਜਵਾਬ ਦਿੰਦਿਆਂ ਕਿਹਾ ਹੈ ਕਿ ਬਾਜਵਾ ਪਹਿਲਾਂ ਕਾਂਗਰਸ ਦੇ ਵਿਧਾਇਕਾਂ ਦੀ ਗਿਣਤੀ ਤਾਂ ਕਰ ਲੈਣ। ਪਿਛਲੇ ਦਿਨੀਂ ਦਿੱਲੀ ਵਿਖੇ ਆਪ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਕੇਜਰੀਵਾਲ ਵੱਲੋਂ ਪੰਜਾਬ ਦੇ ਵਿਧਾਇਕਾਂ ਨਾਲ ਮੀਟਿੰਗ ਕਰਨ ਸਬੰਧੀ ਵੀ ਵਿਰੋਧੀ ਆਗੂਆਂ ਵੱਲੋਂ ਕਈ ਤਰ੍ਹਾਂ ਦੀ ਬਿਆਨਬਾਜ਼ੀ ਕੀਤੀ ਗਈ ਅਤੇ ਇਸ ਮੀਟਿੰਗ ਤੋਂ ਪਹਿਲਾਂ ਹੀ ਦਾਅਵਾ ਕੀਤਾ ਗਿਆ ਕਿ ਇਸ ਮੀਟਿੰਗ ਵਿੱਚ ਭਗਵੰਤ ਮਾਨ ਦੀ ਮੁੱਖ ਮੰਤਰੀ ਵਾਲੀ ਕੁਰਸੀ ਚਲੀ ਜਾਵੇਗੀ। ਜਦੋਂ ਇਹ ਮੀਟਿੰਗ ਖਤਮ ਹੋਈ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੱਤਰਕਾਰ ਸੰਮੇਲਨ ਵਿੱਚ ਕਿਹਾ ਕਿ ਪੰਜਾਬ ਨੂੰ ਮਾਡਲ ਦੇ ਤੌਰ 'ਤੇ ਪੂਰੇ ਦੇਸ਼ ਅੱਗੇ ਪੇਸ਼ ਕੀਤਾ ਜਾਵੇਗਾ ਤਾਂ ਭਗਵੰਤ ਮਾਨ ਦੇ ਇਸ ਬਿਆਨ ਦੇ ਵੀ ਵਿਰੋਧੀ ਸਿਆਸੀ ਆਗੂਆਂ ਵੱਲੋਂ ਕਈ ਤਰ੍ਹਾਂ ਦੇ ਅਰਥ ਕੱਢੇ ਗਏ। ਸੁਨੀਲ ਜਾਖੜ ਨੇ ਤਾਂ ਇੱਥੋਂ ਤੱਕ ਕਿਹਾ ਕਿ ਇਹ ਬਿਆਨ ਦੇਣ ਲੱਗਿਆ ਭਗਵੰਤ ਮਾਨ ਦੇ ਵਿੱਚ ਪਹਿਲਾਂ ਵਾਲੀ ਗੱਲ ਨਹੀਂ ਸੀ। ਜਦੋਂ ਕਿ ਸੁਨੀਲ ਜਾਖੜ ਦੇ ਇਸ ਬਿਆਨ ਦਾ ਵਿਰੋਧ ਕਰਦਿਆਂ ਵੱਖ- ਵੱਖ 'ਆਪ' ਆਗੂਆਂ ਨੇ ਕਿਹਾ ਕਿ ਸੁਨੀਲ ਜਾਖੜ ਪੰਜਾਬ ਦਾ ਮੁੱਖ ਮੰਤਰੀ ਬਣਨ ਦਾ ਸੁਪਨਾ ਵੇਖਣਾ ਬੰਦ ਕਰ ਦੇਣ। 'ਆਪ' ਆਗੂਆਂ ਅਨੁਸਾਰ ਸੁਨੀਲ ਜਾਖੜ ਦਾ ਇਹ ਸੁਪਨਾ ਨਾ ਤਾਂ ਕਾਂਗਰਸ ਵਿੱਚ ਪੂਰਾ ਹੋਇਆ ਸੀ ਤੇ ਨਾ ਹੀ ਭਾਜਪਾ ਵਿੱਚ ਪੂਰਾ ਹੋਣਾ ਹੈ।

ਆਮ ਆਦਮੀ ਪਾਰਟੀ ਦੇ ਵਿਰੋਧੀ ਆਗੂ ਪੂਰਾ ਜ਼ੋਰ ਲਗਾ ਕੇ ਦਾਅਵਾ ਕਰ ਰਹੇ ਹਨ ਕਿ ਆਮ ਆਦਮੀ ਪਾਰਟੀ ਪੰਜਾਬ ਵਿੱਚ ਵੀ ਕਮਜ਼ੋਰ ਹੋ ਗਈ ਹੈ, ਜਦੋਂ ਕਿ 'ਆਪ' ਆਗੂ ਦਾਅਵਾ ਕਰ ਰਹੇ ਹਨ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਪਹਿਲਾਂ ਵਾਂਗ ਮਜ਼ਬੂਤ ਹੈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਲੱਡੂ ਵੰਡੇ, ਜਦੋਂ ਕਿ ਦਿੱਲੀ ਵਿੱਚ ਕਾਂਗਰਸ ਨੂੰ ਇੱਕ ਵੀ ਸੀਟ ਨਹੀਂ ਮਿਲੀ। ਹੁਣ ਸਿਆਸੀ ਮਾਹਿਰ ਕਹਿ ਰਹੇ ਹਨ ਕਿ ਖਹਿਰਾ ਨੂੰ ਦਿੱਲੀ ਵਿੱਚ ਕਾਂਗਰਸ ਦੀ ਬੁਰੀ ਹਾਰ ਦਾ ਦੁੱਖ ਹੋਣ ਦੀ ਥਾਂ ਆਮ ਆਦਮੀ ਪਾਰਟੀ ਦੇ ਦਿੱਲੀ ਵਿੱਚ ਸਰਕਾਰ ਨਾ ਬਣਾ ਸਕਣ ਦੀ ਜ਼ਿਆਦਾ ਖੁਸ਼ੀ ਹੋ ਰਹੀ ਹੈ। ਇਸ ਤਰ੍ਹਾਂ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਕਾਰਨ ਪੰਜਾਬ ਦੀ ਸਿਆਸਤ ਵਿੱਚ ਵੀ ਉਬਾਲ ਆ ਗਿਆ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਹਾਰ ਸਬੰਧੀ ਅਕਾਲੀ ਦਲ ਬਾਦਲ ਦੇ ਖੇਮੇ ਵਿੱਚ ਚੁੱਪੀ ਵਰਗਾ ਮਾਹੌਲ ਹੈ, ਕਿਉਂਕਿ ਅਕਾਲੀ ਦਲ ਬਾਦਲ ਅਜੇ ਵੀ ਅੰਦਰੂਨੀ ਸੰਕਟ ਵਿਚੋਂ ਬਾਹਰ ਨਹੀਂ ਆ ਸਕਿਆ। ਜਦੋਂ ਕਿ ਅਕਾਲੀ ਦਲ ਕੋਲ ਹੁਣ ਵੱਡਾ ਮੌਕਾ ਹੈ ਕਿ ਉਹ ਸੰਭਲ ਕੇ ਮੁੜ ਮਜ਼ਬੂਤ ਹੋ ਕੇ ਪੰਜਾਬ ਵਿੱਚ ਉਭਰੇ ਅਤੇ ਪੰਜਾਬ ਦੀ ਅਗਵਾਈ ਕਰੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਦੀ ਸਿਆਸਤ ਆਖ਼ਰ ਤੁਰ ਕਿਹੜੇ ਰਾਹ ਪਈ ਹੈ। ਇਸ ਸਮੇਂ ਸਾਰੇ ਸਿਆਸੀ ਆਗੂਆਂ ਕੋਲ ਆਮ ਆਦਮੀ ਪਾਰਟੀ ਦੀ ਦਿੱਲੀ ਵਿੱਚ ਹਾਰ ਹੀ ਮੁੱਖ ਮੁੱਦਾ ਬਣੀ ਹੋਈ ਹੈ, ਜਦੋਂ ਕਿ ਪੰਜਾਬ ਦੇ ਅਹਿਮ ਮੁੱਦਿਆਂ ਅਤੇ ਪੰਜਾਬ ਦੇ ਵੱਡੇ ਮਸਲਿਆਂ ਸਬੰਧੀ ਪੰਜਾਬ ਦੇ ਸਿਆਸੀ ਆਗੂ ਬਿਲਕੁਲ ਵੀ ਨਹੀਂ ਬੋਲ ਰਹੇ। ਪੰਜਾਬ ਵਿੱਚ ਇਸ ਸਮੇਂ ਨਸ਼ਾ, ਬੇਰੁਜ਼ਗਾਰੀ, ਮਹਿੰਗਾਈ, ਭ੍ਰਿਸ਼ਟਾਚਾਰ, ਖ਼ੂਨ ਪੀਣੀਆਂ ਸੜਕਾਂ, ਦਰਿਆਈ ਪਾਣੀਆਂ ਦਾ ਰੇੜਕਾ, ਧਰਤੀ ਹੇਠਲੇ ਪਾਣੀ ਦਾ ਖ਼ਤਮ ਹੁੰਦੇ ਜਾਣਾ, ਪੀਣ ਵਾਲੇ ਸ਼ੁੱਧ ਪਾਣੀ ਦੀ ਘਾਟ, ਪ੍ਰਦੂਸ਼ਣ, ਪਰਵਾਸ, ਗੈਂਗਸਟਰਵਾਦ, ਅਮਨ ਕਾਨੂੰਨ ਦੀ ਗੰਭੀਰ ਹੁੰਦੀ ਸਥਿਤੀ ਵੱਡੇ ਮਸਲੇ ਹਨ ਪਰ ਇਹਨਾਂ ਮਸਲਿਆਂ ਦਾ ਹੱਲ ਕਰਨ ਅਤੇ ਇਹਨਾਂ ਮਸਲਿਆਂ ਦੇ ਹੱਲ ਲਈ ਸਾਂਝੇ ਅਤੇ ਯੋਗ ਉਪਰਾਲੇ ਕਰਨ ਦੀ ਥਾਂ ਸਿਆਸੀ ਆਗੂ ਇੱਕ ਦੂਜੇ ਦੇ ਭੰਡੀ ਪ੍ਰਚਾਰ ਵਿੱਚ ਰੁੱਝੇ ਹੋਏ ਹਨ। ਇਸ ਤਰ੍ਹਾਂ ਲੱਗਦਾ ਹੈ ਕਿ ਪੰਜਾਬ ਦੇ ਸਿਆਸੀ ਆਗੂਆਂ ਨੇ ਪੰਜਾਬ ਦੇ ਮੁੱਖ ਮੁੱਦਿਆਂ ਅਤੇ ਮਸਲਿਆਂ ਨੂੰ ਠੰਡੇ ਬਸਤੇ ਵਿੱਚ ਪਾ ਦਿੱਤਾ ਹੈ ਅਤੇ ਅਗਲੀਆਂ ਚੋਣਾਂ ਮੌਕੇ ਮੁੜ ਇਹ ਮੁੱਦੇ ਅਤੇ ਮਸਲੇ ਸਿਆਸੀ ਆਗੂਆਂ ਵੱਲੋਂ ਉਭਾਰ ਦਿੱਤੇ ਜਾਣਗੇ।

ਇਸ ਗੱਲ ਨੂੰ ਹੁਣ ਪੰਜਾਬ ਦੇ ਸਿਆਸੀ ਆਗੂ ਵੀ ਚੰਗੀ ਤਰ੍ਹਾਂ ਸਮਝਦੇ ਹਨ ਕਿ ਪੰਜਾਬ ਦੇ ਸਿਆਸੀ ਆਗੂ ਪੰਜਾਬ ਦੇ ਮਸਲਿਆਂ ਅਤੇ ਮੁੱਦਿਆਂ ਦੇ ਹੱਲ ਲਈ ਸੁਹਿਰਦ ਨਹੀਂ ਕਿਉਂਕਿ ਜੇ ਪੰਜਾਬ ਦੇ ਸਿਆਸੀ ਆਗੂ ਪੰਜਾਬ ਦੇ ਮੁੱਖ ਮਸਲਿਆਂ ਦੇ ਹੱਲ ਲਈ ਸੁਹਿਰਦ ਹੁੰਦੇ ਤਾਂ ਹੁਣ ਤਕ ਇਹ ਮਸਲੇ ਹੱਲ ਹੋ ਸਕਦੇ ਸਨ। ਪੰਜਾਬ ਦੇ ਸਿਆਸੀ ਆਗੂ ਤਾਂ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਵੀ ਅਜੇ ਤੱਕ ਪੰਜਾਬ ਨੂੰ ਲੈ ਕੇ ਨਹੀਂ ਦੇ ਸਕੇ। ਸਿਆਸੀ ਆਗੂਆਂ ਦਾ ਹਾਲ ਇਹ ਹੈ ਕਿ ਅਜੇ ਤੱਕ ਪੰਜਾਬ ਦੇ ਸਿਆਸੀ ਆਗੂਆਂ ਨੇ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਪੂਰੇ ਸਹੀ ਤਰੀਕੇ ਨਾਲ ਨਹੀਂ ਜਤਾਇਆ ਜਿਸ ਕਰਕੇ ਚੰਡੀਗੜ੍ਹ ਅਜੇ ਤੱਕ ਪੰਜਾਬ ਨੂੰ ਨਹੀਂ ਮਿਲਿਆ ਅਤੇ ਇਹ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਹੋਣ ਦੇ ਨਾਲ ਹੀ ਕੇਂਦਰੀ ਸ਼ਾਸਿਤ ਪ੍ਰਦੇਸ਼ ਹੈ। ਜਿਹੜੇ ਰਾਹ ਪੰਜਾਬ ਦੀ ਸਿਆਸਤ ਇਸ ਸਮੇਂ ਤੁਰ ਰਹੀ ਹੈ, ਉਸ ਨੂੰ ਸਹੀ ਨਹੀਂ ਕਿਹਾ ਜਾ ਸਕਦਾ। ਪੰਜਾਬ ਦੀ ਸਿਆਸਤ ਨੂੰ ਸਹੀ ਰਸਤੇ 'ਤੇ ਤੋਰਨਾ ਬਹੁਤ ਜ਼ਰੂਰੀ ਹੈ। ਪੰਜਾਬ ਦੀ ਸੱਤਾਧਾਰੀ ਆਮ ਆਦਮੀ ਪਾਰਟੀ ਦੇ ਆਗੂਆਂ ਸਮੇਤ ਪੰਜਾਬ ਦੇ ਸਾਰੇ ਸਿਆਸੀ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਇੱਕ ਦੂਜੇ ਦੇ ਭੰਡੀ ਪ੍ਰਚਾਰ ਕਰਨ ਦੀ ਥਾਂ ਪੰਜਾਬ ਦੇ ਮੁੱਖ ਮਸਲਿਆਂ ਅਤੇ ਮੁੱਦਿਆਂ ਨੂੰ ਹੱਲ ਕਰਨ ਤੇ ਕਰਵਾਉਣ ਲਈ ਸਾਂਝੇ ਯਤਨ ਕਰਨ। ਪੰਜਾਬ ਵਿੱਚ ਸੱਤਾਧਾਰੀ ਹੋਣ ਕਰਕੇ ਆਮ ਆਦਮੀ ਪਾਰਟੀ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਰਹਿੰਦੇ ਕਾਰਜਕਾਲ ਦੌਰਾਨ ਪੰਜਾਬ ਦੇ ਮਸਲਿਆਂ ਨੂੰ ਹੱਲ ਕਰਨ ਦੇ ਪੂਰੇ ਯਤਨ ਇਮਾਨਦਾਰੀ ਨਾਲ ਕਰੇ ਤਾਂ ਕਿ ਪੰਜਾਬ ਵਿੱਚ ਉਸ ਦਾ ਹਾਲ ਦਿੱਲੀ ਵਰਗਾ ਨਾ ਹੋ ਸਕੇ।

# ਟਰੰਪ ਸਰਕਾਰ ਦਾ ਗ਼ੈਰ-ਕਾਨੂੰਨੀ ਭਾਰਤੀਆਂ ਨਾਲ ਅਣ-ਮਨੁੱਖੀ ਕਾਰਾ



ਉਜਾਗਰ ਸਿੰਘ
(ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ)



ਗ਼ੈਰ-ਕਾਨੂੰਨੀ ਤੌਰ 'ਤੇ ਏਜੰਟਾਂ ਦੇ ਧੱਕੇ ਚੜ੍ਹ ਕੇ ਅਮਰੀਕਾ ਗਏ ਭਾਰਤੀਆਂ ਨੂੰ ਅਮਰੀਕਾ ਵੱਲੋਂ ਭਾਰਤ ਵਿੱਚ ਫ਼ੌਜ ਦੇ ਜਹਾਜ਼ ਰਾਹੀਂ ਹੱਥਕੜੀਆਂ, ਲੱਕ ਅਤੇ ਪੈਰਾਂ ਵਿੱਚ ਬੇੜੀਆਂ ਬੰਨ੍ਹ ਕੇ ਵਾਪਸ ਭੇਜਣਾ ਅੱਜ-ਕੱਲ੍ਹ ਸਮੁੱਚੇ ਦੇਸ਼ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਇਉਂ ਲੱਗ ਰਿਹਾ ਸੀ ਜਿਵੇਂ ਇਨ੍ਹਾਂ ਨੇ ਕੋਈ ਘੋਰ ਅਪਰਾਧ ਕੀਤਾ ਹੋਵੇ। ਪਰ ਅਸਲੀਅਤ ਇਹ ਨਹੀਂ ਸੀ। ਜਨਤਾ ਮੁਲਕ ਦਾ ਅਪਮਾਨ ਹੋਇਆ ਮਹਿਸੂਸ ਕਰ ਰਹੀ ਹੈ। ਫ਼ੌਜ ਦੇ ਜਹਾਜ਼ ਦੇਸ਼ ਦੀ ਸੁਰੱਖਿਆ ਲਈ ਵਰਤੇ ਜਾਂਦੇ ਹਨ। ਕਿਸੇ ਖ਼ਾਸ ਹਾਲਾਤ ਵਿੱਚ ਸੁਰੱਖਿਆ ਕਾਰਨਾਂ ਕਰਕੇ ਦੇਸ਼ ਦੇ ਸਰਬਉੱਚ ਵਿਅਕਤੀਆਂ ਲਈ ਵੀ ਵਰਤੇ ਜਾਂਦੇ ਹਨ। ਵੈਸੇ ਇੰਨੇ ਵੱਡੇ ਜਹਾਜ਼ਾਂ ਦੀ ਫ਼ੌਜ ਦਾ ਸਾਮਾਨ ਟੈਂਕਾਂ ਵਗੈਰਾ ਦੀ ਢੋਆ-ਢੁਆਈ ਲਈ ਵਰਤੋਂ ਕੀਤੀ ਜਾਂਦੀ ਹੈ। ਇਹ ਵੀ ਪਤਾ ਲੱਗਾ ਹੈ ਕਿ ਇਸ ਜ਼ਹਾਜ ਵਿੱਚ ਸੀਟਾਂ ਨਹੀਂ ਸਨ। ਭਾਰਤੀਆਂ ਨੂੰ ਫਰਸ਼ 'ਤੇ ਬਿਠਾਇਆ ਗਿਆ ਸੀ। ਉਨ੍ਹਾਂ ਵੱਲੋਂ ਵਾਸ਼ਰੂਮ ਜਾਣ ਸਮੇਂ ਵੀ ਹੱਥਕੜੀਆਂ ਤੇ ਬੇੜੀਆਂ ਖੋਲ੍ਹੀਆਂ ਨਹੀਂ ਜਾਂਦੀਆਂ ਸਨ। ਚਾਲੀ ਘੰਟੇ ਦਾ ਸਫ਼ਰ ਬਹੁਤ ਹੀ ਬਦਇੰਤਜ਼ਾਮੀ ਵਾਲਾ ਤੇ ਅਣ-ਮਨੁੱਖੀ ਰਿਹਾ। ਇੱਕ-ਦੂਜੇ ਨਾਲ ਗੱਲ ਕਰਨ ਅਤੇ ਤੁਰਨ-ਫਿਰਨ ਦੀ ਮਨਾਹੀ ਸੀ। ਭਾਰਤੀਆਂ ਵਿੱਚ 72 ਮਰਦ, 19 ਇਸਤਰੀਆਂ ਅਤੇ 13 ਬੱਚੇ ਸ਼ਾਮਲ ਸਨ। ਵੈਸੇ ਅਮਰੀਕਾ ਦਾ ਕਾਨੂੰਨ ਅਮਰੀਕਾ ਵਿੱਚ ਪਹੁੰਚੇ ਵਿਅਕਤੀ ਨੂੰ ਇਸ ਤਰ੍ਹਾਂ ਵਾਪਸ ਭੇਜਣ ਦੀ ਆਗਿਆ ਨਹੀਂ ਦਿੰਦਾ। ਜਿਹੜਾ ਵੀ ਵਿਅਕਤੀ ਇੱਕ ਵਾਰ ਉੱਥੇ ਪਹੁੰਚ ਜਾਂਦਾ ਹੈ, ਉਸ ਨੂੰ ਓਨੀ ਦੇਰ ਗ੍ਰਿਫ਼ਤਾਰ ਨਹੀਂ ਕੀਤਾ ਜਾ ਸਕਦਾ, ਜਿੰਨੀ ਦੇਰ ਉਹ ਕੋਈ ਕਰਾਈਮ ਨਹੀਂ ਕਰਦਾ। ਇਨ੍ਹਾਂ ਭਾਰਤੀਆਂ ਨੂੰ ਤਾਂ ਉੱਥੇ ਗਇਆਂ ਨੂੰ ਅਜੇ ਬਹੁਤ ਥੋੜ੍ਹਾ ਸਮਾਂ ਹੋਇਆ ਸੀ। ਅਮਰੀਕਾ ਦੇ ਕਾਨੂੰਨ ਅਨੁਸਾਰ ਇਨ੍ਹਾਂ ਨੂੰ ਕਚਹਿਰੀ ਵਿੱਚ ਆਪਣੇ ਕੇਸ ਕਰਨ ਦੀ ਆਗਿਆ ਹੁੰਦੀ ਹੈ। ਇਨ੍ਹਾਂ ਲੋਕਾਂ ਨੇ ਅਜੇ ਅਪਲਾਈ ਕਰਨਾ ਸੀ ਪਰ ਇਨ੍ਹਾਂ ਨੂੰ ਅਪਲਾਈ ਕਰਨ ਹੀ ਨਹੀਂ ਦਿੱਤਾ ਗਿਆ। ਕਿਹਾ ਜਾਂਦਾ ਹੈ ਕਿ ਇਹ ਸਾਰਾ ਕੁਝ ਟਰੰਪ ਦੇ ਜ਼ੁਬਾਨੀ-ਕਲਾਮੀ ਹੁਕਮਾਂ ਨਾਲ ਚੱਲਦਾ ਹੈ। ਵਾਪਸ ਤਾਂ ਉਹ ਭੇਜ ਸਕਦੇ ਹਨ ਪਰ ਕਚਹਿਰੀ ਵਿੱਚ ਕੇਸ ਖ਼ਾਰਜ ਹੋਣ ਤੋਂ ਬਾਅਦ।

ਸਿਆਸੀ ਪਾਰਟੀਆਂ ਅਜਿਹੇ ਨਾਜ਼ੁਕ ਤੇ ਸੰਵੇਦਨਸ਼ੀਲ ਮੁੱਦੇ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਵਿੱਚ ਪਿੱਛੇ ਨਹੀਂ ਹਟ ਰਹੀਆਂ, ਸਗੋਂ ਉਨ੍ਹਾਂ ਨੂੰ ਨਰਿੰਦਰ ਮੋਦੀ ਦੀ ਸਰਕਾਰ ਨੂੰ ਘੇਰਨ ਲਈ ਜਿਵੇਂ 'ਸੁੰਢ ਦੀ ਗੱਠੀ' ਦੀ ਕਹਾਵਤ ਵਾਂਗ ਨਵਾਂ ਮੁੱਦਾ ਮੁੱਦਤ ਬਾਅਦ ਲੱਭਿਆ ਹੋਵੇ। ਵੈਸੇ ਉਨ੍ਹਾਂ ਦਾ ਵਿਰੋਧ ਕਰਨਾ ਜਾਇਜ਼ ਵੀ ਲੱਗਦਾ ਹੈ ਕਿਉਂਕਿ ਦੇਸ਼ ਦੇ ਨਾਗਰਿਕਾਂ ਦੇ ਮਾਣ-ਸਨਮਾਨ ਦਾ ਮੁੱਦਾ ਹੈ। ਭਾਰਤ ਦੇ ਸਵੈਮਾਣ ਨੂੰ ਆਂਚ ਆਈ ਹੈ। ਭਾਰਤ ਸਰਕਾਰ ਨੂੰ ਵੀ ਸੰਜੀਦਗੀ ਨਾਲ ਸੋਚਣਾ ਚਾਹੀਦਾ ਹੈ ਕਿ ਭਾਰਤੀਆਂ ਨਾਲ ਅਜਿਹਾ ਵਿਵਹਾਰ ਕਿਉਂ ਹੋਇਆ ? ਜਦਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਦੋਵੇਂ ਇੱਕ-ਦੂਜੇ ਨੂੰ ਆਪਣੇ ਮਿੱਤਰ ਕਹਿੰਦੇ ਹਨ। ਇੱਥੋਂ ਤੱਕ ਕਿ ਟਰੰਪ ਨਰਿੰਦਰ ਮੋਦੀ ਦੇ ਸੱਦੇ ਤੇ ਇੱਕ ਕਿਸਮ ਨਾਲ ਭਾਰਤ 'ਚ ਚੋਣ ਪ੍ਰਚਾਰ ਲਈ ਵੀ ਆਏ ਸਨ। ਇਸੇ ਤਰ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੀ ਅਮਰੀਕਾ 'ਚ ਡੋਨਾਲਡ ਟਰੰਪ ਦੀ ਚੋਣ ਸਮੇਂ ਮਦਦ ਕਰਨ ਲਈ ਅਮਰੀਕਾ ਵਿੱਚ ਭਾਰਤੀਆਂ ਦੇ ਇੱਕ ਜਲਸੇ ਨੂੰ ਸੰਬੋਧਨ ਕਰਕੇ ਆਏ ਸਨ, ਜਿੱਥੇ ਦੋਹਾਂ ਨੇਤਾਵਾਂ ਨੇ ਦੋਸਤੀ ਦੀ ਵਧਾਉਣ ਦੀ ਗੱਲ ਆਖੀ ਸੀ। ਇਹ ਵੀ ਸਹੀ ਗੱਲ ਹੈ ਕਿ ਕਿਸੇ ਵੀ ਦੇਸ਼ ਵਿੱਚ ਗ਼ੈਰ-ਕਾਨੂੰਨੀ ਢੰਗ ਨਾਲ ਉੱਥੇ ਪਹੁੰਚਣਾ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਉਸ ਦੇਸ਼ ਦਾ ਸੰਵਿਧਾਨ ਹੁੰਦਾ ਹੈ, ਉਸ ਅਨੁਸਾਰ ਉਹ ਗ਼ੈਰ-ਕਾਨੂੰਨੀ ਲੋਕਾਂ ਨੂੰ ਦੇਸ਼ ਨਿਕਾਲਾ ਦੇ ਸਕਦਾ ਹੈ ਪਰ ਵਾਪਸ ਭੇਜਣ ਲਈ ਉਨ੍ਹਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨੀ ਜ਼ਰੂਰੀ ਹੁੰਦੀ ਹੈ। ਖ਼ਾਸ ਤੌਰ 'ਤੇ ਅਮਰੀਕਾ ਵਰਗੇ ਦੇਸ਼ ਲਈ ਜਿਹੜਾ ਮਨੁੱਖੀ ਅਧਿਕਾਰਾਂ ਦਾ ਖ਼ੁਦ ਨੂੰ ਰਖਵਾਲਾ ਸਮਝਦਾ ਹੋਇਆ ਹੋਰ ਦੇਸ਼ਾਂ ਵਿੱਚ ਤੁਰੰਤ ਦਖ਼ਲ ਦਿੰਦਾ ਰਹਿੰਦਾ ਹੈ। ਉਸ ਵੱਲੋਂ ਭਾਰਤੀਆਂ ਨੂੰ ਵਾਪਸ ਭੇਜਣ ਮੌਕੇ ਕੀਤਾ ਗਿਆ ਅਣ-ਉੱਚਿਤ ਵਿਵਹਾਰ ਨਿੰਦਣਯੋਗ ਹੈ। ਅਮਰੀਕਾ ਦੇ ਭਾਰਤੀਆਂ ਨਾਲ ਕੀਤੇ ਗਏ ਵਿਵਹਾਰ ਦੇ ਸਿੱਟੇ ਵਜੋਂ ਸਮੁੱਚੇ ਭਾਰਤ ਵਿੱਚ ਰੋਸ ਦੀ ਲਹਿਰ ਦੌੜ ਗਈ ਹੈ। ਅਮਰੀਕਾ ਨੇ ਭਾਰਤੀਆਂ ਨੂੰ ਵਾਪਸ ਭੇਜਣ ਤੋਂ ਪਹਿਲਾਂ ਭਾਰਤ ਨਾਲ ਤਾਲਮੇਲ ਕੀਤਾ ਸੀ ਕਿਉਂਕਿ ਕੁਝ ਦਿਨ ਪਹਿਲਾਂ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਅਮਰੀਕਾ ਦੇ ਦੌਰੇ 'ਤੇ ਗਏ ਸਨ ਤੇ ਉਨ੍ਹਾਂ ਦਾ ਬਿਆਨ ਆਇਆ ਸੀ ਕਿ ਉਹ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਵਾਪਸ ਲੈਣ ਲਈ ਤਿਆਰ ਹਨ। ਉਸ ਮੌਕੇ ਵਿਦੇਸ਼ ਮੰਤਰੀ ਨੂੰ ਅਮਰੀਕਾ ਨੂੰ ਕਹਿਣਾ ਚਾਹੀਦਾ ਸੀ ਕਿ ਉਹ ਖ਼ੁਦ ਗ਼ੈਰ-ਕਾਨੂੰਨੀ ਭਾਰਤੀਆਂ ਨੂੰ ਆਪਣੇ ਜਹਾਜ਼ ਵਿੱਚ ਸਤਿਕਾਰ ਸਹਿਤ ਵਾਪਸ ਲੈ ਜਾਣਗੇ। ਹੁਣ ਵਿਦੇਸ਼ ਮੰਤਰੀ ਦਾ ਇਹ ਕਹਿਣਾ ਕਿ ਭਾਰਤੀ ਸਾਡੇ ਸਨਮਾਨਯੋਗ ਨਾਗਰਿਕ ਹਨ, ਇੰਨੇ ਨਿਰਾਦਰ ਤੋਂ ਬਾਅਦ ਇੰਝ ਕਹਿਣ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ। ਅਜੇ ਤਾਂ ਅਮਰੀਕਾ ਦੀ ਸਰਕਾਰ ਵੱਲੋਂ 20407 ਗ਼ੈਰ-ਕਾਨੂੰਨੀ ਭਾਰਤੀਆਂ ਦੀ ਕੀਤੀ ਪਛਾਣ ਵਿੱਚੋਂ 104 ਨੂੰ ਵਾਪਸ ਭੇਜ ਕੇ ਇਕ ਪੂਣੀ ਹੀ ਕੱਤੀ ਗਈ ਹੈ। ਬਾਕੀਆਂ ਦੀ ਵਾਪਸੀ ਸਮੇਂ ਕੇਂਦਰ ਸਰਕਾਰ ਨੂੰ ਆਪਣਾ ਜਹਾਜ਼ ਭੇਜਣਾ ਚਾਹੀਦਾ ਹੈ। ਜੈਸ਼ੰਕਰ ਬਿਊਰੋਕ੍ਰੈਟ ਤੋਂ ਬਣਿਆ ਸਿਆਸਤਦਾਨ ਹੈ। ਇਹੋ ਸ਼ੁਰੂ ਤੋਂ ਸਿਆਸਤ ਵਿੱਚ ਆਏ ਸਿਆਸਤਦਾਨ ਦਾ ਅੰਤਰ ਹੁੰਦਾ ਹੈ। ਬਿਊਰੋਕ੍ਰੈਟ ਸਿਰਫ਼ ਉਸ ਦੇਸ਼ ਦੇ ਕਾਨੂੰਨਾਂ ਨੂੰ ਵੇਖਦਾ ਹੈ, ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਸੋਚਦਾ ਹੀ ਨਹੀਂ। ਇਹ ਹੋ ਸਕਦਾ ਸੀ ਕਿ ਜੇਕਰ ਕੋਈ ਸਿਆਸਤਦਾਨ ਵਿਦੇਸ਼ ਮੰਤਰੀ ਹੁੰਦਾ ਤਾਂ ਉਹ ਜ਼ਰੂਰ ਆਪਣੀਆਂ ਵੋਟਾਂ ਅਤੇ ਦੇਸ਼ ਦੇ ਨਾਗਰਿਕਾਂ ਦੇ ਹਿੱਤਾਂ ਦਾ ਧਿਆਨ ਰੱਖਦਾ। ਭਾਰਤ ਦੇ ਵਿਦੇਸ਼ ਮੰਤਰੀ ਕਹਿੰਦੇ ਹਨ ਕਿ 2009 ਤੋਂ ਵਾਪਸ ਭੇਜਣ ਦਾ ਕੰਮ ਅਮਰੀਕਾ ਕਰ ਰਿਹਾ ਹੈ, ਇਹ ਕੋਈ ਨਵਾਂ ਤੇ ਪਹਿਲੀ ਵਾਰ ਹੋਇਆ ਕੰਮ ਨਹੀਂ ਪ੍ਰੰਤੂ ਉਨ੍ਹਾਂ ਨੂੰ ਇਹ ਵੀ ਵੇਖਣਾ ਚਾਹੀਦਾ ਹੈ ਕਿ ਪਹਿਲਾਂ ਜਿਹੜੇ ਭਾਰਤੀਆਂ ਨੂੰ ਭੇਜਿਆ ਗਿਆ ਹੈ, ਉਨ੍ਹਾਂ ਨੂੰ ਕਦੇ ਵੀ ਇਸ ਪ੍ਰਕਾਰ ਜੰਜ਼ੀਰਾਂ ਨਾਲ ਜਕੜ ਕੇ ਦੁਰਵਿਵਹਾਰ ਕਰਦੇ ਹੋਏ ਨਹੀਂ ਭੇਜਿਆ ਗਿਆ। ਭਾਰਤੀਆਂ ਨਾਲ ਇੰਨੀ ਜ਼ਬਰਦਸਤੀ, ਬਦਸਲੂਕੀ ਅਤੇ ਬੇਇੱਜ਼ਤੀ ਕਦੇ ਵੀ ਨਹੀਂ ਹੋਈ। ਅਮਰੀਕੀ ਸਰਕਾਰ ਹੋਰ ਦੇਸ਼ਾਂ ਦੇ ਗ਼ੈਰ-ਕਾਨੂੰਨੀ ਨਾਗਰਿਕਾਂ ਨੂੰ ਵੀ ਵਾਪਸ ਭੇਜ ਰਹੀ ਹੈ। ਅਖ਼ਬਾਰਾਂ ਦੀਆਂ ਖ਼ਬਰਾਂ ਅਨੁਸਾਰ ਇੱਕ ਦੇਸ਼ ਨੇ ਅਮਰੀਕਾ ਦੇ ਜਹਾਜ਼ ਨੂੰ ਉਤਾਰਨ ਤੋਂ ਇਨਕਾਰ ਕਰ ਦਿੱਤਾ ਤੇ ਕਿਹਾ ਕਿ ਉਹ ਆਪਣੇ ਜਹਾਜ਼ ਵਿੱਚ ਮਾਣ-ਸਨਮਾਨ ਨਾਲ ਲੈ ਕੇ ਆਉਣਗੇ। ਫਿਰ ਭਾਰਤ ਅਜਿਹਾ ਕਿਉਂ ਨਹੀਂ ਕਰ ਸਕਿਆ ?

ਭਾਰਤ ਨੂੰ ਗ਼ੈਰ-ਕਾਨੂੰਨੀ ਪਰਵਾਸ ਕਰਨ ਵਾਲੇ ਨੌਜਵਾਨਾਂ ਬਾਰੇ ਸੰਜੀਦਗੀ ਨਾਲ ਸੋਚਣਾ ਪਵੇਗਾ ਕਿ ਇਹ ਪਰਵਾਸ ਕਿਉਂ ਹੋ ਰਿਹਾ ਹੈ ? ਪਰਵਾਸ ਵਿੱਚ ਵਹੀਰਾਂ ਘੱਤ ਕੇ ਜਾਣ ਦੇ ਬਹੁਤ ਸਾਰੇ ਕਾਰਨ ਹਨ। ਗ਼ੈਰ-ਕਾਨੂੰਨੀ ਪਰਵਾਸ ਪੰਜਾਬੀਆਂ ਵੱਲੋਂ ਗ਼ਦਰੀ ਬਾਬਿਆਂ ਦੇ ਸਮੇਂ ਤੋਂ ਹੋ ਰਿਹਾ ਹੈ। ਉਦੋਂ ਵੀ ਬਹੁਤ ਸਾਰੇ ਗ਼ਦਰੀ ਤੇ ਭਾਰਤ ਦੇ ਹੋਰ ਹਿੱਸਿਆਂ ਤੋਂ ਆਜ਼ਾਦੀ ਦੇ ਪਰਵਾਨੇ ਗਏ ਸਨ। ਉਦੋਂ ਉਨ੍ਹਾਂ ਦੀਆਂ ਸਿਆਸੀ ਮਜਬੂਰੀਆਂ ਹੋਣਗੀਆਂ ਪ੍ਰੰਤੂ ਵਰਤਮਾਨ ਪਰਵਾਸ ਦੇ ਮੁੱਖ ਕਾਰਨਾਂ ਪਿੱਛੇ ਬੇਰੁਜ਼ਗਾਰੀ, ਮਹਿੰਗਾਈ, ਕਿਸਾਨਾਂ ਦਾ ਕਰਜ਼ਾਈ ਹੋਣਾ ਹੈ। ਭਾਰਤ ਦੀ ਪ੍ਰਸ਼ਾਸਨਿਕ ਪ੍ਰਣਾਲੀ, ਏਜੰਟਾਂ ਵੱਲੋਂ ਵਿਖਾਏ ਗਏ ਸੁਨਹਿਰੀ ਸਬਜ਼ਬਾਗ ਅਤੇ ਭੇਡ-ਚਾਲ ਸ਼ਾਮਲ ਹਨ। ਭਾਰਤ ਨੂੰ ਆਪਣੀ ਕੰਮਕਾਜੀ ਪ੍ਰਣਾਲੀ ਬਦਲਣੀ ਪਵੇਗੀ ਕਿਉਂਕਿ ਨੌਜਵਾਨ ਸਾਡੀ ਪ੍ਰਣਾਲੀ ਤੋਂ ਬਹੁਤ ਦੁਖੀ ਹਨ। ਹਰ ਨਿੱਕੀ ਤੋਂ ਨਿੱਕੀ ਗੱਲ ਵਿੱਚ ਸਿਆਸਤਦਾਨ ਦਖ਼ਲਅੰਦਾਜ਼ੀ ਕਰਦੇ ਹਨ। ਬਿਊਰੋਕ੍ਰੈਸੀ ਨੂੰ ਵੀ ਆਪਣੀ ਕਾਰਜਪ੍ਰਣਾਲੀ ਵਿੱਚ ਸੋਧ ਕਰਨੀ ਚਾਹੀਦੀ ਹੈ। ਬਾਬੂਸ਼ਾਹੀ ਤੇ ਸਿਆਸਤਦਾਨਾਂ ਦੀ ਮਿਲੀਭੁਗਤ ਕਰਕੇ ਜਦੋਂ ਲੋਕਾਂ ਨੂੰ ਇਨਸਾਫ਼ ਨਹੀਂ ਮਿਲਦਾ, ਫਿਰ ਉਨ੍ਹਾਂ ਵਿੱਚ ਅਸੰਤੁਸ਼ਟੀ ਵਧਦੀ ਹੈ। ਜੇਕਰ ਰਾਜਾਂ ਅਤੇ ਕੇਂਦਰ ਦੀਆਂ ਸਰਕਾਰਾਂ ਸਿਰਫ਼ ਵੋਟਾਂ ਪ੍ਰਾਪਤ ਕਰਨ ਦੀ ਥਾਂ ਆਪਣੇ ਨਾਗਰਿਕਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਯੋਜਨਾਵਾਂ ਬਣਾਉਂਦੀਆਂ ਤਾਂ ਅੱਜ ਸਾਨੂੰ ਇਹ ਹਾਲਾਤ ਵੇਖਣੇ ਨਾ ਪੈਂਦੇ। ਸਰਕਾਰੀ ਨੌਕਰੀਆਂ ਖ਼ਤਮ ਕੀਤੀਆਂ ਜਾ ਰਹੀਆਂ ਹਨ, ਆਊਟ ਸੋਰਸਿੰਗ ਰਾਹੀਂ ਭਰਤੀ ਕੀਤੀ ਜਾ ਰਹੀ ਹੈ, ਬੰਨ੍ਹਵੀ ਤਨਖ਼ਾਹ ਬਹੁਤ ਘੱਟ ਦਿੱਤੀ ਜਾ ਰਹੀ ਹੈ ਜਿਸ ਨਾਲ ਗੁਜ਼ਾਰਾ ਨਹੀਂ ਹੋ ਰਿਹਾ। ਪੰਜਾਬ ਦੀ ਨੌਜਵਾਨੀ ਆਪਣੇ ਪਿਤਾ-ਪੁਰਖੀ ਕੰਮ ਛੱਡ ਕੇ ਵ੍ਹਾਈਟ ਕਾਲਰ ਨੌਕਰੀਆਂ ਭਾਲਦੇ ਹਨ। ਇਸ ਲਈ ਨੌਜਵਾਨਾਂ ਦੇ ਮਾਪੇ ਵੀ ਜ਼ਿੰਮੇਵਾਰ ਹਨ, ਜਿਹੜੇ ਆਪਣੀ ਔਲਾਦ ਨੂੰ ਸਹੀ ਮਾਰਗ ਦਰਸ਼ਨ ਨਹੀਂ ਕਰ ਰਹੇ। ਪੰਜਾਬ ਵਿੱਚ ਰੁਜ਼ਗਾਰ ਦੀ ਘਾਟ ਨਹੀਂ। ਹੋਰਾਂ ਸੂਬਿਆਂ ਤੋਂ ਲੱਖਾਂ ਲੋਕ ਇੱਥੇ ਆ ਕੇ ਕੰਮ ਕਰ ਰਹੇ ਹਨ। ਸਾਡੀ ਵਿੱਦਿਅਕ ਪ੍ਰਣਾਲੀ ਵੀ ਰੁਜ਼ਗਾਰ ਮੁਖੀ ਨਹੀਂ ਹੈ। ਇਸ ਪਾਸੇ ਵੀ ਸੁਧਾਰਾਂ ਦੀ ਲੋੜ ਹੈ। ਪਰ ਦੁੱਖ ਦੀ ਗੱਲ ਇਹ ਹੈ ਕਿ ਸਰਕਾਰਾਂ ਜਿਹੜੀ ਵੀ ਨਵੀਂ ਯੋਜਨਾ ਬਣਾਉਂਦੀਆਂ ਹਨ, ਉਹ ਵੋਟਾਂ ਨੂੰ ਮੁੱਖ ਰੱਖ ਕੇ ਬਣਾਉਂਦੀਆਂ ਹਨ। ਭਾਰਤ ਦੇ ਵਿਦੇਸ਼ ਮੰਤਰੀ ਜੈਸ਼ੰਕਰ ਨੇ ਲੋਕ ਸਭਾ ਵਿੱਚ ਕਿਹਾ ਹੈ ਕਿ ਸਰਕਾਰ ਏਜੰਟਾਂ ਦੀ ਪੜਤਾਲ ਕਰਵਾਏਗੀ। ਇਸ ਦਾ ਮਤਲਬ ਹੈ ਕਿ ਉਸ ਨੂੰ ਪਤਾ ਨਹੀਂ ਕਿ ਏਜੰਟ ਕਿਵੇਂ ਕੰਮ ਕਰਦੇ ਹਨ ? ਇਸ ਤੋਂ ਪਹਿਲਾਂ ਵੀ ਰਾਜਾਂ ਵਿੱਚ ਏਜੰਟਾਂ ਦੀਆਂ ਸ਼ਿਕਾਇਤਾਂ ਆਉਂਦੀਆਂ ਰਹੀਆਂ ਹਨ। ਪਹਿਲਾਂ ਵੀ ਬਹੁਤ ਸਾਰੇ ਲੋਕਾਂ ਨਾਲ ਏਜੰਟਾਂ ਨੇ ਧੋਖੇ ਕੀਤੇ ਹਨ। ਉਸ ਸਮੇਂ ਰਾਜ ਸਰਕਾਰਾਂ ਨੇ ਜੇ ਏਜੰਟਾਂ ਨੂੰ ਫੜ ਕੇ ਸਜ਼ਾਵਾਂ ਦਿਵਾਈਆਂ ਹੁੰਦੀਆਂ ਤਾਂ ਹੁਣ ਤੱਕ ਅਜਿਹੇ ਕਾਰਜ ਬੰਦ ਹੋ ਜਾਂਦੇ। ਗੱਲ ਸਰਕਾਰਾਂ ਦੀ ਪ੍ਰਸ਼ਾਸ਼ਨਿਕ ਪ੍ਰਣਾਲੀ 'ਤੇ ਹੀ ਆ ਜਾਂਦੀ ਹੈ। ਰਾਜ ਅਤੇ ਕੇਂਦਰ ਸਰਕਾਰ ਨੂੰ ਏਜੰਟਾਂ ਬਾਰੇ ਸਾਰਾ ਕੁਝ ਪਤਾ ਹੈ ਪਰ ਇਹ ਹੀ ਏਜੰਟ ਸਿਆਸਤਦਾਨਾਂ ਨੂੰ ਚੋਣਾਂ ਸਮੇਂ ਚੋਣ ਫੰਡ ਦੇ ਦਿੰਦੇ ਸਨ ਤੇ ਸਰਕਾਰਾਂ ਨੂੰ ਸਿਆਸਤਦਾਨ ਚਲਾਉਂਦੇ ਹਨ। ਫਿਰ ਉਨ੍ਹਾਂ ਤੋਂ ਇਨਸਾਫ਼ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ ? ਅਜੇ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ। ਕੇਂਦਰ ਤੇ ਰਾਜ ਸਰਕਾਰਾਂ ਨੂੰ ਮਿਲ ਕੇ ਕੋਈ ਯੋਜਨਾ ਬਣਾਉਣੀ ਚਾਹੀਦੀ ਹੈ ਤਾਂ ਜੋ ਗ਼ੈਰ-ਕਾਨੂੰਨੀ ਪਰਵਾਸ ਨੂੰ ਰੋਕਿਆ ਜਾ ਸਕੇ। ਇਕ ਗੱਲ ਚੰਗੀ ਹੋਣ ਦੀ ਉਮੀਦ ਹੈ ਕਿ ਇਸ ਘਟਨਾ ਤੋਂ ਬਾਅਦ ਸ਼ਾਇਦ ਭਾਰਤੀ ਵਿਦੇਸ਼ਾਂ 'ਚ ਗ਼ੈਰ-ਕਾਨੂੰਨੀ ਜਾਣਾ ਬੰਦ ਕਰ ਦੇਣ। ਇਹ ਵੀ ਸਮਝ ਨਹੀਂ ਆਉਂਦੀ ਕਿ ਡੋਨਾਲਡ ਟਰੰਪ ਭਾਰਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

# ਸਮਝੌਤੇ ਕਾਰਨ ਗਾਜ਼ਾ ਪੱਟੀ 'ਚ ਹੋਵੇਗਾ ਅਮਨ-ਅਮਾਨ

ਮੁਖ਼ਤਾਰ ਗਿੱਲ

ਅਮਰੀਕਾ, ਕਤਰ ਅਤੇ ਮਿਸਰ ਦੀ ਵਿਚੋਲਗੀ ਨਾਲ ਆਖ਼ਰ ਇਜ਼ਰਾਇਲ-ਹਮਾਸ ਵਿਚਾਲੇ ਜੰਗਬੰਦੀ ਸਮਝੌਤਾ ਸਿਰੇ ਚੜ੍ਹ ਚੁੱਕਾ ਹੈ। ਅਮਰੀਕਾ 'ਚ ਡੋਨਾਲਡ ਟਰੰਪ ਦੇ ਰਾਸ਼ਟਰਪਤੀ ਵਜੋਂ ਹਲਫ਼ ਲੈਣ ਤੋਂ ਇੱਕ ਦਿਨ ਪਹਿਲਾਂ ਗਾਜ਼ਾ ਪੱਟੀ ਵਿਚ ਸ਼ਾਂਤੀ ਦਾ ਰਾਹ ਪੱਧਰਾ ਹੋ ਗਿਆ। ਇਜ਼ਰਾਇਲ ਅਤੇ ਹਮਾਸ ਵਿਚਕਾਰ ਹੋਏ ਸਮਝੌਤੇ ਮਗਰੋਂ ਗਾਜ਼ਾ ਪੱਟੀ 'ਚ ਜੰਗਬੰਦੀ ਦਾ ਅਮਲ ਸ਼ੁਰੂ ਹੋ ਗਿਆ।

ਇਜ਼ਰਾਇਲ ਨੇ ਕਿਹਾ ਹੈ ਕਿ ਉਹ ਹਮਾਸ ਨਾਲ ਜੰਗਬੰਦੀ ਦੇ ਪਹਿਲੇ ਗੇੜ ਦੌਰਾਨ ਮਿਸਰ ਤੇ ਗਾਜ਼ਾ ਪੱਟੀ ਵਿਚਾਲੇ ਰਾਫ਼ਾਹ ਸਰਹੱਦ 'ਤੇ ਕੰਟਰੋਲ ਕਾਇਮ ਰੱਖੇਗਾ। ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਦਫ਼ਤਰ ਵੱਲੋਂ ਜਾਰੀ ਇੱਕ ਬਿਆਨ ਵਿੱਚ ਉਨ੍ਹਾਂ ਖ਼ਬਰਾਂ ਦਾ ਖੰਡਨ ਕੀਤਾ ਗਿਆ ਹੈ ਕਿ ਫ਼ਲਸਤੀਨੀ ਅਥਾਰਟੀ ਸਰਹੱਦ ਨੂੰ ਕੰਟਰੋਲ ਕਰੇਗੀ। ਇਸ ਜੰਗਬੰਦੀ ਨਾਲ ਜੰਗ ਪ੍ਰਭਾਵਿਤ ਗਾਜ਼ਾ ਪੱਟੀ 'ਚ ਘਟੋ-ਘੱਟ ਛੇ ਹਫ਼ਤੇ ਲਈ ਸ਼ਾਂਤੀ ਸਥਾਪਤ ਹੋਣ 'ਤੇ ਇਜ਼ਰਾਇਲ ਵੱਲੋਂ ਬੰਦੀ ਬਣਾਏ ਗਏ ਸੈਂਕੜੇ ਫ਼ਲਸਤੀਨੀ ਲੋਕਾਂ ਬਦਲੇ ਹਮਾਸ ਵੱਲੋਂ ਬੰਦੀ ਬਣਾਏ ਗਏ ਲੋਕਾਂ ਨੂੰ ਰਿਹਾਅ ਕੀਤਾ ਜਾ ਰਿਹਾ ਹੈ। ਜੰਗਬੰਦੀ ਸਮਝੌਤੇ ਦੇ ਮੱਦੇਨਜ਼ਰ ਰੂਸ ਤੇ ਚੀਨ ਨੂੰ ਸਥਿਰਤਾ ਆਉਣ ਦੀ ਉਮੀਦ ਹੈ।

ਰੂਸ ਦੇ ਵਿਦੇਸ਼ ਮੰਤਰਾਲੇ ਨੇ ਉਮੀਦ ਜ਼ਾਹਰ ਕਿ ਗਾਜ਼ਾ ਪੱਟੀ ਵਿੱਚ ਜੰਗ ਰੋਕਣ ਲਈ ਲੰਮੇ ਸਮੇਂ ਤੋਂ ਸਮਝੌਤੇ ਦੀ ਉਡੀਕ ਕੀਤੀ ਜਾ ਰਹੀ ਸੀ। ਚੀਨ ਨੇ ਸਮਝੌਤੇ ਦਾ ਸਵਾਗਤ ਕੀਤਾ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਗੁਔ ਜਿਆਕੁਨ ਨੇ ਕਿਹਾ ਕਿ ਬੀਜਿੰਗ ਚਾਹੁੰਦਾ ਹੈ ਕਿ ਇਹ ਸਮਝੌਤਾ ਪ੍ਰਭਾਵੀ ਢੰਗ ਨਾਲ ਲਾਗੂ ਹੋਵੇ। ਉਨ੍ਹਾਂ ਕਿਹਾ ਕਿ ਚੀਨ ਗਾਜ਼ਾ ਨੂੰ ਮਨੁੱਖੀ ਸਹਾਇਤਾ ਜਾਰੀ ਰੱਖੇਗਾ। ਡੋਨਲਡ ਟਰੰਪ ਨੇ ਕਿਹਾ ਕਿ ਜੰਗਬੰਦੀ ਸਮਝੌਤੇ ਪਿੱਛੇ ਉਸ ਦਾ ਹੱਥ ਹੈ। ਜੋਅ ਬਾਇਡਨ ਨੇ ਕਿਹਾ ਕਿ ਪਿਛਲੇ ਸਾਲ ਮਈ ਵਿਚ ਬਣਾਈ ਯੋਜਨਾ ਤਹਿਤ ਉਹ ਹੁਣ ਜਾ ਕੇ ਸਮਝੌਤੇ 'ਤੇ ਪੁੱਜੇ ਹਨ।

ਇਸ ਵਿਚਾਲੇ ਸੰਯੁਕਤ ਰਾਸ਼ਟਰ ਨੇ ਦੱਸਿਆ ਕਿ ਸਮਝੌਤਾ ਲਾਗੂ ਹੋਣ ਦੇ ਦੂਜੇ ਦਿਨ ਰਾਹਤ ਸਮੱਗਰੀ ਨਾਲ ਭਰੇ 915 ਟਰੱਕ ਗਾਜ਼ਾ 'ਚ ਦਾਖ਼ਲ ਹੋਏ। ਸਮਝੌਤੇ ਤਹਿਤ ਹਮਾਸ ਨੇ 470 ਦਿਨਾਂ ਤੋਂ ਬੰਧਕ ਤਿੰਨ ਔਰਤਾਂ ਰੈਮੀ ਗੋਨੇਨ (24), ਐਮਿਲੀ ਦਮਾਰੀ (28) ਅਤੇ ਡਰੋਨ ਸਟੀਨਬ੍ਰੇਸ਼ਰ (31) ਨੂੰ ਰਿਹਾਅ ਕਰ ਦਿੱਤਾ। ਤਿੰਨਾਂ ਬੰਧਕਾਂ ਨੂੰ ਰੈੱਡ ਕ੍ਰਾਸ ਵੱਲੋਂ ਇਜ਼ਰਾਇਲੀ ਡਿਫੈਂਸ ਫੋਰਸ ਹਵਾਲੇ ਕੀਤਾ ਗਿਆ ਜੋ ਬਾਅਦ 'ਚ ਇਜ਼ਰਾਇਲ ਪਹੁੰਚ ਗਈਆਂ।

ਇਜ਼ਰਾਇਲ ਨੇ ਵੀ ਹਮਾਸ ਨਾਲ ਹੋਏ ਸਮਝੌਤੇ ਤਹਿਤ 90 ਫ਼ਲਸਤੀਨੀ ਕੈਦੀਆਂ ਨੂੰ ਰਿਹਾਅ ਕਰ ਦਿੱਤਾ ਜਿਨ੍ਹਾਂ ਵਿਚ 69 ਔਰਤਾਂ ਅਤੇ 21 ਨਾਬਾਲਗ ਸਨ। ਇਨ੍ਹਾਂ ਨੂੰ ਇਜ਼ਰਾਇਲ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਪਾਉਣ ਨਾਲ ਜੁੜੇ ਅਪਰਾਧਾਂ 'ਚ ਫੜਿਆ ਗਿਆ ਸੀ। ਇਸ ਤੋਂ ਕੁਝ ਘੰਟੇ ਪਹਿਲਾਂ ਹਮਾਸ ਨੇ ਤਿੰਨ ਮਹਿਲਾ ਬੰਦੀਆਂ ਨੂੰ ਇਜ਼ਰਾਇਲ ਹਵਾਲੇ ਕਰ ਦਿੱਤਾ ਸੀ। ਸਮਝੌਤੇ ਦੇ



ਦੂਜੇ ਪੜਾਅ ਤਹਿਤ ਵਾਰਤਾ ਦਾ ਦੌਰ ਸ਼ੁਰੂ ਹੋਵੇਗਾ।

ਜੋ ਵਧੇਰੇ ਚੁਣੌਤੀ ਭਰਿਆ ਸਮਾਂ ਮੰਨਿਆ ਜਾ ਰਿਹਾ ਹੈ। ਇਸ ਤੋਂ ਪਹਿਲਾਂ ਇਜ਼ਰਾਇਲ ਦੇ ਨਿਆਂ ਮੰਤਰਾਲੇ ਨੇ ਗੋਲ਼ੀਬੰਦੀ ਸਮਝੌਤੇ ਤਹਿਤ ਰਿਹਾਅ ਕੀਤੇ ਜਾਣ ਵਾਲੇ 700 ਤੋਂ ਵੱਧ ਫ਼ਲਸਤੀਨੀ ਕੈਦੀਆਂ ਦੀ ਸੂਚੀ ਜਾਰੀ ਕੀਤੀ ਸੀ। ਸੂਚੀ ਵਿੱਚ ਹਮਾਸ ਤੇ ਇਸਲਾਮਿਕ ਦਹਿਸ਼ਤੀ ਗੁਟਾਂ ਦੇ ਮੈਂਬਰ ਵੀ ਸ਼ਾਮਲ ਹਨ, ਜਿਨ੍ਹਾਂ ਚੋਂ ਕੁਝ 'ਤੇ ਹੱਤਿਆ ਵਰਗੇ ਗੰਭੀਰ ਦੋਸ਼ ਹਨ। ਕੁਝ ਉਮਰ ਕੈਦ ਭੁਗਤ ਰਹੇ ਹਨ।

ਫ਼ਲਸਤੀਨੀਆਂ ਦੀ ਰਿਹਾਈ ਬਦਲੇ 33 ਬੰਦੀਆਂ ਨੂੰ ਰਿਹਾਅ ਕੀਤਾ ਜਾਵੇਗਾ। ਇਜ਼ਰਾਇਲ ਦੇ ਨਿਆਂ ਮੰਤਰਾਲੇ ਨੇ ਰਿਹਾਅ ਕੀਤੇ ਜਾਣ ਵਾਲੇ 96 ਫ਼ਲਸਤੀਨੀ ਕੈਦੀਆਂ ਦੀ ਸੂਚੀ ਪ੍ਰਕਾਸ਼ਤ ਕੀਤੀ। ਸੂਚੀ ਵਿਚ ਸਾਰੇ ਵਿਅਕਤੀ ਨੌਜਵਾਨ ਜਾਂ ਔਰਤਾਂ ਹਨ। ਹਮਾਸ ਨੇ ਸਮਝੋਤੇ ਦੇ ਪਹਿਲੇ ਦਿਨ 3 ਮਹਿਲਾ ਬੰਦੀ, ਚੌਥੇ ਦਿਨ ਸੱਤ ਅਤੇ ਬਾਕੀ ਬੰਦੀ ਪੰਜ ਹਫ਼ਤਿਆਂ 'ਚ ਛੱਡਣ ਦੀ ਸਹਿਮਤੀ ਪ੍ਰਗਟਾਈ ਸੀ।

ਪਹਿਲੇ ਪੜਾਅ ਤਹਿਤ ਇਜ਼ਰਾਇਲੀ ਫ਼ੌਜ ਬਫ਼ਰ ਜ਼ੋਨ ਤੱਕ ਪਿੱਛੇ ਹਟੇਗੀ। ਏਧਰ , ਇਜ਼ਰਾਇਲੀ ਨਿਆਂ ਵਿਭਾਗ ਦੇ ਹਵਾਲੇ ਨਾਲ ਦੱਸਿਆ ਜਾ ਰਿਹਾ ਹੈ ਕਿ ਕੈਦੀਆਂ ਦੀ ਅਦਲਾ-ਬਦਲੀ ਦੇ ਦੂਜੇ ਦੌਰ 'ਚ ਇਜ਼ਰਾਈਲ 217 ਕੈਦੀਆਂ ਨੂੰ ਰਿਹਾਅ ਕਰੇਗਾ। ਗ਼ੌਰਤਲਬ ਹੈ ਕਿ ਇਜ਼ਰਾਈਲ-ਹਮਾਸ ਵਿਚਾਲੇ ਮੌਜੂਦਾ ਜੰਗ ਦੀ ਸ਼ੁਰੂਆਤ 7 ਅਕਤੂਬਰ 2023 ਨੂੰ ਇਜ਼ਰਾਇਲ 'ਤੇ ਹਮਾਸ ਦੇ ਉਸ ਹਮਲੇ ਨਾਲ ਹੋਈ ਸੀ ਜਿਸ ਵਿਚ 1200 ਦੇ ਕਰੀਬ ਇਜ਼ਰਾਇਲੀਆਂ ਦੀ ਮੌਤ ਹੋਈ ਅਤੇ 251 ਨੂੰ ਬੰਧਕ ਬਣਾ ਲਿਆ ਗਿਆ ਸੀ।

ਇਨ੍ਹਾਂ ਬੰਧਕਾਂ ਵਿੱਚ ਕਈ ਵਿਦੇਸ਼ੀ ਵੀ ਸਨ। ਇਸ ਦਾ ਬਦਲਾ ਲੈਣ ਲਈ ਇਜ਼ਰਾਇਲ ਨੇ ਇਸ ਇੱਕ-ਪਾਸੜ ਜੰਗ 'ਚ ਅਜਿਹੀ ਕਰਤੂਤ ਤੋਂ ਕੰਮ ਲਿਆ ਜਿਸ ਨੇ ਤਮਾਮ ਮਾਨਵੀ ਕਦਰਾਂ-ਕੀਮਤਾਂ ਨੂੰ ਦਰੜ ਕੇ ਰੱਖ ਦਿੱਤਾ ਅਤੇ ਜੰਗ ਦੇ ਅਸੂਲਾਂ ਨੂੰ ਵੀ ਮਿੱਟੀ 'ਚ ਮਿਲਾ ਦਿੱਤਾ। ਇਜ਼ਰਾਇਲ ਨੇ ਨਿਹੱਥੇ ਫ਼ਲਸਤੀਨੀਆਂ ਦੇ ਕਤਲ ਕੀਤੇ। ਆਮ ਸ਼ਹਿਰੀਆਂ ਅਤੇ ਉਨ੍ਹਾਂ ਦੇ ਘਰਾਂ ਨੂੰ ਤਬਾਹ ਕੀਤਾ। ਪਿਛਲੇ ਪੰਦਰਾਂ ਮਹੀਨਿਆਂ ਤੋਂ ਚੱਲ ਰਹੀ ਇਸ ਖ਼ੂਨੀ ਜੰਗ ਵਿੱਚ 46913 ਤੋਂ ਵੱਧ ਫ਼ਲਸਤੀਨੀ ਮਾਰੇ ਗਏ ਅਤੇ 1 ਲੱਖ 10 ਹਜ਼ਾਰ 750 ਜ਼ਖ਼ਮੀ ਹੋਏ, ਜਿਨ੍ਹਾਂ 'ਚ ਸੰਯੁਕਤ ਰਾਸ਼ਟਰ ਅਨੁਸਾਰ 70 ਫ਼ੀਸਦੀ ਬੱਚੇ ਅਤੇ ਔਰਤਾਂ ਹਨ। ਸਮੁੰਦਰ ਕੰਢੇ ਵਸੇ ਗਾਜ਼ਾ ਸ਼ਹਿਰ ਦੀਆਂ 1 ਲੱਖ 70 ਹਜ਼ਾਰ ਇਮਾਰਤਾਂ ਮਲਬੇ 'ਚ ਬਦਲ ਚੁੱਕੀਆਂ ਹਨ।

ਅੰਦਾਜ਼ਨ 18 ਅਰਬ ਡਾਲਰ ਤੋਂ ਵੱਧ ਦੇ ਬੁਨਿਆਦੀ ਢਾਂਚੇ ਦਾ ਨੁਕਸਾਨ ਹੋ ਚੁੱਕਾ ਹੈ। ਗਾਜ਼ਾ ਦੀ ਅੱਧੀ ਤੋਂ ਵੱਧ ਜ਼ਮੀਨ ਵਾਹੀਯੋਗ ਨਹੀਂ ਰਹੀ। ਇਸ ਤੋਂ ਇਲਾਵਾ 23 ਲੱਖ ਦੀ ਆਬਾਦੀ ਵਾਲੀ ਗਾਜ਼ਾ ਪੱਟੀ ਪੂਰੀ ਤਰ੍ਹਾਂ ਤਬਾਹ ਕਰ ਦਿੱਤੀ ਗਈ ਹੈ। ਸਕੂਲ, ਹਸਪਤਾਲ, ਪਨਾਹਗਾਹਾਂ, ਰਿਹਾਇਸ਼ੀ ਇਮਾਰਤਾਂ ਅਤੇ ਮਸਜਿਦਾਂ ਆਦਿ ਨੂੰ ਇਜ਼ਰਾਇਲੀ ਬੰਬਾਰੀ ਨੇ ਮਲਬਿਆਂ ਦੇ ਢੇਰ ਵਿਚ ਬਦਲ ਦਿੱਤਾ। ਰਾਸ਼ਨ ਲੈਣ ਆਏ ਭੁੱਖੇ-ਪਿਆਸੇ ਫ਼ਲਸਤੀਨੀਆਂ 'ਤੇ ਬੰਬ ਵਰ੍ਹਾਏ। ਮਨੁੱਖੀ ਮਦਦ ਲਈ ਆਈਆਂ ਜਥੇਬੰਦੀਆਂ ਨੂੰ ਨਿਸ਼ਾਨਾ ਬਣਾਇਆ।


ਇਨ੍ਹਾਂ ਸਭ ਤਬਾਹਕੁੰਨ ਜ਼ੁਲਮਾਂ 'ਚ ਅਮਰੀਕਾ ਨੇ ਇਜ਼ਰਾਇਲ ਦਾ ਡਟ ਕੇ ਸਾਥ ਦਿੱਤਾ। ਇਜ਼ਰਾਇਲ 'ਤੇ ਹੁੰਦੇ ਮਿਜ਼ਾਈਲ ਹਮਲਿਆਂ ਨੂੰ ਰੋਕਿਆ। ਅਮਰੀਕਾ ਨੇ ਆਪਣੇ ਜੰਗੀ ਜਹਾਜ਼ ਲਾਲ ਸਾਗਰ ਨੇੜੇ ਲਿਆ ਕੇ ਖੜ੍ਹਾਏ ਤਾਂ ਕਿ ਇਜ਼ਰਾਇਲ ਲਈ ਖੁੱਲ੍ਹੀ ਹਮਾਇਤ ਦਾ ਵਿਖਾਵਾ ਕੀਤਾ ਜਾ ਸਕੇ ਅਤੇ ਹੋਰਨਾਂ ਨੂੰ ਇਸ 'ਤੇ ਹਮਲਾ ਕਰਨ ਤੋਂ ਰੋਕਿਆ ਜਾਵੇ। ਅਮਰੀਕਾ ਨੇ 5.3 ਅਰਬ ਡਾਲਰ ਦੇ ਹਥਿਆਰ ਤੇ ਉਪਕਰਣ ਮੁਹੱਈਆ ਕਰਵਾਏ। ਅਮਰੀਕਾ ਨੇ ਲੜਾਕੂ ਜਹਾਜ਼, ਬੈਲਿਸਟਿਕ ਮਿਜ਼ਾਈਲ ਡਿਸਟ੍ਰਾਇਰਮ ਇਜ਼ਰਾਇਲ ਦੀ ਮਦਦ ਲਈ ਭੇਜੇ ਸਨ। ਇਜ਼ਰਾਇਲ ਤੇ ਹਮਾਸ ਵਿਚਾਲੇ ਜੰਗਬੰਦੀ ਸਮਝੌਤਾ ਯਕੀਨੀ ਤੌਰ 'ਤੇ ਇੱਕ ਬੜੀ ਅਹਿਮ ਪ੍ਰਾਪਤੀ ਹੈ।

ਪ੍ਰੰਤੂ ਹੁਣ ਜਦ ਇਹ ਹਕੀਕਤ ਵਿੱਚ ਹੋਂਦ ਵਿੱਚ ਆ ਗਿਆ ਹੈ ਤਾਂ ਜੰਗ ਦਾ ਖ਼ਦਸ਼ਾ ਕਿਸੇ ਹੱਦ ਤੱਕ ਟਲ਼ ਗਿਆ ਹੈ। ਦਰਅਸਲ ਪਿਛਲੇ ਸਾਲ ਮਈ ਤੋਂ ਬਾਅਦ ਕਈ ਵਾਰ ਅਸਥਾਈ ਜੰਗਬੰਦੀ ਨੂੰ ਲੈ ਕੇ ਪਹਿਲਕਦਮੀ ਹੋਈ ਪ੍ਰੰਤੂ ਫਿਰ ਕੁਝ ਦਿਨਾਂ ਬਾਅਦ ਇਜ਼ਰਾਇਲੀ ਫ਼ੌਜ ਦੇ ਹਮਲਿਆਂ ਵਿੱਚ ਫ਼ਲਸਤੀਨੀਆਂ ਦੇ ਮਾਰੇ ਜਾਣ ਦੀਆਂ ਖ਼ਬਰਾਂ ਆਉਂਦੀਆਂ ਰਹੀਆਂ। ਇਜ਼ਰਾਇਲ-ਹਮਾਸ ਵਿਚਾਲੇ ਜੰਗ ਖ਼ਤਮ ਕਰਨ ਲਈ ਸੰਯੁਕਤ ਰਾਸ਼ਟਰ ਤੋਂ ਲੈ ਕੇ ਅਮਨ ਪਸੰਦ ਭਾਈਚਾਰੇ ਵੱਲੋਂ ਕਈ ਕੋਸ਼ਿਸ਼ਾਂ ਕੀਤੀਆਂ ਗਈਆਂ ਸਨ ਪਰ ਕੋਈ ਸਕਾਰਾਤਮਕ ਨਤੀਜਾ ਸਾਹਮਣੇ ਨਹੀਂ ਸੀ ਆ ਰਿਹਾ।

ਹੁਣ ਜੇ ਏਨੇ ਸਮੇਂ ਬਾਅਦ ਜੰਗਬੰਦੀ ਸਮਝੌਤਾ ਹੋ ਗਿਆ ਹੈ ਤਾਂ ਸ਼ਾਂਤੀ ਕਾਇਮ ਹੋਣ ਦੀ ਵੀ ਸੰਭਾਵਨਾ ਵਧ ਗਈ ਹੈ। ਸਪੱਸ਼ਟ ਹੈ ਕਿ ਜੰਗ ਕਿਸੇ ਸਮੱਸਿਆ ਦਾ ਹੱਲ ਨਹੀਂ ਅਤੇ ਜਟਿਲ ਮਸਲਿਆਂ ਦਾ ਹੱਲ ਸਿਰਫ਼ ਆਪਸੀ ਗੱਲਬਾਤ ਦੇ ਰਸਤੇ ਵਿਚੋਂ ਦੀ ਲੰਘਦਾ ਹੈ। ਇਸ ਸਮਝੌਤੇ ਨਾਲ ਇਜ਼ਰਾਇਲ-ਫ਼ਲਸਤੀਨ ਵਿਚਾਲੇ ਲੰਮੇ ਸਮੇਂ ਤੋਂ ਆ ਰਹੀ ਕੁੜੱਤਣ ਖ਼ਤਮ ਹੋਣੀ ਚਾਹੀਦੀ ਹੈ।

(ਬਾਕੀ ਸਫ਼ਾ 31 'ਤੇ)

# ਡੋਨਾਲਡ ਟਰੰਪ ਦੇ ਰਾਸ਼ਟਰਪਤੀ ਬਣਨ ਦੇ ਮਾਇਨੇ



ਕੁੱਕੀ ਗਿੱਲ

ਇੱਕ ਗਿਣਤੀ ਅਨੁਸਾਰ, 5 ਨਵੰਬਰ, 2024 ਨੂੰ ਅਮਰੀਕਾ ਦੇ 47ਵੇਂ ਰਾਸ਼ਟਰਪਤੀ ਵਜੋਂ ਚੋਣ ਅਤੇ 20 ਜਨਵਰੀ, 2025 ਨੂੰ ਉਨ੍ਹਾਂ ਦੇ ਸਹੁੰ ਚੁੱਕਣ ਦੇ ਵਿਚਕਾਰ, ਡੋਨਾਲਡ ਟਰੰਪ ਬਾਰੇ 81,047 ਸੰਪਾਦਕੀ ਅਤੇ ਕਾਲਮ ਅਤੇ ਕੁੱਲ 30,111,952 ਸ਼ਬਦ ਲਿਖੇ ਗਏ ਸਨ। ਬਰਲਿਨ ਦੀਵਾਰ ਦੇ ਢਹਿਣ ਅਤੇ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਵਿਸ਼ਵਵਿਆਪੀ (ਅਵਿਵਸਥਾ) ਨੂੰ ਦਰਸਾਉਣ ਲਈ ਸੈਨੇਟਰ ਡੈਨੀਅਲ ਮੋਇਨੀਹਾਨ ਦੇ ਭੜਕਾਊ ਵਾਕੰਸ਼ ਦੀ ਵਰਤੋਂ ਕਰਦਿਆਂ ਇਹ ਕਿਹਾ ਜਾ ਸਕਦਾ ਹੈ ਕਿ ਇਸ ਗੱਲ 'ਤੇ ਵਿਸ਼ਵਵਿਆਪੀ ਵਿਚਾਰਾਂ ਦਾ ਇੱਕ ਸਮੂਹ ਸੀ ਕਿ ਟਰੰਪ ਦੀ ਵ੍ਹਾਈਟ ਹਾਊਸ ਵਾਪਸੀ ਦਾ ਅਰਥ ਸਿਰਫ਼ ਹੰਗਾਮਾ ਹੋਵੇਗਾ। ਸਹੁੰ ਚੁੱਕਣ ਤੋਂ ਬਾਅਦ, 47ਵੇਂ ਰਾਸ਼ਟਰਪਤੀ ਨੇ ਦੁਨੀਆ ਨੂੰ ਅੰਦਾਜ਼ਾ ਲਗਾਉਣ ਲਈ ਮਜਬੂਰ ਕਰ ਦਿੱਤਾ ਹੈ। ਭਾਰਤ ਵਿੱਚ ਸਾਡੇ ਬਾਰੇ ਕੀ ? ਸਾਡੇ ਸਿਆਣੇ ਆਦਮੀਆਂ ਅਤੇ ਪੇਸ਼ੇਵਰ ਰਣਨੀਤਕ ਮਾਹਿਰਾਂ ਨੇ ਭਰੋਸੇਮੰਦ ਸ਼ਬਦਾਂ ਨਾਲ ਸਲਾਹ ਦਿੱਤੀ ਹੈ ਕਿ ਇਸ ਅਨਿਸ਼ਚਿਤ ਸਮੇਂ ਵਿੱਚੋਂ ਲੰਘਣ ਵਿੱਚ ਲਈ ਵਿਸ਼ਵਗੁਰੂ ਦਾ ਆਸ਼ੀਰਵਾਦ ਪ੍ਰਾਪਤ ਕਰਨ ਦੇ ਸਾਡੇ ਵਿਲੱਖਣ ਫਾਇਦੇ ਨੂੰ ਉਜਾਗਰ ਕਰਦੇ ਹਨ ।ਸ਼ਾਇਦ ਹਨੇਰੇ ਵਿੱਚ ਇੱਕ ਕਿਸਮ ਦੀ ਸੀਟੀ ਵਜਾਉਣ ਵਾਂਗ, ਰਾਗ ਦਰਬਾਰੀ ਦੇ ਮੋਟੇ ਰੂਪ ਵਿੱਚ। ਇਹ ਯਾਦ ਰੱਖਣਾ ਸਿੱਖਿਆਦਾਇਕ ਹੋਵੇਗਾ ਕਿ ਟਰੰਪ ਹਿੱਤਾਂ ਅਤੇ ਤਾਕਤਾਂ ਦੇ ਗੱਠਜੋੜ ਦੀ ਨੁਮਾਇੰਦਗੀ ਕਰਦੇ ਹਨ ਅਤੇ ਇਸ ਗੱਠਜੋੜ ਦੇ ਤੱਤ ਉੱਚਾ ਹੱਥ ਪ੍ਰਾਪਤ ਕਰਨ ਲਈ ਮੁਕਾਬਲਾ ਕਰਦੇ ਰਹਿਣਗੇ। ਅਜਿਹਾ ਲਗਦਾ ਹੈ ਕਿ ਉਸਦਾ ਉਦਘਾਟਨੀ ਭਾਸ਼ਣ ਖੁਦ ਉਸਦੇ ਤੰਬੂ ਵਿੱਚ ਦੋ ਪ੍ਰਮੁੱਖ ਪ੍ਰਵਿਰਤੀਆਂ ਵਿਚਕਾਰ ਇੱਕ ਜੋੜ-ਤੋੜ ਸੀ। ਇੱਕ ਭਾਸ਼ਣ-ਲੇਖਕ ਨੇ ਛੋਟੀ-ਮੋਟੀ ਅਤੇ ਬਦਲਾਖੋਰੀ ਦੀਆਂ ਆਪਣੀਆਂ ਅੰਦਰੂਨੀ ਕਮੀਆਂ ਨੂੰ ਉਜਾਗਰ ਕੀਤਾ ਅਤੇ ਇੱਕ ਹੋਰ ਭਾਸ਼ਣ-ਲੇਖਕ ਨੇ ਉਸਨੂੰ ਸ਼ਾਨਦਾਰ ਅਮਰੀਕੀ ਰਾਸ਼ਟਰੀ ਯਾਤਰਾ ਦੇ ਹਿੱਸੇ ਵਜੋਂ ਉੱਚਾ ਚੁੱਕਣ ਦੀ ਕੋਸ਼ਿਸ਼ ਕੀਤੀ ਅਤੇ ਨਵੇਂ ਰਾਸ਼ਟਰਪਤੀ ਨੂੰ ਆਪਣੇ ਆਪ ਨੂੰ ਇੱਕ ਸ਼ਾਂਤੀ ਨਿਰਮਾਤਾ ਅਤੇ ਇੱਕ ਏਕਤਾ ਕਰਨ ਵਾਲਾ ਐਲਾਨ ਕਰਨ ਲਈ ਮਜਬੂਰ ਕੀਤਾ।

ਇਹ ਸੱਚ ਹੈ ਕਿ ਟਰੰਪ ਨੇ ਘਰ ਦੇ ਸਿਖਰ ਤੋਂ ਐਲਾਨ ਕੀਤਾ ਹੈ ਕਿ ਉਹ ਰਵਾਇਤੀ ਸ਼ਿਸ਼ਟਾਚਾਰ ਅਤੇ ਪ੍ਰੋਟੋਕੋਲ ਬਾਰੇ ਜਿਆਦਾ ਪਰਵਾਹ ਨਹੀਂ ਕਰਦਾ; ਨਾ ਹੀ ਉਹ ਸੰਵਿਧਾਨਕ ਵਿਚਾਰਾਂ ਅਤੇ ਸੰਸਥਾਵਾਂ ਦੀ ਪਵਿੱਤਰਤਾ ਦੀ ਪਰਵਾਹ ਕਰਦਾ ਹੈ, ਨਾ ਹੀ ਉਹ ਅਮਰੀਕੀ ਰਾਸ਼ਟਰਪਤੀ ਦੇ ਜਾਣੇ-ਪਛਾਣੇ ਵਿਆਖਿਆਵਾਂ ਅਤੇ ਵਿਵਹਾਰ ਦੇ ਪੈਟਰਨਾਂ ਨਾਲ ਮੋਹਿਤ ਹੈ।

ਫਿਰ ਵੀ ਕਿਸੇ ਵੀ ਹੋਰ ਰਾਸ਼ਟਰਪਤੀ ਵਾਂਗ, ਉਹ ਆਪਣੇ




ਆਪ ਨੂੰ ਵਿਰੋਧੀ ਸਲਾਹਕਾਰਾਂ ਦੁਆਰਾ ਆਪਣੇ ਹੰਕਾਰ ਅਤੇ ਵਿਚਾਰਾਂ ਨਾਲ ਪ੍ਰਭਾਵਿਤ ਪਾਵੇਗਾ। ਕੁਲੀਨ ਵਰਗ ਆਪਸ ਵਿੱਚ ਫੁੱਟ ਪੈਣਗੇ, ਜਿਵੇਂ ਕਿ ਚੋਰ ਹਮੇਸ਼ਾ ਕਰਦੇ ਹਨ, 6 ਜਨਵਰੀ ਦੇ ਕੱਟੜਪੰਥੀ ਲਗਾਤਾਰ ਘੇਰੇ ਨੂੰ ਅੱਗੇ ਵਧਾ ਰਹੇ ਹੋਣਗੇ। ਇਸ ਵਿੱਚ ਉਸਦੀ ਆਪਣੀ ਸ਼ਖਸੀਅਤ ਦੀ ਸਥਾਈ ਅਸਥਿਰਤਾ ਨੂੰ ਜੋੜਦੇ ਹੋਏ, ਅਗਲੇ ਚਾਰ ਸਾਲਾਂ ਵਿੱਚ ਵ੍ਹਾਈਟ ਹਾਊਸ ਮਹਾਂਦੀਪਾਂ ਵਿੱਚ ਉਲਝਣ, ਸਮਝੌਤਿਆਂ ਅਤੇ ਅਨਿਸ਼ਚਿਤਤਾਵਾਂ ਦਾ ਸਥਾਨ ਹੋਣਾ ਚਾਹੀਦਾ ਹੈ। ਹਾਲਾਂਕਿ, ਇੱਕ ਗੱਲ ਤਾਂ ਇਹ ਯਕੀਨੀ ਬਣਾਉਣਾ ਵਾਜਬ ਹੈ: ਟਰੰਪ ਪ੍ਰਸ਼ਾਸਨ ਸਾਡੀਆਂ ਸੰਵੇਦਨਸ਼ੀਲਤਾਵਾਂ ਪ੍ਰਤੀ ਬੇਰਹਿਮੀ ਨਾਲ ਅਸੰਵੇਦਨਸ਼ੀਲ ਹੋਵੇਗੀ। ਇਹ ਯਕੀਨੀ ਬਣਾਉਣ ਲਈ ਕਿ ਟਰੰਪ ਵ੍ਹਾਈਟ ਹਾਊਸ ਸਾਡੇ ਵਧ ਰਹੇ ਲੋਕਤੰਤਰੀ ਘਾਣ ਅਤੇ ਸਾਡੀ ਸੰਸਥਾਗਤ ਜੀਵਨਸ਼ਕਤੀ ਨੂੰ ਦੀ ਅਧੀਨਗੀ ਪ੍ਰਤੀ ਖੁਸ਼ੀ ਨਾਲ ਉਦਾਸੀਨ ਹੋਵੇਗਾ। ਦੂਜੇ ਪਾਸੇ, ਅਮਰੀਕੀ ਹੁਣ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਸਵੈ-ਫੁੱਫੜ ਨੂੰ ਜਿਆਦਾ ਘਾਹ ਨਹੀਂ ਪਾਉਣਗੇ। ਇੱਕ ਰਾਸ਼ਟਰ ਦੇ ਰੂਪ ਵਿੱਚ ਅਸੀਂ ਆਪਣੇ ਆਪ ਨੂੰ ਧੋਖਾ ਦੇਣ ਦੇ ਆਦੀ ਹੋ ਗਏ ਹਾਂ; ਅੰਕੜੇ ਉਲਝਾਉਣ, ਤੱਥਾਂ ਦਾ ਨਿਰਮਾਣ ਕਰਨਾ, ਇਤਿਹਾਸ ਸਿਰਜਣ; ਸਾਡੇ ਸਭ ਤੋਂ ਵਧੀਆ ਅਤੇ ਸਭ ਤੋਂ ਹੁਸ਼ਿਆਰ ਅਰਥਸ਼ਾਸਤਰੀ ਅਤੇ ਟੈਕਨੋਕਰੇਟ ਵਰਤਮਾਨ ਨੂੰ ਚਮਕਦਾਰ ਰੰਗਾਂ ਵਿੱਚ ਰੰਗਣ ਲਈ ਆਪਣੀ ਪ੍ਰਤਿਭਾ ਅਤੇ ਨਾਮ ਦੇਣ ਵਿੱਚ

ਸੰਤੁਸ਼ਟ ਹਨ। ਮੀਡੀਆ ਵਿੱਚ ਕ੍ਰੋਨੀ ਈਕੋਸਿਸਟਮ ਨੇ ਵੀ ਸੱਤਾਧਾਰੀ ਸਮੂਹ ਦੇ ਝੂਠੇ ਬਿਰਤਾਂਤ ਨੂੰ ਕਾਇਮ ਰੱਖਣ ਵਿੱਚ ਆਰਥਿਕ ਹਿੱਸੇਦਾਰੀ ਹਾਸਲ ਕਰ ਲਈ ਹੈ। ਪਰ ਬਾਹਰੀ ਦੁਨੀਆਂ ਸਾਡੇ ਦਿਖਾਵੇ ਨੂੰ ਸਿਰਫ਼ ਠੰਡੀ ਅੱਖ ਨਾਲ ਹੀ ਦੇਖ ਸਕਦੀ ਹੈ। ਚੀਨੀਆਂ ਨੇ ਪਹਿਲਾਂ ਹੀ ਗਲਵਾਨ ਘਾਟੀ ਵਿੱਚ ਸਾਡੀ ਛਾਤੀ ਪਿੱਟਣ ਵਿੱਚ ਵਿਘਨ ਪਾ ਦਿੱਤਾ ਹੈ ਅਤੇ ਰਾਸ਼ਟਰੀ ਸੁਰੱਖਿਆ ਸਲਾਹਕਾਰ ਵੱਲੋਂ ਇੱਕ ਰਚਨਾਤਮਕ ਸਮਝ ਅਤੇ ਹਥਿਆਰਬੰਦ ਸੈਨਾਵਾਂ ਦੀ ਲੀਡਰਸ਼ਿਪ ਦੀ ਪੀਪਲਜ਼ ਲਿਬਰੇਸ਼ਨ ਆਰਮੀ ਨਾਲ ਲੜਨ ਦੀ ਇੱਛਾ ਨਾ ਹੋਣ ਕਰਕੇ ਸਾਡੀ ਰਾਸ਼ਟਰੀ ਲੀਡਰਸ਼ਿਪ ਨੂੰ 1962 ਨਾਲੋਂ ਵੀ ਵੱਡੇ ਟਕਰਾਅ ਅਤੇ ਵੱਡੇ ਅਪਮਾਨ ਵਿੱਚ ਫਸਣ ਤੋਂ ਰੋਕਿਆ ਜਾ ਸਕਦਾ ਹੈ। ਸਾਡੇ ਪੇਸ਼ੇਵਰ ਵਿਦੇਸ਼ ਸੇਵਾ ਅਧਿਕਾਰੀਆਂ ਦੁਆਰਾ ਇੱਕ ਰਾਸ਼ਟਰ ਦੇ ਤੌਰ 'ਤੇ ਸਾਨੂੰ ਇਸ ਦਿਖਾਵੇ ਨੂੰ ਜਾਰੀ ਰੱਖਣ ਵਿੱਚ ਮਦਦ ਕਰਨ ਲਈ ਬਹੁਤ ਹੀ ਨਿਪੁੰਨ ਕੂਟਨੀਤਕ ਯਤਨ ਕੀਤੇ ਗਏ ਕਿ ਚੀਨੀਆਂ ਨੇ ਸਾਨੂੰ ਮੂੰਹ 'ਤੇ ਕੁਝ ਕਿਹਾ।

ਟਰੰਪ ਵ੍ਹਾਈਟ ਹਾਊਸ ਦੇ ਮੋਦੀ ਦੇ ਭਾਰਤ ਨਾਲ ਵਿਵਹਾਰ ਨੂੰ ਪਰਿਭਾਸ਼ਿਤ ਕਰਨ ਲਈ ਵੀ ਇਹੀ ਠੰਡੀ ਅਤੇ ਗ਼ੈਰ-ਭਾਵਨਾਤਮਕ ਪਹੁੰਚ ਦੀ ਉਮੀਦ ਕੀਤੀ ਜਾ ਸਕਦੀ ਹੈ। ਇਹ ਬਿਲਕੁਲ ਸੰਭਵ ਹੈ ਕਿ ਸਾਡੇ ਕੁਲੀਨ ਵਰਗ, ਰਾਜਨੀਤਿਕ ਲੀਡਰਸ਼ਿਪ ਨੂੰ ਬਾਈਪਾਸ ਕਰਨ ਅਤੇ ਸਾਡੇ ਜਨਤਕ ਹਿੱਤਾਂ ਨੂੰ ਛੋਟਾ ਕਰਨ ਲਈ ਟਰੰਪ ਦੇ ਕੁਲੀਨ ਵਰਗ ਨਾਲ ਮਿਲੀਭੁਗਤ ਕਰ ਸਕਦੇ ਹਨ। ਇਹ ਵੀ ਉਨਾ ਹੀ ਕਲਪਨਾਯੋਗ ਹੈ ਕਿ ਸਾਡੀ ਰੱਖਿਆ ਪ੍ਰਸ਼ਾਸਨ ਪੀਟ ਹੇਗਸੇਥ ਦੇ ਪੈਂਟਾਗਨ ਨਾਲ ਲੈਣ-ਦੇਣ ਦੇ ਉਲਝਣਾਂ ਵਿੱਚ ਪੈ ਸਕਦਾ ਹੈ, ਈਸਾਈ ਸੱਜੇ-ਪੱਖੀ ਭਾਰਤ ਵਿਰੁੱਧ ਅਮਰੀਕੀ ਅਧਿਕਾਰੀਵਾਦ ਨੂੰ ਵਧਾ ਸਕਦੇ ਹਨ ਜੇਕਰ ਮੋਹਨ ਭਾਗਵਤ ਮਿਸ਼ਨਰੀਆਂ ਵਿਰੁੱਧ ਆਪਣੀ ਦੁਸ਼ਮਣੀ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਦੇ ਹਨ।

ਪ੍ਰਧਾਨ ਮੰਤਰੀ ਦੇ ਅਕਸ ਬਣਾਉਣ ਵਾਲੇ ਹੁਣ ਅਮਰੀਕੀ ਰਾਸ਼ਟਰਪਤੀ ਨਾਲ ਫੋਟੋ-ਔਪਸ ਤੋਂ ਉਨ੍ਹਾਂ ਲਈ ਜਾਇਜ਼ਤਾ ਅਤੇ ਵਿਸ਼ਵਵਿਆਪੀ ਸਵੀਕ੍ਰਿਤੀ ਪ੍ਰਾਪਤ ਕਰਨ ਦੀ ਉਮੀਦ ਨਹੀਂ ਕਰ ਸਕਦੇ। ਟਰੰਪ ਦੇ ਵਾਸ਼ਿੰਗਟਨ ਨਾਲ ਨਜਿੱਠਣ ਵਿੱਚ ਚੰਗੇ ਦਿਨ ਵੀ ਆਉਣਗੇ ਅਤੇ ਮਾੜੇ ਦਿਨ ਵੀ ਆਉਣਗੇ। ਅਸੀਂ ਆਪਣੇ ਆਪ 'ਤੇ ਇਹ ਫਰਜ਼ ਪਾ ਲਿਆ ਹੈ ਕਿ ਅਸੀਂ ਕਿਸੇ ਵੀ ਵਿਅਕਤੀ ਨੂੰ ਬੁਰਾ ਕਹੀਏ ਮੋਦੀ ਨੂੰ ਨੀਵਾਂ ਦਿਖਾਉਂਦਾ ਹੈ। ਇਹ ਇੱਕ ਜਾਲ ਹੈ ਜੋ ਅਸੀਂ ਆਪਣੇ ਲਈ ਵਿਛਾ ਦਿੱਤਾ ਹੈ। ਪਰ ਅਮਰੀਕਾ ਦੇ ਨਵੇਂ ਸ਼ਾਸਕ ਅਜਿਹੇ ਗੁੱਸੇ ਨੂੰ ਉਭਰ ਰਹੇ ਭਾਰਤ ਦੀ ਤਾਕਤ ਦੇ ਪ੍ਰਦਰਸ਼ਨ ਦੀ ਬਜਾਏ ਕਮਜ਼ੋਰੀ ਅਤੇ ਅਪਰਿਪਕਤਾ ਦੀ ਨਿਸ਼ਾਨੀ ਵਜੋਂ ਦੇਖਦੇ ਹਨ।

ਨਰਿੰਦਰ ਮੋਦੀ ਦਾ ਭਾਰਤ ਇੱਕ ਅਜੀਬ ਸੁਭਾਅ ਵਾਲੇ ਅਮਰੀਕੀ ਰਾਸ਼ਟਰਪਤੀ ਨਾਲ ਸਿੱਝਣ ਲਈ ਤਿਆਰ ਨਹੀਂ ਹੈ। ਸਾਡਾ ਰਾਜਨੀਤਿਕ ਵਰਗ - ਜਿਸ ਵਿੱਚ ਮੋਹਨ ਭਾਗਵਤ, ਅਮਿਤ ਸ਼ਾਹ, ਯੋਗੀ ਆਦਿੱਤਿਆਨਾਥ, ਮਨੋਹਰ ਲਾਲ ਖੱਟਰ ਸ਼ਾਮਲ ਹਨ - ਬਹੁਤ ਘੱਟ ਤਿਆਰ ਹੈ ਅਤੇ ਇਹ ਮਹਿਸੂਸ ਕਰਨ ਵਿੱਚ ਦਿਲਚਸਪੀ ਨਹੀਂ ਰੱਖਦਾ ਕਿ ਅਮਰੀਕੀ ਤੇਂਦੂਏ ਨੇ ਆਪਣੇ ਸਥਾਨ ਬਦਲ ਲਏ ਹਨ।

(ਬਾਕੀ ਸਫ਼ਾ 31 'ਤੇ)

# ਕਿਉਂ ਭਾਈ ਖਾਲੜਾ 'ਤੇ ਬਣੀ ਫ਼ਿਲਮ 'ਪੰਜਾਬ 95' ਨੂੰ ਰਿਲੀਜ਼ ਹੋਣ ਤੋਂ ਰੋਕਿਆ ?

ਅਵਤਾਰ ਸਿੰਘ ਅਨੰਦ
ਹੁਸ਼ਿਆਰ ਨਗਰ, ਅੰਮ੍ਰਿਤਸਰ

ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਰਹੇ ਜਸਵੰਤ ਸਿੰਘ ਖਾਲੜਾ ਦੀ ਜ਼ਿੰਦਗੀ 'ਤੇ ਹਨੀ ਤ੍ਰੇਹਨ ਵੱਲੋਂ ਬਣਾਈ ਗਈ ਫ਼ਿਲਮ 'ਪੰਜਾਬ 95' ਨੂੰ ਰਿਲੀਜ਼ ਹੋਣ ਤੋਂ ਫਿਰ ਰੋਕ ਲਿਆ ਗਿਆ ਹੈ। ਫ਼ਿਲਮ 2022 'ਚ ਬਣਨੀ ਸ਼ੁਰੂ ਹੋਈ ਸੀ ਅਤੇ ਉਦੋਂ ਤੋਂ ਹੀ ਇਸ ਨੂੰ ਸੈਂਸਰ ਬੋਰਡ ਟੇਢੀ ਅੱਖ ਨਾਲ ਦੇਖ ਰਿਹਾ ਹੈ। 2023 ਤੋਂ ਲੈ ਕੇ ਅੱਜ ਤੱਕ ਇਸ ਫ਼ਿਲਮ ਨੂੰ ਸਿਨੇਮਾ ਘਰਾਂ 'ਚ ਰਿਲੀਜ਼ ਨਾ ਹੋਣ ਦੇਣਾ ਤਾਂ ਇੱਕ ਪਾਸੇ ਬਲਕਿ ਇੰਟਰਨੈੱਟ ਦੇ ਨੈੱਟਫਲਿਕਸ ਅਤੇ ਦੂਜੇ ਓ. ਟੀ. ਟੀ. ਪਲੇਟ ਫਾਰਮਾਂ 'ਤੇ ਵੀ ਰਿਲੀਜ਼ ਨਹੀਂ ਹੋਣ ਦਿੱਤਾ ਜਾ ਰਿਹਾ। ਯੂ-ਟਿਊਬ 'ਤੇ ਚੱਲ ਰਿਹਾ ਟੀਜ਼ਰ ਵੀ ਹਟਾ ਦਿੱਤਾ ਗਿਆ ਹੈ।

ਫ਼ਿਲਮ 'ਪੰਜਾਬ 95' ਨੂੰ ਪ੍ਰਦਰਸ਼ਿਤ ਹੋਣ ਤੋਂ ਰੋਕਣ ਦਾ ਕਾਰਨ ਸੈਂਸਰਸ਼ਿਪ 'ਤੇ ਰਾਜਨੀਤਕ ਦਬਾਅ ਮੰਨਿਆ ਜਾ ਰਿਹਾ ਹੈ, ਕਿਉਂਕਿ ਇਸ ਫ਼ਿਲਮ ਦਾ ਜਿਹੜਾ ਮੁੱਖ ਕਿਰਦਾਰ (ਜਸਵੰਤ ਸਿੰਘ ਖਾਲੜਾ) ਹੈ ਉਸ ਨੇ 1980-90 ਵਿਚਾਲੇ ਪੰਜਾਬ ਪੁਲਿਸ ਦੀਆਂ ਕਾਰਵਾਈਆਂ ਦੇ ਦੌਰਾਨ ਗੁੰਮ ਹੋਏ ਲੋਕਾਂ ਦੀ ਸੱਚਾਈ ਸਾਹਮਣੇ ਲਿਆਉਂਦਿਆਂ ਆਪਣੀ ਜ਼ਿੰਦਗੀ ਲੇਖੇ ਲਾ ਦਿੱਤੀ ਸੀ। ਇਸ ਫ਼ਿਲਮ ਦਾ ਮੁੱਖ ਕਿਰਦਾਰ ਜਸਵੰਤ ਸਿੰਘ ਖਾਲੜਾ ਕੌਣ ਸੀ ਅਤੇ ਉਨ੍ਹਾਂ 'ਤੇ ਬਣੀ ਫ਼ਿਲਮ ਨੂੰ ਵਾਰ-ਵਾਰ ਸੈਂਸਰ ਬੋਰਡ ਰਿਲੀਜ਼ ਹੋਣ ਤੋਂ ਕਿਉਂ ਰੋਕ ਰਿਹਾ ਹੈ, ਇਸ ਲੇਖ ਰਾਹੀਂ ਪਾਠਕਾਂ ਨਾਲ ਜਾਣਕਾਰੀ ਸਾਂਝੀ ਕਰ ਰਿਹਾ ਹਾਂ।

ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰ ਜਸਵੰਤ ਸਿੰਘ ਖਾਲੜਾ ਨੂੰ 1995 'ਚ ਅੰਮ੍ਰਿਤਸਰ 'ਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਸਾਹਮਣੇ ਕਬੀਰ ਪਾਰਕ ਵਾਲੇ ਘਰ ਤੋਂ 6 ਸਤੰਬਰ ਨੂੰ ਪੰਜਾਬ ਪੁਲਿਸ ਵਲੋਂ ਚੁੱਕ ਲਿਆ ਗਿਆ ਸੀ। ਚੁੱਕ ਕੇ ਉਸ ਨੂੰ ਝਬਾਲ ਥਾਣੇ 'ਚ ਰੱਖਿਆ ਗਿਆ। ਭਾਰੀ ਤਸ਼ੱਦਦ ਕਰਨ ਤੋਂ ਬਾਅਦ ਉਨ੍ਹਾਂ ਦੀ ਲਾਸ਼ ਨੂੰ ਹਰੀਕੇ ਹੈੱਡ ਵਿਖੇ ਰੋੜ੍ਹ ਦਿੱਤਾ ਗਿਆ। ਉਸ ਵੇਲੇ ਪੰਜਾਬ 'ਚ ਖਾਲੜਾ ਨੂੰ ਲੈ ਕੇ ਬਹੁਤ ਵਿਵਾਦ ਹੋਇਆ। ਪੰਜਾਬ ਦੀ ਕਾਂਗਰਸ ਸਰਕਾਰ ਦੀ ਬਹੁਤ ਕਿਰਕਰੀ ਹੋਈ। ਪੰਥਕ ਜਥੇਬੰਦੀਆਂ ਅਤੇ ਲੀਡਰਾਂ ਨੇ ਵੀ ਭਾਈ ਖਾਲੜਾ ਪਰਿਵਾਰ ਦਾ ਕੋਈ ਬਹੁਤਾ ਸਾਥ ਨਾ ਦਿੱਤਾ। ਕਾਂਗਰਸ ਦੇ ਮਰਹੂਮ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਨੇ ਇਹ ਕੇਸ ਦੀ ਜਾਂਚ ਸੀ. ਬੀ. ਆਈ. ਦੇ ਹਵਾਲੇ ਕਰਕੇ ਕਾਂਗਰਸ ਨੂੰ ਸੁਰਖ਼ਰੂ ਕਰ ਦਿੱਤਾ। ਸੀ. ਬੀ. ਆਈ. ਦੀ ਲੰਬੀ ਚੱਲੀ ਪੜਤਾਲ ਤੋਂ ਬਾਅਦ ਕੁਝ ਕੁ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ ਹੋਈ, ਕੁਝ ਕੁ ਬਚ ਨਿਕਲੇ। ਤਤਕਾਲੀਨ ਸਾਬਕਾ ਐਸ. ਐਸ. ਪੀ. ਅਜੀਤ ਸਿੰਘ ਸੰਧੂ ਆਤਮ ਹੱਤਿਆ ਕਰ ਗਿਆ।




ਜਸਵੰਤ ਸਿੰਘ ਖਾਲੜਾ ਦੀ ਸ਼ਹੀਦੀ ਜਿਵੇਂ-ਜਿਵੇਂ ਪੁਰਾਣੀ ਹੁੰਦੀ ਗਈ, ਕੇਸ ਠੰਡੇ ਬਸਤੇ 'ਚ ਪੈਂਦਾ ਚਲਾ ਗਿਆ। ਭਾਈ ਖਾਲੜਾ ਦੀ ਧਰਮ ਪਤਨੀ ਬੀਬੀ ਪਰਮਜੀਤ ਕੌਰ ਨੇ ਬੜੀ ਭੱਜ-ਨੱਠ ਕੀਤੀ ਕਿ ਸ਼ਾਇਦ ਉਨ੍ਹਾਂ ਦੇ ਮਰਹੂਮ ਪਤੀ ਨੂੰ ਨਿਆਂ ਮਿਲ ਸਕੇ ਪਰ ਇਨਸਾਫ਼ ਮਿਲਿਆ ਵੀ ਤਾਂ ਬਹੁਤ ਦੇਰ ਬਾਅਦ। ਕੁਝ ਪੁਲਿਸ ਮੁਲਾਜ਼ਮ ਰੱਬ ਨੂੰ ਪਿਆਰੇ ਹੋ ਗਏ। ਕੁਝ ਜ਼ਮਾਨਤ 'ਤੇ ਬਾਹਰ ਆ ਗਏ। ਕੁਝ ਬਿਮਾਰੀ ਦਾ ਬਹਾਨਾ ਬਣਾ ਕੇ ਅਦਾਲਤ 'ਚ ਕੇਸ ਫਾਈਲ ਕਰਵਾ ਚੁੱਕੇ ਹਨ। 1990 ਦੇ ਦਹਾਕੇ 'ਚ ਖਾੜਕੂਵਾਦ ਦੌਰਾਨ ਪੰਜਾਬ ਪੁਲਿਸ ਦੁਆਰਾ ਸਿੱਖ ਨੌਜਵਾਨਾਂ ਦੇ ਗ਼ੈਰ-ਕਾਨੂੰਨੀ ਕਤਲਾਂ ਦਾ ਪਰਦਾਫਾਸ਼ ਕਰਦਿਆਂ ਉਨ੍ਹਾਂ ਨੇ ਜਾਂਚ ਦਾ ਕਾਰਜ ਆਰੰਭਿਆ ਸੀ, ਕਿ ਅੰਮ੍ਰਿਤਸਰ ਦੇ ਦੁਰਗਿਆਣਾ ਮੰਦਿਰ, ਪੱਟੀ, ਤਰਨ ਤਾਰਨ ਅਤੇ ਮਜੀਠਾ ਦੇ ਸ਼ਮਸ਼ਾਨ ਘਾਟ 'ਚ ਪੰਜਾਬ ਦੀ ਤਤਕਾਲੀਨ ਹਕੂਮਤ ਅਤੇ ਭਾਰਤੀ ਸਟੇਟ ਨੇ ਜਿਹੜੇ 25 ਹਜ਼ਾਰ ਦੇ ਕਰੀਬ ਪੰਜਾਬੀ ਸਿੱਖ ਨੌਜਵਾਨ ਮਾਰ ਖਪਾਏ ਹਨ, ਉਨ੍ਹਾਂ ਦਾ ਹਿਸਾਬ ਦਿੱਤਾ ਜਾਵੇ।

ਜਸਵੰਤ ਸਿੰਘ ਖਾਲੜਾ ਵੱਲੋਂ ਪੰਜਾਬ 'ਚ 90 ਦੇ ਦਹਾਕੇ 'ਚ ਨਿਭਾਇਆ ਗਿਆ ਰੋਲ ਅੱਜ ਦੀ ਯੁਵਾ ਪੀੜ੍ਹੀ ਨੂੰ ਵੱਡੇ ਪਰਦੇ 'ਤੇ ਦਿਖਾਉਣ ਲਈ ਮੱਧ ਪ੍ਰਦੇਸ਼ ਦੇ ਸਾਗਰ ਸ਼ਹਿਰ 'ਚ ਜਨਮੇ ਭਾਈ ਖਾਲੜਾ ਫ਼ਿਲਮ ਦੇ ਨਿਰਦੇਸ਼ਕ ਹਨੀ ਤ੍ਰੇਹਨ ਨੇ ਖਾਲੜਾ ਪਰਿਵਾਰ ਤੋਂ ਆਗਿਆ ਲੈ ਕੇ 2022 ਵਿੱਚ ਫ਼ਿਲਮ ਦਾ ਨਿਰਦੇਸ਼ਨ ਸ਼ੁਰੂ ਕੀਤਾ ਸੀ। 2023 'ਚ ਫ਼ਿਲਮ ਰਿਲੀਜ਼ ਹੋਣੀ ਸੀ ਪਰ ਉਦੋਂ ਤੋਂ ਹੀ ਸੈਂਸਰ ਬੋਰਡ ਵਲੋਂ ਡਰਾਮੇਬਾਜ਼ੀ ਸ਼ੁਰੂ ਕਰਦਿਆਂ ਇਸ ਦੇ ਪ੍ਰਸਾਰਨ ਨੂੰ ਰੋਕਿਆ ਗਿਆ।

ਸੈਂਸਰ ਬੋਰਡ ਨੇ ਪੰਜਾਬ ਦੇ ਇਸ ਸੰਵੇਦਨਸ਼ੀਲ ਵਿਸ਼ੇ 'ਤੇ ਆਧਾਰਿਤ ਫ਼ਿਲਮ 'ਚ 120 ਕਟੌਤੀਆਂ ਦਾ ਸੁਝਾਅ ਦਿੱਤਾ ਸੀ। ਫ਼ਿਲਮ ਨਿਰਦੇਸ਼ਕ ਹਨੀ ਤ੍ਰੇਹਨ ਦਾ ਕਹਿਣਾ ਹੈ ਕਿ ਪਹਿਲਾਂ ਸਾਨੂੰ ਖਾਲੜਾ ਪਰਿਵਾਰ ਦੀਆਂ ਕੁਝ ਸਖ਼ਤ ਸ਼ਰਤਾਂ ਦਾ ਖਿਆਲ ਰੱਖਣਾ ਪਿਆ, ਹੁਣ ਸੈਂਸਰ ਬੋਰਡ ਦੀਆਂ ਕਰਵਾਈਆਂ ਕਰਕੇ ਅਟਕਲਾਂ ਜਾਰੀ ਹਨ। ਇਸ ਵਾਰ ਫ਼ਿਲਮ 7 ਫਰਵਰੀ ਨੂੰ ਰਿਲੀਜ਼ ਹੋਣੀ ਸੀ। ਪਰ ਸੈਂਸਰ ਬੋਰਡ ਨੇ ਰੋਕ ਲਗਾ ਦਿੱਤੀ।

ਸੈਂਸਰ ਬੋਰਡ ਚਾਹੁੰਦਾ ਹੈ ਕਿ 120 ਕਟੌਤੀਆਂ ਕੀਤੀਆਂ ਜਾਣ, ਫ਼ਿਲਮ ਦਾ ਟਾਈਟਲ ਬਦਲਿਆ ਜਾਵੇ, ਮੁੱਖ ਕਿਰਦਾਰ ਦਾ ਨਾਂਅ ਜਸਵੰਤ ਸਿੰਘ ਤੋਂ ਬਦਲ ਕੇ ਕੁਝ ਹੋਰ ਕੀਤਾ ਜਾਵੇ। ਸੈਂਸਰ ਬੋਰਡ ਦੀ ਇਸ ਸ਼ਰਤ ਨੂੰ ਮੁੱਖ ਰੱਖਦਿਆਂ ਫ਼ਿਲਮ ਦਾ ਨਾਂਅ ਬਦਲ ਕੇ 'ਪੰਜਾਬ 95' ਰੱਖ ਦਿੱਤਾ ਗਿਆ ਪਰ ਟੀਮ ਨੂੰ ਕਟੌਤੀਆਂ ਮਨਜ਼ੂਰ ਨਹੀਂ ਸਨ, ਕਿਉਂਕਿ ਮੰਨ ਲਓ ਫ਼ਿਲਮ 120 ਮਿੰਟ ਲੰਬੀ ਹੈ ਅਤੇ ਹਰੇਕ ਕੱਟ 20 ਸਕਿੰਟ ਲੰਬਾ ਹੈ ਤਾਂ ਤੁਸੀਂ ਫ਼ਿਲਮ ਦਾ 1/3 ਹਿੱਸਾ ਹਟਾ ਰਹੇ ਹੋ। ਮਤਲਬ ਕਿ ਤੁਸੀਂ ਅੱਧੀ ਫ਼ਿਲਮ ਨੂੰ ਹਟਾ ਰਹੇ ਹੋ। ਪਹਿਲੀ ਗੱਲ ਤਾਂ ਇਹ ਹੈ ਕਿ ਜੇਕਰ ਖਾਲੜਾ ਪਰਿਵਾਰ ਨੇ ਫ਼ਿਲਮ ਨਿਰਦੇਸ਼ਕ ਨੂੰ ਮਨਜ਼ੂਰੀ ਦਿੱਤੀ ਹੋਈ ਹੈ ਤਾਂ ਸੈਂਸਰ ਬੋਰਡ ਜਸਵੰਤ ਸਿੰਘ ਖਾਲੜਾ ਦੀ ਵਿਰਾਸਤ ਅਤੇ ਉਸ ਦੇ ਪਰਿਵਾਰ ਨਾਲ 120 ਕੱਟਾਂ, ਸਮੇਤ ਫ਼ਿਲਮ ਦੇ ਨਾਂਅ ਅਤੇ ਮੁੱਖ ਕਿਰਦਾਰ ਵਿੱਚ ਤਬਦੀਲੀ ਦੇ ਨਾਲ-ਨਾਲ ਐਨੀਆਂ ਸਖ਼ਤ ਸ਼ਰਤਾਂ ਸਮੇਤ ਵੀ ਪਾਬੰਦੀ ਲਗਾ ਦੇਵੇ ਤਾਂ ਕੀ ਇਸ ਨੂੰ ਠੀਕ ਕਿਹਾ ਜਾ ਸਕਦਾ ਹੈ ? ਇਸ ਤੋਂ ਪਹਿਲਾਂ 13 ਕਟੌਤੀਆਂ ਨਾਲ ਕੰਗਨਾ ਰਣੌਤ ਦੀ 'ਐਮਰਜੈਂਸੀ' ਫ਼ਿਲਮ ਰਿਲੀਜ਼ ਕੀਤੀ ਗਈ ਸੀ। ਕਸ਼ਮੀਰ 'ਤੇ ਬਣੀ ਫ਼ਿਲਮ 'ਕਸ਼ਮੀਰ ਫਾਈਲ' ਨੂੰ 7 ਮਾਮੂਲੀ ਕੱਟਾਂ ਨਾਲ ਰਿਲੀਜ਼ ਕੀਤਾ ਗਿਆ ਸੀ। ਪਰ ਖਾਲੜਾ 'ਤੇ ਬਣੀ ਫ਼ਿਲਮ ਨੂੰ ਭਾਰਤੀ ਹਕੂਮਤ ਦੇ ਰਾਜਨੀਤਕ ਦਬਾਅ ਕਾਰਨ 2023 ਦੇ ਟੋਰਾਂਟੋ ਅੰਤਰਰਾਸ਼ਟਰੀ ਫ਼ਿਲਮ ਫੈਸਟੀਵਲ ਤੋਂ ਵੀ ਹਟਵਾ ਦਿੱਤਾ। ਇਸ ਤੋਂ ਇਲਾਵਾ, ਜਨਵਰੀ 2025 ਵਿੱਚ ਯੂ-ਟਿਊਬ 'ਤੇ ਰਿਲੀਜ਼ ਕੀਤੇ ਗਏ ਫ਼ਿਲਮ ਦੇ ਟ੍ਰੇਲਰ ਨੂੰ ਤੀਹ ਲੱਖ ਤੋਂ ਵੱਧ ਵਿਊਜ਼ ਪ੍ਰਾਪਤ ਹੁੰਦਿਆਂ ਹੀ ਇਸ ਟ੍ਰੇਲਰ ਨੂੰ ਵੀ ਯੂ ਟਿਊਬ ਤੋਂ ਹਟਾ ਦਿੱਤਾ ਗਿਆ। (ਬਾਕੀ ਸਫ਼ਾ 31 'ਤੇ)

# ਸਿੱਖ ਭਾਈਚਾਰੇ 'ਚੋਂ ਜਾਤੀ-ਸਿਸਟਮ ਖ਼ਤਮ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਯਤਨ



ਤਲਵਿੰਦਰ ਸਿੰਘ

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਸ ਵੇਲੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਤਾਂ ਉਸ ਵੇਲੇ ਸਮਾਜ ਅਤੇ ਧਰਮ ਜਾਤ-ਪਾਤ ਦੇ ਵਿਤਕਰਿਆਂ 'ਚ ਬੁਰੀ ਤਰ੍ਹਾਂ ਵੰਡਿਆ ਹੋਇਆ ਸੀ। ਜਾਤ-ਵਰਣ ਦੇ ਵੰਡ-ਵਿਤਕਰਿਆਂ ਵਾਲੇ ਸਮਾਜ 'ਚ ਅਖੌਤੀ ਨੀਚ ਜਾਤ ਆਖੇ ਜਾਣ ਵਾਲੇ ਲੋਕਾਂ ਕੋਲੋਂ ਉਨ੍ਹਾਂ ਦੇ ਸਾਰੇ ਮਨੁੱਖੀ ਹਕੂਕ ਅਤੇ ਧਰਮ ਕਰਮ ਦੇ ਅਧਿਕਾਰ ਖੋਹ ਲਏ ਗਏ ਸਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਦਾ ਖੰਡਨ ਕੀਤਾ ਅਤੇ ਹਰੇਕ ਮਨੁੱਖ ਨੂੰ ਇੱਕ ਰਬੀ ਜੋਤ ਜਾਣ ਕੇ ਮਨੁੱਖੀ ਭਾਈਚਾਰੇ ਨੂੰ ਆਪਸੀ ਸਦਭਾਵਨਾ ਅਤੇ ਪਿਆਰ ਦਾ ਸੁਨੇਹਾ ਦਿੱਤਾ। ਗੁਰੂ ਸਾਹਿਬ ਨੇ ਬੁਲੰਦ ਆਵਾਜ਼ ਵਿੱਚ ਫ਼ਰਮਾਇਆ:

ਜਾਣਹੁ ਜੋਤਿ ਨ ਪੂਛਹੁ ਜਾਤੀ
ਆਗੈ ਜਾਤਿ ਨ ਹੇ ॥ (ਅੰਗ: 349)

ਗੁਰੂ ਸਾਹਿਬ ਨੇ ਜਾਤ ਨਾਲੋਂ ਮਨੁੱਖ ਦੇ ਕਰਮਾਂ ਦੀ ਪ੍ਰਧਾਨਤਾ 'ਤੇ ਜ਼ੋਰ ਦਿੰਦਿਆਂ ਆਖਿਆ ਕਿ ਰੱਬ ਦੀ ਦਰਗਾਹ 'ਚ ਕਿਸੇ ਦੀ ਉੱਚੀ-ਨੀਵੀਂ ਜਾਤ ਨਹੀਂ ਦੇਖੀ ਜਾਂਦੀ, ਉੱਥੇ ਸਿਰਫ਼ ਮਨੁੱਖ ਦੇ ਕੀਤੇ ਭਲੇ ਕਰਮਾਂ ਨੂੰ ਹੀ ਆਦਰ ਮਿਲਦਾ ਹੈ-

ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥
ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥
(ਅੰਗ: 469)

ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰਕੇ ਚਹੁੰ ਵਰਣਾਂ ਦੇ ਲੋਕਾਂ ਨੂੰ ਇੱਕ ਬਾਟੇ ਵਿਚੋਂ ਅੰਮ੍ਰਿਤ ਛਕਾਇਆ॥ ਜਾਤ-ਪਾਤ ਭਿੰਨ-ਭੇਦ ਮਿਟਾ ਦਿੱਤਾ। ਗੁਰੂ ਸਾਹਿਬ ਨੇ ਹੁਕਮ ਕੀਤਾ ਕਿ ਅੱਜ ਤੋਂ ਤੁਸੀਂ 'ਸਤਿਗੁਰ ਕੈ ਜਨਮੇ ਗਵਨੁ ਮਿਟਾਇਆ' (ਅੰਗ: 938) ਹੈ ਅਤੇ ਪਿਛਲੀ ਕੁਲ, ਵੰਸ਼, ਜਾਤ, ਦੇਸ਼ ਅਤੇ ਕਰਮ ਦਾ ਖ਼ਿਆਲ ਤੱਕ ਤਿਆਗ ਦੇਣਾ ਹੈ। ਜਿਹੜਾ ਸਿੱਖ, ਸਿੱਖ ਨੂੰ ਉਸ ਦੀ ਜਾਤ ਪੁੱਛੇਗਾ, ਸੋ ਤਨਖ਼ਾਹੀਆ ਹੋਵੇਗਾ। ਉਹ ਗੁਰੂ ਦੀ ਪ੍ਰਸੰਨਤਾ ਹਾਸਿਲ ਨਹੀਂ ਕਰ ਸਕਦਾ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਲ ਸ੍ਰੀ ਅਨੰਦਪੁਰ ਸਾਹਿਬ ਵਿੱਚ ਪਹਾੜੀ ਰਾਜਿਆਂ ਨੇ ਸੁਲ੍ਹਾ-ਸਫ਼ਾਈ ਲਈ ਬਾਸ਼ਰਤ ਤਜਵੀਜ਼ ਭੇਜੀ ਕਿ, (ਅਖੌਤੀ) ਸਵਰਨ ਜਾਤਾਂ ਨੂੰ 'ਸ਼ੂਦਰਾਂ' ਤੋਂ ਵੱਖਰੇ ਬਾਟੇ ਵਿੱਚ ਅੰਮ੍ਰਿਤ ਛਕਾਇਆ ਜਾਵੇ ਅਤੇ (ਅਖੌਤੀ) ਸਵਰਨ ਜਾਤਾਂ ਲਈ ਪੰਗਤ ਛੋਟੀਆਂ ਜਾਤਾਂ ਤੋਂ ਵੱਖਰੀ ਲਗਾਈ ਜਾਵੇ, ਤਾਂ ਗੁਰੂ ਸਾਹਿਬ ਨੇ ਇਨ੍ਹਾਂ ਸ਼ਰਤਾਂ ਨੂੰ ਮੁੱਢੋਂ ਹੀ ਖਾਰਜ ਕਰਕੇ ਫ਼ਰਮਾਇਆ,

ਇਨ ਗਰੀਬ ਸਿਖਨ ਕੋ ਦੈ ਪਾਤਸ਼ਾਹੀ,
ਯਿਹ ਯਾਦ ਰਖੈਂ ਹਮਰੀ ਗੁਰਿਆਈ॥
(ਪੰਥ ਪ੍ਰਕਾਸ਼)

ਅਠ੍ਹਾਰਵੀਂ ਸਦੀ 'ਚ ਅਕਾਲੀ ਫ਼ੂਲਾ ਸਿੰਘ ਦੇ ਅਕਾਲ ਚਲਾਣੇ ਤੋਂ ਉਪਰੰਤ, ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੌਰਾਨ ਅਤੇ ਬਾਅਦ ਵਿੱਚ ਗੁਰਦੁਆਰਿਆਂ ਦੀ ਸੇਵਾ-ਸੰਭਾਲ ਉਨ੍ਹਾਂ ਮਹੰਤਾਂ ਕੋਲ ਚਲੀ ਗਈ, ਜਿਨ੍ਹਾਂ ਵਿੱਚ ਬ੍ਰਾਹਮਣੀ ਕਰਮ-ਕਾਂਡਾਂ ਅਤੇ ਰੀਤੀ-ਰਿਵਾਜਾਂ ਦਾ ਬੋਲਬਾਲਾ ਸੀ। ਅੰਗਰੇਜ਼ਾਂ ਨੇ ਵੀ ਸਿੱਖਾਂ ਦੀ ਪੰਥਕ ਏਕਤਾ ਨੂੰ ਖੇਰੂੰ-ਖੇਰੂੰ ਕਰਨ ਦੇ ਮਕਸਦ ਲਈ ਇਨ੍ਹਾਂ ਮਹੰਤਾਂ ਨੂੰ ਥਾਪੜਾ ਦਿੱਤਾ ਅਤੇ 'ਜਾਤ-ਪਾਤ' ਨੂੰ ਉਤਸ਼ਾਹਿਤ ਕਰਨ 'ਚ ਲੁਕਵੀਂ ਭੂਮਿਕਾ ਨਿਭਾਈ।

ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ 'ਤੇ ਕਾਬਜ਼ ਪੁਜਾਰੀਆਂ ਨੇ ਦਲਿਤ ਆਖੇ ਜਾਣ ਵਾਲੇ ਸਿੱਖਾਂ ਦਾ ਕੜਾਹ ਪ੍ਰਸ਼ਾਦ ਕਬੂਲ ਕਰਨਾ ਬੰਦ ਕਰ ਦਿੱਤਾ। ਵੀਹਵੀਂ ਸਦੀ ਦੀ ਸ਼ੁਰੂਆਤ ਦੌਰਾਨ ਸਿੰਘ ਸਭਾ ਲਹਿਰ, ਅਕਾਲੀ ਲਹਿਰ ਅਤੇ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋਈ। ਇਸ ਦੌਰਾਨ 10 ਤੋਂ 12 ਅਕਤੂਬਰ 1920 ਨੂੰ ਗੁਰਦੁਆਰਾ ਸੁਧਾਰ ਲਹਿਰ ਤਹਿਤ ਜਲ੍ਹਿਆਂਵਾਲਾ ਬਾਗ਼ 'ਚ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਇੱਕ ਵੱਡਾ ਇਕੱਠ ਬੁਲਾਇਆ ਗਿਆ। ਇਸ ਦੌਰਾਨ ਵੀ ਉਨ੍ਹਾਂ ਸਿੱਖਾਂ ਨੂੰ ਲੰਗਰ ਵਾਸਤੇ ਭਾਂਡੇ ਨਾ ਦਿੱਤੇ ਗਏ। 11 ਅਕਤੂਬਰ ਨੂੰ ਮਤਾ ਪਾਸ ਹੋਇਆ ਕਿ ਅਗਲੀ ਸਵੇਰ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖ ਸ੍ਰੀ ਦਰਬਾਰ ਸਾਹਿਬ ਪ੍ਰਸ਼ਾਦ ਲੈ ਕੇ ਜਾਣਗੇ। ਅਗਲੇ ਦਿਨ ਬਹੁਤ ਸਾਰੇ ਪੱਛੜੀਆਂ ਸ਼੍ਰੇਣੀਆਂ ਦੇ ਸਿੱਖਾਂ ਨੇ ਅੰਮ੍ਰਿਤ ਛਕਿਆ ਅਤੇ ਬਾਅਦ ਵਿੱਚ ਸਾਰੇ ਸਿੰਘ ਇਕੱਠੇ ਹੋ ਕੇ ਸ੍ਰੀ ਦਰਬਾਰ ਸਾਹਿਬ ਗਏ। ਉਨ੍ਹਾਂ ਦਾ ਪ੍ਰਸ਼ਾਦ ਪੁਜਾਰੀਆਂ ਨੇ ਕਬੂਲ ਨਾ ਕੀਤਾ। ਪ੍ਰੋ. ਹਰਕਿਸ਼ਨ ਸਿੰਘ ਬਾਵਾ ਨੇ ਗਲ ਵਿੱਚ ਪੱਲਾ ਪਾ ਕੇ ਤਿੰਨ ਵਾਰੀ ਪੁਜਾਰੀਆਂ ਨੂੰ ਅਰਜ ਕੀਤੀ, ਪਰ ਉਨ੍ਹਾਂ ਨੇ ਫਿਰ ਵੀ ਪ੍ਰਸ਼ਾਦ ਕਬੂਲ ਨਾ ਕੀਤਾ। ਇਸ ਦੌਰਾਨ ਜਥੇਦਾਰ ਕਰਤਾਰ ਸਿੰਘ ਝੱਬਰ ਅਤੇ ਜਥੇਦਾਰ ਤੇਜਾ ਸਿੰਘ ਭੁੱਚਰ ਦੀ ਅਗਵਾਈ 'ਚ ਸੰਗਤਾਂ ਨੇ ਇਸ ਕੁਰੀਤੀ ਦੇ ਖ਼ਿਲਾਫ਼ ਮੋਰਚਾ ਲਾ ਲਿਆ। ਪੁਜਾਰੀ ਆਪਣੀ ਗੱਲ 'ਤੇ ਅੜੇ ਰਹੇ। ਅਖ਼ੀਰ ਫ਼ੈਸਲਾ ਹੋਇਆ ਕਿ ਅਰਦਾਸ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮੁਖਵਾਕ ਲਿਆ ਜਾਵੇ। ਹੁਕਮ ਆਇਆ:

ਸੋਰਠਿ ਮ: 3 ਦੁਤੁਕੀ
ਨਿਗੁਣਿਆ ਨੋ ਆਪੇ ਬਖਸਿ ਲਏ
ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ
ਭਾਈ ਰਾਮ ਨਾਮਿ ਚਿਤੁ ਲਾਇ॥
(ਅੰਗ: 638)

ਸੰਗਤਾਂ ਇਹ ਇਲਾਹੀ ਹੁਕਮ ਸੁਣ ਕੇ ਵਿਸਮਾਦ 'ਚ ਆ ਗਈਆਂ। ਅਖ਼ੀਰ ਪੁਜਾਰੀਆਂ ਨੂੰ ਕਥਿਤ ਪੱਛੜੀਆਂ ਜਾਤਾਂ ਦੇ ਸਿੱਖਾਂ ਦਾ ਪ੍ਰਸ਼ਾਦ ਕਬੂਲ ਕਰਨਾ ਪਿਆ ਅਤੇ ਪ੍ਰਸ਼ਾਦ ਸਾਰੀ ਸੰਗਤ 'ਚ ਵਰਤਾਇਆ ਗਿਆ। ਇਸ ਤਰ੍ਹਾਂ ਗੁਰਦੁਆਰਾ ਸੁਧਾਰ ਲਹਿਰ ਦੀ ਇੱਕ ਪਵਿੱਤਰ ਭਾਵਨਾ ਗੁਰਦੁਆਰਿਆਂ ਅਤੇ ਸਿੱਖ ਸਮਾਜ ਅੰਦਰੋਂ ਜਾਤ-ਪਾਤ ਦੇ ਪੈਦਾ ਹੋਏ ਵਿਤਕਰੇ ਨੂੰ ਦੂਰ ਕਰਨਾ ਵੀ ਸੀ। ਅਖ਼ੀਰ ਮਹੰਤਾਂ ਨੂੰ ਗੁਰਦੁਆਰੇ ਛੱਡਣੇ ਪਏ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਹੋਇਆ।

ਸ਼੍ਰੋਮਣੀ ਕਮੇਟੀ ਦੀ ਸਥਾਪਨਾ ਦੇ ਨਾਲ ਹੀ ਸਿੱਖ ਪੰਥ ਨੇ ਜਾਤ-ਪਾਤ ਦੀ ਕੁਰੀਤੀ ਖ਼ਤਮ ਕਰਨ ਲਈ ਕਥਿਤ ਨੀਵੀਆਂ ਜਾਤਾਂ ਸਮਝੇ ਜਾਣ ਵਾਲੇ ਲੋਕਾਂ ਨੂੰ ਅੰਮ੍ਰਿਤ ਛਕਾ ਕੇ ਖ਼ਾਲਸਾ ਪੰਥ 'ਚ ਸ਼ਾਮਿਲ ਕਰਨ ਦੀ ਜ਼ੋਰਦਾਰ ਮੁਹਿੰਮ ਆਰੰਭੀ। ਇਨ੍ਹਾਂ ਨਵੇਂ ਸਜੇ ਸਿੰਘਾਂ ਨਾਲ ਵੀ ਕੁਝ ਕੁ ਥਾਵਾਂ 'ਤੇ ਵਿਤਕਰਾ ਕਰਨ ਦੀਆਂ ਪੰਥ ਨੂੰ ਖ਼ਬਰਾਂ ਮਿਲੀਆਂ ਤਾਂ ਸ਼੍ਰੋਮਣੀ ਕਮੇਟੀ ਨੇ 14 ਮਾਰਚ 1927 ਨੂੰ ਸਰਬਸੰਮਤੀ ਨਾਲ ਗੁਰਮਤਾ ਪਾਸ ਕੀਤਾ ਕਿ, 'ਸਿੱਖਾਂ 'ਚ ਜਾਤ-ਪਾਤ ਦੇ ਖ਼ਿਆਲ ਨਾਲ ਕਿਸੇ ਵਿਅਕਤੀ ਨੂੰ ਉੱਚਾ ਜਾਂ ਨੀਵਾਂ ਨਹੀਂ ਮੰਨਿਆ ਜਾਂਦਾ। ਇਸ ਲਈ ਹਰ ਇਕ ਜਾਤ 'ਚੋਂ ਸਜ ਕੇ ਆਏ ਸਿੱਖ ਨਾਲ ਸੰਗਤ ਪੰਗਤ ਦੁਆਰਾ ਅਭੇਦ ਵਰਤਿਆ ਜਾਵੇ।' ਇਸੇ ਤਰ੍ਹਾਂ ਜਾਤ-ਪਾਤ ਦੇ ਫ਼ਰਕ ਨੂੰ ਮਿਟਾਉਣ ਲਈ ਇੱਕ ਹੋਰ ਮਤਾ 15 ਮਾਰਚ 1927 ਨੂੰ ਪਾਸ ਕੀਤਾ ਗਿਆ, ਜਿਸ ਵਿੱਚ ਪੰਜਾਬ ਸਰਕਾਰ ਨੂੰ ਕਿਹਾ ਗਿਆ ਕਿ ਉਹ ਸਿੱਖਾਂ ਲਈ ਸਰਕਾਰੀ ਕਾਗਜ਼ਾਂ 'ਚ ਜਾਤ-ਪਾਤ ਨਾ ਲਿਖੇ। ਸ਼੍ਰੋਮਣੀ ਕਮੇਟੀ ਵੱਲੋਂ ਇਨ੍ਹਾਂ ਕਥਿਤ ਦਲਿਤ ਜਾਂ ਪੱਛੜੀਆਂ ਆਖੀਆਂ ਜਾਣ ਵਾਲੀਆਂ ਜਾਤਾਂ ਤੋਂ ਸਿੰਘ ਸਜੇ ਲੋਕਾਂ ਦੇ ਜੀਵਨ ਨੂੰ ਹਰ ਪੱਖ ਤੋਂ ਉੱਚਾ ਚੁੱਕਣ ਅਤੇ ਗੁਰਦੁਆਰਾ ਸੇਵਾ-ਸੰਭਾਲ ਵਿੱਚ ਬਰਾਬਰ ਭਾਈਵਾਲ ਬਣਾਉਣ ਲਈ ਕਮੇਟੀ ਦੇ ਮੈਂਬਰਾਂ ਵਿੱਚ ਵੀ ਇਨ੍ਹਾਂ ਦਾ ਰਾਖ਼ਵਾਂਕਰਨ ਆਰੰਭ ਕੀਤਾ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 28 ਅਪ੍ਰੈਲ 1985 ਨੂੰ ਪੰਜ ਸਿੰਘ ਸਾਹਿਬਾਨ ਵੱਲੋਂ ਇੱਕ ਆਦੇਸ਼ ਕੀਤਾ ਗਿਆ ਸੀ ਕਿ, 'ਕੋਈ ਸਿੰਘ ਜਾਂ ਸਿੰਘਣੀ ਆਪਣੇ ਨਾਮ ਨਾਲ ਜਾਤ, ਗੋਤ ਦੀ ਵਰਤੋਂ ਨਾ ਕਰੇ। ਜਾਤ, ਗੋਤ ਦੀ ਵਰਤੋਂ ਕਰਨੀ ਮਨਮਤ ਹੈ ਅਤੇ ਗੁਰੂ ਸਾਹਿਬ ਦੇ ਸਿਧਾਂਤਾਂ ਦੇ ਉਲਟ ਹੈ।'

ਪਰ ਦੁੱਖ ਦੀ ਗੱਲ ਹੈ ਕਿ ਅੱਜ ਬਹੁਤ ਸਾਰੀਆਂ ਸਿੱਖ ਸੰਸਥਾਵਾਂ, ਸੰਪਰਦਾਵਾਂ ਅਤੇ ਜਥੇਬੰਦੀਆਂ 'ਤੇ ਉਂਨ੍ਹੀਵੀਂ ਸਦੀ 'ਚ ਕਾਬਜ਼ ਰਹੇ ਮਹੰਤਾਂ ਵੱਲੋਂ ਚਲਾਈਆਂ ਗਈਆਂ, ਗੁਰਮਤਿ ਵਿਰੋਧੀ ਕੁਰੀਤੀਆਂ ਅੱਜ ਵੀ, ਕਈ ਸਿੱਖ ਜਥੇਬੰਦੀਆਂ ਅਤੇ ਸੰਪਰਦਾਵਾਂ 'ਚ ਪਰੰਪਰਾ ਬਣ ਕੇ ਬੇਰੋਕ ਜਾਰੀ ਹਨ ਅਤੇ ਇਨ੍ਹਾਂ 'ਚੋਂ ਹੀ ਇੱਕ ਵੱਡੀ ਕੁਰੀਤੀ ਜਾਤ-ਪਾਤ ਦਾ ਵਰਤਾਰਾ ਹੈ। ਇਸ ਤਹਿਤ ਕਥਿਤ ਦਲਿਤ ਆਖੇ ਜਾਣ ਵਾਲੇ ਲੋਕਾਂ ਨਾਲ ਮਨੂੰਵਾਦੀ ਸਲੂਕ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਅੰਮ੍ਰਿਤ ਛਕਾਉਣ ਵੇਲੇ ਵੱਖਰੇ ਬਾਟੇ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਲਈ ਲੰਗਰ ਦੀ ਵੱਖਰੀ ਪੰਗਤ ਲਗਾਈ ਜਾਂਦੀ ਹੈ। ਇਹ ਸਿੱਖ ਕੌਮ ਦੇ ਭਵਿੱਖ ਲਈ ਬੇਹੱਦ ਖ਼ਤਰਨਾਕ ਵਰਤਾਰਾ ਹੈ। ਪਿੰਡਾਂ ਵਿੱਚ ਤੇਜ਼ੀ ਨਾਲ ਜਾਤਾਂ 'ਤੇ ਆਧਾਰਿਤ ਗੁਰਦੁਆਰੇ ਬਣ ਰਹੇ ਹਨ, ਜਿਨ੍ਹਾਂ ਵਿੱਚ ਦੂਜੀ ਜਾਤ ਦੇ ਸਿੱਖਾਂ ਦੇ ਦਾਖ਼ਲ ਹੋਣ ਤੱਕ ਪਾਬੰਦੀਆਂ ਲੱਗ ਰਹੀਆਂ ਹਨ। ਗੁਰੂ ਸਾਹਿਬਾਨ ਨੇ ਜਿਸ ਜਾਤ-ਪਾਤ ਨੂੰ ਖ਼ਤਮ ਕਰਨ ਲਈ ਸੰਗਤ ਅਤੇ ਪੰਗਤ, ਸਾਂਝੇ ਸਰੋਵਰ ਅਤੇ ਸ੍ਰੀ ਹਰਿਮੰਦਰ ਸਾਹਿਬ ਦੇ ਚਾਰ ਦਰਵਾਜ਼ੇ ਬਣਾ ਕੇ ਚਾਰੇ ਵਰਣਾਂ, ਚਾਰੇ ਦਿਸ਼ਾਵਾਂ ਤੋਂ ਆਉਣ ਵਾਲੇ ਲੋਕਾਂ ਨੂੰ ਗਲੇ ਨਾਲ ਲਗਾਇਆ ਸੀ, ਅੱਜ ਉਹ ਜਾਤ-ਪਾਤ ਸਿੱਖ ਸਮਾਜ ਨੂੰ ਬੁਰੀ ਤਰ੍ਹਾਂ ਜਕੜ ਚੁੱਕੀ ਹੈ।

(ਬਾਕੀ ਸਫ਼ਾ 31 'ਤੇ)

# ਵਿੱਦਿਅਕ ਗੁਣਵੱਤਾ ਵਧਾਉਣ ਦੀ ਵੱਡੀ ਚੁਣੌਤੀ

**ਗਿਰੀਸ਼ਵਰ ਮਿਸ਼ਰ**

ਇਹ ਕਿਸੇ ਤੋਂ ਲੁਕਿਆ ਨਹੀਂ ਕਿ ਸਿੱਖਿਆ ਸਮਾਜ ਨੂੰ ਯੋਗ ਅਤੇ ਸਮਰੱਥ ਬਣਾਉਣ ਦੀ ਦਿਸ਼ਾ ਵਿਚ ਕਿੰਨੀ ਮਹੱਤਵਪੂਰਨ ਹੈ। ਸਿੱਖਿਆ ਦੇਣ ਵਾਲੇ ਅਦਾਰੇ ਇਕ ਪਰਪੱਕ ਅਤੇ ਸਿਰਜਣਸ਼ੀਲ ਮਨੁੱਖ ਬਣਾਉਣ ਦੀ ਪ੍ਰਯੋਗਸ਼ਾਲਾ ਹੁੰਦੇ ਹਨ। ਉੱਥੇ ਵਿਦਿਆਰਥੀ ਜੀਵਨ ਦੀਆਂ ਕਦਰਾਂ-ਕੀਮਤਾਂ ਦੀ ਦੀਕਸ਼ਾ ਵੀ ਹਾਸਲ ਕਰਦੇ ਹਨ। ਉਨ੍ਹਾਂ ਦੀ ਸ਼ਖ਼ਸੀਅਤ ਦੀ ਬਣਾਵਟ ਵੀ ਬਹੁਤ ਹੱਦ ਤੱਕ ਉੱਥੇ ਹੀ ਹੁੰਦੀ ਹੈ। ਭਾਰਤ ਵਿਚ ਕਿਉਂਕਿ ਸਿੱਖਿਆ ਇਤਿਹਾਸਕ ਤੌਰ 'ਤੇ ਅਨੇਕ ਚੁਣੌਤੀਆਂ ਨਾਲ ਘਿਰੀ ਰਹੀ ਹੈ, ਇਸ ਲਈ ਉਸ ਦੀਆਂ ਸਮੱਸਿਆਵਾਂ ਇਕੱਠੀਆਂ ਹੁੰਦੀਆਂ ਗਈਆਂ ਹਨ।

ਸਰੀਰਕ, ਮਾਨਸਿਕ ਅਤੇ ਆਤਮਿਕ ਬਲ ਦੀ ਸੁਚੱਜੀ ਵਰਤੋਂ ਹੀ ਸੱਚੀ ਪੂੰਜੀ ਹੈਸਰੀਰਕ, ਮਾਨਸਿਕ ਅਤੇ ਆਤਮਿਕ ਬਲ ਦੀ ਸੁਚੱਜੀ ਵਰਤੋਂ ਹੀ ਸੱਚੀ ਪੂੰਜੀ ਹੈ

ਭਾਰਤੀ ਰਾਜਨੀਤੀ ਸਿੱਖਿਆ ਪ੍ਰਤੀ ਅਲੱਗ-ਅਲੱਗ ਨਜ਼ਰੀਏ ਨਾਲ ਸੰਵੇਦਨਸ਼ੀਲ ਰਹੀ ਹੈ। ਫਲਸਰੂਪ, ਸਿੱਖਿਆ ਵਿੱਚ ਸਿੱਧੇ-ਅਸਿੱਧੇ ਤੌਰ 'ਤੇ ਸਿਆਸੀ ਤਜਰਬੇ ਹੁੰਦੇ ਰਹੇ ਹਨ। ਕਿਉਂਕਿ ਸਿੱਖਿਆ ਸਮਾਜ ਦੇ ਵਰਤਮਾਨ ਅਤੇ ਭਵਿੱਖ, ਦੋਵਾਂ ਨਾਲ ਜੁੜੀ ਰਹਿੰਦੀ ਹੈ, ਇਸ ਲਈ ਉਸ ਵਿੱਚ ਸਿਆਸੀ ਦਿਲਚਸਪੀ ਸੁਭਾਵਕ ਹੈ। ਆਜ਼ਾਦੀ ਤੋਂ ਬਾਅਦ ਸੈਕੂਲਰ ਦ੍ਰਿਸ਼ਟੀ ਸਿੱਖਿਆ ਦੀ ਬੁਨਿਆਦ ਬਣੀ ਜਿਸ ਨੇ ਬਹੁਤ ਕੁਝ ਜੋ ਭਾਰਤੀ ਸੀ, ਉਸ ਨੂੰ ਭੁਲਾ ਦਿੱਤਾ, ਬਾਈਕਾਟ ਕਰ ਦਿੱਤਾ ਜਾਂ ਘਟਾ-ਵਧਾ ਕੇ ਕਰੂਪ ਰੂਪ ਵਿੱਚ ਸ਼ਾਮਲ ਕੀਤਾ।

ਸਿੱਖਿਆ ਦੀ ਪ੍ਰਕਿਰਿਆ ਨੂੰ ਪੱਛਮੀ ਦੁਨੀਆਂ ਦੇ ਮਾਫ਼ਕ ਬਣਾਉਣ ਅਤੇ ਉਸੇ ਦੇ ਪੈਮਾਨੇ 'ਤੇ ਚਲਾਉਣ ਦਾ ਉੱਦਮ ਚੱਲਦਾ ਰਿਹਾ। ਬਸਤੀਵਾਦੀ ਕਾਲ ਵਿੱਚ ਗਿਆਨ ਅਤੇ ਸੰਸਕ੍ਰਿਤੀ ਦੇ ਇਕੱਲੇ ਪ੍ਰਤੀਮਾਨ ਦੇ ਰੂਪ ਵਿੱਚ ਜੋ ਅੰਗਰੇਜ਼ੀਅਤ ਸਥਾਪਤ ਹੋਈ, ਉਹ ਚੜ੍ਹਤ ਬਣਾਉਂਦੀ ਗਈ। ਆਜ਼ਾਦ ਭਾਰਤ ਵਿੱਚ ਅਪਣਾਈ ਗਈ ਸਿੱਖਿਆ ਦੀਆਂ ਨੀਤੀਆਂ, ਯੋਜਨਾਵਾਂ, ਵਿਵਸਥਾਵਾਂ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਆਮ ਤੌਰ 'ਤੇ ਪੁਰਾਣੀ ਲੀਹ 'ਤੇ ਹੀ ਹੁੰਦਾ ਰਿਹਾ। ਆਜ਼ਾਦੀ ਤੋਂ ਬਾਅਦ ਅਪਣਾਏ ਗਏ ਪੱਛਮੀ ਮਾਡਲ ਤੋਂ ਅਸੀਂ ਉੱਭਰ ਨਹੀਂ ਸਕੇ ਹਾਂ। ਥੋੜ੍ਹਾ-ਬਹੁਤ ਹੇਰ-ਫੇਰ ਕਰ ਕੇ ਕੰਮ ਚਲਾਉਂਦੇ ਰਹੇ। ਨਤੀਜਾ ਇਹ ਹੋਇਆ ਕਿ ਭਾਰਤੀ ਸਿੱਖਿਆ ਦੇ ਸਮੁੱਚੇ, ਸਮਾਵੇਸ਼ੀ ਅਤੇ ਖ਼ੁਦਮੁਖਤਾਰ ਸਰੂਪ ਵਿਕਸਤ ਕਰਨ ਦੀ ਗੱਲ ਧਰੀ-ਧਰਾਈ ਰਹਿ ਗਈ। ਅੰਮ੍ਰਿਤਕਾਲ ਵਿੱਚ ਭਾਰਤ ਨੇ 2047 ਤੱਕ ਦੇਸ਼ ਨੂੰ ਵਿਕਸਤ ਕਰਨ ਦਾ ਸੰਕਲਪ ਲਿਆ ਹੈ ਤਾਂ ਜੋ ਆਰਥਿਕ, ਸਮਾਜਿਕ, ਸੱਭਿਆਚਾਰਕ ਅਤੇ ਜੀਵਨ ਦੀ ਗੁਣਵੱਤਾ ਦੇ ਨਜ਼ਰੀਏ ਨਾਲ ਦੇਸ਼ ਦੀ ਸਮਰੱਥਾ ਵਿੱਚ ਵਾਧਾ ਹੋਵੇ ਅਤੇ ਉਹ ਵਿਕਸਤ ਮੁਲਕਾਂ ਦੀ ਸ਼੍ਰੇਣੀ ਵਿੱਚ ਪੁੱਜ ਜਾਵੇ। ਕਈ ਸਾਲਾਂ ਤੋਂ ਸਿੱਖਿਆ 'ਤੇ ਦੇਸ਼ ਦੇ ਬਜਟ ਵਿੱਚ ਛੇ ਪ੍ਰਤੀਸ਼ਤ ਖ਼ਰਚਾ ਕਰਨ ਦੀ ਗੱਲ ਹੁੰਦੀ ਰਹੀ ਹੈ ਪਰ ਅਸਲ ਵਿੱਚ ਤਿੰਨ ਪ੍ਰਤੀਸ਼ਤ ਵੀ ਮੁਸ਼ਕਿਲ ਨਾਲ ਹੋ ਪਾਉਂਦਾ ਹੈ। ਵਿਕਾਸ ਦੇ ਪਹੀਏ ਦੀ ਧੁਰੀ ਸਿੱਖਿਆ ਹੁੰਦੀ ਹੈ।



ਇਸ ਲਈ ਇਹ ਕੌਮੀ ਨਿਯੋਜਨ ਵਿੱਚ ਵਾਜਬ ਮਹੱਤਵ ਦੀ ਹੱਕਦਾਰ ਹੈ। ਅੱਜ ਵਿੱਦਿਅਕ ਮਾਹੌਲ ਅਧਿਆਪਕਾਂ ਦੀ ਕਮੀ ਅਤੇ ਉਨ੍ਹਾਂ ਦੇ ਗ਼ੈਰ-ਅਕਾਦਮਿਕ ਕੰਮਾਂ ਕਾਰਨ ਦੂਸ਼ਿਤ ਹੋ ਰਿਹਾ ਹੈ। ਪੇਪਰ ਲੀਕ ਦੀਆਂ ਘਟਨਾਵਾਂ, ਖੋਜ ਵਿਚ ਚੋਰੀ (ਪਲੈਗਰਿਜ਼ਮ) ਦਾ ਚਲਨ ਵਧ ਰਿਹਾ ਹੈ। ਗਿਆਨ ਵਿੱਚ ਵਾਧੇ ਅਤੇ ਇਨੋਵੇਸ਼ਨ ਦੀ ਜਗ੍ਹਾ ਦੁਹਰਾਅ ਅਤੇ ਕਾਪੀ-ਪੇਸਟ ਦੀ ਬਿਰਤੀ ਤੇਜ਼ੀ ਨਾਲ ਫੈਲ ਰਹੀ ਹੈ। ਗਿਆਨ ਦੀ ਕਵਾਇਦ ਤਾਂ ਹੋ ਰਹੀ ਹੈ ਪਰ ਪੜ੍ਹਾਈ ਦੀ ਗੁਣਵੱਤਾ ਘਟ ਰਹੀ ਹੈ। ਖ਼ਸਤਾਹਾਲ ਸਕੂਲ, ਕਾਲਜ ਅਤੇ ਯੂਨੀਵਰਸਿਟੀਆਂ ਦੀ ਪੜ੍ਹਾਈ ਨਾਕਾਫ਼ੀ ਹੋ ਰਹੀ ਹੈ।

ਉਸ ਦੀ ਭਰਪਾਈ ਕਰਦੇ ਕੋਚਿੰਗ ਇੰਸਟੀਚਿਊਟ ਲੋਕਪ੍ਰਿਆ ਅਤੇ ਨਫ਼ੇ ਵਾਲਾ ਕਾਰੋਬਾਰ ਬਣ ਚੁੱਕੇ ਹਨ। ਇਨ੍ਹਾਂ ਦੇ ਦਬਾਅ ਕਾਰਨ ਵਿਦਿਆਰਥੀਆਂ ਦੀ ਮਾਨਸਿਕ ਸਿਹਤ ਨਾਂਹ-ਪੱਖੀ ਤਰੀਕੇ ਨਾਲ ਪ੍ਰਭਾਵਤ ਹੋ ਰਹੀ ਹੈ। ਲੋਕਹਿੱਤ ਦੇ ਵਿਆਪਕ ਟੀਚਿਆਂ ਲਈ ਸਮਾਨਤਾ ਅਤੇ ਸਮਤਾ ਜ਼ਰੂਰੀ ਹੈ ਪਰ ਭਾਰਤ ਵਿੱਚ ਸਿੱਖਿਆ ਕਈ ਤਰ੍ਹਾਂ ਨਾਲ ਦਿੱਤੀ ਜਾ ਰਹੀ ਹੈ। ਅੱਜ ਸਰਕਾਰੀ, ਅਰਧ-ਸਰਕਾਰੀ ਅਤੇ ਸਵੈ-ਪੋਸ਼ਿਤ ਸੰਸਥਾਵਾਂ ਚੱਲ ਰਹੀਆਂ ਹਨ। ਉਨ੍ਹਾਂ ਵਿੱਚ ਫੀਸ, ਦਾਖ਼ਲੇ, ਪੜ੍ਹਾਈ ਅਤੇ ਪ੍ਰੀਖਿਆ ਦੇ ਤੌਰ-ਤਰੀਕੇ ਵੀ ਬੇਮੇਲ ਹਨ। ਬੱਚੇ ਨੂੰ ਪੜ੍ਹਾਉਣਾ ਮਾਪਿਆਂ ਲਈ ਸਾਲੋ-ਸਾਲ ਚੱਲਣ ਵਾਲਾ ਸੰਘਰਸ਼ ਬਣ ਗਿਆ ਹੈ। ਕੇਂਦਰੀ ਬਜਟ ਵਿੱਚ ਸਿੱਖਿਆ ਦੀ ਵਾਰੀ ਬਹੁਤ ਬਾਅਦ ਵਿੱਚ ਆਉਂਦੀ ਹੈ।

ਦੁਨੀਆਂ ਦੇ ਹੋਰ ਮੁਲਕਾਂ ਦੇ ਸਮਾਨ ਸਿੱਖਿਆ ਲਈ ਛੇ ਪ੍ਰਤੀਸ਼ਤ ਅਲਾਟਮੈਂਟ ਦੀ ਵਕਾਲਤ ਕਈ ਸਾਲਾਂ ਤੋਂ ਕੀਤੀ ਜਾ ਰਹੀ ਹੈ। ਦੇਸ਼ ਦੇ 14.72 ਲੱਖ ਸਕੂਲਾਂ 'ਚ 98 ਲੱਖ ਅਧਿਆਪਕ 24.8 ਕਰੋੜ ਵਿਦਿਆਰਥੀਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਹਨ। ਵਿੱਤ ਮੰਤਰੀ ਨੇ ਬਜਟ ਵਿੱਚ ਸਾਰੇ ਬੱਚਿਆਂ ਨੂੰ ਸੌ ਪ੍ਰਤੀਸ਼ਤ ਸਕੂਲ ਭੇਜਣ ਦਾ ਟੀਚਾ ਮਿੱਥਿਆ ਹੈ ਅਤੇ ਤਕਨੀਕੀ ਸਿੱਖਿਆ ਅਤੇ ਖੋਜ ਖ਼ਾਸ ਤੌਰ 'ਤੇ ਏਆਈ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ। ਇਸ ਵਾਸਤੇ 500 ਕਰੋੜ ਰੁਪਏ ਦੀ ਵਿਵਸਥਾ ਕੀਤੀ ਗਈ ਹੈ। ਇਸ ਤੋਂ ਇਲਾਵਾ ਡਿਜੀਟਲ ਇੰਡੀਆ ਈ-ਲਰਨਿੰਗ ਵਾਸਤੇ 681 ਕਰੋੜ ਰੱਖੇ ਗਏ ਹਨ। ਮੈਡੀਕਲ ਕਾਲਜਾਂ ਵਿੱਚ 10 ਹਜ਼ਾਰ ਵਾਧੂ ਸੀਟਾਂ ਹੋਣਗੀਆਂ।

ਸਕੂਲਾਂ ਅਤੇ ਉੱਚ ਵਿੱਦਿਅਕ ਸੰਸਥਾਵਾਂ ਲਈ ਡਿਜੀਟਲ ਕਿਤਾਬਾਂ ਦੇਣ ਦੀ ਤਿਆਰੀ ਹੈ। ਆਈ.ਆਈ.ਟੀ. ਦਾ ਵਿਸਥਾਰ ਕਰਦੇ ਹੋਏ ਪੰਜ ਆਈ.ਆਈ.ਟੀਜ਼. ਲਈ ਵਾਧੂ ਬੁਨਿਆਦੀ ਢਾਂਚਾ ਸਿੱਖਿਆ, ਰੁਜ਼ਗਾਰ ਅਤੇ ਕੌਸ਼ਲ ਵਿਕਾਸ ਲਈ 1.48 ਲੱਖ ਕਰੋੜ ਰੁਪਏ ਦੀ ਅਲਾਟਮੈਂਟ ਕੀਤੀ ਗਈ ਹੈ। ਸਕੂਲੀ ਸਿੱਖਿਆ ਦੀ ਚੁਣੌਤੀ ਬਹੁਤ ਵੱਡੀ ਹੈ ਪਰ ਨਵੋਦਿਆ ਵਿਦਿਆਲਿਆਂ ਦਾ ਬਜਟ ਘਟਾ ਦਿੱਤਾ ਗਿਆ ਹੈ। ਕੇਂਦਰੀ ਵਿਦਿਆਲਿਆਂ, ਯੂ.ਜੀ.ਸੀ., ਐੱਨ.ਸੀ.ਈ.ਆਰ.ਟੀ., ਕੇਂਦਰੀ ਯੂਨੀਵਰਸਿਟੀਆਂ ਦਾ ਬਜਟ ਵਧਿਆ ਹੈ। ਉੱਚ ਸਿੱਖਿਆ ਵਾਸਤੇ 7.74 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਸਿੱਖਿਆ ਦੇ ਖੇਤਰ ਵਿੱਚ ਰੱਖੀ ਰਕਮ ਵਿੱਚ 6.65 ਪ੍ਰਤੀਸ਼ਤ ਦਾ ਇਜ਼ਾਫ਼ਾ ਹੋਇਆ ਹੈ। ਕੁੱਲ ਬਜਟ ਦਾ 2.5 ਫ਼ੀਸਦੀ ਸਿੱਖਿਆ ਲਈ ਅਲਾਟ ਹੋਇਆ ਹੈ। ਅੱਜ ਜਨਸੰਖਿਆ ਦੀ ਦ੍ਰਿਸ਼ਟੀ ਨਾਲ ਭਾਰਤ ਵਿਸ਼ਵ ਵਿੱਚ ਅੱਵਲ ਹੋ ਚੁੱਕਾ ਹੈ ਪਰ ਸੋਮੇ ਸੀਮਤ ਹਨ।

ਵਿੱਦਿਅਕ ਨੈੱਟਵਰਕ ਅਤੇ ਆਧਾਰ-ਸੰਰਚਨਾ ਨੂੰ ਵਧਾਉਣ ਦੀ ਜ਼ਰੂਰਤ ਹੈ। ਵਿਸ਼ਵ ਵਿੱਚ ਨੌਜਵਾਨਾਂ ਦੇ ਮੁਲਕ ਵਜੋਂ ਭਾਰਤ ਤੋਂ ਉਮੀਦ ਬੱਝਦੀ ਹੈ ਪਰ ਇਸ ਯੁਵਾ ਸ਼ਕਤੀ ਨੂੰ ਯੋਜਨਾਬੱਧ ਕਰਨਾ ਜ਼ਰੂਰੀ ਹੈ। ਵਿਸ਼ਵ-ਗੁਰੂ ਬਣਨ ਦੀ ਵੱਡੀ ਇੱਛਾ ਪ੍ਰਗਟ ਕੀਤੀ ਜਾਂਦੀ ਹੈ ਪਰ ਨੌਜਵਾਨ ਵਰਗ ਨੂੰ ਸੱਭਿਅਕ, ਚੰਗਾ ਪੜ੍ਹਿਆ-ਲਿਖਿਆ ਅਤੇ ਮਾਹਿਰ ਬਣਾ ਕੇ ਹੀ ਅਸੀਂ ਅੱਗੇ ਵਧ ਸਕਾਂਗੇ। ਸਿੱਖਿਆ ਨੂੰ ਦੇਸ਼-ਕਾਲ ਦੇ ਅਨੁਕੂਲ ਇੱਕ ਨੈਤਿਕ ਅਤੇ ਮਨੁੱਖੀ ਉੱਦਮ ਬਣਾ ਕੇ ਹੀ ਇਹ ਕੀਤਾ ਜਾ ਸਕੇਗਾ। ਮਨੁੱਖਤਾ ਨੂੰ ਤਕਨੀਕੀ ਖ਼ਾਸੀਅਤਾਂ ਦੇ ਭਰੋਸੇ ਛੱਡਣਾ ਭੁੱਲ ਹੋਵੇਗੀ।

ਡਿਜੀਟਲ, ਵਰਚੂਅਲ ਅਤੇ ਏ.ਆਈ. ਵੱਲ ਝੁਕਾਅ ਅਤੇ ਮਨੁੱਖਾਂ ਦੀ ਅਣਦੇਖੀ ਅਸੰਤੁਲਨ ਨੂੰ ਜਨਮ ਦੇ ਸਕਦੀ ਹੈ। ਮਨੁੱਖ, ਸਾਹਿਤ, ਦਰਸ਼ਨ ਅਤੇ ਇਤਿਹਾਸ ਵੀ ਅਹਿਮੀਅਤ ਰੱਖਦੇ ਹਨ, ਖ਼ਾਸ ਤੌਰ 'ਤੇ ਨੈਤਿਕ ਅਤੇ ਸਮਾਜਿਕ ਦ੍ਰਿਸ਼ਟੀ ਤੋਂ ਖ਼ੁਸ਼ਹਾਲ ਬਣਾਉਣ ਲਈ। ਭਾਰਤੀ ਸਿੱਖਿਆ ਨੂੰ ਇਨ੍ਹਾਂ ਸਾਰੇ ਪੱਖਾਂ ਤੋਂ ਮਜ਼ਬੂਤ ਕੀਤਾ ਜਾਣਾ ਚਾਹੀਦਾ ਹੈ।

**-(ਲੇਖਕ ਸਾਬਕਾ ਕੁਲਪਤੀ ਹੈ)**

# ਬਾਲ ਵਿਆਹ, ਮਨੁੱਖੀ ਤਸਕਰੀ ਤੇ ਖ਼ੁਦਕਸ਼ੀਆਂ ਕਿਹੜੇ ਵਿਕਾਸ ਦੀਆਂ ਸੂਚਕ ?

**ਡਾ. ਅਨੂਪ ਸਿੰਘ**



ਯੂਨੀਸੈੱਫ ਦੀ ਰਿਪੋਰਟ ਅਨੁਸਾਰ ਵਿਸ਼ਵ ਦੀਆਂ ਨਾਬਾਲਗ ਲੜਕੀਆਂ ਦੇ ਵਿਆਹਾਂ ਦਾ ਤੀਜਾ ਹਿੱਸਾ ਭਾਰਤ ਵਿੱਚ ਹੁੰਦਾ ਹੈ। ਭਾਰਤ ਵਿੱਚ ਕੁੱਲ ਵਿਆਹਾਂ ਦੇ 23% ਮਾਮਲਿਆਂ ਵਿੱਚ ਲੜਕੀ ਦੀ ਉਮਰ 18 ਸਾਲ ਤੋਂ ਘੱਟ ਹੁੰਦੀ ਹੈ। ਲੜਕੀਆਂ ਦੇ ਵਿਆਹ ਲਈ ਕਾਨੂੰਨ ਅਨੁਸਾਰ ਉਮਰ 18 ਸਾਲ ਹੈ। ਬਾਲ ਵਿਆਹਾਂ ਦੇ ਮਾਮਲੇ ਵਿੱਚ ਉੱਤਰ ਪ੍ਰਦੇਸ਼ ਬਿਹਾਰ, ਮੱਧ ਪ੍ਰਦੇਸ਼, ਮਹਾਰਾਸ਼ਟਰ, ਪੱਛਮੀ ਬੰਗਾਲ ਆਦਿ ਪ੍ਰਾਂਤ ਮੁੱਖ ਹਨ। ਯਾਦ ਰਹੇ ਕਿ ਸੁਤੰਤਰਤਾ ਸੰਗਰਾਮ ਦੌਰਾਨ ਕੁਝ ਸਮਾਜ ਸੁਧਾਰਕਾਂ ਨੇ ਬਾਲ ਵਿਆਹਾਂ ਤੇ ਸਤੀ ਪ੍ਰਥਾ ਵਿਰੁੱਧ ਲਹਿਰ ਚਲਾਈ ਸੀ ਅਤੇ ਇਹ ਸਮਾਜ ਸੁਧਾਰਕ ਵਿਧਵਾਵਾਂ ਦੇ ਪੁਨਰ-ਵਿਆਹ ਦੇ ਹੱਕ ਵਿੱਚ ਵੀ ਡਟ ਕੇ ਖੜ੍ਹੇ ਹੋਏ ਸਨ। ਇਨ੍ਹਾਂ ਸਮਾਜਿਕ ਕੁ-ਪ੍ਰਥਾਵਾਂ ਨੂੰ ਬੰਦ ਕਰਨ ਲਈ ਕਾਨੂੰਨ ਵੀ ਬਣੇ ਹੋਏ ਹਨ ਪਰ ਲੋੜਾਂ ਦੀ ਲੋੜ ਕਾਨੂੰਨਾਂ ਨੂੰ ਲਾਗੂ ਕਰਨ ਦੀ ਹੈ। ਭਾਰਤ ਦੇ ਉਹ ਰਾਜ ਜਿਨ੍ਹਾਂ ਵਿਚ ਪੁਰਸ਼ਾਂ ਦੇ ਮੁਕਾਬਲੇ ਔਰਤਾਂ/ਲੜਕੀਆਂ ਘੱਟ ਹਨ, ਉੱਥੇ ਔਰਤਾਂ ਵਿਰੁੱਧ ਅਪਰਾਧ ਵੀ ਸਭ ਤੋਂ ਵੱਧ ਹਨ।

ਭਾਰਤ ਵਿੱਚ ਬਾਲ ਵਿਆਹ ਹੁਣ ਵੀ (2024-25) ਹੋ ਰਹੇ ਹਨ। ਪੰਜਾਂ ਵਿੱਚੋਂ ਇਕ ਲੜਕੀ ਦਾ ਵਿਆਹ ਕਾਨੂੰਨੀ ਉਮਰ 18 ਸਾਲ ਤੋਂ ਪਹਿਲਾਂ ਕਰ ਦਿੱਤਾ ਜਾਂਦਾ ਹੈ। ਕੇਂਦਰੀ ਮਹਿਲਾ ਤੇ ਬਾਲ ਵਿਕਾਸ ਮੰਤਰੀ ਅੰਨਪੂਰਨਾ ਦੇਵੀ ਨੇ 26 ਨਵੰਬਰ 2024 ਨੂੰ ਦ੍ਰਿੜਾਇਆ ਕਿ ਦੇਸ਼ ਨੂੰ ਇਸ ਬੁਰਾਈ ਤੋਂ ਪੂਰੀ ਤਰ੍ਹਾਂ ਮੁਕਤ ਕਰਨਾ ਹੋਵੇਗਾ। 'ਬਾਲ ਵਿਆਹ ਮੁਕਤ ਭਾਰਤ ਮੁਹਿੰਮ' ਦੀ ਸ਼ੁਰੂਆਤ ਕਰਨ ਮੌਕੇ ਕਰਵਾਏ ਗਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੇਂਦਰੀ ਮੰਤਰੀ ਨੇ ਸਾਰੇ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ 2029 ਤਕ ਬਾਲ ਵਿਆਹ ਦਰ 5% ਤਕ ਹੇਠਾਂ ਲਿਆਉਣ ਦੇ ਉਦੇਸ਼ ਨਾਲ ਵਿਸ਼ੇਸ਼ ਯੋਜਨਾਵਾਂ ਬਣਾਉਣ ਦੀ ਅਪੀਲ ਕੀਤੀ। ਇਸ ਵੇਲੇ ਇਹ ਦਰ 23% ਹੈ।

ਹਜ਼ਾਰਾਂ ਭਾਰਤੀ ਜੋ ਦੱਖਣ-ਪੂਰਬੀ ਏਸ਼ਿਆਈ ਦੇਸ਼ਾਂ ਵਿੱਚ ਫਸੇ ਹੋਏ ਹਨ, ਦੀ ਜ਼ਿੰਦਗੀ ਮਨੁੱਖੀ ਤਸਕਰੀ ਤੇ ਸਾਈਬਰ ਅਪਰਾਧਾਂ ਦੇ ਮੱਕੜਜਾਲ ਵਿੱਚ ਬਰਬਾਦ ਹੋ ਰਹੀ ਹੈ ਅਤੇ ਉਨ੍ਹਾਂ ਨੂੰ ਸਾਈਬਰ ਅਪਰਾਧ ਤੇ ਹੋਰ ਗ਼ੈਰ-ਕਾਨੂੰਨੀ ਗਤੀਵਿਧੀਆਂ ਵਿੱਚ ਧੱਕਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਇਕ ਪੱਖ ਹੋਰ ਵੀ ਜੁੜਿਆ ਹੋਇਆ ਹੈ ਕਿ ਫਸੇ ਹੋਏ ਇਹ ਭਾਰਤੀ ਆਪਣੇ ਹੀ ਦੋਸਤਾਂ-ਮਿੱਤਰਾਂ ਤੇ ਰਿਸ਼ਤੇਦਾਰਾਂ ਨੂੰ ਸ਼ੱਕੀ ਕਰਿਪਟੋ ਕਰੰਸੀ ਵਿਚ ਨਿਵੇਸ਼ ਕਰਨ ਲਈ ਪ੍ਰੇਰਦੇ ਹਨ। 73000 ਭਾਰਤੀ ਜੋ ਜਨਵਰੀ 2022 ਤੋਂ ਮਈ 2024 ਤਕ ਕੰਬੋਡੀਆ, ਥਾਈਲੈਂਡ, ਮਿਆਂਮਾਰ ਤੇ ਵੀਅਤਨਾਮ ਵਿੱਚ ਯਾਤਰੀ ਵੀਜ਼ੇ 'ਤੇ ਗਏ, ਵਿੱਚੋਂ 30 ਹਜ਼ਾਰ ਅਜੇ ਵਾਪਸ ਪਰਤਣੇ ਹਨ। ਸਪਸ਼ਟ ਹੈ ਕਿ ਇਹ 30 ਹਜ਼ਾਰ ਭਾਰਤੀ ਉੱਕਤ ਦੇਸ਼ਾਂ ਵਿੱਚ ਮਨੁੱਖੀ ਤਸਕਰੀ ਤੇ ਸਾਈਬਰ ਅਪਰਾਧਾਂ ਦੇ ਗੋਰਖਧੰਦੇ ਵਿੱਚ ਫਸੇ ਹੋਏ ਹਨ। ਇਹ 30 ਹਜ਼ਾਰ ਸਾਈਬਰ ਗ਼ੁਲਾਮ ਭਾਰਤੀ 20-39 ਉਮਰ ਵਰਗ ਦੇ, ਭਾਵ, ਭਰ ਨੌਜਵਾਨ ਹਨ। ਇਨ੍ਹਾਂ ਵਿੱਚ ਪੰਜਾਬੀ ਸਭ ਤੋਂ ਵੱਧ ਹਨ, ਫਿਰ ਮਹਾਰਾਸ਼ਟਰ ਤੇ ਤਾਮਿਲਨਾਡੂ ਦਾ ਨੰਬਰ ਆਉਂਦਾ ਹੈ। ਇਸ ਮਨੁੱਖੀ ਤਸਕਰੀ ਦਾ ਢੰਗ-ਤਰੀਕਾ ਬੜਾ ਸਰਲ ਤੇ ਸਿੱਧਾ ਹੈ।



ਸਾਲ 2023-24 ਦੇ ਆਰਥਿਕ ਸਰਵੇਖਣ ਅਨੁਸਾਰ, ਸਾਡੇ ਕਾਲਜਾਂ ਤੇ ਯੂਨੀਵਰਸਿਟੀਆਂ ਵਿੱਚੋਂ ਨਿਕਲਦੇ ਗਰੈਜੂਏਟਾਂ ਵਿੱਚੋਂ ਕੇਵਲ 51.25% ਨੌਜਵਾਨ ਹੀ ਰੁਜ਼ਗਾਰ ਦੇ ਯੋਗ ਮੰਨੇ ਜਾਂਦੇ ਹਨ। ਸਪਸ਼ਟ ਹੈ ਕਿ ਪੰਦਰਾਂ ਸਾਲ ਵਿਦਿਅਕ ਸੰਸਥਾਵਾਂ ਵਿੱਚ ਲਗਾਉਣ ਤੋਂ ਬਾਅਦ ਵੀ ਸਾਡੇ ਨੌਜਵਾਨ ਕਿਰਤ ਸ਼ਕਤੀ ਵਿੱਚ ਹਿੱਸੇਦਾਰ ਨਹੀਂ ਬਣ ਸਕਦੇ। ਸਿੱਟੇ ਵਜੋਂ ਨੌਜਵਾਨਾਂ ਦੀ ਬੇਰੁਜ਼ਗਾਰੀ ਕਰ ਕੇ ਪੈਦਾ ਹੋਣ ਵਾਲੀ ਨਿਰਾਸ਼ਤਾ ਤੇ ਬੇਉਮੀਦੀ ਦਾ ਸਿੱਟਾ ਬਹੁਤੀ ਵਾਰ ਨਸ਼ਿਆਂ ਦੀ ਦਲਦਲ ਵਿੱਚ ਧਸਣ, ਅਪਰਾਧਾਂ ਦੀ ਦੁਨੀਆ ਵਿੱਚ ਧੱਕੇ ਜਾਣ ਨਿਰਾਸ਼ਾ ਤੇ ਘੋਰ ਉਦਾਸੀ ਅਤੇ ਅੰਤ ਵਿੱਚ ਖ਼ੁਦਕਸ਼ੀਆਂ ਵਿੱਚ ਨਿਕਲਦਾ ਹੈ।

ਵਿਸ਼ਵ ਦੀ ਖ਼ੁਦਕੁਸ਼ੀਆਂ ਦੀ ਦਰ 10.5 ਪ੍ਰਤੀ ਲੱਖ ਹੈ। ਭਾਰਤ ਵਿੱਚ ਇਹ ਦਰ 16.5 ਪ੍ਰਤੀ ਲੱਖ ਹੈ। ਇਹ ਅੰਕੜੇ 2016 ਦੇ ਹਨ। ਲਾਜ਼ਮੀ ਤੌਰ 'ਤੇ ਕਰੋਨਾ ਕਾਲ ਅਤੇ ਇਸ ਤੋਂ ਬਾਅਦ ਆਮ ਲੋਕਾਂ ਦੀ ਆਮਦਨ ਵਿੱਚ ਖੜੋਤ ਆਈ ਹੈ; ਮਹਿੰਗਾਈ ਤੇ ਬੇਰੁਜ਼ਗਾਰੀ ਵਿੱਚ ਵੱਡਾ ਵਾਧਾ ਹੋਇਆ ਹੈ। ਸਿੱਟੇ ਵਜੋਂ ਖ਼ੁਦਕੁਸ਼ੀਆਂ ਦੀ ਦਰ ਹੋਰ ਵਧੀ ਹੋਵੇਗੀ। ਕਾਰਨ ? ਪ੍ਰਾਇਮਰੀ ਤੋਂ ਯੂਨੀਵਰਸਿਟੀ ਤੱਕ ਸਿੱਖਿਆ ਦਾ ਪੱਧਰ ਬੇਹੱਦ ਨੀਵਾਂ ਹੈ; ਪੇਂਡੂ ਖੇਤਰਾਂ ਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਤੇ ਦਿਹਾੜੀਦਾਰਾਂ ਦੀ ਆਮਦਨ ਹੋਰ ਸੁੰਗੜਨ ਕਾਰਨ ਨਿਰਾਸ਼ਾ, ਘੋਰ ਉਦਾਸੀ ਤੇ ਪਸਤ-ਹਿੰਮਤੀ ਦੀ ਹਾਲਤ ਹੋਰ ਗੰਭੀਰ ਹੋਈ ਹੈ। ਔਰਤਾਂ ਦੋਹਰੀ ਤੀਹਰੀ ਗੁਲਾਮੀ ਹੰਢਾ ਰਹੀਆਂ ਹਨ। ਉਨ੍ਹਾਂ ਵਿੱਚ ਬੇਰੁਜ਼ਗਾਰੀ ਪੁਰਸ਼ਾਂ ਨਾਲੋਂ ਵੀ ਵੱਧ ਹੈ ਅਤੇ ਉਜਰਤਾਂ ਵੀ ਪੁਰਸ਼ਾਂ ਨਾਲੋਂ ਕਿਤੇ ਘੱਟ ਹਨ। ਸਿੱਟੇ ਵਜੋਂ ਕਿਸਾਨ, ਖੇਤ ਮਜ਼ਦੂਰ, ਦਿਹਾੜੀਦਾਰ, ਵਿਦਿਆਰਥੀ, ਨੌਜਵਾਨ ਅਤੇ ਔਰਤਾਂ ਸਭ ਤੋਂ ਵੱਧ ਖ਼ੁਦਕੁਸ਼ੀ ਕਰਨ ਵਾਲੇ ਵਰਗ ਹਨ।

ਸਮਾਜਿਕ ਮਾਹਿਰਾਂ ਅਨੁਸਾਰ ਹਰੇਕ ਖ਼ੁਦਕਸ਼ੀ ਪਿੱਛੇ 200 ਵਿਅਕਤੀਆਂ ਵਿਚ ਖ਼ੁਦਕੁਸ਼ੀ ਕਰਨ ਦੀ ਸੋਚ ਘੱਟ ਜਾਂ ਵੱਧ ਮੌਜੂਦ ਹੁੰਦੀ ਹੈ। ਇਕ ਨੇ ਤਾਂ ਆਪਣੀ ਜੀਵਨ ਲੀਲ੍ਹਾ ਸਮਾਪਤ ਕਰ ਲਈ ਪਰ 200 ਹੋਰ ਵਿਅਕਤੀ ਵੀ ਸਮੱਸਿਆਵਾਂ, ਮੁਸ਼ਕਿਲਾਂ ਤੇ ਜ਼ਿੰਦਗੀ ਦੀਆਂ ਹੋਰ ਕਠਿਨਾਈਆਂ ਤੋਂ ਪ੍ਰੇਸ਼ਾਨ ਖ਼ੁਦਕੁਸ਼ੀ ਲਈ ਕਦੇ ਨਾ ਕਦੇ ਸੋਚਦੇ/ਮਹਿਸੂਸਦੇ ਹਨ। ਭਾਰਤੀ ਔਰਤਾਂ ਵਿਸ਼ਵ ਪੱਧਰ 'ਤੇ ਔਰਤਾਂ ਦੀਆਂ ਖ਼ੁਦਕੁਸ਼ੀਆਂ ਨਾਲੋਂ ਦੁੱਗਣੀਆਂ ਖ਼ੁਦਕੁਸ਼ੀਆਂ ਕਰਦੀਆਂ ਹਨ।

ਕੌਮੀ ਅਪਰਾਧ ਰਿਕਾਰਡ ਬਿਊਰੋ ਦੇ ਅੰਕੜਿਆਂ ਅਨੁਸਾਰ ਸਾਲ 2021 ਵਿੱਚ ਭਾਰਤ ਵਿਚ ਹਰ ਰੋਜ਼ 86 ਔਰਤਾਂ/ਕੁੜੀਆਂ/ਬੱਚੀਆਂ ਬਲਾਤਕਾਰ ਦੀਆਂ ਸ਼ਿਕਾਰ ਹੁੰਦੀਆਂ ਹਨ। ਇਹ ਰਿਪੋਰਟ ਹੋਏ ਕੇਸ ਹਨ ਅਤੇ ਜਿਹੜੇ ਪਰਿਵਾਰਾਂ, ਭਾਈਚਾਰੇ ਵੱਲੋਂ ਦਬਾਅ/ਸੁਲਝਾ ਲਏ ਜਾਂਦੇ ਹਨ ਜਾਂ ਪੁਲੀਸ ਦੁਆਰਾ ਕੁਝ ਦੇ-ਦਿਵਾ ਕੇ (ਪੈਸੇ ਜਾਂ ਕੋਈ ਹੋਰ ਲਾਲਚ ਜਾਂ ਡਰਾਵਾ) ਨਿਬੇੜ ਦਿੱਤੇ ਜਾਂਦੇ ਹਨ, ਉਹ ਵੱਖ ਹਨ ਤੇ ਕਿਤੇ ਵੱਧ ਹਨ (ਭਾਰਤੀ ਪੁਲੀਸ ਸ਼ਾਇਦ ਸਭ ਵਿਭਾਗਾਂ ਦੇ ਕਰਮਚਾਰੀਆਂ ਨਾਲੋਂ ਵੱਧ ਭ੍ਰਿਸ਼ਟ ਹੈ। ਇੱਕੋ-ਇੱਕ ਮਹਿਕਮਾ ਹੈ ਜਿਨ੍ਹਾਂ ਨੂੰ ਡੰਡੇ/ਛਿੱਤਰ ਮਾਰਨ 'ਤੇ ਵੀ ਇੱਜ਼ਤ-ਮਾਣ ਨਾਲ ਪੈਸੇ ਮਿਲਦੇ ਹਨ)। ਦਾਗ਼/ਧੱਬਾ ਲੱਗ ਜਾਣ ਦਾ ਡਰ ਹਮੇਸ਼ਾ ਸਤਾਉਂਦਾ ਰਹਿੰਦਾ ਹੈ। ਅਨੇਕਾਂ ਔਰਤਾਂ, ਲੜਕੀਆਂ, ਬੱਚੀਆਂ ਸਰੀਰਕ ਤੇ ਮਾਨਸਿਕ ਪੀੜਾ ਦਾ ਸ਼ਿਕਾਰ ਰਹਿੰਦੀਆਂ ਹੁੰਦੀਆਂ ਹੋਈਆਂ ਜਬਰ ਹੀ ਸਹਿੰਦੀਆਂ ਰਹਿੰਦੀਆਂ ਹਨ।



# ਫ਼ੱਗਣ ਮਹੀਨੇ ਮੌਲਣ ਲੱਗਦੀ ਹੈ ਬਨਸਪਤੀ

## ਰੂਪ ਚੜ੍ਹ ਗਿਆ ਫ਼ੁੱਲਾਂ ਉੱਤੇ, ਫਸਲ, ਫ਼ਲਾਂ ਜਵਾਨੀ ਮਾਣੀ




**ਅੱਜ ਦੇ ਆਧੁਨਿਕ ਕਹੇ ਜਾਂਦੇ ਇਸ ਸਮੇਂ ਵਿੱਚ ਮੋਬਾਇਲ ਅਤੇ ਕੰਪਿਊਟਰ ਦੀ ਦੁਨੀਆਂ ਵਿੱਚ ਉਲਝੀ ਅਤੇ ਪੰਜਾਬ ਦੇ ਮਾਣਮੱਤੇ ਵਿਰਸੇ ਤੋਂ ਦੂਰ ਹੋ ਰਹੀ ਪੰਜਾਬ ਦੀ ਨੌਜਵਾਨ ਪੀੜ੍ਹੀ ਅਤੇ ਬੱਚਿਆਂ ਨੂੰ ਨਾਨਕਸ਼ਾਹੀ ਸੰਮਤ ਅਤੇ ਬਿਕ੍ਰਮੀ ਸੰਮਤ ਦੇ ਮਹੀਨਿਆਂ ਅਤੇ ਪੰਜਾਬ ਵਿੱਚ ਆਉਂਦੀਆਂ ਛੇ ਰੁੱਤਾਂ ਬਾਰੇ ਜਾਣਕਾਰੀ ਘੱਟ ਹੁੰਦੀ ਹੈ। ਪੰਜਾਬ ਵਿੱਚ ਛੇ ਰੁੱਤਾਂ ਗਰਮੀ, ਔੜ, ਬਰਸਾਤ, ਸਰਦੀ, ਪਤਝੜ ਅਤੇ ਬਸੰਤ ਆਉਂਦੀਆਂ ਹਨ। ਫ਼ੱਗਣ ਮਹੀਨੇ ਵਿੱਚ ਆਉਂਦੀ ਬਸੰਤ ਰੁੱਤ ਨੂੰ ਰੁੱਤਾਂ ਦੀ ਰਾਣੀ ਵੀ ਕਿਹਾ ਜਾਂਦਾ ਹੈ।**



ਫ਼ੱਗਣ ਮਹੀਨੇ ਸਰਦੀ ਦਾ ਜੌਬਨ ਢੱਲਣ ਲੱਗਦਾ ਹੈ ਅਤੇ ਠੰਡ ਵੀ ਮਿੱਠੀ ਮਿੱਠੀ ਲੱਗਦੀ ਹੈ। ਫ਼ੱਗਣ ਮਹੀਨੇ ਠੰਡ ਦਾ ਜੋਰ ਕੁਝ ਘੱਟ ਹੋ ਜਾਣ ਕਾਰਨ ਬਨਸਪਤੀ ਮੌਲਣ ਲੱਗਦੀ ਹੈ। ਪੱਤਝੜ ਦੀ ਰੁੱਤ ਦੌਰਾਨ ਰੁੰਡ ਮਰੁੰਡ ਹੋਏ ਰੁੱਖਾਂ ਉਪਰ ਫ਼ੱਗਣ ਮਹੀਨੇ ਬਹਾਰ ਆ ਕੇ ਪੈਲਾਂ ਪਾਉਣ ਲੱਗਦੀ ਹੈ। ਖੇਤਾਂ ਵਿੱਚ ਖੜੀ ਕਣਕ, ਸਰੋਂ, ਜੌਂ, ਮਸਰ ਦੀ ਫ਼ਸਲ ਦੇ ਨਾਲ ਹੀ ਹਰ ਵੇਲ ਬੂਟੇ, ਰੁੱਖ ਉਪਰ ਹੀ ਬਹਾਰ ਨੱਚਦੀ ਗਾਉਂਦੀ ਪ੍ਰਤੀਤ ਹੁੰਦੀ ਹੈ। ਇਸ ਮਹੀਨੇ ਖਿੜਦੇ ਵੱਖ ਵੱਖ ਰੰਗਾਂ ਦੇ ਫ਼ੁੱਲ ਤਰ੍ਹਾਂ ਤਰ੍ਹਾਂ ਦੀਆਂ ਸੁੰਗਧੀਆਂ ਫ਼ੈਲਾਉਂਦਿਆਂ ਮੌਸਮ ਨੂੰ ਹੋਰ ਵੀ ਸੋਹਾਵਣਾ ਬਣਾ ਦਿੰਦੇ ਹਨ। ਫ਼ੱਗਣ ਮਹੀਨੇ ਅੰਬਾਂ ਦੇ ਰੁੱਖਾਂ ਨੂੰ ਪਿਆ ਬੂਰ ਦੂਰ ਦੂਰ ਤਕ ਸੁੰਗਧੀਆਂ ਫ਼ੈਲਾਉਂਦਾ ਹੈ ਅਤੇ ਗਵਾਹੀ ਭਰਦਾ ਹੈ ਕਿ ਇਸ ਵਾਰ ਅੰਬਾਂ ਦੀ ਫ਼ਸਲ ਭਰਪੂਰ ਹੋਵੇਗੀ। ਅੰਬਾਂ ਦੇ ਰੁੱਖਾਂ ਨੂੰ ਪਿਆ ਬੂਰ ਵੇਖ ਕੇ ਅੰਬੀਆਂ ਦੇ ਦੇਸ਼ ਦੋਆਬਾ ਦੀ ਯਾਦ ਪਰਵਾਸੀ ਪੰਜਾਬੀਆਂ ਨੂੰ ਸੱਤ ਸਮੁੰਦਰ ਪਾਰ ਵੀ ਆ ਜਾਂਦੀ ਹੈ। ਫ਼ੱਗਣ ਮਹੀਨੇ ਆਪਣੀ ਮਨਮੋਹਨੀ ਆਵਾਜ਼ ਵਿੱਚ ਚਾਰ ਚੁਫ਼ੇਰੇ ਸੰਗੀਤ ਘੋਲਦੀ ਕੋਇਲ ਸਭ ਦਾ ਦਿਲ ਮੋਹ ਲੈਂਦੀ ਹੈ। ਫ਼ੱਗਣ ਮਹੀਨੇ ਜਿਥੇ ਖਿੜੀ ਧੁੱਪ ਵਿੱਚ ਤੋਤੇ, ਚਿੜੀਆਂ, ਘੁੱਗੀਆਂ ਤੇ ਹੋਰ ਪੰਛੀ ਆਪਣੀਆਂ ਮਿੱਠੀਆਂ ਆਵਾਜ਼ਾਂ ਰਾਹੀਂ ਸੰਗੀਤਮਈ ਵਾਤਾਵਰਣ ਪੈਦਾ ਕਰਦੇ ਹਨ, ਉਥੇ ਸਾਈਬੇਰੀਆ ਦੀਆਂ ਕੂੰਜਾਂ ਅਤੇ ਹੋਰ ਪਰਵਾਸੀ ਪੰਛੀ ਵੀ ਆਪਣੀਆਂ ਮਨਮੋਹਣੀਆਂ ਆਵਾਜ਼ਾਂ ਨਾਲ ਸੰਗੀਤ ਪੈਦਾ ਕਰਦੇ ਹੋਏ ਅੰਬਰ ਵਿੱਚ ਉਡਾਰੀਆਂ ਮਾਰਦੇ ਦਿਲਕਸ਼ ਨਜ਼ਾਰਾ ਪੇਸ਼ ਕਰਦੇ ਹਨ।



ਫ਼ੱਗਣ ਮਹੀਨੇ ਵਿੱਚ ਕਣਕ, ਸਰੋਂ, ਜੌਂ, ਮਸਰ ਆਦਿ ਫ਼ਸਲਾਂ ਭਰਪੂਰ ਜੋਬਨ ਉਪਰ ਹੁੰਦੀਆਂ ਹਨ, ਜਦੋਂ ਠੰਡੀ ਵਾਅ ਚੱਲਣ ਨਾਲ ਖੇਤਾਂ ਵਿੱਚ ਖੜੀਆਂ ਇਹ ਫ਼ਸਲਾਂ ਖੁਸ਼ੀ ਵਿੱਚ ਝੂੰਮਦੀਆਂ ਹਨ ਤਾਂ ਇਹਨਾਂ ਉੱਪਰ ਬਹਾਰ ਨੱਚਦੀ ਗਾਉਂਦੀ ਤੇ ਪੈਲਾਂ ਪਾਉਂਦੀ ਪ੍ਰਤੀਤ ਹੁੰਦੀ ਹੈ। ਇਸ ਮਹੀਨੇ ਢਾਕ ਦੇ ਰੁੱਖ ਵੀ ਪੂਰੇ ਜੋਬਨ ਵਿੱਚ ਆ ਕੇ ਖੁਸ਼ੀ ਵਿੱਚ ਖੀਵੇ ਹੋਏ ਲੱਗਦੇ ਹਨ।

ਇਥੇ ਇਹ ਜ਼ਿਕਰਯੋਗ ਹੈ ਕਿ ਮਾਘ ਮਹੀਨੇ ਦੇ ਅੱਧ ਵਿਚਕਾਰ ਜਿਹੇ ਆਉਂਦੀ ਬਸੰਤ ਪੰਚਮੀਂ ਨੂੰ ਬਸੰਤ ਰੁੱਤ ਜਨਮ ਲੈਂਦੀ ਹੈ , ਜੋ ਕਿ ਫ਼ੱਗਣ ਵਿੱਚ ਬਚਪਣ ਹੰਡਾ ਕੇ ਅਲੜ ਉਮਰ ਵਿੱਚ ਆ ਕੇ ਖਰਮਸਤੀਆਂ ਕਰਦੀ ਹੈ। ਫ਼ੱਗਣ ਮਹੀਨੇ ਬਸੰਤ ਰੁੱਤ ਦੇ ਜਵਾਨੀ ਵਿੱਚ ਪੈਰ ਧਰਨ ਕਰਕੇ ਹਰ ਫ਼ੁੱਲ ਬੂਟੇ ਅਤੇ ਰੁੱਖ ਉਪਰ ਹੀ ਖੇੜਾ ਆ ਜਾਂਦਾ ਹੈ। ਖੇਤਾਂ ਵਿੱਚ ਖੜੀਆਂ ਕਣਕ, ਸਰੋਂ, ਜੌਂ, ਮਸਰ ਆਦਿ ਦੀਆਂ ਫ਼ਸਲਾਂ ਵੀ ਬਹਾਰ ਰੁੱਤ ਦੀਆਂ ਪੈਲਾਂ ਪਾਉਣ ਲੱਗਦੀਆਂ ਹਨ। ਭਾਵੇਂ ਬਸੰਤ ਰੁੱਤ ਦਾ ਜਨਮ ਮਾਘ ਮਹੀਨੇ ਦੀ ਬਸੰਤ ਪੰਚਮੀਂ ਨੂੰ ਹੀ ਹੋ ਜਾਂਦਾ ਹੈ ਪਰ ਬਸੰਤ ਰੁੱਤ ਦਾ ਅਸਲੀ ਨਜਾਰਾ ਫ਼ੱਗਣ ਮਹੀਨੇ ਵਿੱਚ ਹੀ ਵੇਖਣ ਨੂੰ ਮਿਲਦਾ ਹੈ। ਫ਼ੱਗਣ ਮਹੀਨੇ ਭਰ ਜਵਾਨੀ ਵਿਚ ਆਉਂਦੀ ਇਸ ਬਸੰਤ ਰੁੱਤ ਨੂੰ ਜੀ ਆਇਆਂ ਕਹਿਣ ਲਈ ਇਸ ਸਮੇਂ ਪੂਰਾ ਆਲਮ ਹੀ ਖੁਸ਼ੀਆਂ , ਖੇੜੇ, ਨਵੀਆਂ ਤਰੰਗਾਂ, ਨਵੇਂ ਉਤਸ਼ਾਹ ਦੀਆਂ ਭਾਵਨਾਵਾਂ ਨਾਲ ਨਸ਼ਿਆਇਆ ਹੋਇਆ ਹੈ। ਫ਼ੱਗਣ ਮਹੀਨੇ ਦੀ ਭਰ ਜਵਾਨ ਬਸੰਤ ਰੁੱਤ ਦੀ ਸੂਹੀ- ਸੂਹੀ ਸਵੇਰ ਵੀ ਸੱਜਰੀ -ਸੱਜਰੀ ਲੱਗਦੀ ਹੈ ਤੇ ਸਾਨੂੰ ਆਪਣਾ ਸਾਰਾ ਆਲਾ- ਦੁਆਲਾ ਹੀ ਬਸੰਤ ਰੁੱਤ ਦੇ ਦਿਨਾਂ 'ਚ ਨਵਾਂ- ਨਵਾਂ ਲੱਗਦਾ ਹੈ। ਬਸੰਤ ਰੁੱਤ ਦੇ ਜਵਾਨੀ ਦੇ ਇਹਨਾਂ ਦਿਨਾਂ 'ਚ ਤਾਂ ਰੁੱਖਾਂ ਦੀਆਂ ਡਾਲੀਆਂ ਵਿੱਚੋਂ ਪੱਤਿਆਂ ਨਾਲ ਖਹਿ - ਖਹਿ ਕੇ ਲੰਘਦੀ ਠੰਡੀ ਜਖ਼ ਵਾਅ /ਹਵਾ ਵੀ ਰੁੱਖਾਂ, ਡਾਲੀਆਂ, ਪੱਤਿਆਂ ਨੂੰ ਬਸੰਤ ਰੁੱਤ ਦੇ ਜਵਾਨ ਹੋਣ ਦੀਆਂ ਵਧਾਈਆਂ ਦਿੰਦੀ ਲੱਗਦੀ ਹੈ। ਜਦੋਂ ਠੰਡੀ- ਠੰਡੀ ਹਵਾ ਦਾ ਤੇਜ਼ ਚਾਲ ਚੱਲਦਾ ਹੋਇਆ ਬੁੱਲਾ ਆਉਂਦਾ ਹੈ ਤਾਂ ਠੰਡ ਨਾਲ ਸਾਡੇ ਧੁਰ ਅੰਦਰ ਤੱਕ ਇੱਕ ਕੰਬਣੀ ਤਾਂ ਭਾਂਵੇਂ ਛਿੜ ਜਾਂਦੀ ਹੈ ਪਰ ਉਸ ਕੰਬਣੀ ਤੇ ਠੰਡੀ ਹਵਾ ਵਿਚੋਂ ਵੀ 'ਬਸੰਤ ਰੁੱਤ ਮੁਬਾਰਕ' ਦੀ ਆਵਾਜ਼ ਆਉਂਦੀ ਮਹਿਸੂਸ ਹੁੰਦੀ ਹੈ। ਇਹਨਾਂ ਦਿਨਾਂ 'ਚ ਹਵਾ ਦੇ ਤੇਜ਼ ਵੇਗ ਨਾਲ ਹੀ ਜ਼ਮੀਨ ਉਪਰ ਝੁਕਿਆ ਤੇ ਅੱਧ ਲਿਟਿਆ ਘਾਹ ਧਰਤੀ ਨੂੰ ਪਿਆਰ ਤੇ ਮਮਤਾਮਈ ਚੁੰਬਣ ਦੇ ਕੇ 'ਬਸੰਤ ਰੁੱਤ ਮੁਬਾਰਕ ' ਹੀ ਤਾਂ ਕਹਿ ਰਿਹਾ ਪ੍ਰਤੀਤ ਹੁੰਦਾ ਹੈ। ਘਰਾਂ ਦੇ ਗਮਲਿਆਂ ਤੇ ਘਰਾਂ ਦੇ ਅੱਗੇ ਬਣੀਆਂ ਕਿਆਰੀਆਂ ਵਿਚ ਲੱਗੇ ਪੌਦੇ ਤੇ ਉਹਨਾਂ ਦੇ ਫ਼ੁੱਲ-ਪੱਤੇ ਵੀ ਹਵਾ ਦੇ ਬੁੱਲੇ ਨਾਲ ਹਿਲਦੇ ਹੋਏ 'ਬਸੰਤ ਰੁੱਤ ' ਦੇ ਭਰ ਜਵਾਨੀ ਵਿਚ ਆਉਣ ਦੀ ਖੁਸ਼ੀ ਵਿੱਚ ਇੱਕ ਤਰਾਂ ਨੱਚ ਰਹੇ ਹੀ ਮਹਿਸੂਸ ਹੁੰਦੇ ਹਨ।



ਫ਼ੱਗਣ ਮਹੀਨੇ ਰਾਤਾਂ ਚੰਨ ਚਾਨਣੀਆਂ ਹੁੰਦੀਆਂ ਹਨ ਅਤੇ ਅਸਮਾਣ 'ਤੇ ਰਾਤ ਨੂੰ ਤਾਰੇ ਚਮਕਦੇ ਦਿਖਾਈ ਦਿੰਦੇ ਹਨ। ਫ਼ੱਗਣ ਮਹੀਨੇ ਚੰਨ ਚਾਨਣੀ ਰਾਤ ਨੂੰ ਅਸਮਾਣ ਵਿੱਚ ਚਮਕਦੇ ਤਾਰਿਆਂ ਵੱਲ ਵੇਖਣ ਦਾ ਨਜ਼ਾਰਾ ਹੀ ਵੱਖਰਾ ਹੁੰਦਾ ਹੈ। ਫ਼ੱਗਣ ਮਹੀਨੇ ਜਦੋਂ ਖੇਤਾਂ ਵਿੱਚ ਕਿਸੇ ਨਖਰੀਲੀ ਮੁਟਿਆਰ ਦੇ ਲੱਕ ਦੇ ਟੂੰਣੂੰ ਟੂੰਣੂੰ ਝਟਕਿਆਂ ਅਤੇ ਨਾਗ ਵਲ ਖਾਂਦੀ ਤੋਰ ਵਾਂਗੂ ਝੂੰਮਦੀ ਕਣਕ ਦੀ ਫ਼ਸਲ ਅਤੇ ਹਰ ਪਾਸੇ ਸਰੋਂ ਦੀ ਫ਼ਸਲ ਦੀ ਫ਼ੈਲੀ ਪੀਲੀ ਚਾਦਰ ਨੂੰ ਵੇਖ ਕੇ ਅੱਖੀਆਂ ਨਹੀਂ ਰੱਜਦੀਆਂ, ਇਸ ਤਰਾਂ ਲੱਗਦਾ ਹੈ ਕਿ ਜਿਵੇਂ ਕੁਦਰਤ ਨੇ ਬਸੰਤੀ ਚੁੰਨੀ ਲੈ ਲਈ ਹੋਵੇ।

ਅੰਮ੍ਰਿਤ ਵੇਲੇ ਗੁਲਾਬ ਦੇ ਫ਼ੁੱਲਾਂ ਅਤੇ ਮਨਮੋਹਨੇ ਤਰਾਂ -ਤਰਾਂ ਦੇ ਫ਼ੁੱਲਾਂ ਉਪਰ ਪਈਆਂ ਤਰੇਲ ਦੀਆਂ ਬੂੰਦਾਂ ਵੀ ਚੜ੍ਹਦੇ ਸੂਰਜ ਦੀ ਲਾਲੀ ਵਾਲੀ ਧੁੱਪ ਨਾਲ ਹੀ ਲਿਸ਼ਕਾਂ ਮਾਰਦੀਆਂ 'ਬਸੰਤ ਰੁੱਤ' ਦੀ ਜਵਾਨ ਅਵਸਥਾ ਨੂੰ ਜੀ ਆਇਆਂ ਕਹਿੰਦੀਆਂ ਜਾਪਦੀਆਂ ਹਨ। ਅੰਬਰ ਵਿੱਚ ਉਡਾਰੀਆਂ ਮਾਰਦੀਆਂ ਪੰਜਾਬ 'ਚ ਮਹਿਮਾਣ ਬਣਕੇ ਆਈਆਂ ਸਾਇਬੇਰੀਆ ਦੀਆਂ ਕੂੰਜਾਂ ਤੇ ਅਠਖੇਲੀਆ ਕਰਦੇ ਪਰਵਾਸੀ ਤੇ ਦੇਸੀ ਪੰਛੀ ਵੀ ਬਸੰਤ ਰੁੱਤ ਦੀ ਜਵਾਨੀ ਦਾ ਆਨੰਦ ਮਾਣਦਿਆਂ ਇਸ ਨੂੰ ਜੀ ਆਇਆਂ ਕਹਿੰਦੇ ਹੀ ਜਾਪਦੇ ਹਨ।

ਕਿਸੇ ਸੱਜ ਵਿਆਹੀ ਦੇ ਕੌਂਕੇ ਦੀ ਜ਼ੀਨਤ , ਗੋਰੀਆਂ-ਗੋਰੀਆਂ ਬਾਹਾਂ 'ਚ ਪਾਏ ਲਾਲ ਸੂਹੇ ਤੇ ਕਈ ਰੰਗਾਂ ਵਾਲੇ ਚੂੜੇ ਦੀ ਖਣਕ, ਵੰਗਾਂ ਦਾ ਛਣਕਾਟਾ ਵੀ ਤਾਂ 'ਬਸੰਤ ਰੁੱਤ ਦੀ ਜਵਾਨੀ ' ਦਾ ਸਵਾਗਤ ਕਰਦੇ ਲੱਗਦੇ ਹਨ। ਇਸ ਦਿਨ ਤਾਂ ਕੋਈ ਆਪਣਾ 'ਗਜਰਾ ਬਣ ਕੇ ਵੰਗਾਂ ਨੂੰ ' ਪਿਆਰ ਭਰੀ ਠੋਕਰ ਮਾਰਕੇ ' ਪ੍ਰੀਤਾਂ ਦੀ ਪਹਿਰੇਦਾਰ ਬਸੰਤ ਰੁੱਤ' ਦੇ ਜਵਾਨ ਹੋਣ ਦੀਆਂ ਵਧਾਈਆਂ ਦਿੰਦਾ ਮਹਿਸੂਸ ਹੁੰਦਾ ਹੈ।

ਫ਼ੱਗਣ ਮਹੀਨੇ ਬਸੰਤ ਰੁੱਤ ਦੇ ਜਵਾਨ ਹੋਣ ਮੌਕੇ ਹਰ ਵਿਅਕਤੀ ਦੇ ਮਨ 'ਚ ਹੀ ਨਵੀਆਂ ਉਮੰਗਾ ਜਨਮ ਲੈ ਲੈਂਦੀਆਂ ਨੇ, ਬਸੰਤ ਰੁੱਤ ਦੇ ਦਿਨਾਂ 'ਚ ਤਾਂ ਅੱਲੜ ਤੇ ਨੌਜਵਾਨ ਮੁੰਡੇ -ਕੁੜੀਆਂ ਵਾਂਗ ਬਜ਼ੁਰਗਾਂ ਦੀਆਂ ਅੱਖਾਂ ਵਿਚ ਵੀ ਨਵੇਂ ਸੁਪਨੇ ਜਿਹੇ ਦਿਖਾਈ ਦਿੰਦੇ ਹਨ। ਅੱਲੜਾਂ ਦੀਆਂ ਅੱਖਾਂ ਵਿਚ ਤਾਂ ਇਸ ਰੁੱਤ ਵਿਚ ਗੁਲਾਬੀ ਰੰਗੇ ਸੁਪਨੇ ਹੀ ਦਿਖਾਈ ਦਿੰਦੇ ਹਨ, ਜੋ ਕਿ ਉਹ ਜਾਗਦੀਆਂ ਅੱਖਾਂ ਨਾਲ ਹੀ ਵੇਖ ਰਹੇ ਹੁੰਦੇ ਹਨ।





ਸੂਰਜ ਦੇ ਤੇਜ਼ ਅੱਗੇ ਭਾਵੇਂ ਸਾਡੀ ਵਾਹ ਤਾਂ ਕੋਈ ਨਹੀਂ ਚੱਲ ਸਕਦੀ ਪਰ ਅਸੀਂ ਦੇਸੀ ਸਾਲ ਦੇ ਅੰਤਲੇ ਮਹੀਨੇ ਫ਼ੱਗਣ ਵਿੱਚ ਨਵੀਂ ਰੁੱਤ ਬਸੰਤ ਦੇ ਜਵਾਨ ਹੋਣ ਦੇ ਮੌਕੇ ਉਸਨੂੰ ਬੇਨਤੀ ਤਾਂ ਕਰ ਹੀ ਸਕਦੇ ਹਾਂ ਕਿ ਉਹ ਨਵੀਂ ਰੁੱਤ ਦੇ ਜਵਾਨ ਹੋਣ ਵਾਲੇ ਦਿਨਾਂ ਵਿੱਚ ਪੂੰਜੀਪਤੀਆਂ , ਮੱਧਵਰਗੀ ਲੋਕਾਂ ਦੇ ਨਾਲ - ਨਾਲ ਕਿਰਤੀਆਂ, ਕਾਰੀਗਰਾਂ ਤੇ ਕੰਮੀਆਂ ਦੇ ਵਿਹੜੇ ਵੀ ਜਾਵੇ ਤੇ ਉਹਨਾਂ ਦੇ ਵਿਹੜੇ ਵੀ ਸਾਰਾ ਸਾਲ ਮੱਘਦਾ ਰਹੇ ਤਾਂ ਕਿ ਉਹ ਆਪਣੇ ਆਪ ਨੂੰ ਜਿੰਦਗੀ ਦੀ ਹਨੇਰੀ ਗੁਫ਼ਾ ਦੇ ਵਸਨੀਕ ਨਾ ਸਮਝਣ ਤੇ ਉਹਨਾਂ ਦੀ ਜਿੰਦਗੀ ਵਿੱਚ ਵੀ ਫ਼ੱਗਣ ਮਹੀਨੇ ਦੀ ਸ਼ੁਰੂਆਤ ਮੌਕੇ ਸੰਗਰਾਂਦ ਤੋਂ ਹੀ ਰੌਸ਼ਨੀ ਹੋ ਸਕੇ।

# ਦੁਬਈ ਤੋਂ ਪਰਤੇ ਭਰਾਵਾਂ ਨੇ ਬਣਾਇਆ ਡਬਲ ਡੈਕਰ ਬੱਸ ਏ.ਸੀ. ਰੈਸਟੋਰੈਂਟ

## ਵੱਡੇ-ਵੱਡੇ ਰੈਸਟੋਰੈਂਟਾਂ ਵਰਗੀਆਂ ਆਧੁਨਿਕ ਸਹੂਲਤਾਂ ਨਾਲ ਲੈਸ




## ਦੋਵੇਂ ਭਰਾ ਸਾਊਦੀ ਅਰਬ ਵਿਖੇ ਕਰਦੇ ਸਨ ਡਰਾਈਵਰੀ

ਜਗਰਾਓਂ ਦੇ ਪਿੰਡ ਕਾਉਂਕੇ ਕਲਾਂ ਦੇ 25 ਸਾਲਾਂ ਬਾਅਦ ਦੁਬਈ ਤੋਂ ਪਰਤੇ ਭਰਾਵਾਂ ਦੀ ਜੋੜੀ ਨੇ ਪੰਜਾਬ ਵਿੱਚ ਹੀ ਪਰਿਵਾਰ ਵਿੱਚ ਰਹਿੰਦਿਆਂ ਦੁਬਈ ਵਰਗਾ ਚਲਦਾ-ਫਿਰਦਾ ਦੋ ਮੰਜ਼ਿਲਾ ਏ.ਸੀ. ਰੈਸਟੋਰੈਂਟ ਤਿਆਰ ਕੀਤਾ। ਜਗਰਾਓਂ ਵਿਖੇ ਲੁਧਿਆਣਾ ਫਿਰੋਜ਼ਪੁਰ ਕੌਮੀ ਮਾਰਗ ’ਤੇ ਦੁਬਈ ਰਿਟਰਨ ਭਰਾਵਾਂ ਦਾ ਇਹ ਚੱਲਦਾ-ਫਿਰਦਾ ਦੋ ਮੰਜ਼ਿਲਾ ਏ.ਸੀ. ਰੈਸਟੋਰੈਂਟ ਲੋਕਾਂ ਵਿੱਚ ਖਿੱਚ ਦਾ ਕੇਂਦਰ ਬਣਿਆ ਹੋਇਆ ਹੈ। ਇੱਥੇ ਦੁਬਈ ਰਿਟਰਨ ਭਰਾਵਾਂ ਵੱਲੋਂ ਹੱਥੀਂ ਤਿਆਰ ਕੀਤੇ ਪਕਵਾਨਾਂ ਦਾ ਲੁਤਫ ਲੈਣ ਦੇ ਨਾਲ ਨਾਲ ਲੋਕ ਘਰ ਤਿਆਰ ਕੀਤੇ ਗੁੜ੍ਹ-ਸ਼ੱਕਰ ਦਾ ਵੀ ਆਨੰਦ ਮਾਣਦੇ ਹਨ।

ਇਨ੍ਹਾਂ ਦੁਬਈ ਰਿਟਰਨ ਭਰਾਵਾਂ ਨੇ ਆਪਣੇ ਇਸ ਨਿਵੇਕਲੇ ਰੁਜ਼ਗਾਰ ਰਾਹੀਂ ਜਿੱਥੇ ਪੰਜਾਬ ਦੇ ਨੌਜਵਾਨਾਂ ਨੂੰ ਕੋਈ ਵੀ ਕੰਮ ਵੱਡਾ-ਛੋਟਾ ਨਾ ਹੋਣ ਦੀ ਕਹਾਵਤ ਨੂੰ ਸੱਚ ਕਰ ਦਿਖਾਇਆ ਹੈ, ਉੱਥੇ ਕੁਝ ਦਿਨ ਪਹਿਲਾਂ ਹੀ ਸ਼ੁਰੂ ਕੀਤੇ ਇਸ ਰੈਸਟੋਰੈਂਟ ਵਿੱਚ ਹੱਥੀਂ ਮਿਹਨਤ ਕਰ ਕੇ ਚੰਗੀ ਕਮਾਈ ਕਰਨ ਦਾ ਸੁਪਨਾ ਵੀ ਸੱਚ ਕਰ ਲਿਆ ਹੈ। ਲੁਧਿਆਣਾ ਜ਼ਿਲ੍ਹੇ ਦੇ ਸਭ ਨਾਲੋਂ ਵੱਡੇ ਪਿੰਡ ਕਾਉਂਕੇ ਕਲਾਂ ਦੇ ਰਹਿਣ ਵਾਲੇ ਇਨ੍ਹਾਂ ਭਰਾਵਾਂ ਬਲਵੀਰ ਸਿੰਘ ਅਤੇ ਲੱਖਾ ਸਿੰਘ ਨੇ ਦੱਸਿਆ ਕਿ ਉਹ ਕਰੀਬ ਪਿਛਲੇ ਢਾਈ ਦਹਾਕਿਆਂ ਤੋਂ ਦੁਬਈ ਦੇ ਸਾਊਦੀ ਅਰਬ ਵਿਖੇ ਡਰਾਈਵਰੀ ਕਰਦੇ ਸਨ। ਦੋ ਕੁ ਸਾਲ ਪਹਿਲਾਂ ‘ਕਦ ਤੱਕ ਪਰਿਵਾਰ ਤੋਂ ਦੂਰ ਵਿਦੇਸ਼ ਦੀ ਧਰਤੀ ਤੇ ਕੰਮ ਕਰਦੇ ਰਹਿਣਗੇ’ ਦਾ ਸੋਚ ਕੇ ਦੁਬਈ ਨੂੰ ਹਮੇਸ਼ਾ ਲਈ ਅਲਵਿਦਾ ਆਖ ਕੇ ਪਿੰਡ ਆ ਗਏ।

ਬਲਵੀਰ ਸਿੰਘ ਨੇ ਦੱਸਿਆ ਕਿ ਦੁਬਈ ਵਿੱਚ ਥਾਂ-ਥਾਂ ਸੜਕਾਂ ਬਾਜ਼ਾਰਾਂ ਵਿੱਚ ਚੱਲਦੇ ਫਿਰਦੇ ਆਲੀਸ਼ਾਨ ਦੋ ਮੰਜ਼ਿਲਾਂ ਏ.ਸੀ. ਰੈਸਟੋਰੈਂਟਾਂ ਤੋਂ ਕਾਫੀ ਪ੍ਰਭਾਵਿਤ ਸੀ। ਉੱਥੇ ਹੀ ਆਪਣੇ ਪਿੰਡ ਜਾ ਕੇ ਵੀ ਕੁਝ ਅਜਿਹਾ ਹੀ ਕਰਨ ਦਾ ਸੁਪਨਾ ਸਜਾਉਂਦਿਆਂ ਉਸ ਨੇ ਚੱਲਦੇ-ਫਿਰਦੇ ਏ.ਸੀ. ਰੈਸਟੋਰੈਂਟ ਦਾ ਨਕਸ਼ਾ ਹਾਸਲ ਕਰ ਲਿਆ। ਪਿੰਡ ਪਰਤਦਿਆਂ ਹੀ ਚੱਲਦੇ-ਫਿਰਦੇ ਇਹ ਆਲੀਸ਼ਾਨ ਦੋ ਮੰਜ਼ਿਲਾ ਰੈਸਟੋਰੈਂਟ ਨੂੰ ਤਿਆਰ ਕਰਵਾਉਣ ਲਈ ਆਰਡਰ ਦੇ ਦਿੱਤਾ। ਕਈ ਮਹੀਨਿਆਂ ਦੀ ਕਾਰੀਗਰਾਂ ਨਾਲ ਉਨ੍ਹਾਂ ਦੀ ਖ਼ੁਦ ਦੀ ਮਿਹਨਤ ਤੋਂ ਬਾਅਦ ਇਹ ਚੱਲਦਾ-ਫਿਰਦਾ ਦੋ ਮੰਜ਼ਿਲਾ ਏ.ਸੀ. ਰੈਸਟੋਰੈਂਟ ਤਿਆਰ ਹੋ ਗਿਆ। ਲੱਖਾ ਸਿੰਘ ਨੇ ਦੱਸਿਆ ਕਿ ਇਸ ਏਸੀ ਰੈਸਟੋਰੈਂਟ ਵਿੱਚ ਚਾਹੇ ਸਾਰੀਆਂ ਸਹੂਲਤਾਂ ਅਤੇ ਆਧੁਨਿਕ ਅਤੇ ਅੱਜ ਦੇ ਜ਼ਮਾਨੇ ਦੀਆਂ ਹਨ ਪਰ ਉਨ੍ਹਾਂ ਨੇ ਫਿਰ ਵੀ ਇਸ ਦਾ ਦੇਸੀ ਨਾਮ ਸੇਖੋਂ ਢਾਬਾ ਐੱਨ.ਆਰ.ਆਈ. ਰੱਖਿਆ। ਉਨ੍ਹਾਂ ਦੇ ਹੱਥ ਹੀ ਕੰਮ ਕਰਨ ਦੀ ਸੋਚ ਨੂੰ ਉਸ ਵੇਲੇ ਬੂਰ ਪਿਆ ਜਦੋਂ ਉਨ੍ਹਾਂ ਦੇ ਪਿੰਡ ਰਹਿੰਦੇ ਤੀਜੇ ਭਰਾ ਕੁਲਜੀਤ ਸਿੰਘ ਵੀ ਖੇਤੀਬਾੜੀ ਦੇ ਨਾਲ-ਨਾਲ ਉਨ੍ਹਾਂ ਦਾ ਸਾਥ ਦਿੰਦਾ ਨਾਲ ਜੁੜ ਗਿਆ।

ਦੁਬਈ ਰਿਟਰਨ ਭਰਾਵਾਂ ਨੇ ਦੱਸਿਆ ਕਿ ਇਸ ਆਧੁਨਿਕ ਤਕਨੀਕ ਵਾਲੇ ਚੱਲਦੇ-ਫਿਰਦੇ ਰੈਸਟੋਰੈਂਟ ਵਿੱਚ ਬਰਗਰ, ਰੈਪ, ਮਨਚੂਰੀਅਨ, ਨਿਊਡਲ, ਫ੍ਰੈਂਚ ਫ੍ਰਾਈਜ਼ ਨੂੰ ਤਿਆਰ ਕਰਨ ਲਈ ਦੇਸੀ ਘਿਓ ਅਤੇ ਮੱਖਣ ਵਰਤਦੇ ਹਨ। ਇਸ ਤੋਂ ਇਲਾਵਾ ਗੰਨੇ ਅਤੇ ਫਲਾਂ ਦਾ ਤਾਜ਼ਾ ਜੂਸ ਵੀ ਗਾਹਕਾਂ ਦੇ ਸਾਹਮਣੇ ਹੀ ਤਿਆਰ ਕੀਤਾ ਜਾਂਦਾ ਹੈ।

ਬਲਵੀਰ ਸਿੰਘ ਅਤੇ ਲੱਖਾ ਸਿੰਘ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਹੋਰਾਂ ਸੂਬਿਆਂ ਤੋਂ ਆ ਕੇ ਵਸੇ ਲੋਕ ਸਟ੍ਰੀਟ ਫੂਡ ਵੇਚਦੇ ਲੱਖਪਤੀ ਬਣ ਗਏ ਹਨ। ਉਨ੍ਹਾਂ ਨੇ ਵੀ ਜਦੋਂ ਇਸ ’ਤੇ ਝਾਤ ਮਾਰੀ ਤਾਂ ਦੇਖਿਆ ਕਿ ਕੰਮ ਕੋਈ ਵੀ ਛੋਟਾ-ਵੱਡਾ ਨਹੀਂ ਹੁੰਦਾ। ਇਸ ਕਿੱਤੇ ਨੂੰ ਆਧੁਨਿਕ ਅਤੇ ਵਿਦੇਸ਼ੀ ਤਕਨੀਕ ਰਾਹੀਂ ਵੱਡਾ ਕਰ ਲਿਆ ਅਤੇ ਅੱਜ ਜਿਸ ਨੂੰ ਨੌਜਵਾਨ ਛੋਟਾ ਕੰਮ ਕਹਿ ਕੇ ਇਸ ਨੂੰ ਅਪਣਾਉਣ ਤੋਂ ਪਾਸਾ ਵੱਟਦੇ ਹਨ, ਉਨ੍ਹਾਂ ਨੇ ਆਪਣੀ ਰੋਜ਼ੀ-ਰੋਟੀ ਦਾ ਜ਼ਰੀਆ ਹੀ ਬਣਾ ਲਿਆ।


ਦੁਬਈ ਰਿਟਰਨ ਭਰਾਵਾਂ ਦਾ ਇਹ ਚੱਲਦਾ-ਫਿਰਦਾ ਦੋ ਮੰਜ਼ਿਲਾਂ ਰੈਸਟੋਰੈਂਟ ਵੱਡੇ-ਵੱਡੇ ਰੈਸਟੋਰੈਂਟਾਂ ਵਰਗੀਆਂ ਸਹੂਲਤਾਂ ਨਾਲ ਲੈਸ ਹੈ। ਇਸ ਦੀ ਪਹਿਲੀ ਮੰਜ਼ਿਲ ’ਤੇ ਆਧੁਨਿਕ ਰਸੋਈ ਅਤੇ ਬੈਠਣ ਲਈ ਏ.ਸੀ. ਲੱਗਾ ਹੋਇਆ ਹੈ। ਰਸੋਈ ਵਿੱਚ ਡੀਪ-ਫਰੀਜ਼ਰ, ਆਧੁਨਿਕ ਚਿਮਨੀ, ਇਲੈਕਟ੍ਰਿਕ ਗੰਨਾ ਮਸ਼ੀਨ, ਇਲੈਕਟ੍ਰਿਕ ਸੈਂਡਵਿਚ ਮਸ਼ੀਨ ਸਮੇਤ ਹੋਰ ਸਹੂਲਤਾਂ ਲੈਸ ਹਨ।

ਚੱਲਦੇ-ਫਿਰਦੇ ਰੈਸਟੋਰੈਂਟ ਦੀ ਪਹਿਲੀ ਮੰਜ਼ਿਲ ’ਤੇ 20 ਬੰਦਿਆਂ ਦੇ ਬੈਠਣ ਦਾ ਪ੍ਰਬੰਧ ਹੈ। ਸ਼ਾਨਦਾਰ ਧੁੱਪ ਅਤੇ ਮੀਂਹ-ਕਣੀ ਤੋਂ ਸੁਰੱਖਿਅਤ ਕਰਦੀ ਛੱਤ ਦੀ ਦਿੱਖ ਵੀ ਵਿਲੱਖਣ ਹੈ। ਰਸੋਈ ਵਿੱਚ ਪਾਣੀ ਦੀ ਵਰਤੋਂ ਲਈ ਟੈਂਕੀ, ਹੱਥ ਧੋਣ ਲਈ ਵਾਸ਼ਵੇਸਨ, ਪੀਣ ਵਾਲੇ ਪਾਣੀ ਲਈ ਬਾਕਾਇਦਾ ਆਰਓ ਸਿਸਟਮ ਵੀ ਲੱਗਾ ਹੋਇਆ ਹੈ।






# ਬਜ਼ੁਰਗਾਂ ਦਾ ਸਤਿਕਾਰ ਜ਼ਰੂਰੀ, ਬਿਰਧ ਆਸ਼ਰਮ ਨਹੀਂ



ਰਜਿੰਦਰ ਕੌਰ ਜੀਤ

ਬਜ਼ੁਰਗ ਮਾਤਾ ਪਿਤਾ ਘਰ ਵਿੱਚ ਸੰਘਣੇ ਦਰਖ਼ਤ ਦੀ ਤਰ੍ਹਾਂ ਹੁੰਦੇ ਹਨ। ਜਿਨ੍ਹਾਂ ਦੀ ਸੰਘਣੀ ਛਾਂ ਹੇਠ ਸਾਰਾ ਪਰਿਵਾਰ ਅਨੰਦਮਈ ਜੀਵਨ ਬਤੀਤ ਕਰਦਾ ਹੈ। ਪਰ ਅੱਜ ਦੀ ਭੱਜ ਦੌੜ ਦੀ ਜ਼ਿੰਦਗੀ ਵਿੱਚ ਨੌਜਵਾਨ ਪੀੜੀ ਕੋਲ ਇਹ ਅਨੂਠੀ ਦਾਤ ਬਹੁਤ ਘੱਟ ਹੈ। ਪਰਿਵਾਰਾਂ ਵਿੱਚ ਬਜ਼ੁਰਗਾਂ ਨਾਲ ਹੁੰਦੇ ਦੁਰ ਵਿਵਹਾਰ ਨੂੰ ਦੇਖ ਕੇ ਰੂਹ ਕੰਬ ਉੱਠਦੀ ਹੈ। ਗੁਰਬਾਣੀ ਵਿੱਚ ਬਹੁਤ ਸਾਰੇ ਗੁਰ ਸ਼ਬਦ ਹਨ ਜੋ ਇਸ ਬਾਰੇ ਸਮਝਾ ਰਹੇ ਹਨ। ਪਿਓ -ਪੁੱਤਰ ਦੇ ਰਿਸ਼ਤੇ ਨੂੰ ਗੁਰੂ ਰਾਮਦਾਸ ਜੀ ਨੇ ਬੜੇ ਹੀ ਸੁੰਦਰ ਬਚਨਾ ਨਾਲ ਬਿਆਨ ਕੀਤਾ ਹੈ :-

ਕਾਹੇ ਪੂਤ ਝਗਰਤ ਹਉ ਸੰਗਿ ਬਾਪ॥
ਜਿਨ ਕੇ ਜਣੇ ਬਡੀਰੇ ਤੁਮ ਹਉ
ਤਿਨ ਸਿਉ ਝਗਰਤ ਪਾਪ॥
(ਅੰਗ 1200)

ਭਾਵ ਹੇ ਪੁੱਤਰ ਪਿਤਾ ਨਾਲ ਕਿਉਂ ਝਗੜਾ ਕਰਦੇ ਹੋ? ਜਿੰਨਾ ਮਾਪਿਆਂ ਨੇ ਜੰਮਿਆ ਪਾਲਿਆ ਹੁੰਦਾ ਹੈ, ਉਨਾਂ ਨਾਲ ਝਗੜਨਾ ਪਾਪ ਹੈ।

ਅੱਜ ਕੱਲ ਇਹ ਦੇਖਣ ਵਿੱਚ ਆਉਂਦਾ ਹੈ ਕਿ ਵਿੱਤੀ ਆਜ਼ਾਦੀ ਅਤੇ ਖਿਆਲਾਂ ਦੀ ਖੁੱਲ ਕਾਰਨ ਪਰਿਵਾਰ ਟੁੱਟ ਰਹੇ ਹਨ। ਪਰਿਵਾਰਾਂ ਵਿੱਚ ਰਹਿਣ ਵਾਲੇ ਬਜ਼ੁਰਗਾਂ ਨੂੰ ਉਨ੍ਹਾਂ ਦਾ ਬਣਦਾ ਸਤਿਕਾਰ ਨਹੀਂ ਦਿੱਤਾ



ਜਾ ਰਿਹਾ ਹੈ। ਉਨ੍ਹਾਂ ਦੀ ਸੋਚ ਅਤੇ ਅਨੁਭਵ ਦਾ ਅਪਮਾਨ ਅਤੇ ਮਖੌਲ ਉਡਾਇਆ ਜਾਂਦਾ ਹੈ। ਵੱਡੇ ਉਮਰ ਅਤੇ ਸਰੀਰ ਵਿੱਚ ਆਈ ਕਮਜ਼ੋਰੀ ਕਾਰਨ ਉਨ੍ਹਾਂ ਨਾਲ ਸਹੀ ਵਿਵਹਾਰ ਨਹੀਂ ਕੀਤਾ ਜਾਂਦਾ ਹੈ। ਉਹਨਾਂ ਨੂੰ ਸਮੇਂ ਸਿਰ ਅਤੇ ਉਨ੍ਹਾਂ ਦੀ ਪਸੰਦ ਦਾ ਖਾਣਾ ਅਤੇ ਪਹਿਨਣ ਨਹੀਂ ਦਿੱਤਾ ਜਾਂਦਾ, ਹਾਲਾਤ ਇਹੋ ਜਿਹੇ ਹੋ ਗਏ ਹਨ ਕਿ ਜੋ ਬਜ਼ੁਰਗ ਪਹਿਲਾਂ ਕਰਦੇ ਮਾਲਕ ਹੁੰਦੇ ਸਨ, ਉਨ੍ਹਾਂ ਨੂੰ ਬੁਢਾਪੇ ਵਿੱਚ ਬਿਰਧ ਆਸ਼ਰਮਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ। ਜੀਵਨ ਦੇ ਅਖੀਰਲੇ ਪਲ ਇਸ ਉਡੀਕ ਵਿੱਚ ਬਤੀਤ ਕਰਦੇ ਹਨ ਕਿ ਕਦੋਂ ਉਨ੍ਹਾਂ ਦੇ ਬੱਚੇ ਉਨ੍ਹਾਂ ਨੂੰ ਮਿਲਣ ਜਾਂ ਲੈਣ ਲਈ ਆਉਣਗੇ। ਉਹ ਸੋਚਦੇ ਹਨ ਕਿ ਕਦੋਂ ਅਸੀਂ ਆਪਣੇ ਪੋਤੇ -ਪੋਤੀਆਂ ਨੂੰ ਮਿਲ ਸਕਾਂਗੇ। ਕਈ ਵਾਰੀ ਇਹ ਉਡੀਕ ਇੰਨੀ ਲੰਬੀ ਹੋ ਜਾਂਦੀ ਹੈ ਕਿ ਜ਼ਿੰਦਗੀ ਛੋਟੀ ਲੱਗਦੀ ਹੈ। ਬਜ਼ੁਰਗ ਮਾਤਾ ਪਿਤਾ ਬਿਰਧ ਆਸ਼ਰਮਾਂ ਵਿੱਚ ਹੀ ਅਖੀਰਲੇ ਸਵਾਸ ਤਿਆਗ ਦਿੰਦੇ ਹਨ। ਭਾਈ ਗੁਰਦਾਸ ਜੀ ਨੇ ਅਜਿਹੀ ਹੀ ਸੱਚਾਈ ਦਾ ਚਿਤਰਨ ਆਪਣੀ 37ਵੀਂ ਵਾਰ ਦੀ 21ਵੀਂ ਪੌੜੀ ਵਿੱਚ ਕੀਤਾ ਹੈ:-

ਕਾਮਣਿ ਕਾਮਣਿਆਰੀਐ ਕੀਤੋ ਕਾਮਣੁ ਕੰਤ ਪਿਆਰੇ।
ਜੰਮੇ ਸਾਈਂ ਵਿਸਾਰਿਆ ਵੀਵਾਹਿਆ ਮਾਂ ਪਿਓ ਵਿਸਾਰੇ।
ਸੁਖਾਂ ਸੁਖਿ ਵਿਵਾਹਿਆ ਸਾਉਣੁ ਸੰਜੋਗੁ ਵਿਚਾਰ ਵਿਚਾਰੇ।
ਪੁੱਤ ਨੂੰਹੈ ਦਾ ਮੇਲੁ ਵੇਖਿ ਅੰਗ ਨ ਮਾਵਨਿ ਮਾਂ ਪਿਉ ਵਾਰੇ।
ਨੂੰਹੁ ਨਿਤ ਮਤ ਕੁਮੰਤ ਦੇਇ ਮਾਂ ਪਿਉ ਛਡਿ ਵੱਡੇ ਹਤਿਆਰੇ।
ਵੱਖ ਹੋਵੈ ਪੁਤ ਰੰਨਿ ਲੈ ਮਾਂ ਪਿਓ ਦੇ ਉਪਕਾਰ ਵਿਸਾਰੇ।
ਲੋਕਾਚਾਰਿ ਹੁਇ ਵਡੇ ਕੁਚਾਰੇ।

ਭਾਈ ਗੁਰਦਾਸ ਜੀ ਬਚਨ ਕਰਦੇ ਹਨ ਕਿ ਸੁੰਦਰ ਇਸਤਰੀ ਨੇ ਆਪਣੀ ਸੁਹੱਪਣ ਨਾਲ ਆਪਣੇ ਕੰਤ ਨੂੰ ਵੱਸ ਵਿੱਚ ਕਰ ਲਿਆ ਹੈ। ਜਦੋਂ ਇਨਸਾਨ ਪੈਦਾ ਹੁੰਦਾ ਹੈ ਤਾਂ ਉਸ ਮਾਲਕ ਨੂੰ ਭੁਲਾ ਦਿੰਦਾ ਹੈ। ਜਦੋਂ ਵਿਆਹ ਹੁੰਦਾ ਹੈ ਤਾਂ ਮਾਤਾ ਪਿਤਾ ਨੂੰ ਭੁਲਾ ਦਿੰਦਾ ਹੈ। ਮਾਤਾ ਪਿਤਾ ਨੇ ਸੁੱਖਾਂ ਸੁੱਖ ਕੇ ਸੰਜੋਗ ਵਿਚਾਰ ਕਰਕੇ ਸ਼ਗਨਾਂ ਨਾਲ ਪੁੱਤਰ ਦਾ ਵਿਆਹ ਕੀਤਾ, ਨੂੰ ਪੁੱਤਰ ਦਾ ਮੇਲ ਦੇਖ ਕੇ ਉਹ ਖੁਸ਼ੀ ਵਿੱਚ ਫੁੱਲੇ ਨਹੀਂ ਸਮਾਉਂਦੇ,ਪਰ ਉਹੀ ਨੂੰਹ ਪੁੱਤਰ ਨੂੰ ਸਿਖਾਉਂਦੀਹੈ, ਕਿ ਭਲਾ ਹੋਵੇ ਜੇ ਉਹ ਆਪਣੇ ਮਾਂ -ਪਿਓ ਨੂੰ ਛੱਡ ਦੇਵੇ। ਪੁੱਤਰ ਆਪਣੇ ਮਾਤਾ ਪਿਤਾ ਦੀ ਉਪਕਾਰਾਂ ਨੂੰ ਵਿਸਾਰ ਕੇ ਆਪਣੀ ਪਤਨੀ ਲੈ ਕੇ ਅੱਡ ਹੋ ਜਾਂਦਾ ਹੈ।

ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਲੋਕਾਂ ਦਾ ਵਿਵਹਾਰ ਬਹੁਤ ਖੋਟਾ ਹੋ ਗਿਆ ਹੈ। ਭਾਈ ਗੁਰਦਾਸ ਜੀ ਤਾਂ ਆਪਣੀ 34ਵੀਂ ਵਾਰ ਦੀ 21ਵੀਂ ਪੌੜੀ ਵਿੱਚ ਇਥੋਂ ਤੱਕ ਕਹਿੰਦੇ ਹਨ ਕਿ

ਪੂਤੁ ਨਾ ਮੰਨੈ ਮਾਪਿਆ ਕਮਜਾਤੀ ਵੜੀਐ।

ਭਾਵ ਜੇ ਪੁੱਤਰ ਮਾਤਾ ਪਿਤਾ ਦੀ ਗੱਲ ਨਾ ਮੰਨੇ ਤਾਂ ਉਸ ਨੂੰ ਨੀਵੀਂ ਜਾਤ ਵਾਲਾ ਸਮਝਿਆ ਜਾਣਾ ਚਾਹੀਦਾ ਹੈ। ਭਾਵ ਕਿ ਆਪਣੇ ਮਾਤਾ ਪਿਤਾ ਦੀ ਗੱਲ ਨਾ ਮੰਨਣ ਵਾਲਾ ਪੁੱਤਰ ਕਿਸੇ ਮਾਣ ਇੱਜਤ ਦਾ ਹੱਕਦਾਰ ਨਹੀਂ ਰਹਿ ਜਾਂਦਾ ਹੈ।

ਭਾਈ ਕਾਹਨ ਸਿੰਘ ਨਾਭਾ ਕਹਿੰਦੇ ਹਨ ਕਿ ਸੰਤਾਨ ਦਾ ਧਰਮ ਹੈ ਕਿ ਮਾਤਾ ਪਿਤਾ ਨੂੰ ਦੇਵਤਾ ਰੂਪ ਜਾਣ ਕੇ ਸੇਵਾ ਕਰੇ ਅਤੇ ਆਗਿਆ ਦਾ ਪਾਲਣ ਕਰਕੇ ਉਹਨਾਂ ਦੀ ਆਤਮਾ ਪ੍ਰਸੰਨ ਕਰੇ। ਉੱਤਮ ਆਚਾਰ ਦੇ ਪ੍ਰਭਾਵ ਨਾਲ ਅਤੇ ਯੋਗਤਾ ਰਾਹੀਂ ਕੁੱਲ ਭੂਸ਼ਣ ਬਣੇ।

ਅਜੋਕੀ ਪੀੜ੍ਹੀ ਨੂੰ ਲੱਗਦਾ ਹੈ ਕਿ ਬਜ਼ੁਰਗ ਮਾਤਾ ਪਿਤਾ ਦੀ ਸੇਵਾ ਸੰਭਾਲ ਬਹੁਤ ਔਖਾ ਕੰਮ ਹੈ, ਅਸਲ ਵਿੱਚ ਇਸ ਤਰ੍ਹਾਂ ਨਹੀਂ ਹੈ। ਬਜ਼ੁਰਗ ਮਾਤਾ ਪਿਤਾ ਨੂੰ ਬਹੁਤਾ ਕੁਝ ਨਹੀਂ ਚਾਹੀਦਾ ਹੁੰਦਾ ਉਹ ਤਾਂ ਚਾਹੁੰਦੇ ਹਨ ਥੋੜਾ ਜਿਹਾ ਪਿਆਰ, ਇੱਜ਼ਤ ਅਤੇ ਥੋੜਾ ਜਿਹਾ ਸਮਾਂ। ਵਡੇਰੀ ਉਮਰ ਵਿੱਚ ਬਜ਼ੁਰਗ ਸਰੀਰਕ ਅਤੇ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦੇ ਹਨ। ਵਡੇਰੀ ਉਮਰ ਵਿੱਚ ਉਹ ਬੱਚਿਆਂ ਦੀ ਤਰ੍ਹਾਂ ਜ਼ਿੱਦੀ ਅਤੇ ਖਿਝਾਊ ਸੁਭਾਅ ਵਾਲੇ ਹੋ ਜਾਂਦੇ ਹਨ। ਸ਼ਾਇਦ ਇਸ ਕਰਕੇ ਹੀ ਕਿਹਾ ਗਿਆ ਹੈ ਕਿ ਬੱਚੇ ਅਤੇ ਬੁੱਢੇ ਇੱਕ ਬਰਾਬਰ ਹੁੰਦੇ ਹਨ। ਬਜ਼ੁਰਗਾਂ ਦੇ ਅੰਦਰ ਆਈ ਤਬਦੀਲੀ ਨੂੰ ਨੌਜਵਾਨ ਸਮਝ ਨਹੀਂ ਪਾਉਂਦੇ। ਇਸੇ ਕਾਰਨ ਦੋਹਾਂ ਦੀ ਸੋਚ ਵਿੱਚ ਵਖਰੇਵਾਂ ਪਾਇਆ ਜਾਂਦਾ ਹੈ। ਇਹ ਵਿਖਰੇਵਾਂ ਰਿਸ਼ਤਿਆਂ ਉੱਪਰ ਆਪਣਾ ਪ੍ਰਭਾਵ ਛੱਡਦਾ ਹੈ। ਵਡੇਰੀ ਉਮਰ ਦਾ ਪੜਾਅ ਜ਼ਿੰਦਗੀ ਦਾ ਸਭ ਤੋਂ ਔਖਾ ਸਫ਼ਰ ਹੈ, ਕਿਉਂਕਿ ਇਸ ਸਫ਼ਰ ਵਿੱਚ ਸੰਭਾਲ ਕਰਨ ਦੇ ਲਈ ਆਪਣੇ ਵਿੱਚ ਸਰੀਰਕ ਅਤੇ ਮਾਨਸਿਕ ਸ਼ਕਤੀ ਘੱਟ ਹੁੰਦੀ ਹੈ ਅਤੇ ਸਮੱਸਿਆਵਾਂ ਜਿਆਦਾ ਹੁੰਦੀਆਂ ਹਨ।

ਭਾਰਤ ਭਿੰਨਤਾਵਾਂ ਵਾਲਾ ਦੇਸ਼ ਹੈ। ਇੱਥੇ ਹਰ ਧਰਮ ਦੇ ਲੋਕ ਰਹਿੰਦੇ ਹਨ ਜਿਨ੍ਹਾਂ ਦਾ ਧਾਰਮਿਕ ਅਤੇ ਇਤਿਹਾਸਿਕ ਪਿਛੋਕੜ ਬਹੁਤ ਹੀ ਮਹਾਨ ਹੈ ਹਰ ਇਕ ਧਰਮ ਵਿੱਚ ਆਪਣੇ ਵੱਡੇ ਵਡੇਰਿਆ ਅਤੇ ਸੰਸਕਾਰਾਂ ਦੇ ਆਦਰ ਸਮਾਨ ਦੀ ਗੱਲ ਕੀਤੀ ਗਈ ਹੈ। ਕੇਰਲ, ਤਾਮਿਲਨਾਡੂ, ਹਿਮਾਚਲ ਪ੍ਰਦੇਸ਼, ਆਂਧਰਾ ਪ੍ਰਦੇਸ਼ ਅਤੇ ਪੰਜਾਬ ਵਿੱਚ ਬਜ਼ੁਰਗਾਂ ਦੀ 11 ਫ਼ੀਸਦੀ ਤੋਂ ਵੱਧ ਆਬਾਦੀ ਹੈ। ਇਸ ਵਿੱਚ ਵਾਧਾ ਦਰ ਅਨੁਸਾਰ ਇਹ ਕਿਹਾ ਜਾ ਸਕਦਾ ਹੈ ਕਿ 2011 ਤੱਕ ਕੇਰਲ ਵਿੱਚ 20.9, ਤਾਮਿਲਨਾਡੂ ਵਿੱਚ 18.2, ਹਿਮਾਚਲ ਪ੍ਰਦੇਸ਼ ਵਿੱਚ 17 ਅਤੇ ਪੰਜਾਬ ਵਿੱਚ 16.2 ਫ਼ੀਸਦੀ ਬਜ਼ੁਰਗ ਹੋਣਗੇ। ਆਬਾਦੀ ਦੇ ਇਸ ਬਦਲਦੇ ਰੁਝਾਨ ਕਾਰਨ ਕਈ ਤਰ੍ਹਾਂ ਦੀਆਂ ਸਮਾਜਿਕ ਅਤੇ ਆਰਥਿਕ ਸਮੱਸਿਆਵਾਂ ਪੈਦਾ ਹੋ ਰਹੀਆਂ ਹਨ। ਇਸ ਵੱਧ ਰਹੇ ਪੀੜ੍ਹੀ ਦੇ ਅੰਤਰ ਕਾਰਨ ਸਾਂਝੇ ਪਰਿਵਾਰ ਟੁੱਟ ਰਹੇ ਹਨ ਅਤੇ ਆਰਥਿਕ ਤੰਗੀ ਪੇਸ਼ ਆ ਰਹੀ ਹੈ ਕਿਉਂਕਿ ਬਜ਼ੁਰਗਾਂ ਦੀ ਨਿਰਭਰਤਾ ਜਵਾਨ ਬੱਚਿਆਂ ਉੱਪਰ ਵੱਧ ਰਹੀ ਹੈ। ਭੱਜ ਦੌੜ ਦੀ ਇਸ ਜ਼ਿੰਦਗੀ ਵਿੱਚ ਅੱਜ ਕੱਲ੍ਹ ਬੱਚਿਆਂ ਕੋਲ ਆਪਣੇ ਬਜ਼ੁਰਗ ਮਾਪਿਆਂ ਦੀ ਸਾਂਭ ਸੰਭਾਲ ਕਰਨ ਦਾ ਸਮਾਂ ਨਹੀਂ ਹੈ ।ਇਹ ਰਿਪੋਰਟ ਸਤੰਬਰ 2023 ਵਿੱਚ ਯੂਨਾਈਟਿਡ ਨੇਸ਼ਨਜ਼ ਪਾਪੂਲੇਸ਼ਨ ਫ਼ੰਡ ਨੇ ਇੰਟਰਨੈਸ਼ਨਲ ਇੰਸਟੀਚਿਊਟ ਫ਼ਾਰ ਪਾਪੂਲੇਸ਼ਨ ਸਾਇੰਸਜ਼ ਨਾਲ ਮਿਲ ਕੇ ਜਾਰੀ ਕੀਤੀ ਸੀ।

ਬਜ਼ੁਰਗ ਸਾਡੇ ਸਮਾਜ ਦਾ ਸਰਮਾਇਆ ਹਨ, ਉਹ ਆਪਣੇ ਜੀਵਨ ਦੇ ਅਨੁਭਵਾਂ ਵਿੱਚੋਂ ਲੰਘ ਕੇ ਉਮਰ ਦੇ ਇਸ ਪੜਾਅ ਵਿੱਚ ਪਹੁੰਚੇ ਹੁੰਦੇ ਹਨ। ਦੁਨੀਆਂ ਦੀ ਹਰ ਇੱਕ ਚੀਜ਼ ਖਰੀਦੀ ਜਾ ਸਕਦੀ ਹੈ, ਮੁੱਲ ਪਾਇਆ ਜਾ ਸਕਦਾ ਹੈ, ਪਰ ਅਨੁਭਵ ਅਜਿਹੀ ਚੀਜ਼ ਹੈ ਜਿਸ ਦਾ ਮੁੱਲ ਨਹੀਂ ਪਾਇਆ ਜਾ ਸਕਦਾ । ਸਿਰਫ਼ ਅਨੁਭਵ ਵਿਅਕਤੀ ਕੋਲੋਂ ਹੀ ਲਾਭ ਲਿਆ ਜਾ ਸਕਦਾ ਹੈ। ਕਈ ਵਾਰ ਇਹ ਗੱਲ ਸੁਣੀ ਜਾਂਦੀ ਹੈ ਕਿ ਪੁਰਾਣੇ ਬਜ਼ੁਰਗਾਂ ਦੇ ਟੋਟਕੇ ਬਹੁਤ ਕਮਾਲ ਦੇ ਹੁੰਦੇ ਸਨ, ਜੋ ਉਨਾਂ ਦੇ ਅਨੁਭਵਾਂ ਵਿੱਚੋਂ ਨਿਕਲੇ ਹੁੰਦੇ ਹਨ। ਉਨਾਂ ਦੀਆਂ ਕਹੀਆਂ ਗੱਲਾਂ ਹੌਲੀ ਹੌਲੀ ਕਹਾਵਤਾਂ ਬਣ ਜਾਂਦੀਆਂ ਹਨ।







ਬਜ਼ੁਰਗਾਂ ਦਾ ਅਨੁਭਵ ਦਾ ਖਜ਼ਾਨਾ ਇਨਾ ਵਿਸ਼ਾਲ ਹੁੰਦਾ ਹੈ, ਉਹ ਸੋਚਦੇ ਹਨ ਕਿ ਜਿੰਨਾ ਇਸ ਦੇ ਮੋਤੀ ਵੱਧ ਤੋਂ ਵੱਧ ਵੰਡੇ ਜਾਣ ਉਹਨਾਂ ਚੰਗਾ ਹੈ। ਇਸ ਪ੍ਰਕਿਰਿਆ ਵਿੱਚ ਉਹ ਬਹੁਤ ਵਾਰ ਇਹ ਭੁੱਲ ਜਾਂਦੇ ਹਨ ਕਿ ਜਿਹੜੀ ਕਹਾਣੀ ਜਾਂ ਅਨੁਭਵ ਉਹ ਸੁਣਾ ਰਹੇ ਹਨ, ਉਹ ਤਾਂ ਪਹਿਲਾਂ ਵੀ ਕਈ ਵਾਰ ਸੁਣਾ ਚੁੱਕੇ ਹਨ। ਉਨਾਂ ਬਜ਼ੁਰਗਾਂ ਦੀ ਮਨਸ਼ਾ ਤੁਹਾਨੂੰ ਤੰਗ ਕਰਨ ਦੀ ਨਹੀਂ ਹੁੰਦੀ ਸਗੋਂ ਗੱਲ ਪੁੱਛਣ ਜਾਂ ਸੁਣਾਉਣ ਦੀ ਹੁੰਦੀ ਹੈ। ਇਸ ਲਈ ਉਨਾਂ ਨੂੰ ਅੱਗੋਂ ਟੋਕਣਾ ਨਹੀਂ ਚਾਹੀਦਾ, ਘਟਨਾ ਜਾਂ ਵੇਰਵਾ ਸੁਣਦੇ ਹੋਏ ਹੁੰਗਾਰਾ ਭਰਨਾ ਚਾਹੀਦਾ ਹੈ।

ਆਧੁਨਿਕੀਕਰਨ, ਉਦਯੋਗੀਕਰਨ ਅਤੇ ਮਸ਼ੀਨੀਕਰਨ ਮਗਰੋਂ ਅੱਜ ਦੇ ਯੁੱਗ ਵਿੱਚ ਪੱਛਮੀਕਰਨ ਅਤੇ ਪ੍ਰਵਾਸ ਦਾ ਰੁਝਾਨ ਵੱਧ ਰਿਹਾ ਹੈ। ਹਰ ਕੋਈ ਸਮੇਂ ਦਾ ਹਾਣੀ ਬਣਨਾ ਚਾਹੁੰਦਾ ਹੈ ਇਸ ਦੌੜ ਵਿੱਚ ਅਸੀਂ ਆਪਣੀਆਂ ਪੁਰਾਣੀਆਂ ਅਤੇ ਅਮੀਰ ਰਵਾਇਤਾਂ ਛੱਡ ਰਹੇ ਹਾਂ। ਸਾਂਝੇ ਪਰਿਵਾਰ ਸਾਡੇ ਸਮਾਜ ਦਾ ਇੱਕ ਅਨਿਖੜਵਾਂ ਅੰਗ ਸਨ ਜੋ ਹੁਣ ਟੁੱਟ ਕੇ ਇਕਹਿਰੇ ਬਣਦੇ ਜਾ ਰਹੇ ਹਨ ਬਲਕਿ ਬਣ ਗਏ ਹਨ। ਇਨ੍ਹਾਂ ਪਰਿਵਾਰਾਂ ਵਿੱਚ ਬੱਚਿਆਂ ਕੋਲ ਮਾਤਾ ਪਿਤਾ ਦੇ ਕੋਲ ਬੈਠਣ ਦੀ ਵਿਹਲ ਤਾਂ ਦੂਰ ਉਨਾਂ ਦਾ ਹਾਲ ਚਾਲ ਪੁੱਛਣ ਅਤੇ ਸਾਂਭ ਸੰਭਾਲ ਕਰਨ ਦੀ ਨਾ ਵਿਹਲ ਹੈ ਅਤੇ ਨਾ ਹੀ ਉਨ੍ਹਾਂ ਦੀ ਕੋਈ ਰੁਚੀ ਹੈ। ਪੁਰਾਤਨ ਸਮਿਆਂ ਵਿੱਚ ਬਜ਼ੁਰਗਾਂ ਦੀ ਸੇਵਾ ਸੰਭਾਲ ਕਰਨੀ ਪਰਮ ਕਰਤੱਵ ਅਤੇ ਪੁੰਨ ਦਾ ਕੰਮ ਸਮਝਿਆ ਜਾਂਦਾ ਸੀ। ਅਸਲ ਵਿੱਚ ਮਾਤਾ ਪਿਤਾ ਨੂੰ ਬਿਰਧ ਆਸ਼ਰਮਾਂ ਵਿੱਚ ਛੱਡਣਾ ਆਧੁਨਿਕ ਸੰਕਲਪ ਹੈ। ਜਿਸ ਦੀ ਸ਼ੁਰੂਆਤ ਸਾਂਝਾ ਪਰਿਵਾਰਿਕ ਢਾਂਚਾ ਟੁੱਟਣ ਨਾਲ ਅਤੇ ਸ਼ਹਿਰੀਕਰਨ ਨਾਲ ਹੋਈ ਮੰਨੀ ਜਾਂਦੀ ਹੈ। ਜੋ ਕੰਮ ਘਰ ਵਿੱਚ ਬਜ਼ੁਰਗ ਕਰਦੇ ਸਨ ਉਹ ਕੰਮ ਹੁਣ ਮਸ਼ੀਨਾਂ ਨਾਲ ਹੋ ਜਾਂਦੇ ਹਨ, ਬਜ਼ੁਰਗ ਜਿਨਾਂ ਨੂੰ ਘਰਾਂ ਦਾ ਜ਼ਿੰਦਾ ਕਿਹਾ ਜਾਂਦਾ ਸੀ ,ਘਰ ਦੀ ਸਾਂਭ ਸੰਭਾਲ ਦਾ ਕੰਮ ਘਰ ਵਿੱਚ ਬੈਠੇ ਬਜ਼ੁਰਗ ਕਰਦੇ ਸਨ। ਅੱਜ ਕੱਲ ਇਹ ਕੰਮ ਡਿਜੀਟਲ ਕੈਮਰਿਆਂ ਨੇ ਲੈ ਲਿਆ ਹੈ। ਬਜ਼ੁਰਗ ਬੱਚਿਆਂ ਨੂੰ ਪਾਲਣ ਅਤੇ ਉਨਾਂ ਦੀ ਪਰਵਰਿਸ਼ ਦਾ ਕੰਮ ਵੀ ਕਰਦੇ ਸਨ ਅੱਜ ਕੱਲ ਇਸ ਕੰਮ ਦੀ ਜਿੰਮੇਵਾਰੀ ਡੇ ਕੇਅਰ ਸੈਂਟਰਾਂ ਨੇ ਸੰਭਾਲ ਲਈ ਹੈ। ਘਰ ਵਿੱਚ ਬੈਠੇ ਬਜ਼ੁਰਗ ਨੌਜਵਾਨਾਂ ਉੱਤੇ ਬੋਝ ਬਣ ਗਏ ਹਨ। ਕਹਿੰਦੇ ਹਨ ਕਿ ਮਾਤਾ ਪਿਤਾ ਦੀਆਂ ਅੱਖਾਂ ਵਿੱਚ ਦੋ ਵਾਰ ਅੱਥਰੂ ਆਉਂਦੇ ਹਨ, ਇੱਕ ਧੀ ਦੀ ਡੋਲੀ ਤੋਰਨ ਵੇਲੇ ਦੂਜਾ ਜਦੋਂ ਪੁੱਤ ਮੁੱਖ ਮੋੜ ਲਵੇ। ਭਾਂਡੇ ਮਾਂਝ ਕੇ ਇੱਕ ਮਾਂ ਤਿੰਨ ਚਾਰ ਬੱਚੇ ਪਾਲ ਲੈਂਦੀ ਹੈ, ਭਾਰ ਤਿੰਨ ਚਾਰ ਬੱਚਿਆਂ ਤੋਂ ਇੱਕ ਮਾਂ ਨਹੀਂ ਸੰਭਾਲੀ ਜਾਂਦੀ। ਜਦੋਂ ਰੋਟੀਆਂ ਚਾਰ ਹੋਣ ਤੇ ਖਾਣ ਵਾਲੇ ਪੰਜ ਉਦੋਂ ਮੈਨੂੰ ਭੁੱਖ ਨਹੀਂ ਹੈ ਕਹਿਣ ਵਾਲੇ ਮਾਂ ਹੀ ਹੁੰਦੀ ਹੈ। ਇਸ ਲਈ ਮਾਤਾ ਪਿਤਾ ਸਾਡੇ ਸਮਾਜ ਦਾ ਸਾਡੇ ਜੀਵਨ ਦਾ ਬਹੁਮੁੱਲਾ ਸਰਮਾਇਆ ਹਨ।

ਇਹਨਾਂ ਦੀ ਸੇਵਾ ਸੰਭਾਲ ਅਤੇ ਸਤਿਕਾਰ ਦੀ ਪੁਨਰ ਬਹਾਲੀ ਲਈ ਸਾਨੂੰ ਸਭ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ। ਜੇਕਰ ਨੌਜਵਾਨ ਵਰਗ ਦੇਸ਼ ਦੀ ਸ਼ਕਤੀ ਹੈ ਤਾਂ ਬਜ਼ੁਰਗਾਂ ਅੰਦਰ ਅਨੁਭਵ ਦਾ ਅਥਾਹ ਸਮੁੰਦਰ ਸਮਾਇਆ ਹੋਇਆ ਹੈ। ਜਿਸ ਦਾ ਲਾਭ ਲੈ ਕੇ ਚੰਗੇ ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ। ਬਜ਼ੁਰਗਾਂ ਦੇ ਪਿਆਰ ਸਦਕਾ ਅਸੀਂ ਆਪਣੇ ਪਰਿਵਾਰਾਂ ਵਿੱਚ ਸੁਖਾਵਾਂ ਮਾਹੌਲ ਸਿਰਜ ਸਕਦੇ ਹਾਂ।



# ਵਿੱਸਰੀਆਂ ਪੁਰਾਤਨ ਕਦਰਾਂ ਕੀਮਤਾਂ

ਇੰਜ. ਜਗਜੀਤ ਸਿੰਘ ਕੰਡਾ

ਸੂਚਨਾ ਤਕਨਾਲੋਜੀ ਤੇ ਅੱਜ ਦੇ ਡਿਜ਼ੀਟਲ ਜ਼ਮਾਨੇ ਵਿੱਚ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਮਨੋਂ ਲਗਭਗ ਵਿਸਾਰ ਹੀ ਚੁੱਕੇ ਹਾਂ। ਨਵੀਂ ਪੀੜ੍ਹੀ ਤਾਂ ਉਨ੍ਹਾਂ ਰੀਤੀ-ਰਿਵਾਜਾਂ ਦੇ ਨਾਮ ਹੀ ਨਹੀਂ ਜਾਣਦੀ। ਭਾਵੇਂ ਬਦਲਾਅ ਮਨੁੱਖ ਦਾ ਸੁਭਾਅ ਤੇ ਕੁਦਰਤ ਦਾ ਨਿਯਮ ਹੈ, ਪ੍ਰੰਤੂ ਜਿਉਂ-ਜਿਉਂ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਤੋਂ ਦੂਰ ਹੁੰਦੇ ਜਾ ਰਹੇ ਹਾਂ, ਤਿਉਂ-ਤਿਉਂ ਅਸੀਂ ਆਪਣਿਆਂ ਤੋਂ ਵੀ ਦੂਰ ਹੋ ਰਹੇ ਹਾਂ।

ਪਹਿਲਾਂ ਜਦ ਕਿਸੇ ਦੇ ਘਰ ਨਿੱਕਾ ਨਿਆਣਾ ਜੰਮਦਾ ਸੀ ਤਾਂ ਕਿਸੇ ਚੰਗੇ ਤੇ ਠੰਡੇ ਸੁਭਾਅ ਵਾਲੇ ਇਨਸਾਨ ਤੋਂ ਗੁੜ੍ਹਤੀ ਦਿਵਾਈ ਜਾਂਦੀ ਸੀ ਕਿ ਇਹ ਵੀ ਵੱਡਾ ਹੋ ਕੇ ਚੰਗੇ ਗੁਣਾਂ ਵਾਲਾ ਇਨਸਾਨ ਬਣੇ। ਤੇਰਾਂ ਦਿਨਾਂ ਬਾਅਦ ਜਣੇਪੇ ਵਾਲੀ ਔਰਤ ਨੂੰ ਬਾਹਰ ਵਧਾਇਆ ਜਾਂਦਾ ਸੀ ਤੇ ਉਸ ਦਿਨ ਸਾਰੇ ਸ਼ਰੀਕੇ ਦੀ ਰੋਟੀ ਹੁੰਦੀ ਸੀ। ਆਂਢ-ਗੁਆਂਢ ਕੜਾਹ ਪ੍ਰਸ਼ਾਦ ਵੰਡਿਆ ਜਾਂਦਾ ਸੀ। ਪੰਜ ਸਾਲ ਤੱਕ ਤਾਂ ਜਵਾਕ ਆਪਣੀ ਮਾਂ ਦਾ ਦੁੱਧ ਹੀ ਚੁੰਘਦਾ ਰਹਿੰਦਾ ਸੀ ਤੇ ਘਰੇ ਹੀ ਦੜੰਗੇ ਮਾਰਦਾ ਸੀ। ਉਸ ਤੋਂ ਬਾਅਦ ਉਸ ਨੂੰ ਸਕੂਲ ਲਾਉਣ ਬਾਰੇ ਸੋਚਿਆ ਜਾਂਦਾ ਸੀ। ਅੱਜਕੱਲ੍ਹ ਦੀਆਂ ਔਰਤਾਂ ਆਧੁਨਿਕ ਜ਼ਮਾਨੇ ਦੀ ਹਨੇਰੀ ਵਿੱਚ ਬੱਚੇ ਨੂੰ ਮਸਾਂ ਹੀ ਛੇ ਮਹੀਨੇ ਦੁੱਧ ਚੁੰਘਾਉਂਦੀਆਂਹਨ। ਬਹੁਤੀਆਂ ਦੇ ਤਾਂ ਦੁੱਧ ਆਉਂਦਾ ਹੀ ਨਹੀਂ। ਵਿਚਾਰੇ ਜਵਾਕਾਂ ਨੂੰ ਕੈਮੀਕਲ ਵਾਲਾ ਦੁੱਧ ਸ਼ੀਸ਼ੀ ਰਾਹੀਂ ਪਿਆਉਣ ਕਾਰਨ ਉਨ੍ਹਾਂ ਦੀ ਸਿਹਤ ਪੱਖੋਂ ਨੀਂਹ ਪਹਿਲਾਂ ਹੀ ਕਮਜ਼ੋਰ ਰਹਿ ਜਾਂਦੀ ਹੈ, ਜਿਸ ਕਾਰਨ ਉਸ ਨੂੰ ਹਮੇਸ਼ਾਂ ਬਿਮਾਰੀਆਂ ਹੀ ਘੇਰੀ ਰੱਖਦੀਆਂ ਹਨ।

ਖ਼ੈਰ! ਅੱਜ ਕੱਲ੍ਹ ਵਾਲੇ ਮਾਪੇ ਸਿਰਫ਼ ਢਾਈ ਸਾਲਾਂ ਦੇ ਜਵਾਕ ਨੂੰ ਕਰੈੱਚ ਵਿੱਚ ਛੱਡ ਆਉਂਦੇ ਹਨ ਤੇ



ਤਿੰਨ ਤੋਂ ਚਾਰ ਸਾਲਾਂ ਦੇ ਦਰਮਿਆਨ ਵਾਲੇ ਜਵਾਕ ਨੂੰ ਪ੍ਰਾਈਵੇਟ ਸਕੂਲ ਵਿੱਚ ਪੜ੍ਹਨੇ ਪਾ ਦਿੱਤਾ ਜਾਂਦਾ ਹੈ। ਇਸ ਨਾਲ ਬੱਚੇ ਦਾ ਮਾਨਸਿਕ ਬੋਝ ਕਾਰਨ ਸਰੀਰਕ ਤੇ ਦਿਮਾਗ਼ੀ ਤੌਰ 'ਤੇ ਵਿਕਾਸ ਘੱਟ ਹੁੰਦਾ ਹੈ। ਉਸ ਦਾ ਅਸਲ ਕਾਰਨ ਮਾਂ ਨਾਲੋਂ ਬੱਚੇ ਦਾ ਛੋਟੀ ਉਮਰ ਵਿੱਚ ਦੂਰ ਰਹਿਣਾ ਹੀ ਹੈ, ਜਿਸ ਕਾਰਨ ਬੱਚੇ ਦਾ ਸੁਭਾਅ ਚਿੜਚਿੜਾ ਰਹਿੰਦਾ ਹੈ।

ਪੁਰਾਤਨ ਦੌਰ ਸਮੇਂ ਮੁੰਡੇ ਜਾਂ ਕੁੜੀ ਦੇ ਵਿਆਹ ਸਮੇਂ ਨਾਨਕਿਆਂ ਦਾ ਟੱਬਰ ਤਕਰੀਬਨ ਮਹੀਨਾ ਪਹਿਲਾਂ ਹੀ ਆ ਜਾਂਦਾ ਸੀ ਤੇ ਕੰਮਾਂ ਕਾਰਾਂ ਵਿੱਚ ਹੱਥ ਵਟਾਉਂਦਾ ਸੀ। ਉਦੋਂ ਅੱਜ ਦੀ ਤਰ੍ਹਾਂ ਭਾਜੀ ਮੁੱਲ ਨਹੀਂ ਖ਼ਰੀਦੀ ਜਾਂਦੀ ਸੀ। ਘਰੇ ਹੀ ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਕੜਾਹੀ ਚੜ੍ਹਾ ਕੇ ਪਕਾਈ ਜਾਂਦੀ ਸੀ। ਇਕੱਠੇ ਬਹਿ ਕੇ ਲੱਡੂ ਵੱਟਦੇ, ਸੁੱਖ ਸਾਂਦ ਪੁੱਛਦੇ, ਕਿਸੇ ਦੀ ਬਿਮਾਰੀ ਦਾ ਦੇਸੀ ਇਲਾਜ ਦੱਸੀ ਜਾਂਦੇ, ਕਈ ਆਪਸੀ ਜਵਾਕਾਂ ਦੇ ਰਿਸ਼ਤੇ ਵੀ ਤੈਅ ਕਰ ਲੈਂਦੇ ਸਨ। ਬਰਾਤ ਚਾਰ-ਚਾਰ ਦਿਨ ਰਹਿੰਦੀ ਸੀ। ਸਾਰੇ ਬਰਾਤੀ, ਘਰ ਵਾਲੇ ਤੇ ਪਿੰਡ ਵਾਲੇ ਆਪਸ ਵਿੱਚ ਰਿਸ਼ਤੇਦਾਰੀਆਂ ਕੱਢ ਕੇ ਗੂੜ੍ਹੀਆਂ ਸਾਂਝਾਂ ਪਾ ਲੈਂਦੇ ਤੇ ਤਾਕੀਦ ਕਰਦੇ ਕਿ ਭਾਈ ਜਦੋਂ ਕਦੇ ਉੱਧਰ ਨੂੰ ਆਏ ਤਾਂ ਸਾਡੇ ਘਰ ਜ਼ਰੂਰ ਰਾਤ ਰਹਿ ਕੇ ਜਾਇਓ।

ਆਵਾਜਾਈ ਦੇ ਸਾਧਨ ਬਹੁਤ ਘੱਟ ਹੋਣ ਦੇ ਬਾਵਜੂਦ ਲੋਕਾਂ ਦਾ ਦੂਰ ਤੱਕ ਦੀਆਂ ਰਿਸ਼ਤੇਦਾਰੀਆਂ ਵਿੱਚ ਵਰਤ-ਵਰਤਾਵਾ ਬਹੁਤ ਹੀ ਨੇੜੇ ਦਾ ਹੁੰਦਾ ਸੀ। ਅੱਜ ਦੇ ਮੋਬਾਈਲ ਯੁੱਗ ਵਿੱਚ ਤਾਂ ਬਹੁਤ ਹੀ ਨੇੜੇ ਦੇ ਰਿਸ਼ਤੇਦਾਰ ਭਾਵੇਂ ਇੱਕ ਹੀ ਸ਼ਹਿਰ ਵਿੱਚ ਰਹਿੰਦੇ ਹੋਣ, ਪਰ ਇੱਕ ਦੂਜੇ ਦੇ ਘਰ ਰਾਤ ਰਹਿਣ ਦੀ ਗੱਲ ਦੂਰ ਰਹੀ, ਕਿਸੇ ਨੂੰ ਬਿਨਾਂ ਕੰਮ ਤੋਂ ਫੋਨ ਵੀ ਨਹੀਂ ਕਰਦੇ। ਇਸ ਮੋਬਾਈਲ ਨੇ ਸਾਨੂੰ ਜਿੱਥੇ ਵਿਦੇਸ਼ਾਂ ਵਿੱਚ ਵੱਸਦੇ ਧੀਆਂ-ਪੁੱਤਾਂ ਨਾਲ ਵੀਡੀਓ ਕਾਲ ਕਰਨ ਦੀ ਸਹੂਲਤ ਨੇ ਸੁੱਖ ਦਿੱਤਾ ਹੈ, ਉੱਥੇ ਬਾਕੀ ਰਿਸ਼ਤਿਆਂ ਵਿੱਚ ਨੇੜੇ ਹੋਣ ਦੇ ਬਾਵਜੂਦ ਦੂਰੀਆਂ ਨੂੰ ਬਹੁਤ ਵਧਾਇਆ ਹੈ। ਭਾਵ ਉਹ ਕਿਹੜਾ ਫੋਨ ਕਰਦੇ ਹਨ, ਅਸੀਂ ਹਰ ਵਾਰੀ ਹੀ ਕਿਉਂ ਕਰੀਏ, ਸਾਨੂੰ ਕਿਹੜਾ ਚੱਟੀ ਪਈ ਏ, ਆਦਿ ਗੱਲਾਂ ਨਾਲ ਅਸੀਂ ਆਪਣਿਆਂ ਤੋਂ ਦੂਰ ਹੁੰਦੇ ਜਾ ਰਹੇ ਹਾਂ। ਪਹਿਲਾਂ ਅਜਿਹਾ ਕਲਚਰ ਨਹੀਂ ਸੀ। ਸਾਰੇ ਇੱਕ ਦੂਜੇ ਨਾਲ ਦਿਲੋਂ ਵਰਤਦੇ ਸਨ। ਪਿੰਡੋਂ ਆਏ ਲਾਗੀ ਨੂੰ ਵੀ ਬਹੁਤ ਮਾਣ ਸਤਿਕਾਰ ਦਿੱਤਾ ਜਾਂਦਾ ਸੀ। ਰਿਸ਼ਤੇਦਾਰ ਨੂੰ ਤਾਂ ਅਗਲੇ ਹੱਥੀਂ ਛਾਵਾਂ ਕਰਦੇ ਸਨ।

ਉਦੋਂ ਜੇਕਰ ਕੋਈ ਕਿਸੇ ਦੀ ਬਰਾਤ ਜਾਂਦਾ। ਉਸ ਪਿੰਡ ਜੇਕਰ ਪਿੰਡ ਦੀ ਕੋਈ ਕੁੜੀ ਵਿਆਹੀ ਹੁੰਦੀ ਤਾਂ ਜੰਨ ਗਏ ਉਸ ਨੂੰ ਪੱਤਲ ਦੇਣ ਜਾਂਦੇ ਸੀ। ਪੱਤਲ ਦੇ ਨਾਲ ਸ਼ਗਨ ਵੀ ਦਿੱਤਾ ਜਾਂਦਾ ਸੀ ਤੇ ਉਹ ਕੁੜੀ ਫੁੱਲੀ ਨਾ ਸਮਾਉਂਦੀ ਕਿ ਮੇਰੇ ਪੇਕਿਆਂ ਦੇ ਪਿੰਡੋਂ ਪੱਤਲ ਦੇਣ ਆਏ ਹਨ। ਅੱਜ ਵਾਲੇ ਤਾਂ ਬਰਾਤ ਗਏ ਸਕੀਆਂ ਭੈਣਾਂ ਨੂੰ ਨਹੀਂ ਪੁੱਛਦੇ, ਬਲਕਿ ਉਨ੍ਹਾਂ ਨੂੰ ਵੀ ਸ਼ਰੀਕ ਸਮਝਦੇ ਹਨ। ਅੱਜਕੱਲ੍ਹ ਦੇ ਮਹਿੰਗੇ ਮੈਰਿਜ ਪੈਲੇਸਾਂ ਵਾਲੇ ਵਿਆਹ ਵੀ ਬਸ ਚਾਰ ਕੁ ਘੰਟਿਆਂ ਦੇ ਹੀ ਰਹਿ ਗਏ ਹਨ। ਕਈ ਰਿਸ਼ਤੇਦਾਰ ਤਾਂ ਐਨ ਮੌਕੇ 'ਤੇ ਹੀ ਆਉਂਦੇ ਹਨ, ਸ਼ਗਨ ਦਿੱਤਾ ਤੇ ਰੋਟੀ ਖਾਧੀ, ਬਸ ਘਰ ਨੂੰ ਚਾਲੇ ਪਾ ਦਿੱਤੇ। ਹੁਣ ਕਾਹਦੇ ਵਿਆਹ ਤੇ ਕਿਹੜੇ ਮੰਗਣੇ ਰਹਿ ਗਏ। ਪਹਿਲਾਂ ਵਾਲੀ ਰੋਪਨਾ ਤਾਂ ਅੱਜਕੱਲ੍ਹ ਦੀ ਨਵੀਂ ਪੀੜ੍ਹੀ ਨੂੰ ਯਾਦ ਹੀ ਨਹੀਂ। ਬਸ ਹੁਣ ਤਾਂ ਵੈਡਿੰਗ ਤੇ ਪ੍ਰੀ-ਵੈਡਿੰਗ ਹੀ ਚੇਤੇ ਰਹਿੰਦਾ ਹੈ। ਉਦੋਂ ਤਾਂ ਕੁੜੀ ਨੂੰ ਸਿਰਫ਼ ਵਿਚੋਲਾ ਹੀ ਦੇਖ ਕੇ ਸ਼ਗਨ ਕਰ ਆਉਂਦਾ ਸੀ। ਮੁੰਡੇ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ ਕਿ ਵਿਆਹ ਤੋਂ ਪਹਿਲਾਂ ਕੁੜੀ ਦਾ ਮੂੰਹ ਦੇਖ ਲਵੇ। ਅੱਜਕੱਲ੍ਹ ਤਾਂ ਫਿਲਮੀ ਸਟਾਈਲ ਵਿੱਚ ਪ੍ਰੀ-ਵੈਡਿੰਗ ਹੁੰਦੀ ਹੈ, ਇਉਂ ਲੱਗਦਾ ਹੈ ਪਤਾ ਨਹੀਂ ਜੋੜੀ ਕਦੋਂ ਕੁ ਦੀ ਆਪਸ ਵਿੱਚ ਇੱਕ ਦੂਜੇ ਨੂੰ ਜਾਣਦੀ ਹੈ।



ਮੌਜੂਦਾ ਦੌਰ ਵਿੱਚ ਬਹੁਤੇ ਲੋਕਾਂ ਕੋਲ ਕਿਸੇ ਦੇ ਦਾਹ ਸੰਸਕਾਰ 'ਤੇ ਜਾਣ ਦਾ ਸਮਾਂ ਨਹੀਂ ਰਹਿ ਗਿਆ। ਉੱਥੇ ਮੌਜੂਦ ਕਿਸੇ ਨੇੜਲੇ ਸੱਜਣ ਮਿੱਤਰ ਨੂੰ ਫੋਨ 'ਤੇ ਪੁੱਛਦੇ ਰਹਿੰਦੇ ਹਨ ਕਿ ਘਰੋਂ ਚੱਲ ਪਏ ਜਾਂ ਚੱਲਣ ਲੱਗੇ, ਮੈਨੂੰ ਮਿਸਡ ਕਾਲ ਮਾਰ ਦਈਂ, ਮੈਂ ਸਿੱਧਾ ਸ਼ਮਸ਼ਾਨਘਾਟ ਵਿੱਚ ਆ ਜਾਊਂ। ਉੱਥੇ ਪਹੁੰਚ ਕੇ ਵੀ ਮੋਬਾਈਲ ਹੱਥ ਵਿੱਚ ਰੱਖਦਾ ਹੈ ਕਿ ਕਿਸੇ ਦਾ ਫੋਨ ਸੁਣਨੋਂ ਨਾ ਰਹਿ ਜਾਵਾਂ। ਮ੍ਰਿਤਕ ਦੇ ਸਰੀਰ ਨੂੰ ਅਜੇ ਚਿਖਾ 'ਤੇ ਰੱਖਿਆ ਹੀ ਹੁੰਦਾ ਹੈ, ਤੁਰੰਤ ਉੱਥੋਂ ਵੀ ਛੇਤੀ-ਛੇਤੀ ਭੱਜ ਪੈਂਦਾ ਹੈ। ਕਿਤੇ ਪੈਸੇ ਕਮਾਉਣੋਂ ਰਹਿ ਨਾ ਜਾਵਾਂ, ਕੋਈ ਗਾਹਕ ਮੁੜ ਨਾ ਜਾਵੇ। ਮ੍ਰਿਤਕ ਦੇ ਪਰਿਵਾਰ ਵਾਲੇ ਵੀ ਉਸ ਦੀਆਂ ਅੰਤਿਮ ਰਸਮਾਂ ਪਹਿਲਾਂ ਦੀ ਤਰ੍ਹਾਂ ਅੱਠ ਜਾਂ ਦਸ ਦਿਨਾਂ ਵਿੱਚ ਨਿਬੇੜਨ ਦੀ ਥਾਂ ਹੁਣ ਤੀਜੇ ਦਿਨ ਫੁੱਲ ਚੁਗਣ ਤੋਂ ਬਾਅਦ ਹੀ ਭੋਗ ਪਾ ਕੇ ਸੁਰਖਰੂ ਹੋ ਜਾਂਦੇ ਹਨ ਤੇ ਹਵਾਲਾ ਇਹ ਦਿੰਦੇ ਹਨ ਕਿ ਭਾਈ ਇਹ ਤਾਂ ਘਰ ਦਾ 'ਕੱਲਾ-'ਕੱਲਾ ਕਮਾਊ ਹੈ। ਜੇ ਇਹ ਇੰਨੇ ਦਿਨ ਸੱਥਰ 'ਤੇ ਬੈਠਾ ਰਿਹਾ ਤਾਂ ਰੋਟੀ ਕਿੱਥੋਂ ਖਾਵਾਂਗੇ? ਇਸ ਦੇ ਅਸਲ ਕਾਰਨ ਸੰਯੁਕਤ ਪਰਿਵਾਰਾਂ ਦਾ ਤਿੜਕਣਾ ਹੈ।

ਪਹਿਲਾਂ ਵਾਲੇ ਸਮਿਆਂ ਵਿੱਚ ਜਿਨ੍ਹਾਂ ਦੇ ਘਰ ਮਾਲਕ ਦੇ ਵਾਪਰੇ ਭਾਣੇ ਕਾਰਨ ਸੋਗ ਪੈ ਜਾਂਦਾ ਸੀ, ਉਨ੍ਹਾਂ ਦੇ ਆਂਢੀ ਗੁਆਂਢੀ ਭੋਗ ਤੱਕ ਨਾ ਤਾਂ ਉਨ੍ਹਾਂ ਨੂੰ ਚੁੱਲ੍ਹੇ ਵਿੱਚ ਅੱਗ ਪਾਉਣ ਦਿੰਦੇ ਸਨ ਤੇ ਨਾ ਹੀ ਦਿਨ ਰਾਤ ਉਨ੍ਹਾਂ ਦੇ ਘਰ ਨੂੰ ਸੁੰਨਾ ਛੱਡਦੇ ਸਨ। ਭਾਵ ਭੋਗ ਤੱਕ ਰਿਸ਼ਤੇਦਾਰ ਤੇ ਗੁਆਂਢੀ ਰਾਤਾਂ ਕਟਾਉਂਦੇ ਸਨ। ਪੁਰਾਤਨ ਵਿਰਸੇ ਨੂੰ ਭੁੱਲ ਕੇ ਤੇ ਨੈਤਿਕਤਾ ਨੂੰ ਵਿਸਾਰ ਕੇ ਅਸੀਂ ਪੱਛਮ ਦੀ ਸੱਭਿਅਤਾ ਨੂੰ ਅਪਣਾ ਕੇ ਆਧੁਨਿਕਤਾ ਦੇ ਡੂੰਘੇ ਸਮੁੰਦਰ ਵਿੱਚ ਡੁੱਬਦੇ ਜਾ ਰਹੇ ਹਾਂ, ਜਿਸ ਕਾਰਨ ਆਉਣ ਵਾਲੀਆਂ ਪੀੜ੍ਹੀਆਂ ਸਾਡੇ ਵੱਸ ਵਿੱਚ ਹੀ ਨਹੀਂ ਰਹਿਣਗੀਆਂ।

ਆਪਸੀ ਸਾਂਝ ਤਾਂ ਉਦੋਂ ਇਸ ਕਦਰ ਸੀ ਕਿ ਇੱਕ ਘਰ ਗੱਡੇ ਤੰਦੂਰ ਤੇ ਆਂਢ-ਗੁਆਂਢ ਦੇ ਕਈ-ਕਈ ਘਰਾਂ ਦੀਆਂ ਔਰਤਾਂ ਰੋਟੀਆਂ ਲਾਹ ਕੇ ਲੈ ਜਾਂਦੀਆਂ ਸਨ ਤੇ ਰੋਟੀਆਂ ਲਾਹੁਣ ਵਿੱਚ ਇੱਕ-ਦੂਜੇ ਦੀ ਮਦਦ ਵੀ ਕਰ ਦਿੰਦੀਆਂ ਸਨ। ਆਂਢੀ-ਗੁਆਂਢੀ ਇੱਕ ਦੂਜੇ ਦੇ ਘਰੋਂ ਦਾਲ਼ ਦੀ ਕੌਲੀ ਮੰਗ ਕੇ ਲੈ ਜਾਂਦੇ ਸੀ, ਕਦੇ ਕੋਈ ਨਿੰਦ-ਵਿਚਾਰ ਨਹੀਂ ਕੀਤੀ ਜਾਂਦੀ ਸੀ। ਅੱਜ ਵਾਲੇ ਤਾਂ ਨੈਤਿਕਤਾ ਭੁੱਲ ਚੁੱਕੇ ਹਨ। ਕਈ ਕਲੋਨੀਆਂ ਵਿੱਚ ਤਾਂ ਕਿਸੇ ਨੂੰ ਪਤਾ ਹੀ ਨਹੀਂ ਹੁੰਦਾ ਕਿ ਸਾਡੇ ਗੁਆਂਢ ਕੌਣ ਰਹਿੰਦਾ ਹੈ ਕਿਉਂਕਿ ਕਿਸੇ ਨਾਲ ਆਪਸੀ ਮਿਲਵਰਤਨ ਵਾਲੀ ਸਾਂਝ ਖ਼ਤਮ ਹੋ ਚੁੱਕੀ ਹੈ। ਪਿੰਡ ਵਿੱਚ ਕਿਸੇ ਗ਼ਰੀਬ ਦੀ ਧੀ ਦੇ ਵਿਆਹ 'ਤੇ ਸਾਰੇ ਪਿੰਡ ਨੇ ਸੂਟ, ਬਿਸਤਰੇ ਤੇ ਦੁੱਧ ਆਦਿ ਦੇ ਕੇ ਆਉਣਾ ਕਿ ਭਾਈ ਪੁੰਨ ਲੱਗੂਗਾ। ਕਿਸੇ ਦੀ ਧੀ ਨੂੰ ਪਿੰਡ ਦੀ ਧੀ-ਧਿਆਣੀ ਸਮਝਿਆ ਜਾਂਦਾ ਸੀ। ਅੱਜ ਵਾਲੇ ਤਾਂ ਭੁੱਖੀਆਂ ਨਜ਼ਰਾਂ ਨਾਲ ਨੋਚਣ ਨੂੰ ਫਿਰਦੇ ਹਨ।

(ਬਾਕੀ ਸਫ਼ਾ 31 'ਤੇ)

# ਤੁਰਲੇ ਵਾਲਾ ਸਾਫ਼ਾ ਬੰਨ੍ਹ ਕੇ.....

ਬਹਾਦਰ ਸਿੰਘ ਗੋਸਲ



ਆਦਮੀਆਂ ਦੇ ਸਿਰਾਂ 'ਤੇ ਸੋਂਹਦੀਆਂ ਪੱਗਾਂ ਕੇਵਲ ਸਿਰ ਕੱਜਣ ਦਾ ਕੰਮ ਹੀ ਨਹੀਂ ਕਰਦੀਆਂ, ਸਗੋਂ ਸ਼ਾਨ, ਸ਼ੌਕਤ ਅਤੇ ਸਤਿਕਾਰ ਦੀਆਂ ਪ੍ਰਤੀਕ ਵੀ ਹੁੰਦੀਆਂ ਹਨ। ਕਿਸੇ ਵੀ ਸਿਰ 'ਤੇ ਸਜਾਈ ਪੱਗ ਉਸ ਵਿਅਕਤੀ ਦੇ ਵਿਅਕਤੀਤਵ ਨੂੰ ਦੂਣ-ਸਵਾਇਆ ਕਰ ਦਿੰਦੀ ਹੈ। ਸਿੱਖ ਧਰਮ ਵਿੱਚ ਤਾਂ ਪੱਗ ਨੂੰ ਦਸਤਾਰ ਦਾ ਨਾਂ ਦੇ ਕੇ ਬਹੁਤ ਹੀ ਸਤਿਕਾਰਿਆਂ ਜਾਂਦਾ ਹੈ ਅਤੇ ਦਸਤਾਰ ਸਜਾਉਣ ਨੂੰ ਖ਼ਾਸ ਅਹਿਮੀਅਤ ਦਿੱਤੀ ਜਾਂਦੀ ਹੈ। ਪੱਗ ਨੂੰ ਸਰਦਾਰੀ ਦਾ ਮਾਣ ਦਿੱਤਾ ਜਾਂਦਾ ਹੈ। ਜਿਸ ਤਰ੍ਹਾਂ ਵੱਖ-ਵੱਖ ਫਿਰਕਿਆਂ ਵਿੱਚ ਪੱਗ ਬੰਨ੍ਹਣ ਦਾ ਰਿਵਾਜ ਹੈ, ਉਸੇ ਤਰ੍ਹਾਂ ਹੀ ਪੱਗ ਬੰਨ੍ਹਣ ਦੇ ਢੰਗ-ਤਰੀਕੇ ਵੀ ਵੱਖ-ਵੱਖ ਦੇਖਣ ਨੂੰ ਮਿਲਦੇ ਹਨ। ਕਈ ਵਾਰ ਬੰਨ੍ਹੀ ਪੱਗ ਦੇਖ ਕੇ ਹੀ ਅਸੀਂ ਉਸ ਵਿਅਕਤੀ ਦੇ ਧਰਮ, ਫਿਰਕੇ ਅਤੇ ਇਲਾਕੇ ਬਾਰੇ ਜਾਣ ਜਾਂਦੇ ਹਾਂ। ਜਿਸ ਤਰ੍ਹਾਂ ਰਾਜਸਥਾਨੀ ਮਰਦ ਪੱਗ ਬੰਨ੍ਹਦੇ ਹਨ, ਉਨ੍ਹਾਂ ਤੋਂ ਉਨ੍ਹਾਂ ਦੇ ਰਾਜਸਥਾਨੀ ਹੋਣ ਦਾ ਸਬੂਤ ਮਿਲ ਜਾਂਦਾ ਹੈ। ਇਸੇ ਤਰ੍ਹਾਂ ਪੰਜਾਬ ਵਿੱਚ ਨਾਮਧਾਰੀ ਪੱਗ ਦੀ ਪਹਿਚਾਣ ਬੜੀ ਜਲਦੀ ਹੋ ਜਾਂਦੀ ਹੈ। ਨਿਹੰਗ ਸਿੰਘਾਂ ਦੀਆਂ ਦਸਤਾਰਾਂ ਬਿਲਕੁਲ ਨਿਵੇਕਲੀਆਂ ਹੁੰਦੀਆਂ ਹਨ ਅਤੇ ਹਰ ਕੋਈ ਉਨ੍ਹਾਂ ਦੀ ਵੱਖਰੀ ਪਹਿਚਾਣ ਨੂੰ ਜਾਣ ਜਾਂਦਾ ਹੈ। ਆਮ ਤੌਰ 'ਤੇ ਨਿਹੰਗ ਸਿੰਘ ਆਪਣੀਆਂ ਦਸਤਾਰਾਂ ਨੂੰ ਦੁਮਾਲਾ ਸਜਾਉਣਾ ਵੀ ਆਖਦੇ ਹਨ। ਇਸੇ ਤਰ੍ਹਾਂ ਹਰਿਆਣੇ ਦੇ ਮਰਦ ਹਰਿਆਣਵੀ ਪੱਗਾਂ ਦੀ ਵੱਖਰੀ ਪਹਿਚਾਣ ਰੱਖਦੇ ਹਨ। ਪੰਜਾਬੀਆਂ ਦੀਆਂ ਪੱਗਾਂ ਦਾ ਆਪਣਾ ਹੀ ਵਿਲੱਖਣ ਢੰਗ ਹੈ। ਅੱਜਕੱਲ੍ਹ ਤਾਂ ਪੰਜਾਬੀ ਗੱਭਰੂ ਬੜੀਆਂ ਪੋਚਵੀਆਂ ਪੱਗਾਂ ਬੰਨ੍ਹਣ ਦੇ ਆਦੀ ਹੋ ਗਏ ਹਨ। ਇਸੇ ਕਰਕੇ ਪੰਜਾਬੀ ਸੱਭਿਆਚਾਰ ਵਿੱਚ ਪੱਗਾਂ ਬਾਰੇ ਅਨੇਕਾਂ ਗੀਤ, ਲੋਕ ਗੀਤ ਜਾਂ ਬੋਲੀਆਂ ਵੀ ਸੁਣਨ ਨੂੰ ਮਿਲਦੀਆਂ ਹਨ।

ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਪੱਗ ਬੰਨ੍ਹਣ ਦਾ ਰਿਵਾਜ ਭਾਵੇਂ ਬਹੁਤ ਪੁਰਾਣਾ ਹੈ, ਪਰ ਸਮੇਂ ਦੇ ਨਾਲ-ਨਾਲ ਇਸ ਨੂੰ ਬੰਨ੍ਹਣ ਦੇ ਢੰਗ ਬਦਲਦੇ ਰਹੇ ਹਨ। ਭਾਵੇਂ ਅੱਜਕੱਲ੍ਹ ਦੇ ਮੁੰਡੇ ਲੰਬੀਆਂ ਪੱਗਾਂ ਨੂੰ ਸਿਉਣਾਂ ਪਾ ਕੇ ਬੰਨ੍ਹਣ ਦੇ ਸ਼ੌਕੀਨ, ਹਨ ਪਰ ਕਦੇ ਪੰਜਾਬ ਦੇ ਪੇਂਡੂ ਇਲਾਕਿਆਂ ਵਿੱਚ ਤੁਰਲੇ ਵਾਲੀ ਪੱਗ ਦਾ ਬਹੁਤ ਰਿਵਾਜ ਹੁੰਦਾ ਸੀ। ਰੰਗਦਾਰ ਪੱਗਾਂ ਨੂੰ ਮਾਵਾਂ ਦਿਲਵਾ ਕੇ ਬਹੁਤ ਹੀ ਵਧੀਆ ਢੰਗ ਨਾਲ ਤੁਰਲਾ ਛੱਡ ਕੇ ਬੰਨ੍ਹਿਆ ਜਾਂਦਾ ਸੀ, ਜਿਸ ਦੀ ਵੱਖਰੀ ਹੀ ਨੁਹਾਰ ਹੁੰਦੀ ਸੀ। ਠੇਠ ਪੰਜਾਬੀ ਬੋਲੀ ਵਿੱਚ ਇਸ ਪੱਗ ਨੂੰ ਤੁਰਲੇ ਵਾਲਾ ਸਾਫਾ ਕਹਿ ਕੇ ਮਾਣ ਦਿੱਤਾ ਜਾਂਦਾ ਸੀ। ਇਹ ਤੁਰਲੇ ਵਾਲਾ ਸਾਫਾ ਸ਼ੌਕੀ ਗੱਭਰੂਆਂ ਦੀ ਪਹਿਲੀ ਪਸੰਦ ਹੁੰਦੀ ਸੀ। ਪੰਜਾਬੀ ਗਿੱਧਿਆਂ ਵਿੱਚ ਇਸ ਤੁਰਲੇ ਵਾਲੇ ਸਾਫੇ ਨੇ ਖ਼ੂਬ ਧੂਮਾਂ ਮਚਾਈਆਂ ਅਤੇ ਗਿੱਧਿਆਂ ਦੇ ਪਿੜਾਂ ਵਿੱਚ ਇਹ ਬੋਲੀ ਆਮ ਸੁਣਨ ਨੂੰ ਮਿਲਦੀ ਸੀ;

ਤੁਰਲੇ ਵਾਲਾ ਸਾਫਾ ਬੰਨ੍ਹ ਕੇ,
ਤੂੰ ਗਿੱਧੇ ਵਿੱਚ ਆਇਆ
ਅੱਖਾਂ ਵਿੱਚ ਤੇਰੇ ਸੁਰਮਾ ਖਿੰਡਿਆ
ਕਿਹੜੀ ਭਾਬੀ ਨੇ ਪਾਇਆ।
ਐਡੇ ਸ਼ੌਕੀ ਨੇ ਵਿਆਹ ਕਿਉਂ ਨਹੀਂ ਕਰਵਾਇਆ।

ਇਹ ਤੁਰਲੇ ਵਾਲੇ ਸਾਫੇ, ਪੇਂਡੂ ਵਿਆਹਾਂ ਵਿੱਚ ਆਮ ਦੇਖਣ ਨੂੰ ਮਿਲਦੇ ਸਨ। ਬਰਾਤ ਜਾਣ ਸਮੇਂ ਪਿੰਡ ਦੇ ਮਰਦ ਪੱਗ ਨੂੰ ਖ਼ੂਬ ਮਾਵਾ ਦਿਲਵਾ ਕੇ, ਉੱਚਾ ਤੁਰਲਾ ਛੱਡ ਕੇ ਆਪਣੀ ਪੂਰੀ ਟੌਹਰ ਬਣਾ ਕੇ ਜਾਂਦੇ। ਉਨ੍ਹਾਂ ਦਿਨਾਂ ਵਿੱਚ ਬਰਾਤਾਂ ਵੀ ਰੱਥਾਂ, ਘੋੜਿਆਂ ਜਾਂ ਊਠਾਂ 'ਤੇ ਜਾਇਆ ਕਰਦੀਆਂ ਸਨ ਤਾਂ ਕੋਈ ਵੀ ਗੱਭਰੂ ਜਦੋਂ ਤੁਰਲੇ ਵਾਲੀ ਪੱਗ ਬੰਨ੍ਹ ਕੇ ਊਠਾਂ 'ਤੇ ਸਵਾਰ ਹੁੰਦੇ ਸਨ ਤਾਂ ਉਹ ਆਪਣੇ ਆਪ ਨੂੰ ਕਿਸੇ ਸ਼ਹਿਨਸ਼ਾਹ ਤੋਂ ਘੱਟ ਨਾ ਸਮਝਦੇ। ਚਿੱਟੇ ਚਾਦਰੇ ਅਤੇ ਤੁਰਲੇ ਵਾਲੀ ਪੱਗ ਕਿਸੇ ਸਮੇਂ ਪੰਜਾਬੀਆਂ ਦਾ ਮਨਭਾਉਂਦਾ ਪਹਿਰਾਵਾ ਹੁੰਦਾ ਸੀ। ਜਦੋਂ ਵੀ ਕਿਸੇ ਨੇ ਮਹਿਮਾਨ ਦੇ ਤੌਰ 'ਤੇ ਜਾਣਾ ਹੁੰਦਾ ਤਾਂ ਉਹ ਜ਼ਰੂਰ ਇਸ ਪਹਿਰਾਵੇ ਨੂੰ ਪਸੰਦ ਕਰਦਾ ਅਤੇ ਆਪਣੇ ਆਪ 'ਤੇ ਮਾਣ ਕਰਦਾ। ਕੁੜੀਆਂ ਦੇ ਵਿਆਹਾਂ ਵਿੱਚ ਬਰਾਤ ਆਉਣ ਸਮੇਂ ਤੁਰਲੇ ਵਾਲਿਆਂ ਦੀ ਖ਼ਾਸ ਪਹਿਚਾਣ ਸਮਝੀ ਜਾਂਦੀ ਅਤੇ ਉਨ੍ਹਾਂ ਨੂੰ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਨਿਵਾਜਿਆ ਜਾਂਦਾ ਸੀ। ਤੁਰਲੇ ਦੀ ਅਜਿਹੀ ਟੌਹਰ ਦੇਖ ਕੇ ਪਿੰਡਾਂ ਦੇ ਚੌਧਰੀ ਅਤੇ ਦੂਜੇ ਜ਼ਿਮੀਂਦਾਰ ਲੋਕ ਵੀ ਤੁਰਲੇ ਵਾਲੀਆਂ ਪੱਗਾਂ ਬੰਨ੍ਹ ਕੇ ਲੋਕਾਂ ਵਿੱਚ ਜਾਂਦੇ ਤਾਂ ਕਿ ਉਨ੍ਹਾਂ ਦਾ ਲੋਕਾਂ ਵਿੱਚ ਵਿਸ਼ੇਸ਼ ਸਤਿਕਾਰ ਬਣਿਆ ਰਹੇ। ਖ਼ਾਸ ਕਰਕੇ ਪੰਜਾਬ ਦੇ ਪੇਂਡੂ ਮੇਲਿਆਂ ਦੇ ਮੌਕੇ ਗੱਭਰੂ ਵਿਸ਼ੇਸ਼ ਤੌਰ 'ਤੇ ਤੁਰਲੇ ਵਾਲੀਆਂ ਪੱਗਾਂ ਬੰਨ੍ਹ, ਚਿੱਟੇ ਚਾਦਰਿਆਂ ਅਤੇ ਨੌਕਦਾਰ ਜੁੱਤੀ ਨਾਲ ਹੱਥ ਵਿੱਚ ਖੂੰਡਾ ਲੈ ਕੇ ਜਾਂਦੇ, ਤਾਂ ਕਿ ਮੇਲੇ ਵਿੱਚ ਉਸ ਦੇ ਯਾਰਾਂ-ਦੋਸਤਾਂ ਵਿੱਚ ਉਸ ਦੀ ਧਾਕ ਜੰਮੀ ਰਹੇ।

ਅੱਜਕੱਲ੍ਹ ਵੀ ਜਿਹੜੇ ਨੌਜਵਾਨ ਪੱਗਾਂ ਬੰਨ੍ਹਦੇ ਹਨ, ਉਹ ਵੀ ਪੱਗ ਬੰਨ੍ਹਣ 'ਤੇ ਪੂਰਾ ਜ਼ੋਰ ਲਗਾ ਦਿੰਦੇ ਹਨ। ਵੱਖ-ਵੱਖ ਰੰਗਾਂ ਦੀਆਂ ਪੱਗਾਂ ਭਾਵੇਂ ਨੌਜਵਾਨਾਂ ਨੂੰ ਬਹੁਤ ਸੱਜਦੀਆਂ ਹਨ ਅਤੇ ਇੰਝ ਲੱਗਦਾ ਹੈ ਕਿ ਕਿਤੇ ਕਿਸੇ ਗੱਭਰੂ ਨੂੰ ਨਜ਼ਰਾਂ ਹੀ ਨਾ ਲੱਗ ਜਾਵਣ। ਤਾਂ ਹੀ ਕਿਹਾ ਜਾਂਦਾ ਹੈ;

ਪੱਗਾਂ ਬੱਧੀਆਂ ਨੂੰ ਨਜ਼ਰਾਂ ਲੱਗੀਆਂ
ਮਿਰਚਾਂ ਵਾਰ ਸੋਹਣੀਏਂ।

ਪਰ ਫਿਰ ਵੀ ਇਹ ਪੱਗਾਂ ਉਨ੍ਹਾਂ ਤੁਰਲੇ ਵਾਲੇ ਸਾਫਿਆਂ ਦੀ ਤਰ੍ਹਾਂ ਮਰਦ ਦੀ ਸ਼ਾਨ ਨਹੀਂ ਦਿਖਾਉਂਦੀਆਂ। ਹੁਣ ਤੁਰਲੇ ਵਾਲੀਆਂ ਪੱਗਾਂ ਬੀਤੇ ਜ਼ਮਾਨੇ ਦੀ ਗੱਲ ਲੱਗ ਰਹੀਆਂ ਹਨ। ਅੱਜਕੱਲ੍ਹ ਤੁਰਲੇ ਵਾਲੀਆਂ ਪੱਗਾਂ ਬਹੁਤ ਘੱਟ ਨਜ਼ਰ ਆਉਂਦੀਆਂ ਹਨ। ਕਿਤੇ ਕਿਤੇ ਭੰਗੜਾ ਪਾਉਣ ਵਾਲੇ ਗੱਭਰੂਆਂ ਦੀਆਂ ਪੱਗਾਂ 'ਤੇ ਤੁਰਲੇ ਦੇਖਣ ਨੂੰ ਮਿਲ ਜਾਂਦੇ ਹਨ ਜਾਂ ਭੰਗੜੇ ਸਮੇਂ ਢੋਲੀ ਨੇ ਵਧੀਆ ਤੁਰਲਾ ਛੱਡ ਕੇ ਪੱਗ ਬੰਨ੍ਹੀ ਹੁੰਦੀ ਹੈ। ਹਾਂ, ਕਈ ਵਾਰ ਦੋਗਾਣਾ ਗਾਉਣ ਵਾਲੀਆਂ ਪੰਜਾਬੀਆਂ ਗਾਇਕ ਜੋੜੀਆਂ ਵਿੱਚ ਮਰਦ ਦੇ ਸਿਰ ਤੁਰਲੇ ਵਾਲੀ ਪੱਗ ਨਜ਼ਰ ਆਉਂਦੀ ਹੈ ਜੋ ਆਪਣਾ ਵੱਖਰਾ ਹੀ ਪ੍ਰਭਾਵ ਪਾਉਂਦੀ ਹੈ। ਕੁਝ ਵੀ ਹੋਵੇ ਇਹ ਤੁਰਲੇ ਵਾਲੀਆਂ ਪੱਗਾਂ ਸਾਨੂੰ ਆਪਣਾ ਪੁਰਾਤਨ ਸੱਭਿਆਚਾਰਕ ਵਿਰਸਾ ਜ਼ਰੂਰ ਯਾਦ ਕਰਵਾ ਦਿੰਦੀਆਂ ਹਨ।

ਭਗਵਾਨ ਦਾਸ

# ਕਿਸਾਨਾਂ ਦੀ ਆਮਦਨ ਕਿਵੇਂ ਵਧੇ ?

ਕਿਸਾਨਾਂ ਦੀ ਮਾਯੂਸੀ ਦੂਰ ਕਰਨ ਲਈ ਉਨ੍ਹਾਂ ਦੀ ਆਮਦਨ ਵਧਾਉਣ ਦੀ ਲੋੜ ਹੈ। ਝੋਨਾ ਕਣਕ ਦਾ ਫ਼ਸਲੀ ਚੱਕਰ ਲਾਹੇਵੰਦ ਹੋਵੇ, ਇਸ ਲਈ ਐੱਮ.ਐੱਸ.ਪੀ. ਦਾ ਹੋਣਾ ਜ਼ਰੂਰੀ ਹੈ ਤਾਂ ਜੋ ਕਿਸਾਨ ਆਪਣੀ ਫ਼ਸਲ ਦੇ ਮੰਡੀਕਰਨ ਲਈ ਮੰਡੀਆਂ ’ਚ ਨਾ ਰੁਲਣ। ਕਿਸਾਨਾਂ ’ਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ (ਪੀ.ਏ.ਯੂ.) ਦੇ ਵਿਗਿਆਨੀਆਂ ਵੱਲੋਂ ਇਹ ਜਾਣਕਾਰੀ ਦੇਣਾ ਜ਼ਰੂਰੀ ਹੈ ਕਿ ਉਨ੍ਹਾਂ ਨੂੰ ਖੇਤੀ ਨੂੰ ਹੁਣ ਜੀਵਨ ਬਸਰ ਕਰਨ ਦਾ ਸਾਧਨ ਹੀ ਨਹੀਂ ਸਮਝਣਾ ਚਾਹੀਦਾ, ਸਗੋਂ ਇਸ ਨੂੰ ਵਪਾਰਕ ਪੱਧਰ ’ਤੇ ਕਰਨ ਦੀ ਲੋੜ ਹੈ, ਜਿਸ ਲਈ ਫ਼ਸਲੀ ਵਿਭਿੰਨਤਾ ਲਿਆਉਣੀ ਬੜਾ ਜ਼ਰੂਰੀ ਹੈ। ਵੱਧ ਆਮਦਨ ਦੀ ਪ੍ਰਾਪਤੀ ਕਰਨ ਲਈ ਫ਼ਸਲੀ ਵਿਭਿੰਨਤਾ ਤੋਂ ਇਲਾਵਾ ਯੋਜਨਾਬੰਦੀ ਦੀ ਲੋੜ ਹੈ। ਯੋਜਨਾਬੰਦੀ ਕਰਕੇ ਕਈ ਕਿਸਾਨ ਉੱਚੀ ਗੁਣਵੱਤਾ ਵਾਲੇ ਫ਼ਲ ਪੈਦਾ ਕਰਕੇ ਪੰਜ ਲੱਖ ਰੁਪਏ ਪ੍ਰਤੀ ਏਕੜ ਤੱਕ ਵੀ ਕਮਾ ਰਹੇ ਹਨ। ਫ਼ਲਾਂ ਦੀ ਕਾਸ਼ਤ ਥੱਲੇ ਰਕਬਾ ਤਾਂ ਵਧ ਰਿਹਾ ਹੈ, ਪਰ ਬਹੁਤ ਹੌਲੀ ਹੌਲੀ। ਸਾਲ 2009 10 ’ਚ ਫ਼ਲਾਂ ਦੀ ਕਾਸ਼ਤ 67554 ਹੈਕਟੇਅਰ ਰਕਬੇ ’ਤੇ ਕੀਤੀ ਜਾਂਦੀ ਸੀ, ਜੋ ਹੁਣ 1 ਲੱਖ ਤੋਂ ਵੱਧ ਹੈਕਟੇਅਰ ਰਕਬੇ ’ਤੇ ਹੋ ਰਹੀ ਹੈ। ਜੋ ਫ਼ਲ ਪੰਜਾਬ ’ਚ ਪੈਦਾ ਕੀਤੇ ਜਾ ਰਹੇ ਹਨ, ਉਨ੍ਹਾਂ ’ਚ ਕਿੰਨੂ, ਲੈਮਨ, ਅੰਬ, ਲੀਚੀ, ਅਮਰੂਦ, ਨਾਸ਼ਪਾਤੀ, ਆੜੂ, ਅੰਗੂਰ, ਬੇਰ, ਆਂਵਲਾ, ਕੇਲਾ ਆਦਿ ਸ਼ਾਮਿਲ ਹਨ। ਫ਼ਲਾਂ ਤੋਂ ਆਮਦਨ ਵੱਧ ਹੋਣ ਦੇ ਬਾਵਜੂਦ ਇਨ੍ਹਾਂ ਦੀ ਕਾਸ਼ਤ ਥੱਲੇ ਰਕਬੇ ਦਾ ਤੇਜ਼ੀ ਨਾਲ ਨਾ ਵਧਣਾ ਜ਼ਾਹਿਰ ਕਰਦਾ ਹੈ ਕਿ ਬਾਗ਼ ਲਗਾਉਣ ਲਈ ਲਾਗਤ ਦਾ ਜ਼ਿਆਦਾ ਹੋਣਾ, ਪੈਦਾਵਾਰ ਤੇ ਆਮਦਨ ਲਈ ਸਾਲਾਂ ਤੱਕ ਇੰਤਜ਼ਾਰ ਕਰਨਾ ਅਤੇ ਬਾਗ਼ ਦੀ ਦੇਖਭਾਲ ਲਈ ਲਗਾਤਾਰ ਮੁਸ਼ੱਕਤ ਕਰਨਾ ਆਦਿ ਜ਼ਿੰਮੇਵਾਰ ਹਨ। ਬਾਗ਼ਬਾਨੀ ਦੇ ਨਾਲ-ਨਾਲ ਸਬਜ਼ੀਆਂ ਦੀ ਕਾਸ਼ਤ ਹੇਠ ਰਕਬਾ ਵੀ ਕੁਝ ਥੋੜ੍ਹੀ ਜਿਹੀ ਰਫ਼ਤਾਰ ਨਾਲ ਵਧ ਰਿਹਾ ਹੈ। ਇਹ ਸਾਲ 2011-12 ਦੇ 276584 ਹੈਕਟੇਅਰ ਤੋਂ ਵੱਧ ਕੇ ਪਿਛਲੇ ਸਾਲ (ਸਾਲ 2023-24) ’ਚ 482000 ਹੈਕਟੇਅਰ ਹੋ ਗਿਆ। ਇਸੇ ਸਮੇਂ ਦੌਰਾਨ ਸਬਜ਼ੀਆਂ ਦੀ ਕਾਸ਼ਤ ਜੋ 203734 ਹੈਕਟੇਅਰ ਰਕਬੇ ’ਤੇ ਹੁੰਦੀ ਸੀ, ਹੁਣ ਵਧ ਕੇ 356476 ਹੈਕਟੇਅਰ ’ਤੇ ਹੋ ਗਈ। ਬਾਗ਼ਬਾਨੀ ਥੱਲੇ ਰਾਜ ਦੇ 6 ਲੱਖ ਮਿਲੀਅਨ ਹੈਕਟੇਅਰ ਤੋਂ ਵਧ ਕੁੱਲ ਰਕਬੇ ਦਾ ਕੇਵਲ 6 ਪ੍ਰਤੀਸ਼ਤ ਹੈ, ਜਿਸ ਨੂੰ ਵਧਾਉਣ ਦੀ ਲੋੜ ਹੈ।



ਸਬਜ਼ੀਆਂ ਦੀ ਕਾਸ਼ਤ (ਜਿਸ ਦੇ ਵਧਣ ਦੀ ਸੰਭਾਵਨਾ ਹੈ) ਬਹੁਤ ਤੇਜ਼ੀ ਨਾਲ ਇਸ ਕਾਰਨ ਨਹੀਂ ਵਧ ਰਹੀ, ਕਿਉਂਕਿ ਇਸ ’ਚ ਕੀਮਤਾਂ ਦਾ ਬੜਾ ਉਤਰਾਅ ਚੜ੍ਹਾਅ ਹੈ। ਪਿਛਲੇ ਸਾਲ ਜਦੋਂ ਨਵੰਬਰ ’ਚ ਫੁੱਲ ਗੋਭੀ ਤੇ ਬੰਦ ਗੋਭੀ ਮੰਡੀ ’ਚ ਵਿਕਣ ਲਈ ਆਈਆਂ ਸਨ, ਖਪਤਕਾਰਾਂ ਨੂੰ 60 ਤੋਂ 80 ਰੁਪਏ ਪ੍ਰਤੀ ਕਿੱਲੋ ਤੱਕ ਖਰੀਦਣੀਆਂ ਪੈ ਰਹੀਆਂ ਸਨ। ਹੁਣ ਫੁੱਲ ਗੋਭੀ 8 ਤੋਂ 10 ਰੁਪਏ ਪ੍ਰਤੀ ਕਿੱਲੋ ਤੱਕ ਖਪਤਕਾਰਾਂ ਨੂੰ ਮਿਲ ਰਹੀ ਹੈ ਅਤੇ ਬੰਦ ਗੋਭੀ 15 ਤੋਂ 20 ਰੁਪਏ ਪ੍ਰਤੀ ਕਿੱਲੋ ਵਿਕ ਰਹੀ ਹੈ। ਜਦੋਂ ਕਿ ਕਿਸਾਨਾਂ ਨੂੰ ਮੰਡੀਆਂ ’ਚ ਤੁੜਾਈ ਅਤੇ ਢੁਆਈ ਆਦਿ ਦੇ ਖਰਚੇ ਕੱਢ ਕੇ ਦੋ ਤੋਂ ਚਾਰ ਰੁਪਏ ਪ੍ਰਤੀ ਕਿੱਲੋ ਹੀ ਪੱਲੇ ਪੈਂਦੇ ਹਨ। ਇਸ ਨਾਲ ਕਿਸਾਨਾਂ ਦਾ ਖਰਚਾ ਵੀ ਪੂਰਾ ਨਹੀਂ ਹੁੰਦਾ। ਸਬਜ਼ੀਆਂ ਦੀ ਕੀਮਤ ਸਥਿਰ ਰੱਖਣ ਲਈ ਸਰਕਾਰ ਨੂੰ ਠੰਡੀ ਚੇਨ ਤੇ ਹੋਰ ਲੋੜੀਂਦੀਆਂ ਸਹੂਲਤਾਂ ਵਧਾਉਣੀਆਂ ਚਾਹੀਦੀਆਂ ਹਨ। ਸਬਜ਼ੀਆਂ ਦੇ ਖੇਤਰ ’ਚ ਖੋਜ ਸੰਸਥਾਵਾਂ ਪੀ.ਏ.ਯੂ. ਅਤੇ ਆਈ.ਸੀ.ਏ.ਆਰ. ਭਾਰਤੀ ਖੇਤੀ ਖੋਜ ਸੰਸਥਾਨ ਵੱਲੋਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਵਿਕਸਿਤ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਨੂੰ ਅਪਨਾ ਕੇ ਕਿਸਾਨ ਆਪਣੀ ਆਮਦਨ ਵਧਾ ਸਕਦੇ ਹਨ। ਝੋਨੇ ਕਣਕ ਦੇ ਫ਼ਸਲੀ ਚੱਕਰ ’ਚੋਂ ਰਕਬਾ ਕੱਢ ਕੇ ਬਾਗ਼ਬਾਨੀ ਫ਼ਸਲਾਂ ਥੱਲੇ ਲਿਆਉਣ ਲਈ ਕਿਸਾਨਾਂ ਨੂੰ ਇਨ੍ਹਾਂ ਫ਼ਸਲਾਂ ਦਾ ਗਿਆਨ ਤੇ ਆਮਦਨ ਅਤੇ ਖਰਚੇ ਸੰਬੰਧੀ ਪੂਰੀ ਜਾਣਕਾਰੀ ਬਾਗ਼ਬਾਨੀ ਮਾਹਿਰਾਂ ਰਾਹੀਂ ਮਿਲਣੀ ਬਹੁਤ ਜ਼ਰੂਰੀ ਹੈ, ਜੋ ਹੁਣ ਨਹੀਂ ਮਿਲ ਰਹੀ, ਕਿਉਂਕਿ ਬਾਗ਼ਬਾਨੀ ਵਿਭਾਗ ’ਚ ਪ੍ਰਵਾਨ ਹੋਏ ਸਟਾਫ ’ਚੋਂ ਮਸਾਂ 30-40 ਪ੍ਰਤੀਸ਼ਤ ਹੀ ਕੰਮ ਕਰ ਰਿਹਾ ਹੈ। ਅੱਧੀਆਂ ਤੋਂ ਵੱਧ ਆਸਾਮੀਆਂ ਖਾਲੀ ਪਈਆਂ ਹਨ। ਮਾਲੀਆਂ ਤੇ ਦਰਜਾ 4 ਮੁਲਾਜ਼ਮਾਂ ਦੀ ਭਰਤੀ ਤਾਂ ਸੰਨ 2000 ਤੋਂ ਬਾਅਦ ਉੱਕਾ ਹੀ ਨਹੀਂ ਹੋਈ। ਸੇਵਾਮੁਕਤ ਹੋ ਰਹੇ ਮੁਲਾਜ਼ਮਾਂ ਦੀਆਂ ਆਸਾਮੀਆਂ ਤਾਂ ਭਰੀਆਂ ਹੀ ਨਹੀਂ ਜਾ ਰਹੀਆਂ। ਗਿਆਨ ਤੇ ਜਾਣਕਾਰੀ ਪ੍ਰਾਪਤ ਕਰਕੇ ਔਸ਼ਧਿਕ ਪੌਦੇ ਤੇ ਫੁੱਲਾਂ ਦੇ ਬੀਜ ਅਤੇ ਖੁੰਬਾਂ ਆਦਿ ਪੈਦਾ ਕਰਕੇ 1.5 ਕੁ ਬਿਘੇ ਰਕਬੇ ਤੋਂ ਕਿਸਾਨ 1 ਲੱਖ ਰੁਪਏ ਤੱਕ ਦੀ ਪੈਦਾਵਾਰ ਕੱਢ ਸਕਦੇ ਹਨ। ਕਈ ਕਿਸਾਨ ਹਨ, ਜੋ ਅਜਿਹੀ ਖੇਤੀ ਕਰ ਰਹੇ ਹਨ, ਪਰ ਥੋੜ੍ਹੇ-ਥੋੜ੍ਹੇ ਰਕਬੇ ’ਤੇ। ਬਾਗ਼ਬਾਨੀ ਵਿਭਾਗ ਦੇ ਸਾਬਕਾ ਡਿਪਟੀ ਡਾਇਰੈਕਟਰ ਡਾ. ਸਵਰਨ ਸਿੰਘ ਮਾਨ (ਰਿਟਾ.) ਕਹਿੰਦੇ ਹਨ ਕਿ ਜਿਵੇਂ ਸਰਕਾਰ ਠੰਢੀ ਚੇਨ ਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰ ਰਹੀ ਹੈ ਅਤੇ ਇਨ੍ਹਾਂ ’ਤੇ ਸਬਸਿਡੀਆਂ ਦੇ ਰਹੀ ਹੈ, ਤਾਂ ਸਬਜ਼ੀਆਂ ਅਰਬ ਮੁਲਕਾਂ ਨੂੰ ਵੀ ਬਰਾਮਦ ਕੀਤੀਆਂ ਜਾ ਸਕਦੀਆਂ ਹਨ। ਇਹ ਮੁਲਕ ਹੁਣ ਸਬਜ਼ੀਆਂ ਯੂਰਪ ਤੇ ਹੋਰ ਦੇਸ਼ਾਂ ਤੋਂ ਮੰਗਵਾਉਂਦੇ ਹਨ।


ਕਿਸਾਨਾਂ ਨੂੰ ਆਪਣੀ ਆਮਦਨ ਤੇ ਉਤਪਾਦਕਤਾ ਵਧਾਉਣ ਲਈ ਖੇਤੀ ਪ੍ਰਬੰਧ ਦਾ ਗਿਆਨ ਹੋਣ ਦੇ ਬਾਵਜੂਦ ਥੋੜ੍ਹੇ ਸਮੇਂ ਤੇ ਲੰਮੇ ਸਮੇਂ ਲਈ ਯੋਜਨਾ ਬਣਾਉਣੀ ਚਾਹੀਦੀ ਹੈ। ਸਾਧਨਾਂ ਦੀ ਸਹੀ ਵਰਤੋਂ, ਖੇਤੀ ਸਮੱਗਰੀ ਦੀ ਸਹੀ ਖਰੀਦ ਤੇ ਕਾਸ਼ਤ ਸੰਬੰਧੀ ਯੋਜਨਾ ਬਣਾਉਣੀ ਅਤੇ ਵਧੇਰੇ ਆਮਦਨ ਦੀ ਪ੍ਰਾਪਤੀ ਲਈ ਮੰਡੀਕਰਨ ਸੰਬੰਧੀ ਗਿਆਨ ਅਤੇ ਫ਼ਸਲ ਦੀ ਵਿੱਕਰੀ ਸੰਬੰਧੀ ਸਹੀ ਸੋਚ-ਵਿਚਾਰ ਵੀ ਆਮਦਨ ਵਧਾਉਣ ਲਈ ਜ਼ਰੂਰੀ ਹਨ। ਖੇਤੀ ਨੂੰ ਅੱਜ ਨਵੀਆਂ ਚੁਣੌਤੀਆਂ ਦਰਪੇਸ਼ ਹਨ। ਪਾਣੀ ਦਾ ਪੱਧਰ ਹੇਠਾਂ ਜਾ ਰਿਹਾ ਹੈ, ਲੋੜ ਨਾਲੋਂ ਵੱਧ ਮਸ਼ੀਨਰੀ ਦੀ ਵਰਤੋਂ ਕੀਤੀ ਜਾ ਰਹੀ ਹੈ, ਕਾਮਿਆਂ ਦੀ ਘਾਟ ਹੈ, ਖੇਤੀ ਸਮੱਗਰੀ ਹੋਰ ਮਹਿੰਗੀ ਹੁੰਦੀ ਜਾ ਰਹੀ ਹੈ ਅਤੇ ਮੌਸਮ ’ਚ ਤਬਦੀਲੀ ਆ ਰਹੀ ਹੈ, ਜੇ ਨਵੇਂ ਫ਼ਸਲੀ ਚੱਕਰ ਅਪਣਾਉਣੇ ਹਨ ਤਾਂ ਯੋਜਨਾਬੰਦੀ ਬਹੁਤ ਜ਼ਰੂਰੀ ਹੈ। ਯੋਜਨਾ ਬਣਾਉਣ ਤੋਂ ਬਾਅਦ ਇਸ ’ਚ ਸਮੇਂ-ਸਮੇਂ ’ਤੇ ਸੋਧ ਵੀ ਕਰਨੀ ਪਵੇਗੀ ਅਤੇ ਇਹ ਯਕੀਨੀ ਬਣਾਉਣਾ ਪਵੇਗਾ ਕਿ ਸਾਧਨਾਂ ਦੀ ਸਹੀ ਵਰਤੋਂ ਕੀਤੀ ਜਾ ਰਹੀ ਹੈ। ਕੁਦਰਤੀ ਸਰੋਤਾਂ ਦੀ ਸਯੋਗ ਵਰਤੋਂ ਕੀਮਿਆਈ ਖਾਦਾਂ, ਕੀਟਨਾਸ਼ਕਾਂ ਅਤੇ ਸੁਧਰੇ ਬੀਜਾਂ ਦੀ ਸੂਝ-ਬੂਝ ਨਾਲ ਕੀਤੀ ਵਰਤੋਂ ਰਾਹੀਂ ਖੇਤੀ ਤੋਂ ਹੋਣ ਵਾਲੇ ਸ਼ੁੱਧ ਲਾਭ ਨੂੰ ਵਧਾਇਆ ਜਾ ਸਕਦਾ ਹੈ। ਫਿਰ ਖੇਤੀ ’ਚ ਹਿਸਾਬ-ਕਿਤਾਬ ਰੱਖਣਾ ਵੀ ਜ਼ਰੂਰੀ ਹੈ। ਇਸ ਨਾਲ ਕਿਸਾਨ ਘੱਟ ਆਮਦਨ ਵਾਲੇ ਕੰਮਾਂ ਨੂੰ ਤਿਲਾਂਜਲੀ ਦੇ ਕੇ ਅਤੇ ਵਧੇਰੇ ਆਮਦਨ ਵਾਲੀਆਂ ਫ਼ਸਲਾਂ ਨੂੰ ਅਪਣਾ ਕੇ ਖੇਤੀ ਨੂੰ ਲਾਹੇਵੰਦ ਬਣਾ ਸਕਦੇ ਹਨ। ਹਿਸਾਬ-ਕਿਤਾਬ ਰੱਖਣ ਨਾਲ ਗਿਆਨ ’ਚ ਵੀ ਵਾਧਾ ਹੁੰਦਾ ਹੈ, ਜਿਸ ਨਾਲ ਕਿਸਾਨ ਆਪਣੀ ਆਮਦਨ ਵਧਾਉਣ ਸੰਬੰਧੀ ਸੂਝ ਬੂਝ ਨਾਲ ਸੋਚ ਸਕਦੇ ਹਨ। ਕਿਹੜੀ ਫ਼ਸਲ ਦੀ ਕਾਸ਼ਤ ਕਰਨੀ ਹੈ ਅਤੇ ਕਿਹੜੇ ਸਹਾਇਕ ਧੰਦੇ ਅਪਣਾਉਣੇ ਹਨ (ਜਾਂ ਨਹੀਂ), ਵੱਖੋ-ਵੱਖ ਫ਼ਸਲਾਂ ਹੇਠ ਥੱਲੇ ਕਿੰਨਾ-ਕਿੰਨਾ ਰਕਬਾ ਲਿਆਉਣਾ ਹੈ ਅਤੇ ਭੌਂਅ ਪਰਖ ਦੇ ਮੁਤਾਬਿਕ ਕਿਹੜੇ ਖੇਤ ’ਚ ਕਿਹੜੀ ਫ਼ਸਲ ਬੀਜਣੀ ਹੈ, ਅੱਜ ਦੀ ਖੇਤੀ ’ਚ ਇਹ ਸਭ ਕੁਝ ਵਿਚਾਰਨ ਦੀ ਲੋੜ ਹੈ। ਮੰਡੀਕਰਨ ’ਚ ਵੀ ਖੇਤੀ ਵਿਗਿਆਨੀਆਂ ਵਲੋਂ ਕਿਸਾਨਾਂ ਨੂੰ ਲੋੜੀਂਦੀ ਸੇਧ ਦਿੱਤੀ ਜਾਣੀ ਚਾਹੀਦੀ ਹੈ। ਕਿਹੜੀ ਫ਼ਸਲ ਕਿਸ ਵੇਲੇ ਵੇਚੀ ਜਾਏ ਅਤੇ ਕਿਹੜੀ ਫ਼ਸਲ ਭੰਡਾਰ ਕਰਕੇ ਕੁਝ ਸਮੇਂ ਬਾਅਦ ਵੇਚੀ ਜਾਏ, ਇਹ ਸਾਰੀ ਜਾਣਕਾਰੀ ਕਿਸਾਨਾਂ ਨੂੰ ਮਿਲੇ ਤਾਂ ਉਨ੍ਹਾਂ ਦੀ ਆਮਦਨ ’ਚ ਵਾਧਾ ਹੋ ਸਕਦਾ ਹੈ। ਸਭ ਤੋਂ ਜ਼ਰੂਰੀ ਹੈ ਕਿ ਕਿਸਾਨ ਖਾਦਾਂ ਤੇ ਕੀਟਨਾਸ਼ਕਾਂ ਦੀ ਸਹੀ ਤੇ ਸਿਫਾਰਸ਼ਸ਼ੁਦਾ ਮਾਤਰਾ ਹੀ ਪਾਉਣ। ਅੱਜ ਵਧੇਰੇ ਕਿਸਾਨਾਂ ਵਲੋਂ ਕਣਕ ਤੇ ਝੋਨੇ ’ਚ ਸਿਫਾਰਸ਼ ਨਾਲੋਂ ਦੁੱਗਣੀ, ਢਾਈ ਗੁਣਾ ਨਾਟੀਟ੍ਰੋਜਨ ਪਾਈ ਜਾ ਰਹੀ ਹੈ, ਜਿਸ ਨਾਲ ਉਨ੍ਹਾਂ ਦਾ ਖਰਚਾ ਵਧ ਰਿਹਾ ਹੈ ਅਤੇ ਫ਼ਸਲਾਂ ਨੂੰ ਵੀ ਬਿਮਾਰੀਆਂ ਲੱਗ ਰਹੀਆਂ ਹਨ।

ਕਿਸਾਨਾਂ ਨੂੰ ਕਰਜ਼ਾ ਵੀ ਬੜਾ ਸੋਚ ਵਿਚਾਰ ਕੇ ਚੁੱਕਣਾ ਚਾਹੀਦਾ ਹੈ। ਕਈ ਕਿਸਾਨ ਕਰਜ਼ੇ ਦੇ ਬੋਝ ਥੱਲੇ ਦਬ ਕੇ ਖ਼ੁਦਕਸ਼ੀ ਕਰਨ ਦੀ ਨੌਬਤ ਤੱਕ ਪਹੁੰਚ ਜਾਂਦੇ ਹਨ। ਸਹੀ ਢੰਗ ਨਾਲ ਵਿਚਾਰਨ ਦੀ ਲੋੜ ਹੈ ਕਿ ਕਿੰਨੇ ਕਰਜ਼ੇ ਦੀ ਲੋੜ ਹੈ, ਕਿਹੜੀ ਏਜੰਸੀ ਤੋਂ ਕਰਜ਼ਾ ਲਿਆ ਜਾਏ, ਕਿੱਥੇ ਘੱਟ ਸੂਦ ਤੋਂ ਕਰਜ਼ਾ ਮਿਲ ਸਕਦਾ ਹੈ। ਇਸ ਸਭ ਕੁਝ ਸੰਬੰਧੀ ਕਿਸਾਨਾਂ ਨੂੰ ਕਰਜ਼ਾ ਲੈਣ ਤੋਂ ਪਹਿਲਾਂ ਸਾਰੇ ਅਦਾਰਿਆਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ।



# ਕੌਮਾਂ ਬਾਰੇ ਪਹਿਲੀ ਗੰਭੀਰ ਪੁਸਤਕ ਆਈ ਪੰਜਾਬ ਦੇ ਵਿਹੜੇ 'ਚ

## ਇੰਗਲੈਂਡ ਸਥਿਤ ਸਰਦਾਰ ਅਵਤਾਰ ਸਿੰਘ ਹਨ ਪੁਸਤਕ ਦੇ ਲੇਖਕ




- ਕੀ ਹੈ ਸਿੱਖ ਕੌਮ,ਕਿਉਂ ਅਤੇ ਕਿਵੇਂ ਹੈ ਇਹ ਕੌਮ- ਅੰਤਰਰਾਸ਼ਟਰੀ ਪ੍ਰਸੰਗ ਵਿੱਚ ਇਹਨਾਂ ਵੱਡੇ ਸਵਾਲਾਂ ਦੇ ਜਵਾਬ
- ਕਮਿਊਨਿਸਟ ਭਰਾਵਾਂ ਦੀ ਕੌਮ ਬਾਰੇ ਬੇਸਮਝੀ ਅਤੇ ਅਗਿਆਨ ਬਿਰਤੀ ਉੱਤੇ ਪੁਸਤਕ ਵਿੱਚ ਹੈ ਇੱਕ ਵਿਸ਼ੇਸ਼ ਚੈਪਟਰ
- ਆਜ਼ਾਦੀ ਦਾ ਜਜ਼ਬਾ ਰੱਖਣ ਵਾਲੇ ਹਰ ਵਿਅਕਤੀ, ਹਰ ਵਿਦਵਾਨ, ਹਰ ਪਾਰਟੀ ਅਤੇ ਹਰ ਜਥੇਬੰਦੀ ਨੂੰ ਨਵੇਂ ਵਿਚਾਰਾਂ ਨਾਲ ਲੈਸ ਕਰੇਗੀ ਇਹ ਪੁਸਤਕ



ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

ਜਦੋਂ ਆਪਣਾ ਕੋਈ ਇਹ ਕਹੇ ਕਿ ਸਿੱਖ ਇੱਕ ਕੌਮ ਹਨ ਤਾਂ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਖ਼ਾਲਸਾ ਪੰਥ ਦੇ ਚਮਨ ਵਿੱਚ ਕਿੰਨੇ ਫ਼ੁੱਲ ਇੱਕੋ ਸਮੇਂ ਖਿੜ ਗਏ ਹੋਣ ਜਾਂ ਇਉਂ ਵੀ ਲੱਗਦਾ ਹੈ ਕਿ ਭੁੱਲ ਚੁੱਕੇ ਅਤੀਤ ਅਤੇ ਰੁਲਦੇ ਵਰਤਮਾਨ ਦੇ ਵਲਵਲਿਆਂ ਦਾ ਕੋਈ ਸਾਂਝਾ ਦਰਬਾਰ ਲੱਗ ਗਿਆ ਹੋਵੇ ਜਾਂ ਇਹ ਮਹਿਸੂਸ ਹੁੰਦਾ ਹੈ ਜਿਵੇਂ ਰਾਜ ਕਰਨ ਦੀ ਤਮੰਨਾ ਤੇ ਰੀਝ ਦੇ ਜਜ਼ਬੇ ਅਤੇ ਰਾਜ ਦੇ ਖੁਸ ਜਾਣ ਦਾ ਡੂੰਘਾ ਤੇ ਅਕਹਿ ਦਰਦ ਇਕੋ ਵੇਲੇ ਕਿਸੇ ਡੂੰਘੀ ਨੀਂਦ ਵਿੱਚੋਂ ਜਾਗ ਪਿਆ ਹੋਵੇ।

ਕੌਮ ਅਤੇ ਕੌਮਵਾਦ ਦੇ ਸਾਰੇ ਵਿਦਵਾਨ ਆਪਸੀ ਮਤਭੇਦਾਂ ਦੇ ਬਾਵਜੂਦ ਇਹ ਗੱਲ ਮੰਨਦੇ ਹਨ, ਹੈਰਾਨ ਵੀ ਹਨ ਅਤੇ ਇਸ ਸਵਾਲ ਦਾ ਜਵਾਬ ਵੀ ਲੱਭਦੇ ਹਨ ਕਿ ਆਖਰਕਾਰ ਕੌਮ ਸ਼ਬਦ ਨੇ ਸਾਰੀ ਦੁਨੀਆਂ ਨੂੰ ਆਪਣੀ ਬੁੱਕਲ ਵਿੱਚ ਕਿਵੇਂ ਅਤੇ ਕਿਉਂ ਲੈ ਲਿਆ ਹੈ ? ਕੌਮ ਇੱਕ ਇਹੋ ਜਿਹਾ ਸ਼ਬਦ ਬਣ ਚੁੱਕਾ ਹੈ ਜਿਸ ਨੇ ਸਾਰੀਆਂ ਕੋਮਲ ਕਲਾਵਾਂ, ਬਰੀਕ ਤੋਂ ਬਰੀਕ ਜਜ਼ਬੇ, ਆਸਾਂ ਉਮੀਦਾਂ, ਮਾਣ, ਗੌਰਵ, ਅਣਖ, ਗ਼ੈਰਤ, ਨਾਦ, ਸੰਗੀਤ, ਅਹਿਸਾਸ, ਇਛਾਵਾਂ, ਵਫ਼ਾਦਾਰੀਆਂ, ਇਤਿਹਾਸ ਵਿੱਚ ਮਿਲੇ ਜ਼ਖ਼ਮ, ਹਸਰਤਾਂ ਤੇ ਪੀੜਾਂ ਨੂੰ ਆਪਣੇ ਵਿੱਚ ਸਮੋ ਲਿਆ ਹੈ। ਜਦੋਂ ਕੌਮ ਦੀ ਗੱਲ ਕਰਦੇ ਹਾਂ ਤਾਂ ਇਹ ਹੋਰ ਵੀ ਹੈਰਾਨੀ ਹੁੰਦੀ ਹੈ ਕਿ ਕਈ ਹਾਲਤਾਂ ਵਿੱਚ ਤਾਂ ਕੌਮ ਦਾ ਰੁਤਬਾ ਧਰਮ ਨਾਲ ਜੁੜੇ ਸੁੱਚੇ ਜਜ਼ਬਿਆਂ ਤੋਂ ਵੀ ਉੱਚਾ ਸਥਾਨ ਅਖਤਿਆਰ ਕਰ ਲੈਂਦਾ ਹੈ।

ਪਰ ਫ਼ਿਰ ਤੁਸੀਂ ਪੁੱਛੋਗੇ ਕਿ ਆਖਰ ਕੌਮ ਹੈ ਕੀ ? ਕੌਮਵਾਦ ਕਿਸ ਨੂੰ ਕਹਿੰਦੇ ਹਨ ? ਨੇਸ਼ਨ-ਸਟੇਟ ਤੇ ਸਟੇਟ ਨੇਸ਼ਨ ਵਿੱਚ ਬਰੀਕ ਫ਼ਰਕ ਕਿਹੜਾ ਹੈ ? ਫ਼ਿਰ ਤੁਸੀਂ ਇਹ ਸਵਾਲ ਵੀ ਕਰੋਗੇ ਕਿ ਭਾਰਤ ਦੀ ਨੇਸ਼ਨ- ਸਟੇਟ ਦਾ ਮੁਹਾਂਦਰਾ ਕਿਹੋ ਜਿਹਾ ਹੈ ? ਕੀ ਇਹ ਅਣਦਿਸਦੀ ਹਿੰਦੂ ਸਟੇਟ ਹੈ ਜਿਸ ਨੇ ਅਜੇ ਸਾਹਮਣੇ ਆਉਣ ਦੀ ਗੱਲ ਅੱਗੇ ਪਾਈ ਹੋਈ ਹੈ ? ਇਹੋ ਜਿਹੇ ਵੱਡੇ ਅਤੇ ਗੁੰਝਲਦਾਰ ਸਵਾਲਾਂ ਦੇ ਡੂੰਘੇ ਜਵਾਬਾਂ ਦਾ ਸਿਲਸਿਲਾ ਸਾਡੀ ਕੌਮ ਵਿੱਚ ਕਦੇ ਵੀ ਸ਼ੁਰੂ ਨਹੀਂ ਹੋਇਆ।

ਤੁਹਾਨੂੰ ਇਹ ਜਾਣ ਕੇ ਦੁੱਖ ਵੀ ਲੱਗੇਗਾ ਤੇ ਗੁੱਸਾ ਵੀ ਆ ਸਕਦਾ ਹੈ ਕਿ ਸਾਡੀ ਕੌਮ ਦੇ ਵਿਦਵਾਨਾਂ ਵਿੱਚ ਕੌਮ ਬਾਰੇ ਜਾਨਣ ਦੀ ਰਾਜਨੀਤਿਕ ਪਿਆਸ ਕਿਉਂ ਨਹੀਂ ਪੈਦਾ ਹੋਈ ? ਉਦੋਂ ਵੀ ਅਸੀਂ ਵਿਚਾਰਾਂ ਦੀ ਲਹਿਰ ਨਹੀਂ ਚਲਾਈ ਜਦੋਂ ਸਿਰਦਾਰ ਕਪੂਰ ਸਿੰਘ ਨੇ ਅਨੰਦਪੁਰ ਸਾਹਿਬ ਮਤੇ ਦੇ ਪਹਿਲੇ ਪਹਿਰੇ ਵਿੱਚ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸਿੱਖ ਬਾਕਾਇਦਾ ਮਾਨਤਾ ਪ੍ਰਾਪਤ ਇੱਕ ਰਾਜਨੀਤਿਕ ਕੌਮ ਹੈ ਜਿਸ ਦਾ ਆਰੰਭ ਖ਼ਾਲਸਾ ਪੰਥ ਦੇ ਜਨਮ ਨਾਲ ਹੀ ਹੋ ਗਿਆ ਸੀ। ਸਿੱਖ ਪੰਥ ਦੇ ਇਸ ਮਹਾਨ ਦਾਨਸ਼ਵਰ ਵੱਲੋਂ ਸਿਰਜੇ ਇਸ ਇਤਿਹਾਸਿਕ ਮਤੇ ਤੋਂ ਪਿੱਛੋਂ ਵੀ ਕੌਮ ਸ਼ਬਦ ਦੇ ਡੂੰਘੇ ਅਰਥਾਂ ਦੀਆਂ ਡੂੰਘੀਆਂ ਗੱਲਾਂ ਕਿਸੇ ਵੀ ਉੱਚੇ ਪੱਧਰ ਦੀ ਰਾਜਨੀਤਿਕ ਮਹਿਫ਼ਲ ਵਿੱਚ ਨਹੀਂ ਹੋਈਆਂ। ਹਾਂ,ਕੋਈ ਟਾਵਾਂ ਟੱਲਾ ਲੇਖ ਜਾਂ ਕੌਮ ਨਾਲ ਜੁੜੀਆਂ ਜਜ਼ਬਾਤੀ ਕਿਸਮ ਦੀਆਂ ਹਮਦਰਦੀਆਂ ਤੇ ਕੱਚੇ ਪਿੱਲੇ ਬਿਆਨ ਤਾਂ ਜ਼ਰੂਰ ਮਿਲ ਜਾਣਗੇ ਪਰ ਨਿਠ ਕੇ ਇੱਕ ਵੱਡੀ ਡਿਬੇਟ ਕਦੇ ਵੀ ਨਹੀਂ ਹੋਈ।

ਫ਼ਿਰ 1981 ਦਾ ਸਾਲ ਚੜ੍ਹਿਆ ਜਦੋਂ ਇੱਕ ਉੱਘੇ ਅਮਰੀਕਨ ਸਿੱਖ ਸਰਦਾਰ ਗੰਗਾ ਸਿੰਘ ਢਿੱਲੋਂ ਨੇ ਆਲ ਇੰਡੀਆ ਸਿੱਖ ਐਜੂਕੇਸ਼ਨਲ ਕਾਨਫ਼ਰੰਸ ਦੀ 54ਵੀ ਵਰੇਗੰਢ ਦੇ ਮੌਕੇ ਚੰਡੀਗੜ੍ਹ ਵਿੱਚ ਹੋਏ ਇੱਕ ਸਮਾਗਮ ਦੌਰਾਨ ਆਪਣੇ ਪ੍ਰਧਾਨਗੀ ਭਾਸ਼ਨ ਦਿੰਦਿਆਂ ਐਲਾਨ ਕੀਤਾ ਕਿ ਸਿੱਖ ਇੱਕ ਵੱਖਰੀ ਕੌਮ ਹਨ। ਉਸ ਸਮੇਂ ਸਿੱਖਾਂ ਦੇ ਵੱਡੇ ਹਿੱਸੇ ਵਿੱਚ ਕੌਮ ਬਾਰੇ ਜਾਨਣ ਦਾ ਉਤਸ਼ਾਹ ਪੈਦਾ ਜ਼ਰੂਰ ਹੋਇਆ ਪਰ ਗੰਗਾ ਸਿੰਘ ਢਿੱਲੋਂ ਵਿਰੁੱਧ ਇਨਾ ਰੌਲਾ ਪਿਆ, ਇਨਾ ਸ਼ੋਰ ਸ਼ਰਾਬਾ ਹੋਇਆ ਕਿ ਇਹ ਸ਼ੋਰ ਅਸਮਾਨ ਦੀਆਂ ਕੰਧਾਂ ਨਾਲ ਜਾ ਲੱਗਾ ਅਤੇ ਵਿਚਾਰੇ ਗੰਗਾ ਸਿੰਘ ਢਿਲੋਂ ਨੂੰ ਵਾਪਸ ਅਮਰੀਕਾ ਵੱਲ ਤੋਰ ਦਿੱਤਾ ਗਿਆ, ਹਾਲਾਂਕਿ ਉਸ ਨੇ ਅਜੇ ਤਤਕਾਲੀਨ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵੱਲੋਂ ਆਏ ਸੱਦਾ ਪੱਤਰ ਦੇ ਜਵਾਬ ਵਿੱਚ ਮਿਲਣਾ ਸੀ। ਪਰ ਸਾਰੇ ਜਣੇ ਮਿਲਣ ਤੋਂ ਜਵਾਬ ਦੇ ਗਏ। ਉਦੋਂ ਹੀ ਪਤਾ ਲੱਗਾ ਕਿ ਭਾਰਤ ਸਰਕਾਰ ਦੀਆਂ ਨਜ਼ਰਾਂ ਵਿੱਚ ਸਿੱਖ ਕੌਮ ਲਈ 'ਕੌਮ' ਦਾ ਸ਼ਬਦ ਵਰਤਣਾ ਕਿੰਨਾ ਖਤਰਨਾਕ ਹੈ। ਮੈਂ ਇਤਫ਼ਾਕਵਸ ਪੰਜਾਬੀ ਟ੍ਰਿਬਿਊਨ ਲਈ ਉਸ ਕਾਨਫ਼ਰੰਸ ਦੀ ਕਵਰੇਜ ਵੀ ਕੀਤੀ ਸੀ ਅਤੇ ਇਹ ਵੀ ਕਿਹਾ ਸੀ ਕਿ ਕੌਮ ਦੀ ਗੱਲ ਹੁਣ ਦੂਰ ਤੱਕ ਜਾਵੇਗੀ। ਅੱਜ ਭਾਵੇਂ ਹਰ ਕੋਈ ਕੌਮ-ਕੌਮ ਸ਼ਬਦ ਦੀ ਖੁੱਲ ਕੇ ਵਰਤੋਂ ਕਰਦਾ ਹੈ ਤੇ ਸਰਕਾਰਾਂ ਨੂੰ ਵੀ ਬਹੁਤਾ ਫ਼ਰਕ ਨਹੀਂ ਪੈਂਦਾ,ਪਰ ਜਦੋਂ ਤੁਸੀਂ ਕੌਮ ਦੇ ਡੂੰਘੇ ਤੇ ਗਹਿਰ ਗੰਭੀਰ ਅਰਥਾਂ ਦੀ ਨਦੀ ਵਿੱਚ ਤਰਨ ਲੱਗ ਜਾਓਗੇ ਤਾਂ 'ਬੇਗਾਨੇ' ਤੁਹਾਨੂੰ ਉਸੇ ਨਦੀ ਵਿੱਚ ਡਬੋ ਕੇ ਹੀ ਸਾਹ ਲੈਣਗੇ।

ਇੱਕ ਹੋਰ ਦੁੱਖ ਵੀ ਤੁਹਾਡੇ ਨਾਲ ਸਾਂਝਾ ਕਰਨ ਨੂੰ ਦਿਲ ਕਰ ਆਇਆ ਹੈ,ਜਿਸ ਦੁੱਖ ਵਿੱਚ ਰੋਸ, ਗਿਲੇ, ਮਿਹਣੇ ਤੇ ਨਿਹੋਰੇ ਵੀ ਸ਼ਾਮਿਲ ਹਨ। ਸਾਡੀ ਕੌਮ ਦੇ ਪਹਿਲੇ ਤੇ ਦੂਜੇ ਦਰਜੇ ਦੇ ਰਾਜਸੀ ਆਗੂ, ਪ੍ਰਚਾਰਕ ਕਥਾਵਾਚਕ, ਵਿਦਵਾਨ ਅਤੇ ਇਥੋਂ ਤੱਕ ਕਿ ਡੂੰਘੀ ਵਿਦਵਤਾ ਵਿੱਚ ਰੰਗੇ ਬੁੱਧੀਜੀਵੀ ਵੀ ਅਤੇ ਸੁਲਝੇ ਹੋਏ ਪੱਤਰਕਾਰ ਵੀ ਧਾਰਮਿਕ ਤੇ ਰਾਜਨੀਤਿਕ ਜਲਸਿਆਂ ਅਤੇ ਸੈਮੀਨਾਰਾਂ ਵਿੱਚ ਕਦੇ ਹਲੇਮੀ ਰਾਜ, ਕਦੇ ਨਿਹਚਲ ਰਾਜ, ਕਦੇ ਬੇਗਮਪੁਰਾ, ਕਦੇ ਪੂਰਨ ਆਜ਼ਾਦੀ, ਕਦੇ ਕਨਫ਼ੈਡਰੇਸ਼ਨ, ਕਦੇ ਖ਼ਾਲਸਾ ਰਾਜ, ਕਦੇ ਸਿੱਖ ਹੋਮਲੈਂਡ ਵਰਗੀਆਂ ਗੱਲਾਂ ਕਰਦੇ ਹਨ ਤੇ ਇਹੋ ਜਿਹਾ ਰਾਜ ਕਾਇਮ ਕਰਨ ਦੀਆਂ ਇਛਾਵਾਂ ਦਾ ਪ੍ਰਗਟਾਵਾ ਤਾਂ ਕਰਦੇ ਹਨ ਤੇ ਲਗਾਤਾਰ ਕਰਦੇ ਜਾ ਵੀ ਰਹੇ ਹਨ। ਪਰ ਇਹ ਸਾਰਾ ਕਾਫ਼ਲਾ ਸਿੱਖ ਕੌਮ ਦੇ ਰਾਜਨੀਤਿਕ ਨਿਸ਼ਾਨੇ ਬਾਰੇ ਵੱਡਾ ਧੁੰਦਲਕਾ ਫ਼ੈਲਾਉਂਦਾ ਹੈ ਅਤੇ ਜੇਕਰ ਇਹਨਾਂ ਵੀਰਾਂ ਦੀ ਰਾਜਨੀਤਿਕ ਤੇ ਵਿਚਾਰਧਾਰਕ ਫ਼ੋਲਾਫ਼ਰੋਲੀ ਕੀਤੀ ਜਾਵੇ ਤਾਂ ਇਹ ਸਾਰੇ ਥੋੜੇ ਬਹੁਤੇ ਫ਼ਰਕ ਨਾਲ ਭਾਰਤ ਦੇ ਅੰਦਰ ਹੀ ਆਪਣੀ ਰਾਜਨੀਤਿਕ ਹੋਣੀ ਦੀ ਤਲਾਸ਼ ਕਰਦੇ ਹਨ। ਇਹ ਵੀਰ ਉਪਰੋਕਤ ਸ਼ਬਦਾਂ ਦਾ ਵਿਸ਼ਲੇਸ਼ਣ ਤੇ ਵਿਆਖਿਆ ਕਰਦਿਆਂ ਕਦੇ ਵੀ ਹਲੇਮੀ ਰਾਜ ਵਰਗੇ ਵਿਚਾਰਾਂ ਨੂੰ ਕੌਮ ਬਾਰੇ ਚੱਲ ਰਹੀਆਂ ਅੰਤਰਰਾਸ਼ਟਰੀ ਬਹਿਸਾਂ ਨਾਲ ਜੋੜ ਕੇ ਕੋਈ ਸਾਰਥਕ ਦਿਸ਼ਾ ਜਾਂ ਸੇਧ ਨਹੀਂ ਦਿੰਦੇ। ਕਿਉਂ ਸੇਧ ਨਹੀਂ ਦਿੰਦੇ ? ਇਸ ਸਵਾਲ ਦੇ ਵੱਖਰੇ ਵੱਖਰੇ ਜਵਾਬ ਲੱਭਣ ਦੀ ਜ਼ਿੰਮੇਵਾਰੀ ਤੁਸੀਂ ਖੁਦ ਹੀ ਆਪਣੇ ਰਾਜਨੀਤਕ ਮੋਢਿਆਂ ਤੇ ਕਿਉਂ ਨਹੀਂ ਚੁੱਕਦੇ ?

ਪਰ ਹੁਣ ਕੌਮ ਅਤੇ ਕੌਮਵਾਦ ਬਾਰੇ ਅਤੇ ਇਹਨਾਂ ਸ਼ਬਦਾਂ ਨਾਲ ਜੁੜੇ ਹੋਰ ਵਰਤਾਰਿਆਂ ਤੇ ਗੰਭੀਰ ਟਰਮਾਂ ਬਾਰੇ ਅੱਧ ਕੱਚੀਆਂ ਗੱਲਾਂ,ਵੇਲਾ ਵਿਹਾ ਚੁੱਕੀਆਂ ਗੱਲਾਂ ਤੇ ਬਹੀਆਂ ਤਰਬਈਆਂ ਗੱਲਾਂ ਦਾ ਦੌਰ ਖਤਮ ਹੋ ਗਿਆ ਹੈ ਅਤੇ ਅਸੀਂ ਨਵੇਂ ਦੌਰ ਵਿੱਚ ਦਾਖਲ ਹੋ ਰਹੇ ਹਾਂ,ਜਿਸ ਦੀ ਸ਼ੁਰੂਆਤ ਸਰਦਾਰ ਅਵਤਾਰ ਸਿੰਘ ਇੰਗਲੈਂਡ ਨੇ ਆਪਣੀ ਪਲੇਠੀ ਦੀ ਪੁਸਤਕ 'ਸਿੱਖ ਕੌਮਵਾਦ ਦਾ ਸੰਕਲਪ' ਵਿੱਚ ਕੀਤੀ ਹੈ ਤੇ ਇਸੇ ਕਿਤਾਬ ਦੇ ਸਬ-ਹੈਡਿੰਗ ਵਿੱਚ ਐਲਾਨ ਕੀਤਾ ਹੈ ਕਿ 'ਨਾ ਹਮ ਹਿੰਦੂ ਨ ਮੁਸਲਮਾਨ'। ਛੋਟੇ ਜਿਹੇ ਇਸ ਸਿਰਲੇਖ ਵਿੱਚ ਲੇਖਕ ਯਾਦ ਕਰਾਉਂਦਾ ਹੈ ਕਿ ਕੌਮ ਨੂੰ ਇਹ ਅਹਿਸਾਸ ਪਲ ਪਲ ਹੋਣਾ ਚਾਹੀਦਾ ਹੈ ਕਿ ਉਹ ਕੀ ਹਨ ਅਤੇ ਕੀ ਨਹੀਂ ਹਨ ਤਾਂ ਕਿ ਕੋਈ ਦੁਸ਼ਮਣ ਉਹਨਾਂ ਦੀ ਗਲਤ ਵਿਆਖਿਆ ਨਾ ਕਰੇ। ਕੌਮ ਆਪਣੇ ਆਪ ਵਿੱਚ ਇੱਕ ਸਵੈ -ਪਰਿਭਾਸ਼ਿਤ ਸਮੂਹ ਹੈ ਜਾਂ ਦੂਜੇ ਲਫ਼ਜ਼ਾਂ ਵਿੱਚ ਕੌਮ ਆਪਣੀ ਵਿਆਖਿਆ ਖੁਦ ਆਪ ਕਰਦੀ ਹੈ ਅਤੇ ਕਿਸੇ ਬੇਗਾਨੇ ਦੀਆਂ ਪਰੀ ਭਾਸ਼ਾਵਾਂ ਜਾਂ ਵਿਆਖਿਆਵਾਂ ਦੀ ਮੁਥਾਜ ਨਹੀਂ ਹੁੰਦੀ ਬਲਕਿ ਆਪਣੇ ਆਪ ਬਾਰੇ ਖੁਦ ਫ਼ੈਸਲੇ ਕਰਦੀ ਹੈ।

ਪਹਿਲੇ ਦੋ ਕਾਂਡਾਂ ਨੂੰ ਜੇ ਤੁਸੀਂ ਨਿਠ ਕੇ ਅਤੇ ਦੋ ਤਿੰਨ ਵਾਰ ਪੜ੍ਹਨ ਦੀ ਵਿਹਲ ਕੱਢੋਗੇ ਤਾਂ ਤੁਸੀਂ ਕੌਮ ਤੇ ਕੌਮਵਾਦ ਬਾਰੇ, ਕੌਮ ਦੀ ਪਰਿਭਾਸ਼ਾ ਬਾਰੇ ਤੇ ਕੌਮਾਂ ਦੇ ਹੋਂਦ ਵਿੱਚ ਆਉਣ ਤੋਂ ਪਹਿਲਾਂ ਕੌਮਾਂ ਦੀ ਸਥਿਤੀ ਬਾਰੇ ਅਤੇ ਇਸ ਪੱਖ ਤੋਂ ਸੰਸਾਰ ਭਰ ਦੇ ਵਿਦਵਾਨਾਂ ਵਿੱਚ ਕੌਮ ਬਾਰੇ ਟਕਰਾਉਂਦੇ ਤੇ ਮਿਲਦੇ ਜੁਲਦੇ ਭਰਪੂਰ ਵਿਚਾਰਾਂ ਨਾਲ ਲੈਸ ਹੋ ਜਾਓਗੇ। ਤੁਸੀਂ ਕਿਸੇ ਵੀ ਮਹਿਫ਼ਲ ਵਿੱਚ ਸੰਜੀਦਾ ਬਹਿਸ ਕਰਨ ਦੇ ਵੀ ਕਾਬਲ ਹੋਵੋਗੇ ਤੇ ਹੋਰਨਾਂ ਦੇ ਅੰਦਰ ਵੀ ਕੌਮਾਂ ਬਾਰੇ ਜਾਨਣ ਦੀ ਜਗਿਆਸਾ ਪੈਦਾ ਕਰੋਗੇ। ਉਚਾ ਉਡਣ ਦੇ ਖੰਭ ਦੇ ਰਹੀ ਹੈ ਇਹ ਕਿਤਾਬ। ਇਹ ਕਾਂਡ ਪੜ੍ਹਦਿਆਂ ਤੁਹਾਨੂੰ ਸਿੱਖ ਕੌਮ ਦੀ ਵਰਤਮਾਨ ਸਥਿਤੀ ਬਾਰੇ ਆਪਣੇ ਆਪ ਹੀ ਸਮਝ ਆ ਜਾਵੇਗੀ।

ਮੈਂ ਇਸ ਪੁਸਤਕ ਦਾ ਕੋਈ ਅਕਾਦਮਕ ਕਿਸਮ ਦਾ ਰਿਵਿਊ ਨਹੀਂ ਕਰ ਰਿਹਾ ਅਤੇ ਨਾ ਹੀ ਇਸ ਪੁਸਤਕ ਨੂੰ ਗੰਭੀਰ ਊਣਤਾਈਆਂ ਅਤੇ ਕਮਜ਼ੋਰੀਆਂ ਤੋਂ ਸੱਖਣਾ ਦੱਸ ਰਿਹਾ ਹਾਂ। ਇਸ ਕਿਤਾਬ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਹ ਕਿਤਾਬ ਤੁਹਾਡੇ ਅੰਦਰ 'ਪ੍ਰਭੂ ਸੰਪਨ ਸਿੱਖ ਸਟੇਟ' ਦਾ ਇੱਕ ਠੋਸ ਆਧਾਰ ਜ਼ਰੂਰ ਸਥਾਪਿਤ ਕਰ ਦੇਵੇਗੀ ਅਤੇ ਨਾਲ ਹੀ ਕੌਮ ਬਾਰੇ ਅਹਿਸਾਸ ਦਾ ਇੱਕ ਆਲਮ ਵੀ ਸਿਰਜ ਦੇਵੇਗੀ। ਇਹ ਪੁਸਤਕ ਬਹੁਤ ਸਾਰੇ ਉਹਨਾਂ ਭੁਲੇਖਿਆਂ ਨੂੰ ਵੀ ਦੂਰ ਕਰ ਦਵੇਗੀ ਜੋ ਭੁਲੇਖੇ ਸਰਕਾਰਾਂ ਦੇ ਬਿਰਤਾਂਤਾਂ ਵਿੱਚ ਜਾਂ ਸਰਕਾਰ-ਪ੍ਰਸਤ ਵਿਦਵਾਨਾਂ ਦੇ ਬਿਰਤਾਂਤਾਂ ਵਿੱਚ ਜਾਂ ਖੱਬੇ ਪੱਖੀ ਵਿਦਵਾਨਾਂ ਦੇ ਬਿਰਤਾਂਤਾਂ ਵਿੱਚ ਅਕਸਰ ਹੀ ਅਤੇ ਆਸਾਨੀ ਨਾਲ ਲੱਭੇ ਜਾ ਸਕਦੇ ਹਨ।

ਇਹ ਕਿਤਾਬ ਉਹਨਾਂ ਵੀਰਾਂ ਨੂੰ ਵੀ ਸਿਧਮ ਸਿੱਧੀ ਚੁਣੌਤੀ ਹੈ ਜੋ ਅਸਲ ਵਿੱਚ ਪ੍ਰਭੂ ਸੰਪਨ ਸਿੱਖ ਸਟੇਟ ਦੇ ਸੰਕਲਪ ਵੱਲ ਪਿੱਠ ਕਰਕੇ ਬੈਠੇ ਹਨ ਅਤੇ ਉੱਪਰੋਂ ਉੱਪਰੋਂ ਭਾਵੇਂ ਖ਼ਾਲਿਸਤਾਨ ਦੇ ਹੱਕ ਵਿੱਚ ਬੋਲਦੇ ਹਨ ਪਰ ਢਿੱਡੋਂ ਜਾਂ ਲੁਕ ਛਿਪ ਕੇ ਜਾਂ 'ਆਫ਼ ਦੀ ਰਿਕਾਰਡ' ਇਹੋ ਕਹਿੰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ ਪਰ ਕੌਮ ਤੋਂ ਪਾਰ ਦੀ ਕੋਈ ਗੱਲ ਹੈ। ਜਾਂ ਇਹ ਕਹਿਣਗੇ ਪਈ ਸਿੱਖ ਤਾਂ ਸਮੁੱਚੇ ਬ੍ਰਹਿਮੰਡ ਦੇ ਹਾਣੀ ਹਨ ਅਤੇ ਹੁਣ ਉਹ ਵੀਰ ਆਪਣੀਆਂ ਸਰਗਰਮੀਆਂ ਕਰਦਿਆਂ ਇਥੋਂ ਤੱਕ ਚਲੇ ਗਏ ਹਨ ਕਿ ਸਿੱਖਾਂ ਦੇ ਮੁਲਕ ਦੀਆਂ ਕੋਈ ਹੱਦਾਂ ਹੀ ਨਹੀਂ ਹੋ ਸਕਦੀਆਂ। ਇਹਨਾਂ ਵੀਰਾਂ ਦੀ ਵਿਹਾਰਕ ਸਿਆਸਤ ਤੋਂ ਸੱਖਣੀ 'ਬ੍ਰਹਿਮੰਡੀ ਗਲਵੱਕੜੀ' ਨੂੰ ਵੀ ਲੇਖਕ ਨੇ ਆਲੋਚਨਾ ਦੇ ਘੇਰੇ ਵਿੱਚ ਰੱਖਿਆ ਹੈ। ਇਉਂ ਲੱਗਦਾ ਹੈ ਕਿ ਇਹ ਬ੍ਰਹਿਮੰਡੀ ਗਲਵੱਕੜੀ ਦੀ ਸਰਗਰਮੀ ਓੜਕ ਨੂੰ ਭਾਰਤੀ ਸਟੇਟ ਵਿੱਚ ਹੀ ਆਪਣੀ ਥਾਂ ਤਲਾਸ਼ ਕਰ ਰਹੀ ਹੈ ਜੋ ਕਈ ਕਾਰਨਾਂ ਕਰਕੇ ਅਜੇ ਅਣਦਿਸਦੀ ਰੱਖੀ ਗਈ ਹੈ।

ਹੋਰ ਗੱਲ। ਇਹ ਪੁਸਤਕ ਸੁਣੀਆਂ ਸੁਣਾਈਆਂ ਗੱਲਾਂ ਉੱਤੇ ਅਧਾਰਤ ਨਹੀਂ,ਸਗੋਂ ਠੋਸ ਦਲੀਲਾਂ ਅਤੇ ਹਵਾਲਿਆਂ ਨਾਲ ਸਿੱਧ ਕਰਦੀ ਹੈ ਕਿ ਸਿੱਖ ਪੰਥ ਨੇ ਜੇ ਇੱਕ ਸੰਪੂਰਨ ਕੌਮ ਬਣਨਾ ਹੈ ਤਾਂ ਉਸ ਲਈ ਪ੍ਰਭੂ ਸੰਪਨ ਸਟੇਟ ਕਾਇਮ ਕਰਨੀ ਜ਼ਰੂਰੀ ਹੈ। ਜਦੋਂ ਕੌਮ ਸੰਪੂਰਨ ਹੋ ਜਾਂਦੀ ਹੈ ਤਾਂ ਸਟੇਟ ਅਤੇ ਕੌਮ ਦਾ ਫ਼ਰਕ ਮਿਟ ਜਾਂਦਾ ਹੈ ਅਤੇ ਕੌਮ ਪੂਰੀ ਤਰ੍ਹਾਂ ਇੱਕ ਰੂਹਾਨੀ ਵਰਤਾਰਾ ਬਣ ਜਾਂਦੀ ਹੈ। ਲੇਖਕ ਸਿੱਖ ਸਟੇਟ ਦੀ ਰੂਪਰੇਖਾ ਨੂੰ ਵੀ ਕੁਝ ਇਸ ਤਰਾਂ ਹੀ ਦੇਖਦਾ ਹੈ। ਲੇਖਕ ਸ਼ਾਇਦ ਇਹ ਕਹਿਣਾ ਚਾਹੁੰਦਾ ਹੈ ਕਿ ਜਦੋਂ ਕੌਮ ਇੱਕ ਰੂਹਾਨੀ ਵਰਤਾਰਾ ਬਣ ਕੇ ਉਸਰਦੀ ਹੈ ਤਾਂ ਉਸ ਵੱਲੋਂ ਉਸਾਰੀ ਸਟੇਟ ਵਿੱਚ ਕਿਸੇ ਵੀ ਤਸ਼ਦਦ,ਕਤਲੇਆਮ ਜਾਂ ਅਣਮਨੁੱਖੀ ਸਰਗਰਮੀ ਦਾ ਕੋਈ ਤਰਕ ਹੀ ਨਹੀਂ ਰਹਿ ਜਾਂਦਾ। ਵੈਸੇ ਸਾਡੇ ਸੁਪਨਿਆਂ ਦੀ ਸਿੱਖ ਸਟੇਟ ਵਿੱਚ ਇਹੋ ਜਿਹੇ ਤੱਤ ਜ਼ਰੂਰ ਹੋਣੇ ਚਾਹੀਦੇ ਹਨ।

1984 ਦੇ ਦਰਬਾਰ ਸਾਹਿਬ ਦੇ ਸਾਕੇ ਪਿੱਛੋਂ ਜਿਨਾਂ ਨੇ ਪੰਜਾਬੀ ਕੌਮ ਦਾ ਸੰਕਲਪ ਠੇਲਿਆ, ਲੇਖਕ ਉਹਨਾਂ ਨੂੰ ਵੀ ਭਟਕੇ ਹੋਏ ਇਤਿਹਾਸਕਾਰ ਅਤੇ ਮੌਕਾਪਰਸਤ ਖੁਦਗਰਜ਼ ਵਿਦਵਾਨ ਆਖਦਾ ਹੈ ਜੋ ਕਈ ਕਿਸਮ ਦੀਆਂ ਵਿਆਖਿਆਵਾਂ ਪਰਨਾਲੀਆਂ ਰਾਹੀਂ ਇਹ ਸਿੱਧ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਸਿੱਖ ਇੱਕ ਕੌਮ ਨਹੀਂ ਹਨ, ਮਹਿਜ਼ ਇੱਕ ਭਾਈਚਾਰਾ ਹੀ ਹੈ। ਲੇਖਕ ਪ੍ਰਸਿੱਧ ਯਹੂਦੀ ਵਿਦਵਾਨ ਸਾਈਮਨ ਡੁਬਨਾਓ ਦੇ ਸਿਧਾਂਤ ਨੂੰ ਸਿੱਖ ਪ੍ਰਸੰਗ ਵਿੱਚ ਰੱਖ ਕੇ ਇਹ ਐਲਾਨ ਕਰ ਰਿਹਾ ਹੈ ਕਿ ਸਿੱਖਾਂ ਦੀ ਕੌਮੀਅਤ ਧਰਮ ਦੇ ਗਿਲਾਫ਼ ਵਿੱਚ ਲਪੇਟੀ ਹੋਈ ਹੈ ਅਤੇ ਧਰਮ ਤੋਂ ਬਿਨਾਂ ਸਿੱਖ ਕੌਮ ਦਾ ਤਸਵਰ ਵੀ ਨਹੀਂ ਕੀਤਾ ਜਾ ਸਕਦਾ। ਜਿਹੜੇ ਅਜਿਹਾ ਕਰਨ ਦੀ ਹਿਮਾਕਤ ਕਰ ਰਹੇ ਹਨ, ਉਹ ਡੁਬਨਾਓ ਦੇ ਸ਼ਬਦਾਂ ਵਿੱਚ ਸਿੱਖ ਧਰਮ ਦੀ ਸਰਬਉੱਚਤਾ 'ਤੇ ਸਵਾਲ ਚੁੱਕ ਰਹੇ ਹਨ।

ਕੀ ਕੋਈ ਕੌਮ 'ਸਟੇਟ' ਤੋਂ ਬਿਨਾਂ ਵੀ ਬਚ ਸਕਦੀ ਹੈ ? ਅਵਤਾਰ ਸਿੰਘ ਮੁਤਾਬਕ ਬਚ ਸਕਦੀ ਹੈ ਬਸ਼ਰਤੇ ਉਹ ਕੌਮ ਆਪਣੇ ਅੰਦਰੂਨੀ ਖੋਰੇ ਨੂੰ ਖਤਮ ਕਰੇ ਤੇ ਜਾਂਬਾਜ਼ ਸੂਰਮਿਆਂ ਅਤੇ ਆਪਣੇ ਗੁਰੂਆਂ, ਪਵਿੱਤਰ ਸੰਤ ਪੁਰਸ਼ਾਂ ਦੀ ਰਹਿਨੁਮਾਈ ਥੱਲੇ ਕੰਮ ਕਰੇ। ਇਸ ਦਿਸ਼ਾ ਵਿੱਚ ਉਸ ਨੂੰ ਆਪਣੇ ਨਿਆਰੇ ਕੌਮੀ ਮਿਥਾਂ ਦੀ ਯਾਦ ਨੂੰ ਹਰ ਸਮੇਂ ਆਪਣੇ ਦਿਲ ਵਿੱਚ ਸਾਂਭ ਕੇ ਰੱਖਣਾ ਚਾਹੀਦਾ ਹੈ। ਇਹ ਨਿਸ਼ਾਨ ਉਸ ਕੌਮ ਨੂੰ ਬਾਕੀ ਦੀਆਂ ਕੌਮਾਂ ਨਾਲੋਂ ਵੱਖਰਾ ਦਰਸਾਉਂਦੇ ਹਨ। ਇਸ ਸਬੰਧ ਵਿੱਚ ਨਿਆਰੇ ਬੋਲ ਬਾਲੇ, ਇਸ ਦੇ ਨਿਸ਼ਾਨ, ਭਾਸ਼ਾ, ਪਹਿਰਾਵਾ, ਅਤੇ ਇਥੋਂ ਤੱਕ ਲਹਿਲਹਾਉਂਦੇ ਖੇਤ, ਝਰਨੇ, ਨਦੀਆਂ, ਟੋਭੇ, ਪਹਾੜ, ਪੱਗਡੰਡੀਆਂ, ਸੂਏ, ਨਹਿਰਾਂ, ਕਸੀਆਂ, ਕਿਲੇ, ਬੁੰਗੇ, ਹਵੇਲੀਆਂ, ਢੱਠੀਆਂ ਹੋਈਆਂ ਇਮਾਰਤਾਂ, ਖੰਡਰ, ਯਾਦਾਂ ਵਿੱਚ ਇੱਕ ਤਰ੍ਹਾਂ ਨਾਲ ਇਲਾਹੀ ਚਿੰਨ ਬਣ ਜਾਂਦੇ ਹਨ।

ਕਈ ਵਾਰ ਕੌਮਾਂ ਲੰਮੇ ਸਮੇਂ ਲਈ ਕੌਮੀ ਜਜ਼ਬੇ ਦੀ ਇਹੋ ਜਿਹੀ ਉਦਾਸ ਹਾਲਤ ਵਿੱਚੋਂ ਵੀ ਲੰਘਦੀਆਂ ਹਨ ਜਿਸ ਨੂੰ ਇੱਕ ਵਿਦਵਾਨ ਡੌਰਨ ਮੈਂਡਰਜ਼ ਅਧਸੁਤੀ ਭਾਵਨਾ ਜਾਂ ਪੈਸਵ ਨੈਸ਼ਨਲਿਜ਼ਮ ਵੀ ਕਹਿੰਦਾ ਹੈ। ਕਈ ਵਾਰ ਕੌਮ ਜਾਂ ਕੌਮਵਾਦ ਇਤਿਹਾਸਿਕ ਝਟਕਿਆਂ ਨਾਲ ਵੀ ਜਾਗਦਾ ਹੈ ?। ਮਿਸਾਲ ਵਜੋਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਇਹੋ ਜਿਹਾ ਹੀ ਇੱਕ ਇਤਿਹਾਸਿਕ ਝਟਕਾ ਸੀ ?। ਅਵਤਾਰ ਸਿੰਘ ਕੌਮਵਾਦੀ ਜਜ਼ਬੇ ਬਾਰੇ ਅਰਥ ਭਰਪੂਰ ਟਿੱਪਣੀ ਕਰਦੇ ਹਨ ਕਿ ਕੌਮਾਂ ਵਿੱਚ ਕੌਮਵਾਦੀ ਜਜ਼ਬਾ ਬੇਸ਼ਕ ਕੁਝ ਸਮੇਂ ਲਈ ਮੱਠਾ ਪੈ ਜਾਵੇ,ਪਰ ਉਸ ਦੀ ਮੌਤ ਕਦੇ ਵੀ ਨਹੀਂ ਹੁੰਦੀ। ਜਦੋਂ ਵੀ ਕੌਮ ਉੱਤੇ ਕੋਈ ਵੱਡਾ ਬਾਹਰੀ ਹਮਲਾ ਜਾਂ ਸਿਧਾਂਤਕ ਹਮਲਾ ਹੁੰਦਾ ਹੈ ਤਾਂ ਕੌਮ ਫ਼ਿਰ ਆਪਣੇ ਪੁਰਖਿਆਂ ਤੋਂ ਪ੍ਰੇਰਨਾ ਲੈ ਕੇ ਆਜ਼ਾਦੀ ਦਾ ਸੰਘਰਸ਼ ਸ਼ੁਰੂ ਕਰ ਦਿੰਦੀ ਹੈ। ਅਸਲ ਵਿੱਚ ਸਿੱਖ ਕੌਮ ਵੀ ਅੱਜ ਕੱਲ ਕੁਝ ਇਸ ਤਰ੍ਹਾਂ ਦੀ ਹੀ ਹਾਲਤ ਵਿੱਚੋਂ ਲੰਘ ਰਹੀ ਹੈ। ਜੇ ਕਿਸੇ ਕੌਮ ਨੇ ਸਦ-ਜਾਗਤ ਅਵਸਥਾ ਵਿੱਚ ਰਹਿਣਾ ਹੈ ਤਾਂ ਉਸ ਨੂੰ ਅੰਦਰੂਨੀ ਤੇ ਬਾਹਰੀ ਸੁਰੱਖਿਆ ਕਵਚ ਮਜ਼ਬੂਤ ਰੱਖਣੇ ਚਾਹੀਦੇ ਹਨ। ਇਹਨਾਂ ਕਵਚਾਂ ਦੀ ਪੁਸਤਕ ਵਿੱਚ ਵਿਆਖਿਆ ਕੀਤੀ ਗਈ ਹੈ।

ਕਾਮਰੇਡ ਭਰਾ ਕੌਮਾਂ ਨੂੰ ਕਿਵੇਂ ਵੇਖਦੇ ਹਨ ? ਕਿਤਾਬ ਦੇ 32 ਪੰਨੇ ਇਸੇ ਵਿਸ਼ੇ 'ਤੇ ਨਿਠ ਕੇ ਬਹਿਸ ਕਰਦੇ ਹਨ। ਮੈਨੂੰ ਲੱਗਦਾ ਕਿ ਇਹ ਕਾਂਡ ਪੰਜਾਬ ਦੇ ਕਮਿਊਨਿਸਟ ਭਰਾਵਾਂ ਵਿੱਚ ਦਿਲਚਸਪ ਬਹਿਸ ਦਾ ਕੇਂਦਰ ਬਣੇਗਾ ਕਿਉਂਕਿ ਅਵਤਾਰ ਸਿੰਘ ਨੇ ਮਾਰਕਸ, ਏਂਗਲਜ਼, ਮਾਓ ਜ਼ੇ ਤੁੰਗ ਅਤੇ ਸਟਾਲਨ ਦੇ ਹਵਾਲਿਆਂ ਨਾਲ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਇਹਨਾਂ ਰਾਜਸੀ ਵਿਦਵਾਨਾਂ ਨੇ ਅਜਿਹਾ ਕੋਈ ਬਝਵਾਂ ਯਤਨ ਨਹੀਂ ਕੀਤਾ ਜਿਸ ਤੋਂ ਇਹਨਾਂ ਸਿਧਾਂਤਕਾਰਾਂ ਦੀ ਕੌਮੀ ਸਵਾਲ ਬਾਰੇ ਕਿਸੇ ਸਿਆਣਪ ਦਾ ਮੁਜ਼ਾਹਰਾ ਹੁੰਦਾ ਹੋਵੇ। ਲੇਖਕ ਵਿਅੰਗ ਕਰਦਾ ਹੈ ਕਿ ਕਮਿਊਨਿਸਟ ਕੌਮ ਤੇ ਕੌਮਵਾਦ ਨੂੰ ਆਪਣੇ ਮਾਰਕਸਵਾਦੀ ਹਿੱਤਾਂ ਲਈ ਅਤੇ ਸੇਵਾ ਲਈ ਵਰਤਣ ਦੀ ਸਿਆਸੀ ਜਾਚ ਤੇ ਜੁਗਤ ਬਹੁਤ ਜਲਦੀ ਸਿੱਖ ਗਏ ਹਨ, ਜਦਕਿ ਲੇਖਕ ਇਸ ਕਾਂਡ ਦੇ ਸ਼ੁਰੂ ਵਿੱਚ ਹੀ ਇਹ ਫ਼ੈਸਲਾ ਸੁਣਾ ਦਿੰਦਾ ਹੈ ਕਿ ਕੌਮਵਾਦ ਅਤੇ ਮਾਰਕਸਵਾਦ ਸਿਧਾਂਤਕ ਅਤੇ ਫ਼ਲਸਫ਼ੇ ਦੇ ਤੌਰ ਤੇ ਬੇਮੇਲ ਹਨ ? ਇਸ ਲੇਖ ਵਿੱਚ ਲੇਖਕ ਨੇ ਆਪਣੇ ਵਿਚਾਰਾਂ ਦੀ ਪੁਸ਼ਟੀ ਲਈ 60 ਹਵਾਲੇ ਦਿੱਤੇ ਹਨ ਤੇ ਕਰੀਬ 18 ਵਿਦਵਾਨਾਂ ਦੀਆਂ ਲਿਖਤਾਂ ਨੂੰ ਚੰਗੀ ਤਰ੍ਹਾਂ ਘੋਖਿਆ ਹੈ, ਏਂਗਲਜ਼ ਦੀਆਂ ਕੁਝ ਚਿੱਠੀਆਂ ਦਾ ਵੀ ਜ਼ਿਕਰ ਕੀਤਾ ਗਿਆ ਹੈ। ਵੈਸੇ ਕਿਤਾਬ ਦੇ 17 ਕਾਂਡਾਂ ਵਿੱਚ ਵੀ ਹਰ ਕਾਂਡ ਵਿੱਚ ਜਿਨਾਂ ਕਿਤਾਬਾਂ ਦੇ ਹਵਾਲੇ ਦਿੱਤੇ ਗਏ ਹਨ, ਉਹ ਕਿਤਾਬਾਂ ਲੇਖਕ ਨੇ ਨਾ ਕੇਵਲ ਪੜ੍ਹੀਆਂ ਹਨ ਸਗੋਂ ਉਹਨਾਂ ਦੇ ਵਿਚਾਰਾਂ ਨੂੰ ਆਪਣੇ ਅੰਦਰ ਵਸਾਉਣ ਅਤੇ ਰਚਾਉਣ ਪਿੱਛੋਂ ਹੀ ਆਪਣੇ ਵਿਚਾਰਾਂ ਨੂੰ ਉਸਨੇ ਮੌਲਿਕ ਸ਼ਕਲ ਦਿੱਤੀ। ਅਸੀਂ ਹੋਰਨਾਂ ਧਰਮਾਂ, ਕੌਮਾਂ ਤੇ ਸੱਭਿਆਚਾਰਾਂ ਨਾਲੋਂ ਵੱਖਰੇ ਕਿਵੇਂ ਹਾਂ, ਇਸ ਸਬੰਧ ਵਿੱਚ ਵੀ ਲੇਖਕ ਨੇ ਇੱਕ ਵਿਸ਼ੇਸ਼ ਕਾਂਡ ਪੇਸ਼ ਕੀਤਾ ਹੈ।

ਹਰ ਕਾਂਡ ਵਿੱਚ ਕੌਮ ਤੇ ਕੌਮਵਾਦ ਬਾਰੇ ਵਿਚਾਰ ਪੇਸ਼ ਕਰਦਿਆਂ ਲੇਖਕ ਬਹੁਤ ਦੁਹਰਾਓ ਕਰਦਾ ਹੈ, ਪਰ ਸ਼ਾਇਦ ਇਸ ਲਈ ਕਿ ਯੂਨੀਵਰਸਿਟੀਆਂ ਦੇ ਵਿਦਿਆਰਥੀ ਤੇ ਹੋਰ ਸਿੱਖ ਵਿਦਵਾਨਾਂ ਅੰਦਰ ਇਸ ਅਹਿਮ ਤੇ ਅਣਗੌਲੇ ਵਿਸ਼ੇ ਬਾਰੇ ਹੋਰ ਕਿਤਾਬਾਂ ਪੜ੍ਹਨ, ਸੋਚਣ ਤੇ ਮਹਿਸੂਸ ਕਰਨ ਦਾ ਇੱਕ ਮਾਹੌਲ ਪੈਦਾ ਹੋਵੇ।

(ਬਾਕੀ ਸਫ਼ਾ 31 'ਤੇ)

# ਇਨਕਲਾਬੀ ਸੰਤ ਗੁਰੂ ਰਵਿਦਾਸ ਜੀ

ਜਗਦੀਸ਼ ਸਿੰਘ ਚੋਹਕਾ

ਗੁਰੂ ਰਵਿਦਾਸ ਜੀ ਦੇ ਫ਼ਲਸਫ਼ੇ ਨੂੰ ਸਮਝਣ ਲਈ ਉਨ੍ਹਾਂ ਦੇ ਇੱਕ ਪਦ ਪ੍ਰਤੀ ਸਮਝ ਬਣਾ ਕੇ ਉਨ੍ਹਾਂ ਦੇ ਸਿਧਾਂਤਕ ਵਿਚਾਰਾਂ ਰਾਹੀਂ ਮਨੁੱਖਤਾ ਨੂੰ ਵੀ ਸਮਝ ਸਕਦੇ ਹਾਂ। ਜੋ ਅੱਗੇ ਸਮਾਜ ਅੰਦਰ ਦਲਿਤ ਚੇਤਨਾ ਲਈ ਹਲੂਣਾ ਦਿੰਦਾ ਹੈ।

ਰੇ ਚਿਤ ਚੇਤਿ ਅਚੇਤ ॥
ਕਾਹੇ ਨ ਬਾਲਮੀਕਹਿ ਦੇਖ ॥
ਕਿਸੁ ਜਾਤਿ ਤੇ ਕਿਹ ਪਦਹਿ ਆਮਰਿਓ
ਰਾਮ ਭਗਤਿ ਬਿਸੇਖ ॥

ਇਸ ਲਈ ਸਾਨੂੰ ਸੰਤ ਗੁਰੂ ਰਵਿਦਾਸ ਜੀ ਨੇ 13ਵੀਂ ਸਦੀ ਦੇ 7ਵੇਂ ਦਹਾਕੇ ਦੇ ਅੰਤ ਵਿੱਚ ਹੀ ਮਨੁੱਖੀ ਰਿਸ਼ਤਿਆਂ ਸਬੰਧੀ ਜਾਣੂ ਕਰਵਾ ਦਿਤਾ ਸੀ। ਇਸ ਲਈ ਅੱਜ ਸਾਨੂੰ ਦਲਿਤ ਚੇਤਨਾ ਨੂੰ ਸਮਾਜਕ ਚੇਤਨਾ ਦੇ ਸੰਦਰਭ ਅੰਦਰ ਦੇਖਣਾ ਪਏਗਾ ਤਾਕਿ ਇਸ ਲੋਟੂ ਸਮਾਜ ਅੰਦਰ ਅਖੌਤੀ ਸ਼ੂਦਰ ਸਮਾਜ ਅਪਣੇ ਮਨੁੱਖੀ ਹੱਕ ਦੀ ਪ੍ਰਾਪਤੀ ਲਈ ਕਿਰਤੀ ਸੰਘਰਸ਼ ਵਜੋਂ ਜਾਗਰੂਕ ਹੋ ਕੇ ਉਸ ਨੂੰ ਮੁਕਤੀ ਕਿਵੇਂ ਮਿਲ ਸਕਦੀ ਹੈ?

ਮੱਧਕਾਲ ਅੰਦਰ ਸ਼ੁਰੂ ਹੋਈ ਭਗਤੀ ਲਹਿਰ ਦੇ ਭਾਰਤੀ ਫ਼ਲਸਫ਼ੇ ਦੇ ਪ੍ਰਭਾਵਾਂ ਅੰਦਰ ਭਗਤ ਰਵਿਦਾਸ ਜੀ ਪਹਿਲੇ ਅਜਿਹੇ ਸਮਾਜਕ ਚਿੰਤਕ ਸਨ ਜਿਨ੍ਹਾਂ ਨੇ ਸਮਾਜ ਅੰਦਰ ਪਸਰੀਆਂ ਸਮਾਜਕ, ਆਰਥਿਕ ਅਤੇ ਸੱਭਿਆਚਾਰਕ ਖੇਤਰ ਅੰਦਰ ਬੇਨੇਮੀਆਂ, ਜਾਤ-ਪਾਤ, ਛੂਆ-ਛਾਤ, ਅਨਿਆਏ ਅਤੇ ਲੁੱਟ-ਖਸੁੱਟ ਵਿਰੁੱਧ ਅਪਣੀ ਬਹਿਸ, ਦਲੀਲਬਾਜ਼ੀ ਤੇ ਵਿਚਾਰ-ਚਰਚਾ ਰਾਹੀਂ ਭਾਰਤੀ ਦਰਸ਼ਨ ਅੰਦਰ ਅਪਣੀ ਵਿਚਾਰਧਾਰਾ ਨੂੰ ਪੇਸ਼ ਕੀਤਾ। ਭਾਵੇਂ ਭਾਰਤ ਅੰਦਰ ਪਛਮੀ ਤਰਜ਼ ਦੀ ਗ਼ੁਲਾਮਦਾਰੀ ਪ੍ਰਥਾ ਤਾਂ ਨਹੀਂ ਸੀ, ਪਰ ਇਸ ਦਾ ਰੂਪ ਦਾਸ-ਪ੍ਰਥਾ ਜੋ ਜਾਤ-ਪਾਤ ਅਤੇ ਛੂਆ-ਛਾਤ ਦੇ ਰੂਪ 'ਚ ਸੀ, 'ਜਿਸ ਅੰਦਰ ਕਿਰਤ ਨੂੰ ਅਪਣੇ ਹੱਥੀਂ ਕਰਨ ਦੀ ਥਾਂ ਦਾਸਾਂ ਰਾਹੀਂ (ਦੂਜਿਆਂ ਤੋਂ) ਕਰਵਾਇਆ ਜਾਂਦਾ ਸੀ। ਇਸ ਪਰਜੀਵੀਪੁਣੇ ਦੇ ਤਰਕ ਦੀ ਸਥਾਪਤੀ ਵਿਰੁਧ ਭਗਤ ਰਵਿਦਾਸ ਜੀ ਨੇ ਸਮਾਜਕ ਬਰਾਬਰੀ ਲਈ ਵਿਲੱਖਣ ਜੋਤ ਆਪਣੇ ਹੱਥਾਂ 'ਚ ਫੜ ਕੇ ਉਚੇਰੇ ਸਮਾਜ ਵੱਲੋਂ ਜੋ ਅਖੌਤੀ ਨੀਵੇਂ ਸਮਾਜ ਪ੍ਰਤੀ ਜੁਗਾਂ-ਜੁਗਾਂਤਰਾਂ ਤੋਂ ਫੈਲਾਏ ਘਿਰਣਾ, ਸ਼ੋਸ਼ਣ, ਲੁੱਟ-ਖਸੁੱਟ ਅਤੇ ਮਨੂੰਵਾਦੀ ਵਰਣ ਸੀ, ਵਿਰੁਧ ਅਲਖ ਜਗਾਈ।

ਬ੍ਰਹਮਨ ਬੈਸ ਸੂਦ ਅਰੁ ਖ੍ਯ੍ਤ੍ਰੀ,
ਡੋਮ ਚੰਡਾਰ, ਮਲੇਛ ਮਨ ਸੋਇ ॥
ਹੋਇ ਪੁਨੀਤ ਭਗਵੰਤ ਭਜਨ ਤੇ,
ਆਪ ਤਾਰਿ ਤਾਰੇ ਕੁਲ ਦੋਇ ॥
(ਗੁਰੂ ਗ੍ਰੰਥ ਸਾਹਿਬ ਪੰਨਾ 585)

ਸੰਤ ਗੁਰੂ ਰਵਿਦਾਸ ਜੀ ਨੇ ਉਸ ਵੇਲੇ ਦੇ ਭਾਰਤੀ ਸਮਾਜ ਨੂੰ ਜੋ ਹਿੱਸਿਆਂ ਵਿੱਚ ਵੰਡਿਆ ਹੋਇਆ ਸੀ, ਨੂੰ ਬੜੀ ਬਰੀਕੀ ਨਾਲ ਦੇਖਿਆ ਤੇ ਪਛਾਣਿਆ। ਇਹ ਸਮਾਜ ਜੋ ਹਾਕਮਾਂ ਵੱਲੋਂ ਦੋ ਧੜਿਆਂ 'ਚ ਇੱਕ ਉੱਚੇ-ਸਵਰਨ, ਕੁਲੀਨ ਤੇ ਸ਼ੋਸ਼ਨ-ਵਰਗ ਦਾ ਅਤੇ ਦੂਜਾ ਨੀਵਾਂ-ਤ੍ਰਿਸਕਾਰਿਆ, ਲਤਾੜਿਆ ਤੇ ਸ਼ੋਸ਼ਿਤ ਵਰਗ ਦਾ ਸੀ ਜੋ ਇਹ ਕੋਈ ਰੱਬੀ ਜਾਂ ਖ਼ੁਦਾਈ ਫ਼ੁਰਮਾਨ ਕਰ ਕੇ ਵੀ ਨਹੀਂ ਸੀ ਸਗੋਂ ਇਸ ਨੂੰ ਕਾਣੀ ਵੰਡ ਦਾ ਕਾਰਨ ਦਸਿਆ। ਇਸ ਸਮਾਜਕ ਤੇ ਆਰਥਕ ਅਨਿਆਏ ਵਿਰੁਧ ਗੁਰੂ ਜੀ ਨੇ ਹਾਅ ਦਾ ਨਾਹਰਾ ਲਾਇਆ।

ਬੇਗਮਪੁਰਾ ਸਹਰ ਕੋ ਨਾਉ ॥
ਦੁਖ ਅੰਦੋਹ ਨਹੀਂ ਤਿਹਿ ਠਾਉ ॥

ਸੰਤ ਗੁਰੂ ਰਵਿਦਾਸ ਜੀ ਭਗਤੀ ਲਹਿਰ ਵੇਲੇ ਪਹਿਲੇ ਸਮਾਜਕ ਚਿੰਤਕ ਸਨ ਜਿਨ੍ਹਾਂ ਨੇ ਗਿਆਰਵੀਂ ਸਦੀ ਸਮੇਂ ਭਾਰਤ ਅੰਦਰ ਜੋ ਇਸਲਾਮ ਦੇ ਪ੍ਰਵੇਸ਼ ਕਾਰਨ ਹਿੰਦੂ ਧਰਮ ਨੂੰ ਪੈਦਾ ਹੋਏ ਖ਼ਤਰੇ ਨੇ ਹਿੰਦੂ-ਮੁਸਲਮਾਨਾਂ ਦੋਹਾਂ ਧਰਮਾਂ ਅੰਦਰ ਆਪਸੀ ਵਿਸ਼ਵਾਸ਼ ਅੰਦਰ ਕੁੜੱਤਣ ਪੈਦਾ ਹੋ ਗਈ ਸੀ, ਨੂੰ ਬਹਾਲ ਕਰਨ ਲਈ ਪਹਿਲ ਕਦਮੀ ਕੀਤੀ। ਪਰ ਭਗਤੀ ਲਹਿਰ ਜਿੱਥੇ ਇਸਲਾਮ ਦੇ ਖ਼ਤਰੇ ਨੂੰ ਘਟਾਅ ਰਹੀ ਸੀ ਉਥੇ ਬ੍ਰਾਹਮਣਾਂ ਦੇ ਜ਼ੁਲਮ ਤੇ ਜਾਤ-ਪਾਤ ਵਿਰੁੱਧ ਵੀ ਲੋਕਾਂ ਅੰਦਰ ਸਮਾਨਤਾ ਦੇ ਅਸੂਲਾਂ ਦਾ ਉਪਦੇਸ਼ ਦਿਤਾ ਜਾ ਰਿਹਾ ਸੀ ਤਾਂਕਿ ਹਿੰਦੂ ਧਰਮ ਨੂੰ ਉਸ ਦੇ ਔਗੁਣਾਂ ਤੋਂ ਪਾਕਿ ਕੀਤਾ ਜਾਵੇ ਕਿ ਉਸ ਨੂੰ ਇਸਲਾਮਕ ਅਤਿਆਚਾਰ ਸਹਿਣ ਦੇ ਯੋਗ ਬਣਾਇਆ ਜਾ ਸਕੇ।

ਸੰਤ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਸਮਕਾਲੀ ਸਾਥੀ ਭਗਤ ਨਾਮਦੇਵ ਜੀ, ਭਗਤ ਕਬੀਰ ਜੀ, ਭਗਤ ਸੈਨ ਜੀ, ਭਗਤ ਸਧਨਾ ਜੀ, ਭਗਤ ਧੰਨਾ ਭਗਤ, ਭਗਤ ਦਾਦੂ ਦਿਆਲ ਤੇ ਗੁਰੂ ਨਾਨਕ ਸਾਹਿਬ ਜੀ ਆਦਿ ਵੱਲੋਂ ਮਿਲ ਕੇ ਪਹਿਲੀ ਵਾਰੀ ਭਾਰਤੀ ਸਮਾਜ ਅੰਦਰ ਲਿਤਾੜੇ ਗਏ ਸ਼ੋਸ਼ਿਤ ਤੇ ਦਲਿਤ ਜਨ-ਸਮੂਹ ਜਿਸ ਨੂੰ ਮਨੂੰਵਾਦੀ ਸਮਾਜ ਮਨੁੱਖ ਵਜੋਂ ਵੀ ਅਧਿਕਾਰ ਨਹੀਂ ਸੀ ਦਿੰਦਾ, ਉਸ ਵਰਗ ਨੂੰ ਸਵੈ-ਸਤਿਕਾਰ, ਸਵੈ-ਭਰੋਸਾ, ਆਤਮ ਵਿਸ਼ਵਾਸ਼ ਤੇ ਇਕ ਮਨੁੱਖ ਵਜੋਂ ਆਤਮ-ਨਿਰਭਰਤਾ ਤੇ ਬਰਾਬਰਤਾ ਦਾ ਸਬਕ ਪੜ੍ਹਾਇਆ।

ਦੁਨੀਆਂ ਅੰਦਰ ਭਾਰਤ ਹੀ ਇੱਕ ਅਜਿਹਾ ਦੇਸ਼ ਹੈ, ਜਿੱਥੇ ਵਰਣ-ਵੰਡ ਹੈ। ਅੱਜ ਵੀ ਸਮਾਜ ਅੰਦਰ ਜਾਤ-ਪਾਤ, ਛੂਆ-ਛਾਤ ਕਾਇਮ ਹੀ ਨਹੀਂ ਸਗੋਂ ਰਾਜ ਕਰਦੀਆਂ ਹਾਕਮ ਜਮਾਤਾਂ ਇਸ ਵਰਣ-ਵੰਡ ਨੂੰ ਕਾਇਮ ਹੀ ਨਹੀਂ ਰੱਖ ਰਹੀਆਂ ਸਗੋਂ ਇਸ ਨੂੰ ਪੱਠੇ ਪਾ ਰਹੀਆਂ ਹਨ। ਅਜਿਹੇ ਸਮਾਜ ਅੰਦਰ ਜਿੱਥੇ ਵਰਣ-ਵੰਡ ਦਾ ਸ਼ਿਕਾਰ ਦਲਿਤ-ਵਰਗ ਹੋਵੇ, ਉਸ ਨੂੰ ਕਿਵੇਂ ਇਨਸਾਫ਼ ਮਿਲ ਸਕੇਗਾ?

ਜਾਤਾਂ ਦੇ ਭਾਈਚਾਰਿਆਂ ਦੇ ਇਨ੍ਹਾਂ ਵਰਗਾਂ ਦਾ ਸੰਦਰਭ ਸਮਾਜਕ ਸੰਸਥਾ ਦੇ ਉਸ ਅਮਲ ਨਾਲ ਜੁੜਦਾ ਹੈ, ਜੋ ਭਾਰਤੀ ਸਮਾਜ ਬਾਰੇ ਸਮਝ ਦੀ ਬੁਨਿਆਦ ਹਨ। ਜਾਤ ਜਾਂ ਵਰਣ-ਵੰਡ ਅੱਜ-ਕੱਲ ਇਕ ਅਜਿਹੇ ਕਰਮ-ਕਾਂਡੀ ਰੁਤਬੇ ਵਜੋਂ ਅਨੁਵਾਦਿਆ ਗਿਆ ਸ਼ਬਦ ਹੈ, ਜਿਸ ਰਾਹੀਂ ਭਾਰਤੀ ਸਮਾਜ 'ਚ ਸਭ ਤੋਂ ਉੱਤਮ ਤੇ ਸ਼ੁੱਧ ਐਲਾਨਿਆ ਜਾਂਦਾ ਬ੍ਰਾਹਮਣ-ਸਮਾਜ ਹੈ। ਇਨ੍ਹਾਂ ਵਰਣਾਂ ਸਬੰਧੀ ਯੂਨਾਨੀ ਮੈਗਸਨੀਜ਼ ਨੇ ਚੌਥੀ ਸਦੀ ਬੀ.ਸੀ. ਦੌਰਾਨ ਵੀ ਜ਼ਿਕਰ ਕੀਤਾ ਹੈ।

ਵੈਦਿਕ ਲਿਖਤਾਂ ਇਸ ਦੀ ਗਵਾਹੀ ਭਰਦੀਆਂ ਹਨ ਕਿ ਵਰਣ ਸੂਤਰਬੱਧ ਜੋ ਕਰਜ਼ਾ ਬੱਧ ਹੈ, ਸਮਾਜ ਨੂੰ ਪ੍ਰਕਰਮ 'ਚ ਮਿੱਥੇ ਚਾਰ ਸਮੂਹਾਂ- ਬ੍ਰਾਹਮਣ, ਪੁਜਾਰੀ, ਕੁਸ਼ੱਤਰੀ, ਵੈਸ਼ਯ (ਕਾਸ਼ਤਕਾਰ) ਵਪਾਰੀ ਤੇ ਸ਼ੂਦਰ (ਪੰਜਵਾਂ ਅਛੂਤ ਜੋ ਉਪ੍ਰੋਕਤ ਦਾਇਰੇ 'ਚ ਬਾਹਰ ਸੀ) ਦੀ ਵੰਡ ਕਰਦਾ ਹੈ। ਜੋ ਅੰਤ 'ਚ ਸਮਾਜ ਅੰਦਰ ਇਕ ਕਨੂੰਨ ਬਣ ਗਿਆ। ਇਸ ਸਰਵ-ਉੱਚ ਬ੍ਰਾਹਮਣੀ ਸਮਾਜ ਨੇ ਹੀ ਭਾਰਤ ਨੂੰ ਸਮਾਜਕ, ਆਰਥਕ ਤੇ ਸਭਿਆਚਾਰ ਵਜੋਂ ਵਿਗਿਆਨਕ ਪੱਖ ਤੋਂ ਵਧਣ-ਫੁਲਣ ਹੀ ਨਹੀਂ ਦਿਤਾ, ਸਗੋਂ ਮਨੂੰਵਾਦੀ ਵਿਚਾਰਧਾਰਾ ਨੇ ਦੇਸ਼ ਦੀ 80 ਫ਼ੀ ਸਦੀ ਆਬਾਦੀ ਜੋ ਸ਼ੂਦਰ, ਅਛੂਤ ਤੇ ਵੈਸ਼ ਸੀ, ਜਿਹੜੀ ਪਹਿਲਾਂ ਤੇ ਅੱਜ ਵੀ ਦੇਸ਼ ਦੀ ਕਿਰਤੀ ਸ਼ਕਤੀ ਦਾ ਵੱਡਾ ਰੂਪ ਹੈ, ਉਨ੍ਹਾਂ ਨੂੰ ਹਰ ਤਰ੍ਹਾਂ ਦੇ ਅਧਿਕਾਰਾਂ ਤੋਂ ਵਾਂਝੇ ਰਖਿਆ ਗਿਆ।

ਇਸੇ ਤਰ੍ਹਾਂ ਇਸਤਰੀ ਜਾਤੀ ਤੇ ਸ਼ੂਦਰ ਭਾਈਚਾਰੇ ਨੂੰ ਧਾਰਮਕ ਤੇ ਸਮਾਜਕ ਅਧਿਕਾਰਾਂ ਤੋਂ ਵੀ ਵਾਂਝੇ ਰਖਿਆ। ਬ੍ਰਾਹਮਣੀ-ਸਮਾਜ ਨੇ ਹੀ ਦੇਸ਼ ਦੀ ਕਿਰਤ ਸ਼ਕਤੀ ਨੂੰ ਨਿਰਬਲ ਤੇ ਗ਼ੁਲਾਮ ਰੱਖਣ ਕਾਰਨ ਹੀ ਭਾਰਤ ਨੂੰ ਕਈ ਸਦੀਆਂ ਵਿਦੇਸ਼ੀ ਹਾਕਮਾਂ ਦਾ ਗ਼ੁਲਾਮ ਰਹਿਣਾ ਪਿਆ। ਵਿਗਿਆਨਕ ਧਾਰਨਾਵਾਂ ਪਿੱਛੇ ਪੈ ਗਈਆਂ। ਇਤਿਹਾਸਕ ਤੌਰ ਤੇ ਭਗਤ ਰਵਿਦਾਸ ਜੀ ਨੇ 'ਨਵਧਾ ਭਗਤੀ' 'ਹਥਕਾਰ ਵਲ' ਅਤੇ 'ਦਿਲ ਯਾਰ ਵਲ' ਦੀ ਪ੍ਰਪੱਕਤਾ ਰਾਹੀਂ ਅਧਿਆਤਮਕ-ਮੌਲਿਕ ਵਿਚਾਰਧਾਰਾ ਨੂੰ ਧਾਰਮਕ ਤੇ ਸਮਾਜਕ ਕ੍ਰਾਂਤੀ ਨੂੰ ਇਕ ਉਦੇਸ਼ ਵਜੋਂ ਅਪਣਾਇਆ। ਉਨ੍ਹਾਂ ਨੇ ਮਨੂੰ-ਸਿਮਰਤੀ, ਜਿਸ ਅਨੁਸਾਰ ਕੋਈ ਅਛੂਤ ਵੇਦ-ਪਾਠ ਸੁਣਨ ਦਾ ਹੀਆ ਨਹੀਂ ਕਰ ਸਕਦਾ ਸੀ।

ਵੇਦ ਜੋ ਸੰਸਕ੍ਰਿਤੀ ਭਾਸ਼ਾ ਵਿੱਚ ਸਨ ਜਿਸ ਨੂੰ ਦੇਵ ਭਾਸ਼ਾ ਮੰਨਿਆ ਜਾਂਦਾ ਸੀ, ਜਿਥੇ ਮੰਦਰ ਅੰਦਰ ਮਨਾਹੀ ਸੀ ਤਾਂ ਸੰਤ ਗੁਰੂ ਰਵਿਦਾਸ ਜੀ ਨੇ ਪੂਰਵ ਪ੍ਰਚਲਤ ਧਰਮ ਵਿਚਾਰਧਾਰਾ ਨੂੰ ਅਪਣੀ ਵਿਚਾਰਧਾਰਾ ਦਾ ਅਧਾਰ ਬਣਾਉਣ ਦੀ ਥਾਂ ਸਿੱਧਾ ਰੱਬ ਨਾਲ ਪਿਆਰ ਪਾਉਣ ਦਾ ਉਪਦੇਸ਼ ਦਿਤਾ। ਉਨ੍ਹਾਂ ਨੇ ਅਪਣੀ ਕਿਰਤ ਕਰਨ ਦੇ ਨਾਲ-ਨਾਲ ਲੋਕਾਂ ਨੂੰ ਪ੍ਰਭੂ ਭਗਤੀ ਦਾ ਲੋਕ ਭਾਸ਼ਾ 'ਚ ਉਪਦੇਸ਼ ਦਿਤਾ। ਭਾਵ ਭਾਰਤੀ ਫ਼ਲਸਫ਼ੇ ਅੰਦਰ ਪ੍ਰਚਲਤ ਧਾਰਮਕ ਵਿਸ਼ਵਾਸਾਂ ਨੂੰ ਰੱਦ ਕੀਤਾ ਜੋ ਮੰਨੂਵਾਦ ਵਿਰੁਧ ਇੱਕ ਰਾਹ ਸੀ :

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥
(ਗੁਰੂ ਗ੍ਰੰਥ ਸਾਹਿਬ ਪੰਨਾ 658)

ਉਨ੍ਹਾਂ ਦੇ ਮਨ ਵਿੱਚ ਆਪਣੀ ਜੁੱਤੀਆਂ ਗੰਢਣ ਦੀ ਕਿਰਤ ਨੇ ਕੋਈ ਹੀਣਤਾ ਭਾਵ ਨਹੀਂ ਲਿਆਂਦੀ ਤੇ ਨਾ ਹੀ ਉਚ-ਨੀਚ ਜਾਂ ਘ੍ਰਿਣਿਤ ਜਾਤ ਵਜੋਂ ਗੁਰਬਾਣੀ ਅੰਦਰ ਚਮਾਰ ਲਿਖਣ ਤੋਂ ਅਪਣੀ ਕਿਰਤ ਅੰਦਰ ਕੋਈ ਸੰਕੋਚ ਹੀ ਕੀਤਾ।

'ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥
(ਗੁਰੂ ਗ੍ਰੰਥ ਸਾਹਿਬ, ਪੰਨਾ 346)

ਭਾਰਤ ਦੇ ਇਤਿਹਾਸ ਅੰਦਰ ਰਵਾਇਤੀ ਚਿੰਤਨ ਵਿੱਚ ਜੋ ਕੁਝ ਵੀ ਉਸਾਰੂ ਹੈ, ਉਸ ਨੂੰ ਮੁਲਕ ਦੀ ਕਿਰਤੀ-ਜਮਾਤ ਵੱਲੋਂ ਬਹੁਤ ਹੀ ਜੋਸ਼-ਖਰੋਸ਼ ਨਾਲ ਅਪਣਾਉਂਦੇ ਹੋਏ ਇਸ ਚਿੰਤਨ ਦੇ ਭਟਕਾਊ ਅੰਸ਼ਾਂ ਨੂੰ ਰੱਦ ਕਰ ਦੇਣਾ ਚਾਹੀਦਾ ਹੈ। ਇਹ ਅਸਲ 'ਚ ਮੁਲਕ ਦੀ ਹੋਣੀ ਅੰਦਰ ਤਬਦੀਲੀ ਲਿਆਉਣ ਨਾਲ ਸਬੰਧਤ ਉਨ੍ਹਾਂ ਦੇ ਮਹਾਨ ਇਤਿਹਾਸਕ ਮਿਸ਼ਨ ਦਾ ਹੀ ਹਿੱਸਾ ਹੋਵੇਗਾ।

ਇਸ ਮਕਸਦ ਦੀ ਪੂਰਤੀ ਲਈ ਸੱਚ ਖ਼ਾਤਰ ਲੜਨਾ ਪੈਣਾ ਹੈ ਜਿਸ ਲਈ ਬਹੁਤ ਜੋਸ਼ ਅਤੇ ਨਿਡਰਤਾ ਦੀ ਲੋੜ ਹੈ। ਅਜਿਹੀ ਨਿਡਰਤਾ ਅਤੇ ਜੋਸ਼ ਕਿਰਤੀ-ਜਮਾਤ ਦੀ ਲਹਿਰ ਤੋਂ ਇਲਾਵਾ ਕਿਤੇ ਹੋਰ ਨਹੀਂ ਮਿਲ ਸਕਦੀ ਹੈ। ਗੁਰੂ ਰਵਿਦਾਸ ਜੀ ਨੇ ਅਧਿਆਤਮਕ-ਮੌਲਿਕ ਵਿਚਾਰਧਾਰਾ ਰਾਹੀਂ ਧਾਰਮਕ ਤੇ ਸਮਾਜਕ ਤਬਦੀਲੀ ਦਾ ਅਰੰਭ ਕੀਤਾ। ਉਨ੍ਹਾਂ ਸਪੱਸ਼ਟ ਕੀਤਾ ਕਿ ਮਨੁੱਖ ਜਨਮ ਤੋਂ ਹੀ ਦੁਰਲਭ ਹੈ ਤੇ ਪ੍ਰਭੂ ਪ੍ਰਾਪਤੀ ਲਈ ਹੀ ਇਹ ਜਨਮ ਮਿਲਿਆ ਹੈ। ਇਸੇ ਮਨੋਰਥ ਦੀ ਪ੍ਰਾਪਤੀ ਲਈ ਸਮਰਪਤ ਹੋ ਜਾਣਾ ਚਾਹੀਦਾ ਹੈ।

ਬਹੁਤ ਜਨਮ ਬਿਛੁਰੇ ਥੇ ਮਾਧਉ
ਇਹੁ ਜਨਮੁ ਤੁਮਾਰੇ ਲੇਖੇ ॥
(ਗੁਰੂ ਗ੍ਰੰਥ ਸਾਹਿਬ ਪੰਨਾ 694)।

ਕਰਮ ਕਾਂਡਾ 'ਚ ਜੀਵਨ ਵਿਅਰਥ ਨਹੀਂ ਗਵਾਣਾ ਚਾਹੀਦਾ ਹੈ। ਫਿਰ ਪ੍ਰਭੂ ਨੂੰ ਲੱਭਣ ਦੀ ਲੋੜ ਨਹੀਂ। ਉਹ ਹਰ ਜਗ੍ਹਾ ਘਟ-ਘਟ ਵਿਚ ਮੌਜੂਦ ਹੈ। ਕੀ ਬ੍ਰਾਹਮਣ ਤੇ ਕੀ ਅਛੂਤ 'ਸਰਬੇ ਏਕ ਅਨੇਕੈ ਸੁਆਮੀ
ਸਭ ਘਟ ਭੁੋਗਵੈ ਸੋਈ ॥''
(ਗੁਰੂ ਗ੍ਰੰਥ ਸਾਹਿਬ, ਪੰਨਾ 657)

ਗੁਰੂ ਰਵਿਦਾਸ ਜੀ ਨੇ ਨਿਰਭੈ ਹੋ ਕੇ ਭਾਰਤੀ ਧਰਮ ਦਰਸ਼ਨ ਦੇ ਅੰਦਰਲੇ ਸੱਚ ਨੂੰ ਸਮਾਜ ਦੇ ਸਨਮੁੱਖ ਪੇਸ਼ ਕੀਤਾ। ਪ੍ਰੋਹਿਤ ਵਰਗ ਵਲੋਂ ਸਵੈ-ਸੁਆਰਥ ਹਿਤ ਹਨੇਰੇ 'ਚ ਰੱਖੀ ਜਨਤਾ ਦੇ ਮਨਾਂ ਦੇ ਕਪਾਟ ਖੋਲ੍ਹ ਦਿਤੇ। ਉਨ੍ਹਾਂ ਨੇ ਇਕ ਆਦਰਸ਼ ਸਮਾਜ ਦੀ ਸਰਜਣਾ ਕਰਨ ਲਈ ਇੱਕ ਦ੍ਰਿੜ ਸੰਕਲਪ ਵੀ ਪੇਸ਼ ਕੀਤਾ।

ਮਾਧੋ ਅਬਿਧਿਆ ਹਿਤ ਕੀਨ ॥
ਬਿਬੇਕ ਦੀਪ ਮਲੀਨ ॥ ਰਹਾਉ ॥

ਮਨੁੱਖੀ ਜੀਵਨ ਅੰਦਰ ਸੱਚ-ਅਧਾਰਤ ਤੱਥ ਵੀ ਇਹੋ ਹੈ ਕਿ 'ਸਗਲੀ ਚਿੰਤ ਮਿਟਾਉਣ ਵਾਲਾ ਭਗਤ ਰਵਿਦਾਸ ਦਾ ਜੀਵਨ ਫ਼ਲਸਫ਼ਾ ਹੀ ਮਨੁੱਖੀ ਜੀਵਨ ਦੀ ਕਿਰਤ ਹੈ। ਉਨ੍ਹਾਂ ਦਾ ਇਕ ਸ਼ਬਦ ਮਨੁੱਖ ਨੂੰ ਇਸ ਸੰਸਾਰ ਅੰਦਰ ਬਦੀ ਨਾਲੋਂ ਤੋੜ ਕੇ ਨੇਕੀ ਨਾਲ ਜੋੜਨਾ ਸੀ। ਪਰ ਇਸ ਦਰਸ਼ਨ ਨੂੰ ਸਮਾਜ ਅੰਦਰ ਸਮਝਣਾ ਮੁਸ਼ਕਲ ਸੀ। ਮਨੁੱਖ ਕਈ ਵਰਗਾਂ 'ਚ ਵੰਡਿਆ ਹੋਣ ਕਰ ਕੇ ਉਸ ਨੂੰ ਸਮਝਣ ਅਤੇ ਸਮਝਾਉਣ 'ਚ ਮਾਨਸਕ ਤੌਰ 'ਤੇ ਬਹੁਤ ਮੁਸ਼ਕਿਲਾਂ ਦਰਪੇਸ਼ ਸਨ। ਸਮਾਜ ਚੇਤਨਾ ਦਾ ਵਜੂਦ ਜਥੇਬੰਦਕ ਨਹੀਂ ਸੀ।

ਫਿਰ ਵੀ ਅਧਿਆਤਮਵਾਦ ਅੰਦਰ ਅਸੀਂ ਮਨੁੱਖ ਨੂੰ ਵਸਤੂ-ਸੰਸਾਰ (ਪਦਾਰਥਕ ਸੰਸਾਰ) ਦੇ ਨਾਲ-ਨਾਲ ਪ੍ਰਸੰਗਿਕਤਾਵਾਦੀ ਬਣਨ ਲਈ ਚੰਗੇ ਕਰਮ ਕਰਨ ਲਈ ਇਕ ਵਧੀਆ ਇਨਸਾਨ ਬਣਨਾ ਲੋਚਦੇ ਹਾਂ। ਜੀਵਨ ਭੌਤਿਕ ਜਾਂ ਅਧਿਆਤਮਕ ਉਲਾਰ ਦੀ ਜੀਵਨ ਨੂੰ ਹਰ ਖੇਤਰ ਵਿੱਚ ਸਹਿਜ ਤੇ ਸੰਤੁਲਨ ਵਾਲਾ ਉਸਾਰੂ ਬਣਾਉਣਾ ਚਾਹੀਦਾ ਹੈ। ਮਨ ਦਾ ਵਿਕਾਸ ਤਾਂ ਹੀ ਸੰਭਵ ਹੋ ਸਕਦਾ ਹੈ ਜੇਕਰ ਅਸੀਂ ਇਸ ਕਾਰਜ ਲਈ ਨਿਰਧਾਰਤ ਕੁਦਰਤੀ ਨਿਯਮਾਂ ਦੀ ਪਾਲਣਾ ਕਰੀਏ।

ਉਪਜਿਓ ਗਿਆਨ ਹੁਆ ਪਰਗਾਸ ॥

ਗੁਰੂ ਰਵਿਦਾਸ ਜੀ ਖੁਦ ਉਸ ਸਮੇਂ ਬ੍ਰਾਹਮਣਵਾਦ ਦੇ ਕ੍ਰੋਪ ਦਾ ਸ਼ਿਕਾਰ ਬਣੇ। ਪਰ ਉਹ ਬਰਾਬਰਤਾ ਦੇ ਹਾਮੀ ਸਨ। ਦਲਿਤ ਵਰਗ ਨਾਲੋਂ ਵੀ ਵੱਧ ਨਰਕ ਭੋਗ ਰਹੀ ਸੀ ਇਸਤਰੀ ਜਾਤੀ। ਭਗਤ ਰਵਿਦਾਸ ਜੀ ਨੇ ਰਾਣੀ ਝਾਲੀ ਅਤੇ ਮੀਰਾਂ ਨੂੰ ਨਾਮਦਾਨ ਦੇ ਕੇ ਭਗਤੀ ਸਾਧਨਾ ਵਿੱਚ ਲਿਆਂਦਾ। ਉਨ੍ਹਾਂ ਦੀ ਬਾਣੀ ਵਿੱਚ ਨਾਰੀ ਦੇ ਸੁਹਾਗਣ ਪਤਨੀ ਦੇ ਰੂਪ ਵਿੱਚ ਬਹੁਤ ਹੀ ਸੁੰਦਰ ਢੰਗ ਨਾਲ ਨਾਰੀ ਪ੍ਰਤੀ ਆਦਰ ਪ੍ਰਗਟਾਇਆ ਗਿਆ ਹੈ। ਨਿਰਸੰਦੇਹ ਗੁਰੂ ਰਵਿਦਾਸ ਜੀ ਧਰਮ ਨਿਰਲੇਪਤਾ ਅਤੇ ਸਾਂਝੀਵਾਲਤਾ ਦੇ ਪ੍ਰਤੀਕ ਸਨ। ਉਨ੍ਹਾਂ ਨੇ ਭਾਰਤੀ ਸਮਾਜ ਅੰਦਰ ਫੈਲੀ ਸਮਾਜਕ-ਅਸਮਾਨਤਾ 'ਤੇ ਅਨਿਆਂਏ ਨੂੰ ਦੇਖਿਆ ਹੀ ਨਹੀਂ ਸਗੋਂ ਖ਼ੁਦ ਹੰਡਾਇਆ। ਇਸ ਦੇ ਕਾਰਨ ਲੋਕ ਗ਼ਰੀਬੀ-ਗੁਰਬਤ ਭੋਗ ਰਹੇ ਹਨ, ਇਸ ਵਿਰੁਧ ਬਰਾਬਰੀ, ਸਮਾਨਤਾ ਅਤੇ ਮਾਨਵੀ ਏਕਤਾ ਲਈ ਅਪਣੇ ਉਪਦੇਸ਼ਾਂ ਰਾਹੀਂ ਲੋਕਾਈ ਨੂੰ ਅਪਣਾ ਸੰਦੇਸ਼ ਦਿਤਾ। ਲੋਕਾਂ ਅੰਦਰ ਬਰਾਬਰਤਾ ਪੱਖੀ ਵਿਚਾਰਾਂ ਨੂੰ ਸਮਾਜਵਾਦੀ, ਕ੍ਰਾਂਤੀਕਾਰੀ ਅਤੇ ਨਿਵੇਕਲੇ ਅਧਿਆਤਮਕਵਾਦੀ ਸਿਧਾਂਤ ਰਾਹੀਂ ਇੱਕ ਅਨੂਠੇ ਸਮਾਜ ਦੀ ਕਲਪਨਾ ਵੀ ਕੀਤੀ। ਇਕ ਸੰਪੂਰਨ ਤੇ ਮਨੁੱਖਤਾਵਾਦੀ ਸਮਾਜ ਦੀ ਮੰਗ ਵੀ ਉਠਾਈ।

ਬੇਗਮਪੁਰਾ ਸਹਰ ਕੋ ਨਾਉ॥ ਦੂਖੁ ਅੰਦੋਹੁ ਨਹੀਂ ਤਿਹਿ ਠਾਉ ॥
ਕਹਿ ਰਵਿਦਾਸ ਖਲਾਸ ਚਮਾਰਾ ॥
ਜੋ ਹਮ ਸਹਰੀ ਸੁ ਮੀਤ ਹਮਾਰਾ ॥
(ਗੁਰੂ ਗ੍ਰੰਥ ਸਾਹਿਬ-ਪੰਨਾ 345)


ਗੁਰੂ ਰਵਿਦਾਸ ਜੀ ਨੇ ਮੱਧ-ਕਾਲ ਵੇਲੇ ਜਦੋਂ ਭਗਤੀ ਲਹਿਰ ਦੇਸ਼ ਅੰਦਰ ਪਸਰ ਰਹੀ ਸੀ, ਦੁੱਖਾਂ ਨਾਲ ਪੀੜਤ ਨਿਮਨ-ਵਰਗ ਦੇ ਦੁੱਖ ਦੇਖ ਕੇ ਦੱਬੇ ਕੁਚਲੇ ਲੋਕਾਂ ਅੰਦਰ ਇਕ ਸਮਾਨਤਾ ਦੀ ਲਹਿਰ ਚਲਾਉਣ ਲਈ ਅਗਾਜ਼ ਕੀਤਾ। "ਦਾਰਦੁ ਦੇਖਿ ਸਭ ਕੋ ਹਸੈ ਐਸੀ ਦਸਾ ਹਮਾਰੀ ॥" (ਗੁਰੂ ਗ੍ਰੰਥ ਸਾਹਿਬ ਪੰਨਾ 858) ਉਹ ਇਕ ਮੌਲਿਕ ਚਿੰਤਕ ਸਨ। ਇਹੀ ਕਾਰਨ ਹੈ ਕਿ ਸਿੱਖ ਧਰਮ ਦੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਅੰਦਰ ਉਨ੍ਹਾਂ ਦੀ ਰਚਨਾ ਅੰਕਿਤ ਹੈ। ਉਨ੍ਹਾਂ ਦੀ ਬਾਣੀ ਦੇ 40 ਪਦ (ਸ਼ਬਦ) ਅਤੇ ਇਕ ਦੋਹਾ (ਸਾਖੀ) ਜਾਂ ਸਲੋਕ ਆਦਿ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਇਹ ਸਾਰੇ ਸ਼ਬਦ ਸੋਲਾਂ ਰਾਗਾਂ ਵਿੱਚ ਅੰਕਿਤ ਹਨ।

ਜੋ ਸਿਰੀ, ਗਾਉੜੀ, ਆਸਾ, ਗੁਜਰੀ, ਸੋਰਠ, ਧਨਾਸਰੀ, ਜੈਤਸਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾ, ਭੈਰਓ, ਬਸੰਤ ਅਤੇ ਮਲਾਰ ਅੰਦਰ ਕਾਵਿ ਗੁਣਾਂ ਨਾਲ ਭਰਪੂਰ ਅਤੇ ਅਧਿਆਤਮ-ਪੱਖੀ ਰਚਨਾਵਾਂ ਹਨ। ਉਹ ਰੱਬ ਨੂੰ ਸਰਬ-ਉੱਚ ਮੰਨਦੇ ਸਨ ਤੇ ਮਨੁੱਖੀ ਦੇਹ ਨੂੰ ਇੱਕ ਕੀਮਤੀ ਦਾਤ ਦਾ ਦਰਜਾ ਦਿੰਦੇ ਸਨ। ਗੁਰੂ ਰਵਿਦਾਸ ਜੀ ਦਾ ਜਨਮ 1376 ਈ: ਵਿੱਚ ਮਾਤਾ ਕਰਮਾ ਦੇਵੀ ਅਤੇ ਪਿਤਾ ਰਘੁਰਾਇ ਦੇ ਘਰ ਬਨਾਰਸ ਦੇ ਆਸ-ਪਾਸ ਹੋਇਆ (ਇਤਿਹਾਸਕ ਤੇ ਸ਼ੋਧ ਪੂਰਨ ਹਵਾਲਿਆਂ ਅਨੁਸਾਰ ਜਨਮ ਮਿਤੀ: 25-ਜਨਵਰੀ), 1376-77 ਈ: ਦਿਨ ਐਤਵਾਰ ਡਾ: ਹਰਨੇਕ ਸਿਘ ਕਲੇਰ ਸ਼ੋਧ ਪ੍ਰਬੰਧ)। ਭਗਤ ਰਵਿਦਾਸ ਜੀ ਨੂੰ ਭਗਤ ਰਾਮਾਨੰਦ ਜੀ ਦਾ ਪ੍ਰਮੁੱਖ ਚੇਲਾ ਮੰਨਿਆ ਦੱਸਿਆ ਗਿਆ ਹੈ। ਭਗਤ ਜੀ ਨੇ ਮੌਲਿਕ ਅਧਿਆਤਮਕ ਪ੍ਰਾਪਤੀਆਂ ਕਰ ਕੇ ਅਦੁਤੀ ਵਡਿਆਈ ਪ੍ਰਾਪਤ ਕੀਤੀ। ਬ੍ਰਾਹਮਣਵਾਦੀ ਜੋ ਵਰਣ-ਵੰਡ ਦੇ ਹਾਮੀ ਸਨ, ਸੰਤ ਗੁਰੂ ਰਵਿਦਾਸ ਜੀ ਦੇ ਕੱਟੜ ਵਿਰੋਧੀ ਸਨ।

ਭਗਤ ਰਵਿਦਾਸ ਜੀ ਨੇ ਇਤਿਹਾਸਕ ਪਰਿਪੇਖ ਅੰਦਰ ਸਮਾਜਕ ਚੇਤਨਾ ਵਜੋਂ ਮਾਨਵ ਜੀਵਨ ਜੁਗਤ ਦਾ ਦਰਸ਼ਨ ਪੇਸ਼ ਕੀਤਾ। ਉਹ ਇੱਕ ਮੌਲਿਕ ਚਿੰਤਕ ਸਨ ਜਿਨ੍ਹਾਂ ਨੇ ਭਗਤੀ ਲਹਿਰ ਵੇਲੇ ਦੇਸ਼ ਦੇ ਦੱਬੇ-ਕੁਚਲੇ ਅਤੇ ਜਾਤ-ਪਾਤ ਅੰਦਰ ਲਤਾੜੇ ਇਕ ਬਹੁਤ ਵੱਡੇ ਸੋਸ਼ਤ ਸਮਾਜ ਨੂੰ ਵੀ ਬਰਾਬਰਤਾ ਦਾ ਹੱਕ ਦੇਣ ਲਈ ਅਵਾਜ਼ ਬੁਲੰਦ ਕੀਤੀ। "ਨੀਚਹੁ ਊਚ ਕਰੇ ਮੇਰਾ ਗੋਬਿੰਦ ਕਾਹੂ ਤੇ ਨ ਡਰੈ।" (ਗੁਰੂ ਗ੍ਰੰਥ ਸਾਹਿਬ ਪੰਨਾ 1106) ਪਰ ਭਾਰਤ ਦੀ ਰਾਜਸੱਤਾ ਅੰਦਰ ਸਦੀਆਂ ਤੋਂ ਦੱਬੇ-ਕੁਚਲੇ ਦਲਿਤ, ਘੱਟ ਗਿਣਤੀਆਂ ਅਤੇ ਇਸਤਰੀ ਵਰਗ ਦੀ ਦਾਸਤਾਨ, ਅੱਜ ਦੇ ਭਾਰਤੀ ਸਮਾਜ ਦੀ ਮਾਨਸਿਕਤਾ ਕਾਲ ਦੇ "ਵਰਗੀ-ਸੰਘਰਸ਼ਾਂ ਅੰਦਰ ਅਤੀਤ, ਵਰਤਮਾਨ ਅਤੇ ਭਵਿੱਖ ਵਲ ਢਲਦੇ ਪਰਛਾਵਿਆਂ ਕਾਰਨ ਹਾਕਮਾਂ ਦੇ ਕਹਿਰਾਂ ਤੋਂ ਬਚ ਨਹੀਂ ਸਕੀ। ਉਨ੍ਹਾਂ ਦੀ ਹੋਣੀ ਸਦੀਆਂ ਤੋਂ ਜੰਮਣ ਅਤੇ ਮਰਨ ਤੱਕ ਹਰ ਤਰ੍ਹਾਂ ਦੇ ਸ਼ੋਸ਼ਣ ਅਤੇ ਅਸਮਾਨਤਾ ਕਾਰਨ ਬੇ-ਪਛਾਣ ਹੋ ਗਈ ਜੋ ਅੱਜ ਅਪਣੇ ਯਥਾਰਥ ਨੂੰ ਵੀ ਭੁੱਲ ਗਈ ਲਗਦੀ ਹੈ। ਫਿਰ ਉਸ ਨੂੰ ਕਿਸੇ ਜਥੇਬੰਦਕ ਢਾਂਚੇ ਦੀ ਹੋਂਦ ਤੋਂ ਬਿਨਾਂ ਇਸ ਵਰਗੀ-ਸੰਸਾਰ ਅੰਦਰ ਇਨਸਾਫ਼ ਕਿਥੋਂ ਮਿਲੇਗਾ? ਸਮੁੱਚੇ ਸ਼ੋਸ਼ਿਤ ਵਰਗ ਦੀ ਮੁਕਤੀ ਲਈ ਅੱਜ ਇਕੋ ਇੱਕ ਰਾਹ ਇਹ ਹੈ ਕਿ ਉਹ ਅਪਣੇ ਹੱਕਾਂ ਦੀ ਪ੍ਰਾਪਤੀ ਲਈ ਇਕਮੁੱਠ ਹੋਣ। ਇਸ ਲਈ ਸੋਸ਼ਿਤ ਸਮਾਜ ਦੀ ਸ਼ਕਤੀ ਭਾਰਤ ਅੰਦਰ ਕਿਰਤੀ-ਜਮਾਤ ਦੇ ਸੰਘਰਸ਼ਾਂ ਦੀ ਭਾਈਵਾਲੀ ਵਾਲੀ ਰਾਜਨੀਤੀ ਅੰਦਰ ਹੀ ਅੱਗੇ ਵੱਧ ਸਕਦੀ ਹੈ। ਸਮਾਜਕ-ਪ੍ਰੀਵਰਤਨ ਲਈ ਸਮੁੱਚੀ ਕਿਰਤੀ-ਜਮਾਤ ਹੀ ਸਰਬ-ਸਮਰੱਥ ਹੋ ਸਕਦੀ ਹੈ ਜੋ ਮਨੁੱਖ ਨੂੰ ਸਮਾਜਕ ਤੇ ਆਰਥਕ ਦੁੱਖਾਂ ਤੋਂ ਨਿਜਾਤ ਦਿਵਾ ਸਕਦੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ.ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

# ਅਕਾਲੀ ਮੋਰਚਿਆਂ ਵਿੱਚ ਨਨਕਾਣਾ ਸਾਹਿਬ ਦਾ ਕਤਲੇਆਮ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਨਨਕਾਣਾ ਸਾਹਿਬ ਸਿੱਖ ਧਰਮ ਦੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜਨਮ ਅਸਥਾਨ ਹੈ। ਇਹ ਇੱਕ ਸ਼੍ਰੋਮਣੀ ਅਸਥਾਨ ਹੈ। ਇਸ ਦੇ ਨਾਮ 'ਤੇ ਅੰਮ੍ਰਿਤਸਰ ਤੇ ਤਰਨਤਾਰਨ ਵਾਂਗ ਲੱਖਾਂ ਦੀ ਜਗੀਰ ਸੀ। ਅੰਗਰੇਜ਼ ਹਕੂਮਤ ਦੀ ਸ਼ਹਿ 'ਤੇ ਇਸ 'ਤੇ ਵੀ ਸਰਕਾਰੀ ਮਹੰਤਾਂ ਦਾ ਕਬਜ਼ਾ ਸੀ। ਨਰਾਇਣ ਦਾਸ ਤੋਂ ਪਹਿਲਾਂ ਵੀ ਦੋ ਮਹੰਤ ਸ਼ਰਾਬੀ ਅਤੇ ਵੈਲੀ ਸਨ। ਉਹ ਮਹੰਤ ਲੱਖਾਂ ਰੁਪਏ ਦੀ ਜਾਇਦਾਦ ਦੁਰਾਚਾਰੀ ਕੁਕਰਮ ਕਰਦੇ ਬਰਬਾਦ ਕਰ ਰਹੇ ਸਨ। ਨਨਕਾਣਾ ਸਾਹਿਬ ਧਰਮ ਅਸਥਾਨ ਦੀ ਥਾਂ 'ਤੇ ਗੁੰਡਿਆਂ ਬਦਮਾਸ਼ਾਂ ਤੇ ਭੰਗੀ ਪੋਸਤੀਆਂ ਦੀ ਪਨਾਹਗਾਹ ਬਣ ਗਿਆ ਸੀ। ਜਿਹੜਾ ਪੈਸਾ ਸਿੱਖਾਂ ਵਿੱਚ ਸਿੱਖਿਆ ਅਤੇ ਧਰਮ ਦੇ ਪਸਾਰ ਲਈ ਵਰਤਿਆ ਜਾਣਾ ਸੀ। ਉਸ ਨੂੰ ਅਯਾਸ਼ੀ ਲਈ ਵਰਤ ਰਹੇ ਸਨ। ਹਕੂਮਤ ਦਾ ਯਤਨ ਸੀ ਕਿ ਸਿੱਖਾਂ ਵਿੱਚ ਜਾਗ੍ਰਿਤੀ ਨਾ ਆਵੇ ਤਾਂ ਜੋ ਉਹਨਾਂ ਨੂੰ ਅੰਗਰੇਜ਼ੀ ਹਕੂਮਤ ਦਾ ਗੁਲਾਮ ਰਖਿਆ ਜਾ ਸਕੇ।

ਮਹੰਤ ਨਰਾਇਣ ਦਾਸ ਗਵਰਨਰ ਮੈਕਲੈਗਨ ਦੇ ਸਮੇਂ ਨਨਕਾਣਾ ਸਾਹਿਬ ਦਾ ਮਹੰਤ ਬਣਿਆ। ਗੱਦੀ 'ਤੇ ਬੈਠਣ ਸਮੇਂ ਉਸਨੇ ਮੈਜਿਸਟਰੇਟ ਦੇ ਸਾਹਮਣੇ ਸਿੱਖ ਸੰਗਤ ਨੂੰ ਲਿਖਤੀ ਪ੍ਰਣ ਦਿੱਤਾ ਕਿ ਉਹ ਪਹਿਲੇ ਮਹੰਤਾਂ ਵਾਲੇ ਕੁਕਰਮ ਛੱਡ ਦੇਵੇਗਾ। ਜੇਕਰ ਉਸ ਦੇ ਖ਼ਿਲਾਫ਼ ਕੋਈ ਕਸੂਰ ਸਾਬਤ ਹੋਵੇ, ਉਹ ਅਸਤੀਫ਼ਾ ਦੇ ਦੇਵੇਗਾ ਪਰ ਛੇਤੀ ਹੀ ਉਹ ਪਹਿਲੇ ਕੁਕਰਮੀ ਢੰਗ 'ਤੇ ਉੱਤਰ ਆਇਆ। ਉਸਨੇ ਇੱਕ ਬਦਚਲਨ ਔਰਤ ਨੂੰ ਗੁਰਦੁਆਰੇ ਵਿੱਚ ਰੱਖ ਲਿਆ। ਅਗਸਤ 1917 ਵਿੱਚ ਮਹੰਤ ਨੇ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ ਅਤੇ ਗੁਰਦੁਆਰੇ ਵਿੱਚ ਗੰਦੇ ਗਾਣਿਆਂ ਨਾਲ ਉਹਨਾਂ ਦਾ ਨਾਚ ਕਰਵਾਇਆ। ਸਿੱਖ ਰੋਹ ਵਿੱਚ ਆ ਗਏ। ਉਹਨਾਂ ਮਹੰਤ ਖ਼ਿਲਾਫ਼ ਮਤੇ ਪਾਸ ਕੀਤੇ। ਅੰਗਰੇਜ਼ ਸਰਕਾਰ ਨੂੰ ਮਹੰਤ ਦੀਆਂ ਸਿੱਖ ਧਰਮ ਵਿਰੋਧੀ ਕੁਰੀਤੀਆਂ ਰੋਕਣ ਦੀ ਅਪੀਲ ਕੀਤੀ ਪਰ ਸਰਕਾਰ ਨੇ ਕੋਈ ਨਾ ਸੁਣੀ।

ਨਨਕਾਣਾ ਸਾਹਿਬ ਅਯਾਸ਼ੀ ਅਤੇ ਦੁਰਾਚਾਰ ਦਾ ਅੱਡਾ ਬਣ ਗਿਆ ਸੀ। ਸੰਨ 1918 ਵਿੱਚ ਇੱਕ ਸਿੰਧੀ ਸ਼ਰਧਾਲੂ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਇਆ। ਸ਼ਾਮ ਦੇ ਰਹਿਰਾਸ ਦੇ ਦੀਵਾਨ ਵੇਲੇ ਇੱਕ ਪੁਜਾਰੀ ਸਾਧ ਨੇ ਉਸ ਸਿੰਧੀ ਸ਼ਰਧਾਲੂ ਦੀ 13 ਸਾਲ ਦੀ ਬੱਚੀ ਦੀ ਪੱਤ ਲੁੱਟੀ। ਉਸੇ ਸਾਲ ਹੀ ਪਿੰਡ ਜੜ੍ਹਾਂਵਾਲਾਂ ਲਾਇਲਪੁਰ ਦੀਆਂ 6 ਬੀਬੀਆਂ ਦੀ ਪੱਤ ਪੁਜਾਰੀਆਂ ਨੇ ਲੁੱਟੀ। ਇਹੋ ਜਿਹੀਆਂ ਵਾਰਦਾਤਾਂ ਆਮ ਹੋਣ ਲੱਗੀਆਂ।

ਮਹੰਤ ਦੇ ਦੁਰਾਚਾਰੀ ਕੁਕਰਮਾਂ ਤੋਂ ਸੰਗਤਾਂ ਦੁਖੀ ਸਨ। ਸੰਨ 1920 ਵਿੱਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖ਼ੂਪੁਰਾ ਵਿੱਚ ਇੱਕ ਭਾਰੀ ਦੀਵਾਨ ਸਜਿਆ। ਮਹੰਤ ਦੇ ਗੁਨਾਹਾਂ ਨੂੰ ਸੰਗਤਾਂ ਵਿੱਚ ਪੇਸ਼ ਕੀਤਾ ਗਿਆ। ਇੱਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਪਹਿਲੇ ਉਹ ਆਪ ਸੁਧਰ ਜਾਵੇ ਫਿਰ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਮਹੰਤ ਕੋਲ ਤਾਂ ਐਸ਼ ਕਰਨ ਲਈ ਬੇਹਿਸਾਬਾ ਪੈਸਾ ਸੀ। ਕੰਜਰੀਆਂ ਨਚਾਉਣ ਵਾਲੇ ਬੇਦੀ ਜਗੀਰਦਾਰ ਮਹੰਤ ਦੀ ਪਿੱਠ 'ਤੇ ਸਨ। ਮਹੰਤ ਦੇ ਸਰਕਾਰੀ ਹਾਕਮਾਂ ਨਾਲ ਵੀ ਯਾਰਾਨੇ ਸਨ। ਸਾਰੀ ਚੰਡਾਲ ਚੌਕੜੀ ਸੁਧਰਨ ਦੀ ਥਾਂ ਸਿੱਖ ਪੰਥ ਦਾ ਵਿਰੋਧ ਕਰਕੇ ਮੁਕਾਬਲੇ ਤੇ ਉਤਰ ਆਈ। ਉਹ ਟਕਰਾਓ ਦੀ ਤਿਆਰੀ ਕਰਨ ਲੱਗੇ। ਪੂਰੀ ਵਿਉਂਤ ਬਣਾ ਕੇ ਆਸ ਪਾਸ ਦੇ ਇਲਾਕੇ ਵਿਚੋਂ 400 ਬਦਮਾਸ਼ਾਂ ਡਾਂਗਾਂ ਨੂੰ ਸ਼ਰਾਬ ਅਤੇ ਤਨਖਾਹ ਤੇ ਗੁਰਦੁਆਰੇ ਵਿੱਚ ਪਹਿਰੇ ਤੇ ਰੱਖ ਲਿਆ। ਗੁਰਦੁਆਰੇ ਨੂੰ ਇੱਕ ਜੰਗੀ ਕਿਲਾ ਬਣਾਉਣ ਦਾ ਸਮਾਨ ਇਕੱਠਾ ਕਰ ਲਿਆ। ਮਹੰਤ ਅੰਗਰੇਜ਼ ਹਾਕਮਾਂ ਦੀ ਕਠਪੁਤਲੀ ਬਣ ਗਿਆ ਸੀ। ਉਹ ਗੁਰਦੁਆਰੇ ਨੂੰ ਆਪਣੀ ਨਿੱਜੀ ਮਾਲਕੀਅਤ ਸਮਝਣ ਲੱਗਿਆ ਕਿ ਉਸ ਨੂੰ ਕੋਈ ਨਹੀਂ ਕੱਢ ਸਕਦਾ। ਉਹ ਮੁਕਾਬਲੇ ਲਈ ਤਿਆਰ ਹੋ ਗਿਆ। ਉਸਨੇ ਸਰਕਾਰ ਦੇ ਚਮਚੇ ਆਪਣੇ ਨਾਲ ਜੋੜ ਲਏ। ਉਸਨੇ ਰਾਂਝਾ, ਰਿਹਾਣਾ ਜਿਹੇ ਦਸ ਨੰਬਰੀਏ ਬਦਮਾਸ਼ਾ ਨੂੰ ਭਰਤੀ ਕਰ ਲਿਆ। ਇਲਾਕੇ ਦੇ ਇਸਮਾਇਲ ਭੱਟੀ ਨੂੰ ਨਾਲ ਜੋੜ ਕੇ ਮੁਸਲਮਾਨ ਵੀ ਆਪਣੇ ਨਾਲ ਗੰਢ ਲਏ।

ਬਦਮਾਸ਼ਾਂ ਨੂੰ ਹਥਿਆਰਬੰਦ ਕਰਨ ਲਈ ਜਨਮ ਅਸਥਾਨ ਅੰਦਰ ਛਵ੍ਹੀਆਂ , ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਦੀਆਂ ਭੱਠੀਆਂ ਚਾਲੂ ਕਰ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਅਕਾਲੀਆਂ ਨੂੰ ਮਾਰਨ, ਵੱਢਣ ਟੁੱਕਣ ਅਤੇ ਸਾੜਨ ਲਈ ਮਿੱਟੀ ਦੇ ਤੇਲ ਦੇ ਪੀਪੇ ਜਮਾਂ ਕਰ ਲਏ। ਮੁੱਖ ਦਰਵਾਜ਼ਾ ਲੋਹੇ ਦਾ ਪੱਕਾ ਬਣਾ ਲਿਆ। ਗੋਲੀਆਂ ਚਲਾਉਣ ਲਈ ਗੁਪਤ ਚੋਰ ਮੋਰੀਆਂ ਰੱਖ ਲਈਆਂ। ਕਤਲੇਆਮ ਦਾ ਪੂਰਾ ਪ੍ਰਬੰਧ ਕਰ ਲਿਆ।

ਮਹੰਤ ਨ ਆਪਣੀ ਧਾਰਮਿਕ ਸ਼ਕਤੀ ਵਧਾਉਣ ਅਤੇ ਅਕਾਲੀਆਂ ਨੂੰ ਬਦਨਾਮ ਕਰਨ ਲਈ ਨਨਕਾਣਾ ਸਾਹਿਬ ਵਿੱਚ 60-70 ਸਾਧੂਆਂ, ਮਹੰਤਾਂ ਦੀ ਇਕੱਤਰਤਾ ਸੱਦ ਲਈ। ਬਾਬਾ ਕਰਤਾਰ ਸਿੰਘ ਬੇਦੀ ਵੀ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਭਾਸ਼ਨ ਹੋਏ। ਕਮੇਟੀ ਨੂੰ ਮਾਨਤਾ ਦੇਣ ਤੋਂ ਇਨਕਾਰ ਕੀਤਾ। ਸਾਧੂਆਂ ਅਤੇ ਮਹੰਤਾਂ ਦੀ ਕਮੇਟੀ ਬਣਾ ਲਈ। ਕਮੇਟੀ ਦਾ ਪ੍ਰਧਾਨ ਮਹੰਤ ਨਰਾਇਣ ਦਾਸ ਨਨਕਾਣਾ ਅਤੇ ਸਕੱਤਰ ਬਸੰਤ ਦਾਸ ਗੁਰਦੁਆਰਾ ਮਾਣਕ ਬਣੇ। ਆਪਣੇ ਮਨੋਰਥ ਦੇ ਪ੍ਰਚਾਰ ਲਈ 'ਸੰਤ ਸੇਵਕ' ਅਖ਼ਬਾਰ ਕੱਢਣ ਲਈ 60 ਹਜ਼ਾਰ ਰੁਪਇਆ ਵੀ ਇਕੱਠਾ ਕਰ ਲਿਆ।

ਨਵੰਬਰ 1920 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਤੋਂ 4-5 ਦਿਨ ਪਹਿਲਾਂ ਆਪਣੇ ਇਕੱਠੇ ਕੀਤੇ ਹੋਏ ਗੁੰਡਿਆਂ ਨੂੰ ਕਿਹਾ ਕਿ ਕਿਸੇ ਕਿਰਪਾਨ ਵਾਲੇ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੈ। ਸਰਦਾਰ ਲਛਮਣ ਸਿੰਘ ਧਾਰੋਵਾਲ ਆਪਣੇ ਪਿੰਡ ਦੇ ਕੁਝ ਸ਼ਰਧਾਲੂਆਂ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਲਈ ਆਇਆ। ਸਬੱਬੀਂ ਉਸ ਦਿਨ ਡਿਪਟੀ ਕਮਿਸ਼ਨਰ ਤੇ ਸੀ.ਆਈ.ਡੀ. ਸੁਪਰਡੈਂਟ ਗੁਰਦੁਆਰੇ ਵਿੱਚ ਸਨ। ਮਹੰਤ ਦੇ ਗੁੰਡੇ ਸੰਗਤ 'ਤੇ ਹਮਲਾ ਕਰਨ ਹੀ ਵਾਲੇ ਸਨ ਕਿ ਅਫ਼ਸਰਾਂ ਨੇ ਹਮਲਾ ਰੁਕਵਾ ਦਿੱਤਾ। ਸਰਦਾਰ ਧਾਰੋਵਾਲ ਦੇ ਨਾਲ ਸੰਗਤਾਂ ਸੁਰੱਖਿਅਤ ਨਿਕਲ ਗਏ ਪਰ ਸਰਕਾਰੀ ਅਫ਼ਸਰਾਂ ਨੇ ਮਹੰਤ ਨੂੰ ਕੋਈ ਵੀ ਤਾੜਨਾ ਨਾ ਦਿੱਤੀ।

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਪਤਾ ਲੱਗ ਪਏ ਸਨ। ਪੰਜਾਬ ਦੇ ਅਖ਼ਬਾਰਾਂ ਵਿੱਚ ਮਹੰਤ ਵੱਲੋਂ ਅਕਾਲੀਆਂ ਦਾ ਮੁਕਾਬਲਾ ਕਰਨ ਦੀ ਤਿਆਰੀ ਦੀ ਆਮ ਚਰਚਾ ਹੋਈ। ਅਕਾਲੀ ਹੁਣ ਅਵੇਸਲੇ ਨਹੀਂ ਸਨ। ਜਨਵਰੀ 24, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿੱਚ ਗੁਰਮਤਾ ਪਾਸ ਕੀਤਾ ਕਿ 4,5 ਅਤੇ 6 ਮਾਰਚ ਨੂੰ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਭਾਰੀ ਦੀਵਾਨ ਸਜਾਇਆ ਜਾਵੇ, ਇਸ ਵਿੱਚ ਮਹੰਤ ਨੂੰ ਸੱਦਾ ਦਿੱਤਾ ਜਾਵੇ ਕਿ ਮਹੰਤ ਨੂੰ ਤਾੜਨਾ ਕੀਤੀ ਜਾਵੇ ਕਿ ਉਹ ਪੰਥ ਅਨੁਸਾਰ ਚੱਲੇ। ਇੱਕ ਨੋਟਿਸ ਛਾਪ ਕੇ ਵੀ ਵੰਡਿਆ ਗਿਆ। ਜਿਸ ਵਿੱਚ ਪੰਜਾਬ ਸਰਕਾਰ, ਸਿੱਖ ਰਾਜਿਆਂ ਅਤੇ ਸਿੱਖਾਂ ਨੂੰ ਕਿਹਾ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਰਸੂਖ ਵਰਤਣ ਕਿ ਗੁਰਦੁਆਰਾ ਪੰਥਕ ਪ੍ਰਬੰਧ ਹੇਠ ਆ ਜਾਵੇ। ਕੀਤੇ ਜਾ ਰਹੇ ਮਾਰਚ ਮਹੀਨੇ ਦੇ ਦੀਵਾਨ ਦੀ ਤਿਆਰੀ ਵਿੱਚ 6 ਫ਼ਰਵਰੀ ਦੀ ਇੱਕਤਰਾ ਵਿੱਚ ਲੰਗਰ ਦਾ ਪ੍ਰਬੰਧ ਕਰਨ ਲਈ ਕਮੇਟੀ ਬਣਾਈ ਗਈ, ਜਿਸ ਵਿੱਚ ਭਾਈ ਲਛਮਣ ਸਿੰਘ ਧਾਰੋਵਾਲ, ਸਰਦਾਰ ਦਲੀਪ ਸਿੰਘ ਸਾਗਲਾਂ, ਸਰਦਾਰ ਤੇਜਾ ਸਿੰਘ ਸਮੁੰਦਰੀ , ਕਰਤਾਰ ਸਿੰਘ ਝੱਬਰ ਅਤੇ ਸਰਦਾਰ ਬਖਸ਼ੀਸ਼ ਸਿੰਘ ਮੈਂਬਰ ਸਨ, ਜਿਨ੍ਹਾਂ ਦੀ ਰਸਦ ਅਤੇ ਮਾਇਆ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੀ।

ਮਹੰਤ ਨੂੰ ਲਗਭਗ ਸਭ ਬੇਦੀ ਜਗੀਰਦਾਰਾਂ ਦੀ ਹਮਾਇਤ ਪ੍ਰਾਪਤ ਸੀ। ਸਰਦਾਰ ਸੁੰਦਰ ਸਿੰਘ ਮਜੀਠੀਆ ਪਹਿਲਾਂ ਵੀ ਸਰਕਾਰ ਦਾ ਬੈ ਖਰੀਦ ਸੀ ਪਰ ਸਰਦਾਰ ਹਰਬੰਸ ਸਿੰਘ ਅਟਾਰੀ ਤੇ ਪ੍ਰੋ. ਜੋਧ ਸਿੰਘ ਕਮੇਟੀ ਦੇ ਨਾਲ ਸਨ। ਚੀਫ਼ ਖ਼ਾਲਸਾ ਦੀਵਾਨ ਸਾਮਰਾਜੀ ਹੋਣ ਕਰਕੇ ਬਦਨਾਮ ਸੀ। ਮਹੰਤ ਨੇ ਮਹਾਰਾਜਾ ਪਟਿਆਲਾ ਨੂੰ ਲਾਹੌਰ ਵਿੱਚ ਮਿਲ ਕੇ ਮਦਦ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਮਹਾਰਾਜੇ ਨੇ ਮਹੰਤ ਨੂੰ ਸਲਾਹ ਦਿੱਤੀ ਕਿ ਉਹ ਚੰਗੇ ਸਿੱਖਾਂ ਦੀ ਕਮੇਟੀ ਬਣਾ ਕੇ ਪ੍ਰਬੰਧ ਉਹਨਾਂ ਨੂੰ ਸੌਂਪ ਦੇਵੇ। ਮਹੰਤ ਨੇ ਸਰਕਾਰ ਤੋਂ ਅਜਿਹੀ ਹਥਿਆਰਬੰਦ ਪੁਲਿਸ ਦੀ ਮੰਗ ਕੀਤੀ, ਜਿਸ ਨੂੰ ਗੋਲੀ ਚਲਾਉਣ ਦਾ ਹੁਕਮ ਹੋਵੇ ਪਰ ਸਰਕਾਰ ਨੇ ਇਨਕਾਰ ਕਰ ਦਿੱਤਾ। ਸਰਕਾਰ ਚਾਹੁੰਦੀ ਸੀ ਕਿ ਮਹੰਤ ਖੁਦ ਅਕਾਲੀਆਂ ਨਾਲ ਨਜਿੱਠ ਲਵੇ ਅਤੇ ਉਹਨਾਂ ਦਾ ਖਾਤਮਾ ਕਰ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਸਜ ਰਹੇ ਦਿਵਾਨਾਂ ਦਾ ਸਮਾਂ ਵੇਖ ਕੇ ਮਹੰਤ ਨੇ ਮੁਕਾਬਲੇ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ।

ਉਹ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਛੱਡਣਾ ਨਹੀਂ ਚਾਹੁੰਦਾ ਸੀ। ਉਸ ਨੇ 28 ਪਠਾਣ ਵੀਹ ਵੀਹ ਰੁਪਏ ਮਾਹਵਾਰ ਦੀ ਤਨਖਾਹ ਤੇ ਰੱਖ ਲਏ। ਮਾਝੇ ਵਿਚੋਂ ਕੁਝ ਮੁਸਲਮਾਨ ਭਰਤੀ ਕਰ ਲਏ। ਕੁਝ ਬਦਮਾਸ਼ ਗੁਰਦੁਆਰਾ ਫੇਰੂ ਤੋਂ ਮਹੰਤ ਦੀ ਮਦਦ ਲਈ ਆਏ। ਟਕਰਾਓ ਲਈ ਅਸਲਾ ਮੌਜੂਦ ਸੀ। ਮਹੰਤ ਨੇ ਆਪਣੇ ਅਖ਼ਬਾਰ 'ਸੰਤ ਸੇਵਕ' ਵਿੱਚ ਕਿਹਾ ਕਿ ਜੇ ਸਿੱਖ ਨਨਕਾਣਾ ਸਾਹਿਬ ਆਏ ਤਾਂ ਮਿੱਝ ਕੱਢ ਕੇ ਰੱਖ ਦਿਆਂਗੇ।

ਮਹੰਤ ਨੇ 7 ਫ਼ਰਵਰੀ 1921 ਨੂੰ ਆਪਣੇ ਹਮਾਇਤੀਆਂ ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਹਨਾਂ ਨੂੰ ਸਹੁੰਆਂ ਦਿਵਾ ਕੇ ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ। ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਨੂੰ ਸੰਬੋਧਨ ਕੀਤਾ। ਫੇਰ 14 ਫ਼ਰਵਰੀ 1921 ਨੂੰ ਇੱਕ ਹੋਰ ਇਕੱਠ ਕਰਕੇ ਮਤਾ ਪਕਾਇਆ ਕਿ 5 ਮਾਰਚ ਨੂੰ ਸਾਰਾ ਪੰਥ ਨਨਕਾਣਾ ਸਾਹਿਬ ਜੁੜੇ ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦੇ ਬਹਾਨੇ ਗੁਰਦੁਆਰੇ ਅੰਦਰ ਬੁਲਾ ਕੇ ਕਤਲ ਕਰ ਦਿੱਤਾ ਜਾਵੇ। ਭਾਈ ਵਰਿਆਮ ਸਿੰਘ ਜੀ ਨੇ ਸੂਹੀਆ ਅਵਤਾਰ ਸਿੰਘ ਰਾਹੀਂ ਕਰਤਾਰ ਸਿੰਘ ਝੱਬਰ ਜੀ ਨੂੰ ਇਹ ਖ਼ਬਰ ਦਿੱਤੀ ਕਿ ਮਹੰਤ ਦੀ ਨੀਅਤ ਸਾਫ਼ ਨਹੀਂ ਹੈ। ਉਹ ਇਕੱਤਰਤਾ ਵਿੱਚ ਪੰਥਕ ਆਗੂਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਪੰਥਕ ਆਗੂਆਂ ਨੇ ਯਤਨ ਆਰੰਭ ਦਿੱਤੇ ਕਿ ਮਾਰਚ ਦੇ ਦੀਵਾਨ ਤੋਂ ਪਹਿਲਾਂ ਨਨਕਾਣਾ ਸਾਹਿਬ ਵਿਚ ਕੋਈ ਜੱਥਾ ਨਾ ਪਹੁੰਚੇ।

ਝੱਬਰ ਜੀ ਨੇ ਗੁਰਦੁਆਰਾ ਖਰਾ ਸੌਦਾ ਪਹੁੰਚ ਕੇ ਆਪਣੇ ਜਥੇ ਦੇ ਮੈਂਬਰਾਂ ਅੱਗੇ ਤਜਵੀਜ਼ ਰੱਖੀ ਕਿ ਸਾਨੂੰ ਨੀਅਤ ਤਰੀਕੇ ਤੋਂ ਪਹਿਲਾਂ ਪਹੁੰਚ ਕੇ ਮਹੰਤ ਦੇ ਸ਼ੈਤਾਨੀ ਇਰਾਦੇ ਨੂੰ ਮਾਤ ਦੇਣੀ ਚਾਹੀਦੀ ਹੈ। ਗੁਰਦੁਆਰਾ ਤੇ ਕਬਜ਼ਾ ਕਰਨਾ ਚਾਹੀਦਾ ਹੈ। ਫ਼ਰਵਰੀ 17,1921 ਨੂੰ ਖਰਾ ਸੌਦਾ ਵਿਖੇ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਫ਼ੈਸਲਾ ਹੋਇਆ ਕਿ ਭਾਈ ਬੂਟਾ ਸਿੰਘ 19 ਫ਼ਰਵਰੀ 1921 ਨੂੰ ਸਵੇਰੇ ਨਨਕਾਣਾ ਸਾਹਿਬ ਪਹੁੰਚ ਜਾਣ ਅਤੇ ਭਾਈ ਲਛਮਣ ਸਿੰਘ ਜੀ ਆਪਣਾ ਜਥਾ ਲੈ ਕੇ ਉਸੇ ਰਾਤ ਚੰਦਰ ਕੋਟ ਆ ਜਾਣ। ਜਿੱਥੇ ਭਾਈ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈ ਕੇ ਉਹਨਾਂ ਨਾਲ ਆਣ ਸ਼ਾਮਲ ਹੋਵੇਗਾ।

ਇਸ ਫੈਸਲੇ ਦਾ ਪਤਾ ਸ੍ਰ.ਹਰਚੰਦ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲੱਗ ਗਿਆ ਜੋ ਉਸ ਵੇਲੇ ਲਾਇਲਪੁਰ ਵਿਚ ਸਨ। ਭਾਈ ਕਰਤਾਰ ਸਿੰਘ ਝੱਬਰ ਨਹੀਂ ਸੀ ਚਾਹੁੰਦਾ ਕਿ ਇਸ ਫ਼ੈਸਲੇ ਦਾ ਪਤਾ ਪ੍ਰਬੰਧਕ ਕਮੇਟੀ ਨੂੰ ਲੱਗੇ, ਕਿਉਂਕਿ ਉਹਨਾਂ ਨੇ ਆਗਿਆ ਨਹੀਂ ਦੇਣੀ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ ਸੀ। 19 ਫ਼ਰਵਰੀ 1921 ਨੂੰ 'ਅਕਾਲੀ' ਅਖ਼ਬਾਰ ਦੇ ਲਾਹੌਰ ਦਫ਼ਤਰ ਵਿਚ ਸਿੱਖ ਆਗੂਆਂ ਦੀ ਇਕੱਤਰਤਾ ਹੋਈ, ਜਿਸ ਵਿਚ ਫ਼ੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਤਰੀਕ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਸ੍ਰ. ਦਲੀਪ ਸਿੰਘ ਅਤੇ ਸ੍ਰ. ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਗਿਆ। ਉਹਨਾਂ ਨੇ ਭਾਈ ਕਰਤਾਰ ਸਿੰਘ ਨੂੰ ਮਨਾ ਲਿਆ ਕਿ ਉਹ ਮਿਥੀ ਤਰੀਕੇ ਦੀ ਉਲੰਘਣਾ ਨਾ ਕਰੇ। ਭਾਈ ਦਲੀਪ ਸਿੰਘ ਨੇ ਜ਼ਿੰਮੇਵਾਰੀ ਲਈ ਕਿ ਉਹ ਜਾ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕੇਗਾ। ਉਹ ਚੰਦਰ ਕੋਟ ਪਹੁੰਚੇ ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ। ਸ੍ਰ. ਦਲੀਪ ਸਿੰਘ ਉਥੋਂ ਭਾਈ ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਜਿਹੜਾ ਕਿ ਨਨਕਾਣਾ ਤੋਂ ਕੋਈ ਇੱਕ ਮੀਲ ਸੀ ਆ ਗਏ।

ਉਸੇ ਦਿਨ ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਤੁਰੰਤ ਨਨਕਾਣਾ ਵੱਲ ਤੁਰ ਪਏ ਕਿ ਸੰਗਤਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਜਾਣ ਤੋਂ ਰੋਕਣ।

19 ਫ਼ਰਵਰੀ 1921 ਨੂੰ ਭਾਈ ਲਛਮਣ ਸਿੰਘ ਸ਼ਾਮ ਨੂੰ ਹਨੇਰੇ ਪਏ ਪਿੰਡੋਂ ਜਥਾ ਲੈ ਕੇ ਤੁਰ ਪਏ। ਉਹਨਾਂ ਨਾਲ 150 ਸਿੰਘ ਤੇ ਬੀਬੀਆਂ ਵੀ ਸਨ। ਉਹ 20 ਫਰਵਰੀ 1921 ਨੂੰ ਸਵੇਰ ਦੇ ਕੋਈ ਪੰਜ ਵਜੇ ਜਨਮ ਅਸਥਾਨ ਦੇ ਉੱਤਰ ਵੱਲ ਭਠਿਆ ਉੱਤੇ ਉਹਨਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੁਨੇਹਾ ਲੈ ਕੇ ਆਇਆ ਕਿ ਭਾਈ ਸਾਹਿਬ ਜਥੇ ਸਮੇਤ ਨਨਕਾਣਾ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣਾ ਸਾਹਿਬ ਵਿਚ ਬਿਲਕੁਲ ਪੈਰ ਨਾ ਰੱਖਣ। ਉਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ ਕਿ ਅੱਜ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਹੈ। ਇੱਥੇ ਅੱਜ ਪਹੁੰਚੇ ਹੋਏ ਹਾਂ। ਚੱਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ। ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਹੈ, ਮੁਕਾਬਲਾ ਨਹੀਂ ਕਰਨਾ ਹੈ। ਭੜਕਾਊ ਗੱਲ ਨਹੀਂ ਕਰਨੀ। ਸਿਰਫ਼ ਮੱਥਾ ਟੇਕ ਕੇ ਵਾਪਸ ਆ ਜਾਣਾ ਏ, ਫਿਰ ਝਗੜਾ ਕਿਉਂ ਹੋਵੇਗਾ।

ਭਾਈ ਲਛਮਣ ਸਿੰਘ ਜੀ ਵੀ ਰਾਜ਼ੀ ਹੋ ਗਏ। ਜਥਾ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ, ਜਿਥੋਂ ਉਹ ਘਰਾਂ ਨੂੰ ਮੁੜ ਗਈਆਂ। ਅਕਾਲੀ ਜਨਮ ਅਸਥਾਨ ਦੇ ਬਾਹਰ ਇਸ਼ਨਾਨ ਕਰਨ ਲੱਗ ਪਏ। ਕੋਈ 6 ਵਜੇ ਦੇ ਕਰੀਬ ਉਹ ਗੁਰਦੁਆਰਾ ਵਿਚ ਮੱਥਾ ਟੇਕਣ ਲਈ ਦਾਖ਼ਲ ਹੋਏ।

ਮਹੰਤ ਦੇ ਗੁੰਡੇ ਬਦਮਾਸ਼ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕਰੀ ਬੈਠੇ ਸਨ। ਮਹੰਤ ਨੇ ਆਪਣੇ ਪਰਵਾਰ ਦੇ ਬੰਦੇ ਲਾਹੌਰ ਭੇਜ ਦਿੱਤੇ ਸਨ। ਰੁਪਇਆ, ਪੈਸਾ ਤੇ ਜਰੂਰੀ ਕਾਗ਼ਜ਼ ਵੀ ਉਹਨਾਂ ਕੋਲ ਹੀ ਸਨ। ਉਸ ਨੇ ਕੱਢੂਰ ਦੇ ਥਾਣੇ ਵਿਚ ਦਸ ਨੰਬਰੀ ਬਦਮਾਸ਼ਾਂ ਰੀਹਾਣਾ, ਅਮਲੀ, ਕੁੰਦੀ, ਵਸਾਖਾ ਅਤੇ ਕੁਝ ਹੋਰਨਾਂ ਦੀਆਂ ਹਾਜ਼ਰੀਆਂ ਲਵਾਉਣ ਦਾ ਬੰਦੋਬਸਤ ਕਰ ਲਿਆ ਸੀ ਕਿ ਤਾਂ ਜੋ ਕਿਹਾ ਜਾ ਸਕੇ ਕਿ ਵਾਰਦਾਤ ਸਮੇਂ ਉਹ ਤਾਂ ਉਸ ਦਿਨ ਨਨਕਾਣਾ ਸਾਹਿਬ ਵਿਚ ਹਾਜਰ ਹੀ ਨਹੀਂ ਸਨ, ਉਹਨਾਂ ਦੀ ਹਾਜਰੀ ਕੱਢੂਰ ਦੇ ਥਾਣੇ ਵਿਚ ਲੱਗੀ ਹੋਈ ਹੈ।

ਮਹੰਤ ਨੇ ਸਾਰੇ ਗੁੰਡਿਆਂ ਅਤੇ ਦਸ ਨੰਬਰੀਆਂ ਬਦਮਾਸ਼ਾਂ ਨੂੰ ਗੰਡਾਸਿਆਂ, ਛਵ੍ਹੀਆਂ, ਤਲਵਾਰਾਂ ਬੰਦੂਕਾਂ ਤੇ ਪਿਸਤੌਲਾਂ ਨਾਲ ਤਾਇਨਾਤ ਕਰ ਦਿੱਤਾ। ਵੱਡੀ ਮਾਤਰਾ ਵਿਚ ਬਾਲਣ ਅਤੇ ਮਿੱਟੀ ਦਾ ਤੇਲ ਵੀ ਕੋਲ ਸੀ। ਕੋਠਿਆਂ ਦੀਆਂ ਛੱਤਾਂ ਉੱਤੇ ਰੋੜੇ ਪੱਥਰ ਬਣ ਗਿਆ ਸੀ। ਜਦ ਜਥਾ ਜਨਮ ਅਸਥਾਨ ਦੇ ਦਰਬਾਰ ਵਿਚ ਦਾਖਲ ਹੋ ਗਿਆ, ਤਾਂ ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਸਾਰੇ ਸਿੰਘ ਸ਼ਬਦ ਪੜ੍ਹਨ ਲੱਗੇ ਕਿ ਇੱਕ ਦਮ ਗੋਲੀਆਂ ਵਰਨ ਲੱਗੀਆਂ। ਸਿੰਘ ਫੱਟੜ ਹੋ ਕੇ ਤੜਫਦੇ ਜਮੀਨ ਤੇ ਡਿੱਗਣ ਲੱਗੇ। ਕੋਠਿਆਂ ਦੀਆਂ ਛੱਤਾਂ ਤੇ ਮੋਰਚੇ ਬਣੇ ਹੋਏ ਸਨ। ਮਹੰਤ ਦੇ ਗੁੰਡੇ ਤਾਬੜ ਤੋੜ ਗੋਲੀਆਂ ਚਲਾ ਰਹੇ ਸਨ। ਇੱਟਾਂ ਪੱਥਰਾਂ ਦੀ ਵੀ ਬੁਛਾੜ ਹੋ ਰਹੀ ਸੀ। ਦਰਵਾਜੇ ਸਭ ਬੰਦ ਸਨ। ਬਚਾਓ ਦਾ ਕੋਈ ਰਾਹ ਨਹੀਂ ਸੀ। ਮਹੰਤ ਦੇ ਗੁੰਡੇ ਸ਼ਰਾਬ ਵਿਚ ਧੁੱਤ ਸਨ, ਜਿਥੇ ਜਿਥੇ ਵੀ ਸਿੰਘ ਸਨ, ਸਭ ਚੁਣ ਚੁਣ ਕੇ ਸ਼ਹੀਦ ਕਰ ਦਿੱਤੇ। ਫੱਟੜਾਂ ਨੂੰ ਜਿਉਂਦਾ ਵੇਖ ਕੇ ਛਵ੍ਹੀਆਂ ਨਾਲ ਕੁਤਰ ਰਹੇ ਸਨ। ਉਹਨਾਂ ਹਰ ਅਕਾਲੀ ਸ਼ਹੀਦੀ ਕੀਤਾ। ਲਛਮਣ ਸਿੰਘ ਧਾਰੋਵਾਲੀ ਨੂੰ ਵੀ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਗਾ ਕੇ ਸ਼ਹੀਦ ਕੀਤਾ। ਗੁਰਦੁਆਰੇ ਤੋਂ ਬਾਹਰ ਖੇਤਾਂ ਤੱਕ ਸਿੰਘਾਂ ਦਾ ਪਿੱਛਾ ਕਰਕੇ ਕਤਲੇਆਮ ਕੀਤਾ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਛਿੜੀ ਹੋਈ ਸੀ।

ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਭਾਈ ਬੂਟਾ ਸਿੰਘ ਤੇ ਸ੍ਰ. ਉੱਤਮ ਸਿੰਘ ਨੇ ਗੋਲੀਆਂ ਦੀਆਂ ਆਵਾਜ਼ਾਂ ਸ੍ਰ. ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਬੈਠਿਆਂ ਸੁਣੀਆਂ। ਉਹ ਸਾਰੇ ਗੁਰਦੁਆਰੇ ਨੇੜੇ ਪਹੁੰਚੇ ਤਾਂ ਮਹੰਤ ਦੇ ਬੰਦਿਆਂ ਨੇ ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰਕੇ ਉਹਨਾਂ ਨੂੰ ਫੱਟੜ ਕਰਕੇ ਭਖਦੀ ਭੱਠੀ ਵਿਚ ਸੁੱਟ ਦਿੱਤਾ। ਇਸ ਸਮੇਂ ਤਕ ਗੁਰਦੁਆਰੇ ਵਿਚ ਸਾਰੇ ਸਿੰਘ ਜ਼ਖ਼ਮੀ ਜਾਂ ਸ਼ਹੀਦ ਹੋ ਚੁੱਕੇ ਸਨ। ਇਹਨਾਂ ਸਾਰਿਆਂ ਨੂੰ ਲੱਕੜਾਂ ਦੇ 3-4 ਢੇਰ ਲਗਾ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਵਿੱਚ ਸੁੱਟ ਦਿੱਤਾ। ਹੁਣ ਮਾਰਨ ਲਈ ਕੋਈ ਸਿੰਘ ਨਾ ਬਚਿਆ। ਸਾਰਾ ਕੱਢਬਾ ਖਾਲੀ ਹੋ ਗਿਆ। ਮਹੰਤ ਨੇ ਮੋਰਚਾ ਸਰ ਕਰ ਲਿਆ ਸੀ।

ਸ੍ਰ. ਉੱਤਮ ਸਿੰਘ ਕਾਰਖ਼ਾਨੇਦਾਰ ਸ੍ਰ. ਧੰਨਾ ਸਿੰਘ ਅਤੇ ਸ੍ਰ. ਕਰਮ ਸਿੰਘ ਸਟੇਸ਼ਨ ਮਾਸਟਰ ਨੇ ਇਸ ਦਰਦਨਾਕ ਕਤਲੇਆਮ ਦੀ ਖ਼ਬਰ ਪੰਜਾਬ ਦੇ ਗਵਰਨਰ , ਕਮਿਸ਼ਨਰ, ਡਿਪਟੀ ਕਮਿਸ਼ਨਰ , ਸੁਪਰਡੈਂਟ ਪੁਲਿਸ ਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ। ਸਾਰੇ ਹੀ ਸਿੱਖ ਜਗਤ ਵਿਚ ਹਾਹਾਕਾਰ ਮੱਚ ਗਈ। ਗੁਰਦੁਆਰਾ ਜਨਮ ਅਸਥਾਨ ਤੇ ਅੰਗਰੇਜ਼ ਸਰਕਾਰ ਦਾ ਕਬਜ਼ਾ ਹੋ ਗਿਆ। ਗੁਰਦੁਆਰੇ ਨੂੰ ਜੰਦਰੇ ਲਗਾ ਦਿੱਤੇ ਗਏ।

20 ਤੋਂ 21 ਫ਼ਰਵਰੀ 1921 ਕੁਝ ਸਿੱਖ ਆਗੂ ਨਨਕਾਣਾ ਸਾਹਿਬ ਪਹੁੰਚ ਗਏ। ਫਰਵਰੀ 21,1921 ਨੂੰ ਪੜਤਾਲ ਦਾ ਕੰਮ ਸ਼ੁਰੂ ਹੋ ਗਿਆ। ਸਾਰਾ ਗੁਰਦੁਆਰਾ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ। ਹਰ ਥਾਂ ਲਾਸ਼ਾਂ ਵਿਛੀਆਂ ਹੋਈਆਂ ਸਨ। ਗੁਰਦੁਆਰੇ ਦੇ ਅੰਦਰ 150 ਸਿੰਘ ਸ਼ਹੀਦ ਹੋਏ। ਉਹਨਾਂ ਵਿਚੋਂ 86 ਨਾਂਵਾਂ ਦੀ ਸ਼ਨਾਖ਼ਤ ਹੋਈ। ਜੋ ਸਿੰਘ , ਜਿੰਨਾਂ ਦਾ ਪਿਛਾ ਮਹੰਤ ਵੱਲੋਂ ਕੀਤਾ ਗਿਆ। ਗੁਰਦੁਆਰੇ ਤੋਂ ਬਾਹਰ ਵੀ ਸਿੰਘ ਸ਼ਹੀਦ ਹੋਏ ਸਨ, ਜਿਥੋਂ ਕਿੱਥੇ ਵੀ ਨਨਕਾਣਾ ਸਾਹਿਬ ਦੇ ਕਤਲੇਆਮ ਦੀ ਖ਼ਬਰ ਪਹੁੰਚੀ, ਅਕਾਲੀ ਨਨਕਾਣਾ ਸਾਹਿਬ ਪੁੱਜਣੇ ਸ਼ੁਰੂ ਹੋ ਗਏ। ਫਰਵਰੀ 21, 1921 ਤੱਕ ਸਿੰਘਾਂ ਦੀ ਗਿਣਤੀ 4000 ਹੋ ਗਈ। ਜਿਨ੍ਹਾਂ ਵਿਚ ਬੀਬੀਆਂ ਤੇ ਬਿਰਧ ਵੀ ਸਨ।

ਸਰਦਾਰ ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਜਥਾ ਲੈ ਕੇ ਪਹੁੰਚੇ। ਝੱਬਰ ਜੀ ਨੇ ਕਿਹਾ ਕਿ ਜਥਾ ਹਰ ਕੀਮਤ ਤੇ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਇਆ ਹੈ। ਜਦ ਜਥਾ ਰੇਲਵੇ ਲਾਇਨ ਕੋਲ ਪੁੱਜਾ ਤਾਂ ਅੰਗਰੇਜ਼ ਅਫ਼ਸਰਾਂ ਵਿਚ ਕਮਿਸ਼ਨਰ ਪੁਲਿਸ, ਫ਼ੌਜੀ ਕਰਨੈਲ , ਕਰਨੈਲ ਅਤੇ ਜ਼ਿਲ੍ਹਾ ਅਧਿਕਾਰੀ ਆਦਿ ਨੇ ਕਿਹਾ ਕਿ ਇੱਕ ਰਾਤ ਦੀ ਮੁਹਲਤ ਦਿਉ, ਸਵੇਰੇ ਚਾਬੀਆਂ ਮਿਲ ਜਾਣਗੀਆਂ, ਜਥੇਦਾਰਾਂ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਮੰਗ ਕੀਤੀ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ।

(ਬਾਕੀ ਸਫ਼ਾ 31 'ਤੇ)






# ਜਦੋਂ ਧੀਆਂ ਦੇ ਸੁਪਨਿਆਂ ਨੂੰ ਮਿਲੇ ਪਰਵਾਜ਼...

ਪੁਨੀਤ ਕੌਰ

ਜਦੋਂ ਘਰੋਂ ਨਿਕਲੀਆਂ ਤਾਂ ਸੀ ਆਪਣੇ ਸੁਪਨੇ ਪੂਰੇ ਕਰਨ, ਪਰ ਕਦੋਂ ਜ਼ਿੰਮੇਵਾਰੀਆਂ ਪੂਰੀਆਂ ਕਰਨ ਲੱਗ ਗਈਆਂ, ਪਤਾ ਹੀ ਨਹੀਂ ਲੱਗਿਆ। ਇਨ੍ਹਾਂ ਨੇ ਘਰੋਂ ਉਡਾਰੀ ਤਾਂ ਮਾਰੀ ਸੀ ਸੁਪਨਿਆਂ ਦੀ ਸੋਹਣੀ ਦੁਨੀਆ ਦੇਖਣ ਲਈ ਪਰ ਕਦੋਂ ਇਹ ਇੰਨੀ ਦੂਰ ਨਿਕਲ ਗਈਆਂ ਕਿ ਮੁੜਨਾ ਔਖਾ ਹੋ ਗਿਆ, ਪਤਾ ਹੀ ਨਹੀਂ ਲੱਗਿਆ। ਇਹ ਮਾਪਿਆਂ ਦੀਆਂ ਵੱਡੀਆਂ ਧੀਆਂ, ਕਦੋਂ ਉਨ੍ਹਾਂ ਦੇ ਵੱਡੇ ਪੁੱਤ ਬਣ ਗਈਆਂ, ਪਤਾ ਹੀ ਨਹੀਂ ਲੱਗਿਆ। ਆਪਣੇ ਚਾਅ, ਰੀਝਾਂ, ਸੁਪਨੇ ਮਾਰ ਆਪਣੇ ਛੋਟੇ ਭੈਣ-ਭਰਾਵਾਂ, ਮਾਪਿਆਂ ਦੀਆਂ ਜ਼ਿੰਮੇਵਾਰੀਆਂ ਚੁੱਕਣ ਲੱਗੀਆਂ, ਪਤਾ ਹੀ ਨੀ ਲੱਗਿਆ। ਬੇਗ਼ਾਨੇ ਮੁਲਕ ਵਿੱਚ ਰਹਿੰਦਿਆਂ ਕਿੰਨੇ ਕਿੰਨੇ ਸਾਲ ਹੋ ਗਏ, ਦਿਲ ਵੀ ਹੁਣ ਸਖ਼ਤ ਹੋ ਗਏ, ਜਿਨ੍ਹਾਂ ਨੇ ਮਾਪਿਆਂ ਦੀ ਘੂਰ ਤੱਕ ਨਹੀਂ ਸੀ ਦੇਖੀ, ਹੁਣ ਜਦੋਂ ਕੰਮ 'ਤੇ ਮੈਨੇਜਰ ਘੂਰਦੇ ਨੇ ਤਾਂ ਚੁੱਪ ਕਰ ਕੇ ਸਹਿ ਜਾਂਦੀਆਂ ਨੇ। ਜ਼ਿੰਦਗੀ ਦੇ ਇਮਤਿਹਾਨ ਹੁਣ ਸਹਿਣ ਕਰਨੇ ਸਿੱਖ ਲਏ ਨੇ, ਇਨ੍ਹਾਂ ਧੀਆਂ ਨੇ।

ਇਕੱਲੀਆਂ, ਚੁੱਪ-ਚਾਪ ਫਿਰਦੀਆਂ, ਕਿਸੇ ਦੇ ਦੇਖਣ 'ਤੇ ਮੁਸਕਰਾਉਣ ਵਾਲੀਆਂ ਅਕਸਰ ਮਾਪਿਆਂ ਦੀਆਂ ਵੱਡੀਆਂ ਧੀਆਂ ਹੀ ਹੁੰਦੀਆਂ ਨੇ। ਕਦੇ ਗੌਰ ਨਾਲ ਤਕਿਓ ਇਨ੍ਹਾਂ ਦੀਆਂ ਅੱਖਾਂ 'ਚ, ਪੁੱਛਿਓ ਕਦੇ ਇਨ੍ਹਾਂ ਨੂੰ ਵੀ ਕੋਈ ਦਿਲ ਦੀ ਗੱਲ, ਅੱਖਾਂ ਭਰ, ਗੱਲਾਂ ਬਦਲ, ਬਸ ਹੱਸ ਕੇ ਸਾਰ ਦੇਣ ਗਈਆਂ ਪਰ ਅੰਦਰ ਦੇ ਰੌਲੇ ਕਿਸੇ ਨਾਲ ਨਹੀਂ ਕਰਦੀਆਂ, ਡਰਦੀਆਂ ਜੋ ਨੇ ਮਾਪਿਆਂ ਦੀ ਇੱਜ਼ਤ ਰੋਲਣ ਤੋਂ। ਪਰਦੇਸਾਂ ਵਿੱਚ ਬੈਠੀਆਂ ਵੀ ਇਹ ਮਾਪਿਆਂ ਦੀਆਂ ਦਿੱਤੀਆਂ ਮੱਤਾਂ, ਸਿੱਖਿਆਵਾਂ ਹਰ ਪਲ ਚੇਤੇ ਰੱਖਦੀਆਂ ਨੇ। ਹਰ ਖ਼ੁਸ਼ੀ, ਗ਼ਮੀ 'ਤੇ ਉਨ੍ਹਾਂ ਨੂੰ ਯਾਦ ਕਰ ਰੋਂਦੀਆਂ, ਪਰ ਕਦੇ ਉਨ੍ਹਾਂ ਤੱਕ ਆਪਣੇ ਗ਼ਮਾਂ ਦਾ ਸੇਕ ਤੱਕ ਨਹੀਂ ਜਾਣ ਦਿੰਦੀਆਂ। ਮਾਪਿਆਂ ਨਾਲ ਚੜ੍ਹਦੀ ਕਲਾ ਵਿੱਚ ਗੱਲ ਕਰਨ ਵਾਲੀਆਂ ਇਹ ਧੀਆਂ ਆਪਣੇ ਅੰਦਰ ਪਤਾ ਨਹੀਂ, ਕੀ ਕੀ ਲਈ ਫਿਰਦੀਆਂ ਨੇ।

ਸਹੁਰੇ ਘਰ ਜਾ ਪਰਦੇਸੀ ਬੈਠੀਆਂ ਧੀਆਂ ਦੇ ਦਿਲਾਂ 'ਚ ਬਸ ਆਪਣੇ ਮਾਪੇ ਤੇ ਭੈਣ-ਭਰਾਵਾਂ ਦੀਆਂ ਫ਼ਿਕਰਾਂ ਹੀ ਚੱਲਦੀਆਂ ਨੇ। ਆਪਣੇ ਲਈ ਕਦੇ ਕੁਝ ਨਾ ਮੰਗਣ ਵਾਲੀਆਂ, ਸਾਰੀ ਉਮਰ ਆਪਣੇ ਪਰਿਵਾਰਾਂ ਦੀ ਸੁੱਖ-ਸ਼ਾਂਤੀ ਲਈ ਰੱਬ ਅੱਗੇ ਦੁਆਵਾਂ ਕਰਦੀਆਂ ਨੀ ਥੱਕਦੀਆਂ। ਆਪਣੇ ਪਰਿਵਾਰ ਦੇ ਸੁਪਨੇ ਚੇਤੇ ਰੱਖਦੀਆਂ, ਉਨ੍ਹਾਂ ਦੇ ਚਾਅ, ਰੀਝਾਂ ਨੂੰ ਸਾਰਾ ਦਿਨ ਆਪਣੇ ਨਾਲ ਚੱਕੀ ਫਿਰਦੀਆਂ ਇਹ ਵੀ ਭੁੱਲ ਜਾਂਦੀਆਂ ਕਿ ਆਪਣੇ ਸੁਪਨੇ, ਅਰਮਾਨ, ਰੀਝਾਂ, ਸਦਰਾਂ ਕਿਹੜੀ ਪੋਟਲੀ ਵਿਚ ਪਾ ਕੇ ਲੈ ਕੇ ਆਈਆਂ ਸੀ, ਜਾਂ ਸ਼ਾਇਦ ਉਹ ਤਾਂ ਰਹਿ ਗਈਆਂ ਕਿਤੇ ਪਿੱਛੇ ਹੀ ਬਾਬਲ ਦੇ ਵਿਹੜੇ। ਭੁੱਲ ਜਾਂਦੀਆਂ ਕਿ ਇਹ ਵੀ ਆਈਆਂ ਸੀ ਕਦੇ ਇਥੇ ਸੋਹਣੀ ਜ਼ਿੰਦਗੀ ਜੀਣ, ਚਾਅ ਪੂਰੇ ਕਰਨ। ਕਾਸ਼, ਕੋਈ ਸਮਝ ਸਕਦਾ, ਇਨ੍ਹਾਂ ਦੇ ਦਿਲਾਂ ਦੇ ਬੋਝ, ਸਮਝ ਸਕਦਾ ਇਨ੍ਹਾਂ ਅੰਦਰ ਚੱਲਦੇ ਸਵਾਲਾਂ ਦੇ ਸ਼ੋਰ, ਦੇ ਦਿੰਦਾ ਹੌਸਲਾ, ਜਿੱਥੇ ਪੈਂਦੀ ਇਨ੍ਹਾਂ ਨੂੰ ਲੋੜ। ਕਾਸ਼! ਕੋਈ ਦੱਸ ਸਕਦਾ ਇਨ੍ਹਾਂ ਨੂੰ ਕੇ ਜ਼ਿੰਦਗੀ ਜੀਣ ਦਾ ਤੁਹਾਨੂੰ ਵੀ ਓਨਾ ਹੀ ਹੱਕ ਆ, ਆਪਣੇ ਲਈ ਸੋਚਣਾ ਗ਼ਲਤ ਨਹੀਂ, ਕਦੇ-ਕਦੇ ਫ਼ਿਕਰਾਂ ਦੇ ਬੋਝ ਪਾਸੇ ਰੱਖ ਮਾਣ ਲਿਆ ਕਰੋ, ਤੁਸੀਂ ਵੀ ਜ਼ਿੰਦਗੀ ਦੇ ਰੰਗ। ਆਪਣੇ 'ਤੇ ਆਏ ਦੁੱਖਾਂ ਨੂੰ ਰੱਬ ਦਾ ਭਾਣਾ ਮੰਨ ਕੇ ਜੀਣ ਵਾਲੀਆਂ ਇਹ ਧੀਆਂ, ਪਤਾ ਨਹੀਂ ਕਿਥੋਂ ਲੈ ਆਉਂਦੀਆਂ ਨੇ ਇੰਨਾ ਸਬਰ ਤੇ ਹੌਸਲਾ ਕਿ ਮਿਲਦੀਆਂ ਨੇ ਜ਼ਿੰਦਗੀ ਨੂੰ ਰੋਜ਼ ਨਵੇਂ ਹੀ ਜੋਸ਼ ਨਾਲ। ਕਦੇ-ਕਦੇ ਮੈਂ ਸੋਚਦੀਂ ਹਾਂ ਕਿ ਸ਼ਾਇਦ ਇਹ ਜਾਣਦੀਆਂ ਨੇ ਟੁੱਟੇ ਸੁਪਨਿਆਂ ਦਾ ਦੁੱਖ ਅਤੇ ਇਹ ਆਪਣਾ ਪੂਰਾ ਜ਼ੋਰ ਲਾ ਦਿੰਦੀਆਂ ਕਿ ਕਦੇ ਇਨ੍ਹਾਂ ਦੇ ਕਿਸੇ ਆਪਣੇ ਨੂੰ ਇਹ ਦੁੱਖ ਨਾ ਮਿਲੇ। ਪਰਿਵਾਰਾਂ ਨੂੰ ਜੋੜ ਕੇ ਰੱਖਣ ਵਾਲੀਆਂ ਅੰਦਰੋਂ ਕਿੰਨੀਆਂ ਟੁੱਟੀਆਂ ਨੇ ਸ਼ਾਇਦ ਕੋਈ ਨਹੀਂ ਜਾਣਦਾ। ਸਾਡੀਆਂ ਮਾਂਵਾਂ, ਦਾਦੀਆਂ ਵੀ ਨੇ ਘਰਾਂ ਦੀਆਂ ਵੱਡੀਆਂ ਧੀਆਂ, ਇਨ੍ਹਾਂ ਨੇ ਵੀ ਲਏ ਹੋਣੇ ਕਦੇ ਜ਼ਿੰਦਗੀ ਨੂੰ ਮਾਣਨ ਦੇ ਸੁਪਨੇ, ਉਨ੍ਹਾਂ ਕੋਲ ਬੈਠ ਕੇ ਕਦੇ ਸੁਣਿਆ ਕਰੋ ਉਨ੍ਹਾਂ ਦੇ ਸੁਪਨੇ, ਉਨ੍ਹਾਂ ਦੀਆਂ ਵੀ ਕਰਿਆ ਕਰੋ ਆਲੀਆਂ-ਭੋਲੀਆਂ ਰੀਝਾਂ ਨੂੰ ਪੂਰਾ, ਇਨ੍ਹਾਂ ਦੇ ਮੁੱਖ 'ਤੇ ਆਏ ਹਾਸੇ ਪਤਾ ਨਹੀਂ ਸਾਡੇ ਕਿੰਨੇ ਦੁੱਖਾਂ ਨੂੰ ਦੂਰ ਕਰ ਦੇਣ। ਦੱਸਣਾ ਕਦੇ ਆਪਣੀਆਂ ਭੈਣਾਂ, ਸਹੇਲੀਆਂ, ਜ਼ਿੰਦਗੀ ਦੀਆਂ ਸਾਥਣਾਂ ਨੂੰ ਕਿ ਬਸ, ਆਪਣੇ ਪਰਿਵਾਰਾਂ ਦੇ ਸਹਾਰੇ ਬਣਦੀਆਂ ਕਿਤੇ ਆਪਣੇ ਲਈ ਸਾਥ ਲੱਭਣੇ ਨਾ ਭੁੱਲ ਜਾਇਓ। ਜੇ ਸੱਚਾ ਸਾਥ ਮਿਲੂ ਤਾਂ ਹੱਥ ਫੜ ਲਿਓ, ਸੋਚ ਕੇ ਸਮਝ ਕੇ ਤਾਂਕਿ ਤੁਹਾਡੇ ਮਨਾਂ ਦੀਆਂ ਉਲ਼ਝਣਾਂ ਨੂੰ ਵੀ ਕੋਈ ਸੁਲਝਾ ਸਕੇ। ਅੰਦਰ ਦੇ ਰੌਲੇ, ਜ਼ਿੰਮੇਵਾਰੀਆਂ ਤੋਂ ਕਦੇ ਥੱਕਿਓ ਨਾ, ਬਸ ਇੱਕ ਸਾਥ ਲੱਭਿਓ, ਜੋ ਵੰਡਾ ਸਕੇ ਜ਼ਿੰਮੇਵਾਰੀਆਂ ਨੂੰ, ਸਭ ਦਾ ਕਰਿਓ, ਪਰ ਆਪਣਾ ਕਰਨਾ ਨਾ ਭੁੱਲਿਓ। ਅੱਜ ਦਾ ਦਿਨ ਮੇਰਾ ਇਹੀ ਸੋਚਾਂ ਵਿਚ ਲੰਘ ਗਿਆ ਕਿ ਕਦੋਂ ਮਿਲੂ ਇਨ੍ਹਾਂ ਧੀਆਂ ਨੂੰ ਆਪਣੀ ਸੋਚ ਦੇ ਹਾਣ ਦਾ ਕੋਈ ਸਾਥ, ਜਿਸ ਦੇ ਆਉਣ ਨਾਲ ਇਹ ਵੀ ਖੁਸ਼ ਹੋਣਾ ਸਿੱਖ ਜਾਣ, ਜੋ ਸਮਝੇ ਇਨ੍ਹਾਂ ਦੇ ਦਿਲ ਦੀਆਂ ਰਮਜ਼ਾਂ ਨੂੰ ਅਤੇ ਦੇ ਦੇਵੇ, ਇਨ੍ਹਾਂ ਨੂੰ ਉਹੀ ਉਡਾਰੀ ਲਈ ਖੰਭ, ਜੋ ਲਾਉਣ ਲਈ ਇਹ ਕਦੇ ਘਰੋਂ ਨਿਕਲੀਆਂ ਸੀ।

# ਚੀਰੇ ਵਾਲ਼ਿਆ ਵੇਖਦਾ ਆਈਂ ਵੇ...

## ਨਹੀਂ ਭੁੱਲਦੀਆਂ ਵਿੱਸਰ ਚੁੱਕੇ ਗਹਿਣਿਆਂ ਦੀਆਂ ਯਾਦਾਂ





ਦਵਿੰਦਰ ਕੌਰ

ਕਿਹਾ ਜਾਂਦਾ ਹੈ ਕਿ ਪੁਰਾਤਨ ਪੰਜਾਬ ਵਿੱਚ ਔਰਤਾਂ ਸੌ ਤੋਂ ਵੀ ਵੱਧ ਗਹਿਣੇ ਪਹਿਨ ਕੇ ਆਪਣੇ ਹੁਸਨ ਨੂੰ ਸ਼ਿੰਗਾਰਦੀਆਂ ਸਨ। ਸ਼ਬਦ 'ਹਾਰ-ਸ਼ਿੰਗਾਰ' ਜਿਉਂ ਹੀ ਸਾਡੇ ਜ਼ਿਹਨ ਵਿੱਚ ਆਉਂਦਾ ਹੈ, ਇਸਦੇ ਨਾਲ ਹੀ ਇੱਕ ਲੰਮ-ਸਲੰਮੀ, ਪਤਲੀ, ਗੋਰੀ, ਸਜੀ-ਸੰਵਰੀ ਸੁੰਦਰ ਇਸਤਰੀ ਦੀ ਤਸਵੀਰ ਵੀ ਝੱਟ ਸਾਡੇ ਜ਼ਿਹਨ ਵਿੱਚ ਪ੍ਰਵੇਸ਼ ਕਰ ਜਾਂਦੀ ਹੈ। ਹਾਰ-ਸ਼ਿੰਗਾਰ ਦਾ ਔਰਤਾਂ ਦੀ ਮਾਨਸਿਕਤਾ ਨਾਲ ਜੁੜਿਆ ਅਟੁੱਟ ਰਿਸ਼ਤਾ ਹੈ। ਗਹਿਣਿਆਂ ਨੂੰ ਮਰਦ ਤੇ ਔਰਤਾਂ ਵੱਖ-ਵੱਖ ਮੌਕਿਆਂ 'ਤੇ ਪੁਰਾਤਨ ਸਮਿਆਂ ਤੋਂ ਪਹਿਨਦੇ ਆਏ ਹਨ । ਪੰਜਾਬੀ ਗੱਭਰੂ ਤੇ ਪੰਜਾਬਣਾਂ ਵੱਖ-ਵੱਖ ਖੁਸ਼ੀਆਂ ਦੇ ਮੌਕਿਆਂ ਜਿਵੇਂ ਵਿਆਹਾਂ-ਸ਼ਾਦੀਆਂ,ਤੀਆਂ ਜਾਂ ਗਿੱਧੇ-ਭੰਗੜੇ ਦੇ ਸਮੇਂ ਸੋਨੇ, ਚਾਂਦੀ ਜਾਂ ਪਿੱਤਲ ਦੇ ਗਹਿਣੇ ਪਹਿਨ ਕੇ ਹਾਰ ਸ਼ਿੰਗਾਰ ਕਰਦੇ ਹਨ। ਗਹਿਣਿਆਂ ਨਾਲ ਹਾਰ ਸ਼ਿੰਗਾਰ ਮਰਦਾਂ-ਔਰਤਾਂ ਦੇ ਤਾਂ ਹੀ ਜੱਚਦਾ ਹੈ ਜੇ ਨਾਲ ਰੰਗ-ਬਿਰੰਗੇ ਸੋਹਣੇ ਵਸਤਰ ਭਾਵ ਕੱਪੜੇ ਵੀ ਪਹਿਨੇ ਹੋਣ। ਇਸਤਰੀ ਤੇ ਪੁਰਸ਼ਾਂ ਦੀਆਂ ਸ਼ਿੰਗਾਰ ਵਸਤਾਂ ਵਿੱਚ ਗਹਿਣਿਆਂ ਤੋਂ ਇਲਾਵਾ ਇਸਤਰੀਆਂ ਦੀ ਸ਼ਿੰਗਾਰ ਸਮੱਗਰੀ ਤੇ ਇਸਤਰੀਆਂ ਦਾ ਪਹਿਰਾਵਾ (ਕੱਪੜੇ) ਵੀ ਪ੍ਰਮੁੱਖ ਹਨ। ਔਰਤਾਂ-ਪੁਰਸ਼ਾਂ ਦੀਆਂ ਸ਼ਿੰਗਾਰ ਵਸਤਾਂ ਗਹਿਣੇ ਤੇ ਵਸਤਰ ਔਰਤਾਂ ਦੀਆਂ ਦੋ ਸ਼ਿੰਗਾਰ ਵਸਤਾਂ ਹਨ, ਜਿਨ੍ਹਾਂ ਨੂੰ ਵੱਖ-ਵੱਖ ਖੁਸ਼ੀ ਦੇ ਮੌਕਿਆਂ 'ਤੇ ਔਰਤ ਪਹਿਨ ਕੇ ਆਪਣੀ ਸੁੰਦਰਤਾ ਦਾ ਪ੍ਰਗਟਾਵਾ ਕਰਨ 'ਚ ਖ਼ੁਸ਼ੀ ਮਹਿਸੂਸ ਕਰਦੀ ਹੈ ਪੁਰਸ਼ਾਂ ਦੇ ਮੁਕਾਬਲੇ ਔਰਤਾਂ ਦੇ ਵੱਖ-ਵੱਖ ਸਰੀਰਕ ਅੰਗਾਂ 'ਤੇ ਪਹਿਨੇ ਜਾਣ ਵਾਲ਼ੇ ਅਣਗਿਣਤ ਗਹਿਣੇ ਹਨ ।

ਗਹਿਣਾ ਮਨੁੱਖੀ ਸ਼ਿੰਗਾਰ ਦਾ ਹਮੇਸ਼ਾ ਤੋਂ ਕੇਂਦਰ ਬਿੰਦੂ ਰਿਹਾ ਹੈ। ਪੰਜਾਬ 'ਚ ਹਰ ਧਰਮ, ਜਾਤ ਤੇ ਹਰ ਉਮਰ ਦੀਆਂ ਔਰਤਾਂ ਤੇ ਮਰਦ ਆਪਣੀ ਸਮਰੱਥਾ ਅਨੁਸਾਰ ਸੋਨੇ, ਚਾਂਦੀ ਤੇ ਪਿੱਤਲ ਦੇ ਗਹਿਣੇ ਪਹਿਨਦੇ ਰਹੇ ਹਨ। ਔਰਤਾਂ ਸਿਰ ਤੋਂ ਪੈਰਾਂ ਤੱਕ ਗਹਿਣੇ ਪਹਿਨਦੀਆਂ ਸਨ। ਵੰਨ-ਸੁਵੰਨੇ ਸੋਨੇ-ਚਾਂਦੀ ਦੇ ਗਹਿਣੇ ਪੁਰਾਤਨ ਸਮੇਂ 'ਚ ਪੰਜਾਬੀ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਹੁੰਦੇ ਸਨ, ਉਨ੍ਹਾਂ ਦੀ ਥਾਂ ਹੁਣ ਬਣਾਵਟੀ ਗਹਿਣਿਆਂ ਨੇ ਲੈ ਲਈ ਹੈ। ਇਹ ਲੋਕ ਗਹਿਣੇ ਸਾਡੇ ਸੱਭਿਆਚਾਰ ਤੇ ਆਧੁਨਿਕ ਸਾਹਿਤਕ ਪਿੜ 'ਚੋਂ ਲਗਪਗ ਮਨਫ਼ੀ ਹੀ ਹੋ ਗਏ ਹਨ। ਪੁਰਾਣੇ ਪੰਜਾਬ 'ਚ ਇਸਤਰੀਆਂ ਵੱਲੋਂ ਪਹਿਨੇ ਜਾਂਦੇ ਗਹਿਣਿਆਂ ਵਿੱਚ ਕਈ ਤਰ੍ਹਾਂ ਦੇ ਗਹਿਣੇ ਸ਼ਾਮਿਲ ਸਨ:

### ਨੱਕ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਗਹਿਣੇ

**ਤੀਲ੍ਹੀ:** ਮੁਟਿਆਰਾਂ ਨੱਕ ਵਿੱਚ ਤੀਲ੍ਹੀ ਬਹੁਤ ਹੀ ਚਾਅ ਨਾਲ ਪਹਿਨਦੀਆਂ ਸਨ। ਤੀਲ੍ਹੀ ਅਸਲ ਵਿੱਚ ਇੱਕ ਬਰੀਕ ਮੇਖ-ਨੁਮਾ ਗਹਿਣਾ ਹੁੰਦਾ ਸੀ, ਜਿਸ ਉੱਪਰ ਇੱਕ ਛੋਟਾ ਜਿਹਾ ਨਗ ਲੱਗਾ ਹੁੰਦਾ ਸੀ।

**ਲੌਂਗ:** ਇਹ ਇੱਕ ਹੋਰ ਸੁੰਦਰ ਗਹਿਣਾ ਸੀ, ਜਿਸ ਦੇ ਗੁਆਚਣ ਦੇ ਡਰ ਨੂੰ ਪੰਜਾਬੀ ਲੋਕ ਗੀਤਾਂ ਵਿੱਚ ਕਲਮਬੰਦ ਕੀਤਾ ਗਿਆ ਹੈ।

ਚੀਰੇ ਵਾਲਿਆ ਵੇਖਦਾ ਆਈਂ ਵੇ,
ਮੇਰਾ ਲੌਂਗ ਗੁਆਚਾ

ਲੌਂਗ ਵਿਚਾਲੇ ਇੱਕ ਵੱਡਾ ਨਗ ਜੜ੍ਹਿਆ ਹੁੰਦਾ ਸੀ। ਇਸ ਨੂੰ ਆਲੇ-ਦੁਆਲਿਓਂ ਹੋਰ ਛੋਟੇ ਨਗਾਂ ਨੇ ਘੇਰਿਆ ਹੁੰਦਾ ਸੀ। ਤੀਲ੍ਹੀ ਅਤੇ ਲੌਂਗ ਵਿੱਚੋਂ ਵਧੇਰੇ ਸੁੰਦਰ ਕੌਣ ਹੈ ਇਸ ਦਾ ਫ਼ੈਸਲਾ ਕਰਨਾ ਬਹੁਤ ਕਠਿਨ ਜਾਪਦਾ ਸੀ। ਤਾਂਹੀਓਂ ਤਾਂ ਲੋਕ ਗੀਤਾਂ ਵਿੱਚ ਕਿਹਾ ਗਿਆ ਹੈ:

ਤੀਲੀ ਲੌਂਗ ਦਾ ਮੁਕੱਦਮਾ ਭਾਰੀ,
ਥਾਣੇਦਾਰਾ ਸੋਚ ਕੇ ਕਰੀਂ

**ਮੱਛਲੀ:** ਮੱਛਲੀ ਨੱਕ ਦੀਆਂ ਦੋਵਾਂ ਨ੍ਹਾਸਾਂ ਦੇ ਵਿਚਕਾਰਲੀ ਹੱਡੀ ਵਿੱਚ ਪਹਿਨੀ ਜਾਂਦੀ ਸੀ।

**ਨੱਥ:** ਇਹ ਵਿੰਨ੍ਹੇ ਨੱਕ ਦੀ ਗਲੀ ਤੋਂ ਸ਼ੁਰੂ ਹੋ ਕੇ ਇੱਕ ਗੁਲਾਈ ਦੀ ਤਰ੍ਹਾਂ ਖੱਬੇ ਪਾਸੇ ਵਾਲਾਂ ਨਾਲ ਜੁੜ ਜਾਂਦੀ ਸੀ। ਨੱਕ ਵਿੱਚ ਕੋਕਾ, ਬੁਲਾਕ, ਮੇਖ, ਬੇਸਰਾ ਅਤੇ ਨੁਕਰਾ ਆਦਿ ਗਹਿਣੇ ਪਹਿਨਣ ਦਾ ਰਿਵਾਜ ਸੀ।

### ਕੰਨ ਵਿੰਨ੍ਹ ਕੇ ਪਹਿਨੇ ਜਾਣ ਵਾਲੇ ਗਹਿਣੇ

ਪਿੱਪਲ ਪੱਤੀਆਂ: ਇਹ ਔਰਤਾਂ ਵਿੱਚ ਬਹੁਤ ਪ੍ਰਚੱਲਿਤ ਗਹਿਣਾ ਸੀ। ਇਸ ਨੂੰ ਪਹਿਨਣ 'ਚ ਉਹ ਬੜੀ ਸ਼ਾਨ ਸਮਝਦੀਆਂ ਸਨ। ਇਸ ਗਹਿਣੇ ਨਾਲ ਪਿੱਪਲ ਦੇ ਪੱਤਿਆਂ ਵਾਂਗ ਦੋ-ਤਿੰਨ ਪੱਤੇ ਜਿਹੇ ਲੱਗੇ ਹੁੰਦੇ ਸਨ। ਇਸ ਗਹਿਣੇ ਦੀ ਸੁੰਦਰਤਾ ਬਾਰੇ ਪੰਜਾਬੀ ਲੋਕ ਗੀਤਾਂ ਵਿੱਚ ਕਿਹਾ ਗਿਆ ਹੈ

'ਆਹ ਲੈ ਨੱਤੀਆਂ, ਕਰਾ ਲੈ ਪਿੱਪਲ ਪੱਤੀਆਂ,
ਕਿਸੇ ਨਾਲ ਗੱਲ ਨਾ ਕਰੀਂ '

**ਤੁੰਗਲ:** ਤੁੰਗਲ ਗੋਲ ਚੂੜੀਆਂ ਵਾਂਗ ਪਲੇਨ ਡੰਡੀਆਂ ਨੂੰ ਕਹਿੰਦੇ ਸਨ।

**ਕੋਕਰੂ:** ਕੋਕਰੂ ਕੰਨ ਦੀ ਗਲੀ ਦੇ ਬਾਹਰਲੇ ਵਧਵੇਂ ਭਾਗ 'ਚ ਪਹਿਨੇ ਜਾਂਦੇ ਸਨ। ਗਾਇਕ ਗੁਰਦਾਸ ਮਾਨ ਨੇ ਸੁੰਦਰ ਸ਼ਬਦਾਂ 'ਚ ਗਾਇਆ ਹੈ:

'ਘੱਗਰੇ ਵੀ ਗਏ ਫੁਲਕਾਰੀਆਂ ਵੀ ਗਈਆਂ
ਕੰਨਾਂ 'ਚ ਕੋਕਰੂ ਤੇ ਵਾਲੀਆਂ ਵੀ ਗਈਆਂ
ਰੇਸ਼ਮੀ ਦੁਪੱਟੇ, ਡੋਰੇ ਜਾਲੀਆਂ ਵੀ ਗਈਆਂ
..'

**ਬੂਜਲੀਆਂ:** ਇਹ ਸਿਲਾਈ ਮਸ਼ੀਨ ਦੀ ਫਿਰਕੀ ਵਾਂਗ ਗਹਿਣਾ ਸੀ ਜੋ ਕੰਨਾਂ 'ਚ ਵੱਡੀਆਂ ਗਲੀਆਂ ਕਢਵਾ ਕੇ ਪਹਿਨੀਆਂ ਜਾਂਦੀਆਂ ਸਨ। ਕੰਨਾਂ ਵਿੱਚ ਕਾਂਟੇ, ਢੇਡੂ, ਝੁਮਕੇ, ਡੰਡੀਆਂ, ਲੋਟਣ, ਬੂੰਦੇ, ਸੋਨ ਚਿੜੀਆਂ, ਟੌਪਸ, ਕੰਢੀ, ਝੁਮਕੇ, ਰੇਲਾਂ, ਮਾਮੇ ਮੁਰਕੀਆਂ ਤੇ ਬਹਾਦਰਨੀਆਂ ਗਹਿਣੇ ਪਹਿਨੇ ਜਾਂਦੇ ਸਨ।

### ਗਲੇ ਦੁਆਲੇ ਪਹਿਨੇ ਜਾਣ ਵਾਲੇ ਗਹਿਣੇ

**ਸੌਕਣ ਮੋਹਰਾ:** ਜਦੋਂ ਕਿਸੇ ਵਿਅਕਤੀ ਦੀ ਪਤਨੀ ਦੀ ਮੌਤ ਹੋ ਜਾਂਦੀ ਸੀ, ਤਾਂ ਉਸ ਦੀ ਦੂਸਰੀ ਪਤਨੀ ਨੂੰ ਹਾਰ ਬਣਵਾ ਕੇ ਦਿੱਤਾ ਜਾਂਦਾ ਸੀ, ਜਿਸ ਨੂੰ ਸੌਕਣ ਮੋਹਰਾ ਕਹਿੰਦੇ ਸਨ।

(ਬਾਕੀ ਸਫ਼ਾ 31 'ਤੇ)

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

# ‘ਸੰਤਾਲੀ ਦੀ ਵੰਡ ਵੇਲੇ’

ਪ੍ਰਤਾਪ ਪਾਰਸ ਗੁਰਦਾਸਪੁਰੀ



ਮੇਰੀ ਉਮਰ ਮਾਸ਼ਾ-ਅੱਲ੍ਹਾ ਉਸ ਸਮੇਂ ਦਸ ਕੁ ਵਰ੍ਹੇ ਹੋਵੇਗੀ। ਪਿਛਲੇ ਪਹਿਰ ਦਾ ਵੇਲਾ ਸੀ ਕਿ ਸਾਰਾ ਟੱਬਰ ਅਜੇ ਗੂੜ੍ਹੀ ਨੀਂਦ ਸੁੱਤਾ ਪਿਆ ਸੀ। ਅਚਾਨਕ ਸਾਡੇ ਘਰ ’ਤੇ ਕੁਝ ਲੋਕਾਂ ਵੱਲੋਂ ਡਾਂਗਾਂ ਸੋਟਿਆਂ ਅਤੇ ਛਵੀਆਂ, ਕਿਰਪਾਨਾਂ ਨਾਲ ਹਮਲਾ ਕਰ ਦਿੱਤਾ ਗਿਆ। ਕੁਝ ਨਾ ਪਤਾ ਚੱਲਿਆ ਕਿ ਕੀ ਬਣਿਆ। ਹਨੇਰੇ ਵਿੱਚ ਬਸ ਇਹੋ ਅਵਾਜ਼ਾਂ ਸੁਣਦੀਆਂ ਸਨ ਕਿ ਜਿਉਂਦਾ ਨਾ ਬਚੇ ਕੋਈ ਵੀ, ਵੱਢ ਦਿਓ ਇਨ੍ਹਾਂ ਸਾਰਿਆਂ ਨੂੰ, ਸਾਡੇ ਭੈਣ-ਭਰਾਵਾਂ ਨੂੰ ਇਨ੍ਹਾਂ ਦੇ ਨਾਲ ਦੇ ਹੀ ਮਾਰ ਰਹੇ ਨੇ, ਕੁੱਤੇ ਮੁਸ.....ਲੇ।

ਮੇਰੇ ਅੱਬਾ, ਅੰਮਾ, ਦੋ ਛੋਟੇ ਭਾਈ ਤੇ ਇੱਕ ਭੈਣ ਨੂਰਾਂ ਨੂੰ ਪਲਾਂ ਵਿੱਚ ਹੀ ਉਸ ਭੀੜ ਨੇ ਲੋਥਾਂ ਵਿੱਚ ਬਦਲ ਦਿੱਤਾ। ਮੈਂ ਅੱਲ੍ਹਾ ਦੀ ਮੇਹਰ ਸਦਕਾ ਕਿਵੇਂ ਨਾ ਕਿਵੇਂ ਬਚਦਾ ਬਚਾਉਂਦਾ ਪਿੰਡੋਂ ਬਾਹਰ ਹੀ ਪੈਂਦੇ ਚਾਚੇ ਸ਼ਕੀਲ ਦੇ ਡੇਰੇ ’ਤੇ ਜਾ ਪੁੱਜਾ। ਮੈਂ ਚਾਚੇ ਹੁਰਾਂ ਨੂੰ ਸਾਰਾ ਵਾਕਿਆ ਰੋਂਦਿਆਂ-ਕੁਰਲਾਉਂਦਿਆ ਸੁਣਾਇਆ ਕਿ ਕਿਵੇਂ ਸਾਡੇ ਸਾਰੇ ਟੱਬਰ ਉੱਤੇ ਮੌਤ ਨ੍ਹੇਰੀ ਬਣ ਕੇ ਝੁੱਲ ਗਈ ਏ। ਚਾਚੇ ਹੁਰੀਂ ਚਾਹ ਕੇ ਵੀ ਕੁਝ ਨਾ ਕਰ ਸਕੇ ਅਤੇ ਅੰਦਰੋ-ਅੰਦਰ ਹੰਝੂ ਅਤੇ ਸਾਰਾ ਗੁੱਸਾ ਪੀ ਗਏ। ਡਰੇ ਹੋਏ ਚਾਚੇ ਹੋਰੀਂ ਲੋਅ ਲੱਗਦਿਆਂ ਸਾਰ ਹੀ ਆਪਣਾ ਸਭ ਕੁਝ ਛੱਡ-ਛੁਡਾ ਮੈਨੂੰ ਆਪਣੇ ਨਾਲ ਲੈ ਕੇ, ਵੰਡ ਵਿਚ ਹਿੱਸੇ ਆਏ ਨਵੇਂ ਬਣੇ ਮੁਸਲਮਾਨ ਮੁਲਕ ਪਾਕਿਸਤਾਨ ਵੱਲ ਨੂੰ ਟੁਰ ਪਏ।

ਸਾਡਾ ਹਿੰਦੋਸਤਾਨੀ ਪਿੰਡ ਬਾਰਡਰ ਦੇ ਨੇੜੇ ਹੋਣ ਕਰਕੇ ਜਲਦੀ ਹੀ ਅਸੀਂ ਰਾਵੀ ਪਾਰ ਕਰ ਆਏ। ਉਜਾੜੇ ਦੌਰਾਨ ਏਧਰੋਂ ਵੀ ਬਹੁਤ ਲੋਕ ਆਪਣਾ ਘਰ-ਘਾਟ ਛੱਡ-ਛੁਡਾ ਕੇ ਓਧਰ ਨੂੰ ਜਾ ਰਹੇ ਸਨ। ਜਿਨ੍ਹਾਂ ਦੇ ਉੱਤੇ ਮਜ਼੍ਹਬੀ ਹਮਲੇ ਹੋ ਰਹੇ ਸਨ। ਉਨ੍ਹਾਂ ਦੇ ਕਤਲੇਆਮ ਦਾ ਰੌਲਾ ਅੰਬਰਾਂ ਨੂੰ ਛੂਹ ਰਿਹਾ ਸੀ। ਮੇਰੇ ਚਾਚੇ ਨੇ ਰਾਵੀਓਂ ਪਾਰ ਆ ਕੇ ਤਹਿਸੀਲ ਸਕਰਗੜ੍ਹ ਦੇ ਪਿੰਡ ਬਰਕੀਵਾਲ ਵਿੱਚ ਕਿਸੇ ਹਿੰਦੂ ਪਰਿਵਾਰ ਵੱਲੋਂ ਛੱਡ ਕੇ ਗਏ ਘਰ ’ਤੇ ਕਬਜ਼ਾ ਕਰ ਲਿਆ ਜੋ ਬਾਅਦ ਵਿੱਚ ਚਾਚੇ ਨੇ ਆਪਣੇ ਨਾਂ ਹੀ ਕਰਵਾ ਲਿਆ ਸੀ। ਘਰ ਵਿੱਚ ਕਾਫ਼ੀ ਸਾਮਾਨ ਅਤੇ ਦਾਣਾ-ਫੱਕਾ ਵੀ ਓਵੇਂ ਹੀ ਪਿਆ ਹੋਇਆ ਸੀ ਕਿਉਂਕਿ ਲੋਕ ਤਾਂ ਏਧਰੋਂ ਵੀ ਓਧਰ ਮਸਾਂ ਆਪਣੀਆਂ ਜਾਨਾਂ ਬਚਾ ਕੇ ਹੀ ਜਾ ਰਹੇ ਸਨ।

ਪੈਰ ਧਰਾਵਾ ਕਰਨ ਤੋਂ ਬਾਅਦ ਚਾਚਾ ਤੇ ਚਾਚੇ ਦੇ ਦੋਵੇਂ ਮੁੰਡੇ ਜੋ ਉਸ ਵੇਲੇ ਵਾਹਵਾ ਗੱਭਰੂ ਸਨ ਆਪਣੇ ਭਰਾ ਜਾਣੀ ਮੇਰੇ ਟੱਬਰ ਦਾ ਬਦਲਾ ਲੈਣ ਲਈ ਹੱਥਾਂ ’ਚ ਕਿਰਪਾਨਾਂ ਬਰਛੇ ਲੈ ਕੇ ਨਿਕਲ ਪਏ। ਮੈਨੂੰ ਯਾਦ ਹੈ ਉਹ ਦਿਨ ਢਲਦੇ ਗਏ ਤੇ ਅਗਲੇ ਦਿਨ ਸਵੇਰੇ ਘਰ ਆਏ। ਉਨ੍ਹਾਂ ਆ ਕੇ ਆਪਣੀ ਬਹਾਦਰੀ ਅਤੇ ਮਾਣ ਦੀ ਗਾਥਾ ਸੁਣਾਈ ਕਿ ਅਸੀਂ ਆਪਣੇ ਭਰਾ ਦਾ ਬਦਲਾ ਲੈ ਆਏ ਹਾਂ। ਪੂਰੇ ਵੀਹ ਹਿੰਦੂ ਅਤੇ ਸਿੱਖ ਵੱਢ ਕੇ ਆਏ ਆਂ ਅਤੇ ਆਹ ਉਨ੍ਹਾਂ ’ਚੋਂ ਇੱਕ ਪਰਿਵਾਰ ਦੀ ਕੁੜੀ ਵੀ ਖੋਹ ਲਿਆਏ ਹਾਂ ਜਿਸ ਨੂੰ ਅਸੀਂ ਬਾਅਦ ਵਿੱਚ ਆਪਣੇ ਰਹਿਮਾਨ (ਮੇਰੇ ਵੱਲੋਂ) ਨਾਲ ਨਿਕਾਹ ਕਰਾਂਗੇ ਤਾਂ ਜੋ ਸਾਡੇ ਭਰਾ ਦੇ ਵੱਢੇ ਸਾਰੇ ਟੱਬਰ ਦਾ ਦਰਦ ਕੁਝ ਘੱਟ ਹੋ ਸਕੇ।

ਓਧਰ ਬਾਲੜੀ ਕੁੜੀ ਦਾ ਰੋ-ਰੋ ਕੇ ਬੁਰਾ ਹਾਲ ਸੀ। ਡਰਦੀ ਮਾਰੀ ਦੇ ਸਾਹ ਜਿਵੇਂ ਰੁਕ-ਰੁਕ ਕੇ ਚੱਲ ਰਹੇ ਹੋਣ। ਮੇਰੀ ਚਾਚੀ ਨੇ ਉਹਦੇ ਨਾਲ ਕੁਝ ਹਮਦਰਦੀ ਜਿਤਾਉਂਦਿਆਂ ਕਿਹਾ, “ਰੋ ਨਾ ਕੁੜੀਏ ਤੈਨੂੰ ਅਸੀਂ ਜਾਨੋਂ ਨਹੀਂ ਮਾਰਦੇ, ਤੂੰ ਹੁਣ ਸਾਡੇ ਘਰ ਹੀ ਰਹਿਣਾ ਏ, ਤੈਨੂੰ ਹੁਣ ਕੋਈ ਖ਼ਤਰਾ ਨਹੀਂ। ਉਸਦਾ ਮੂੰਹ ਧੁਆਇਆ। ਉਸ ਨੂੰ ਘਰ ਵਿੱਚ ਬਣਿਆ ਮਾੜਾ-ਮੋਟਾ ਕੁਝ ਖਾਣ ਨੂੰ ਦਿੱਤਾ ਜਿਸ ਨੂੰ ਉਸ ਨੇ ਮੂੰਹ ਤੱਕ ਨਾ ਲਾਇਆ। ਉਹ ਤਾਂ ਬਸ ਹਾਏ ਬੀਬੀ ਹਾਏ ਪਾਪਾ ਕਹਿ ਕੇ ਹੀ ਕੁਰਲਾਈ ਜਾ ਰਹੀ ਸੀ ਜਿਸਦਾ ਮੇਰੇ ਬਾਲ ਮਨ ’ਤੇ ਵੀ ਬਹੁਤ ਗਹਿਰਾ ਅਸਰ ਹੋਇਆ ਪਰ ਮੈਂ ਕੁਝ ਵੀ ਨਹੀਂ ਕਰ ਸਕਦਾ ਸੀ ਕਿਉਂਕਿ ਮੈਂ ਤਾਂ ਆਪ ਚਾਚੇ-ਚਾਚੀ ਦੇ ਸਹਾਰੇ ਰਹਿਣਾ ਸੀ। ਮੇਰੇ ਚਾਚੇ ਨੇ ਆਪਣੀ ਬਰਾਦਰੀ ਵਿੱਚ ਇਹ ਕਹਿ ਦਿੱਤਾ ਕਿ ਇਹ ਕੁੜੀ ਮੇਰੀ ਭੈਣ ਸਾਲੋ ਦੀ ਏ ਜਿਸ ਦਾ ਸਾਰਾ ਟੱਬਰ ਹਿੰਦੋਸਤਾਨ ਵਿਚ ਹੀ ਵੱਢ ਦਿੱਤਾ ਗਿਆ ਏ ਤੇ ਇਹ ਕੁੜੀ ਸਾਡੇ ਕੋਲ ਰਹਿੰਦੀ ਹੋਣ ਕਰਕੇ ਬਚ ਗਈ ਸੀ ਜੋ ਗੱਲ ਲੋਕਾਂ ਮੰਨ ਵੀ ਲਈ ਸੀ।

ਖੋਹ ਕੇ ਲਿਆਂਦੀ ਕੁੜੀ ਦਾ ਨਾਂ ਮੇਰੀ ਚਾਚੀ ਨੇ ਫ਼ਾਤਮਾ ਰੱਖ ਦਿੱਤਾ ਸੀ। ਮੈਂ ਤੇ ਫ਼ਾਤਮਾ ਤਕਰੀਬਨ ਹਾਣੋਂ-ਹਾਣੀ ਹੀ ਸਾਂ। ਹੌਲੀ-ਹੌਲੀ ਅਸੀਂ ਆਪਸ ਵਿੱਚ ਗੱਲਾਂ ਬਾਤਾਂ ਕਰਨੀਆਂ ਅਤੇ ਖੇਡਣਾ ਵੀ ਸ਼ੁਰੂ ਕਰ ਦਿੱਤਾ। ਜਿਵੇਂ ਸਮੁੰਦਰੀ ਜਹਾਜ਼ ਦੇ ਕਾਂ ਦਾ ਕੋਈ ਹੋਰ ਟਿਕਾਣਾ ਨਹੀਂ ਹੁੰਦਾ ਓਵੇਂ ਹੁਣ ਵਿਚਾਰੀ ਫ਼ਾਤਮਾ ਦੀ ਵੀ ਸਾਡੇ ਘਰ ਬਿਨਾਂ ਹੋਰ ਕੋਈ ਥਾਂ ਨਹੀਂ ਸੀ। ਵਕਤ ਚੱਲਦਾ ਗਿਆ। ਮੇਰੇ ਚਾਚਾ-ਚਾਚੀ ਆਪਣੇ ਦਿਲ ਵਿੱਚ ਆਪਣੀਆਂ ਰੀਝਾਂ ਪਾਲਦੇ ਗਏ। ਓਧਰ ਮੈਨੂੰ ਮੇਰੇ ਆਪਣਿਆਂ ਦੇ ਟੋਟੇ ਹੁੰਦਿਆਂ ਦਾ ਮੰਜ਼ਰ ਅਤੇ ਫ਼ਾਤਮਾ ਦਾ ਰੋ-ਰੋ ਕੇ ਹਾਏ ਬੀਬੀ ਹਾਏ ਪਾਪਾ ਕਹਿਣਾ ਸੌਣ ਨਾ ਦਿੰਦਾ ਅਤੇ ਨਾ ਹੀ ਕੁਝ ਹੋਰ ਸੋਚਣ ਹੀ ਦਿੰਦਾ। ਮੈਂ ਵੀ ਹੁਣ ਜਵਾਨ ਹੋ ਗਿਆ ਸੀ। ਮੇਰੀ ਬੁੱਧੀ ਪੂਰੀ ਕੰਮ ਕਰਨ ਲੱਗ ਪਈ ਸੀ। ਹੁਣ ਮੇਰੇ ਚਾਚਾ-ਚਾਚੀ ਜਲਦੀ ਹੀ ਮੇਰਾ ਅਤੇ ਫ਼ਾਤਮਾ ਦਾ ਨਿਕਾਹ ਪੜ੍ਹਾਉਣਾ ਚਾਹੁੰਦੇ ਸਨ ਜਿਸ ਬਾਰੇ ਇੱਕ ਦਿਨ ਮੇਰੇ ਚਾਚੇ ਨੇ ਮੈਨੂੰ ਇਸ਼ਾਰੇ-ਇਸ਼ਾਰੇ ਨਾਲ ਕਹਿ ਵੀ ਦਿੱਤਾ ਸੀ ਕਿ ਪੁੱਤਰਾ ਹੁਣ ਅਸਾਂ ਤੈਨੂੰ ਛੇਤੀ ਕੋਈ ਖ਼ੁਸ਼ੀ ਵਾਲੀ ਗੱਲ ਦੱਸਣੀ ਏ।

ਮੈਂ ਚਾਚੇ ਦੀ ਗੱਲ ’ਤੇ ਨਾ ਹੀ ਬਹੁਤਾ ਖ਼ੁਸ਼ ਹੋਇਆ ਅਤੇ ਨਾ ਹੀ ਕੋਈ ਜੁਆਬ ਦਿੱਤਾ ਸੀ। ਮੈਂ ਇੱਕ ਦਿਨ ਆਪਣੀ ਆਤਮਾ ’ਤੇ ਪਏ ਭਾਰੀ ਬੋਝ ਨੂੰ ਉਤਾਰਨ ਲਈ ਮੌਕਾ ਤਾੜ ਕੇ ਰਾਤ ਨੂੰ ਫ਼ਾਤਮਾ ਨੂੰ ਆਪਣੇ ਨਾਲ ਲੈ ਕੇ ਘਰੋਂ ਭੱਜ ਨਿਕਲਿਆ। ਇਸ ਦਾ ਮੇਰੇ ਚਾਚੇ-ਚਾਚੀ ਨੂੰ ਕੋਈ ਅੰਦਾਜ਼ਾ ਵੀ ਨਹੀਂ ਹੋ ਸਕਦਾ ਸੀ ਕਿ ਰਹਿਮਾਨ ਇੰਝ ਵੀ ਕਰ ਸਕਦਾ ਹੈ। ਮੈਂ ਫ਼ਾਤਮਾ ਨੂੰ ਇਹ ਤਾਂ ਦੱਸ ਚੁੱਕਾ ਸੀ ਕਿ ਮੈਂ ਕਿੱਥੇ ਜਾਣਾ ਚਾਹੁੰਦਾ ਹਾਂ ਪਰ ਆਪਣਾ ਅਸਲ ਮਕਸਦ ਨਹੀਂ ਦੱਸਿਆ ਸੀ। ਓਦੋਂ ਤੱਕ ਦੋਵਾਂ ਦੇਸ਼ਾਂ ਦੇ ਹਾਲਾਤ ਕੁਝ ਸੁਖਾਵੇਂ ਹੋ ਗਏ ਸਨ। ਹੁਣ ਵਾਂਗ ਬਾਰਡਰ ’ਤੇ ਕੰਡਿਆਲੀਆਂ ਤਾਰਾਂ ਨਹੀਂ ਲੱਗੀਆਂ ਹੋਈਆਂ ਸਨ। ਮੈਂ ਫ਼ਾਤਮਾ ਨੂੰ ਨਾਲ ਲੈ ਕੇ ਤੁਰਿਆ-ਤੁਰਿਆ ਸਵੇਰ ਚੜ੍ਹਨ ਤੱਕ ਹਿੰਦੋਸਤਾਨ ਦੀ ਧਰਤੀ ’ਤੇ ਜਾ ਪੁੱਜਾ ਜਿੱਥੇ ਮੈਂ ਇਕ ਪਿੰਡ ਵਿੱਚ ਜਾ ਕੇ ਇਕ ਸਿੱਖ ਪਰਿਵਾਰ ਵਿੱਚ ਠਾਹਰ ਲਈ ਜਿਸ ਦਾ ਮੁਖੀਆ ਓਸੇ ਪਿੰਡ ਦੇ ਗੁਰਦੁਆਰੇ ਦਾ ਪਾਠੀ ਸਿੰਘ ਸੀ ਅਤੇ ਭਲਾ ਲੋਕ ਸੀ। ਮੈਂ ਉਸਨੂੰ ਆਪਣੀ ਅਤੇ ਫ਼ਾਤਮਾ ਦੀ ਸਾਰੀ ਕਹਾਣੀ ਦੱਸ ਕੇ ਆਪਣੇ ਮਨ ਦੀ ਭਾਵਨਾ ਤੋਂ ਜਾਣੂ ਕਰਵਾ ਕੇ ਉਸ ਕੋਲੋਂ ਮਦਦ ਮੰਗੀ। ਉਸ ਨੇ ਮੈਨੂੰ ਗਲ਼ ਨਾਲ ਲਾ ਲਿਆ ਅਤੇ ਕਿਹਾ, “ਪੁੱਤਰਾ ਮੈਂ ਤੈਨੂੰ ਤੇਰੇ ਟੀਚੇ ਤੱਕ ਹਰ ਹੀਲੇ ਪਹੁੰਚਾਵਾਂਗਾ ਇਸ ਵਿੱਚ ਮੈਨੂੰ ਚਾਹੇ ਕੁਝ ਵੀ ਕਰਨਾ ਪੈ ਜਾਵੇ।

ਉਨ੍ਹਾਂ ਮੈਨੂੰ ਤੇ ਫ਼ਾਤਮਾ ਨੂੰ ਰੋਟੀ-ਪਾਣੀ ਛਕਾਇਆ ਅਤੇ ਨਾਲ ਲੈ ਕੇ ਨੇੜਲੇ ਇੱਕ ਪਿੰਡ ਵੱਲ ਨੂੰ ਹੋ ਤੁਰਿਆ ਜਿੱਥੇ ਦੇਸ਼ ਦੀ ਵੰਡ ਵੇਲੇ ਕੁਝ ਪਰਿਵਾਰ ਪਾਕਿਸਤਾਨੋਂ ਆ ਕੇ ਵੱਸੇ ਹੋਏ ਸਨ। ਉਨ੍ਹਾਂ ਨੂੰ ਇਲਾਕੇ ਵਿੱਚ ਪਾਕਿਸਤਾਨੀਆਂ ਦੇ ਨਾਮ ਨਾਲ ਜਾਣਿਆ ਜਾਂਦਾ ਸੀ। ਉਹ ਚਾਹੁੰਦਾ ਸੀਂ ਕਿ ਉੱਥੋਂ ਫ਼ਾਤਮਾ ਦੇ ਪਰਿਵਾਰ ਦੀ ਕੋਈ ਉੱਘ-ਸੁੱਘ ਮਿਲ ਸਕੇ।

ਅਸੀਂ ਇੱਕ ਹਿੰਦੂ ਪਰਿਵਾਰ ਦੇ ਘਰ ਗਏ ਜਿੱਥੇ ਮੈਂ ਫਿਰ ਆਪਣੀ ਅਤੇ ਫ਼ਾਤਮਾ ਦੀ ਸਾਰੀ ਕਹਾਣੀ ਦੱਸੀ। ਕਹਾਣੀ ਸੁਣਦਿਆਂ-ਸੁਣਦਿਆਂ ਚੌਧਰੀ ਮੁਨਸ਼ੀ ਰਾਮ ਦੀਆਂ ਅੱਖਾਂ ਵਿੱਚੋਂ ਵਹਿੰਦੇ ਹੰਝੂਆਂ ਨੇ ਇੱਕ ਦਰਦ ਭਰੀ ਉਹ ਕਹਾਣੀ ਬਿਆਨ ਕੀਤੀ ਜਿਸ ਦੀਆਂ ਤਾਰਾਂ ਜਾ ਕੇ ਫ਼ਾਤਮਾ ਦੇ ਜੀਵਨ ਨਾਲ ਜੁੜਦੀਆਂ ਸਨ।

“ਉਹ ਸਾਡੀ ਗੁੱਡੀ ਜਿਉਂਦੀ ਹੈ ਅਜੇ, ਉਹ ਤਾਰੋ, ਉਹ ਤਾਰੋ, ਆ ਵੇਖ ਉਸ ਭਗਵਾਨ ਦੇ ਰੰਗ, ਆ ਰੱਬ ਦਾ ਬੰਦਾ ਪਾਕਿਸਤਾਨੋਂ ਸਾਡੀ ਗੁੱਡੀ ਨੂੰ ਲੈ ਕੇ ਆਇਆ ਈ।”

ਸਰਦਾਰ ਜੀ ਇਹ ਮੇਰੇ ਵੱਡੇ ਭਰਾ ਦੀ ਕੁੜੀ ਏ ਜੋ ਹਿੰਦੋਸਤਾਨ ਆਉਂਦਿਆਂ ਸਮੇਂ ਸਾਰਾ ਟੱਬਰ ਕਤਲ ਕਰ ਦਿੱਤਾ ਗਿਆ ਸੀ ਤੇ ਇਹ ਕੁੜੀ ਦਾ ਕੋਈ ਥਹੁ-ਪਤਾ ਹੀ ਨਹੀਂ ਲੱਗਾ ਸੀ। ਮੈਂ ਵੀ ਉਸ ਹਮਲੇ ਵੇਲੇ ਹਿੰਦੋਸਤਾਨ ਆਉਣ ਵਾਲੇ ਕਾਫਲੇ ਵਿਚ ਹੀ ਸਾਂ। ਰੱਬ ਨੇ ਪਤਾ ਨਹੀਂ ਕਿੱਦਾਂ ਮੇਰੀ ਜਾਨ ਬਚਾ ਦਿੱਤੀ ਸੀ। ਮੈਂ ਉਸ ਵੇਲੇ ਕੁਆਰਾ ਹੀ ਸਾਂ। ਮੇਰਾ ਏਧਰ ਆ ਕੇ ਹੀ ਵਿਆਹ ਹੋਇਆ ਸੀ ਪਰ ਪਰਮਾਤਮਾ ਨੇ ਸ਼ਾਇਦ ਏਸੇ ਕਰਕੇ ਸਾਨੂੰ ਕੋਈ ਔਲਾਦ ਨਹੀਂ ਦਿੱਤੀ ਸੀ ਕਿ ਸਾਡੀ ਧੀ ਤਾਂ ਪਾਕਿਸਤਾਨ ਵਿੱਚ ਪਲ ਰਹੀ ਸੀ।

ਮੈਂ ਅਤੇ ਉਹ ਸਰਦਾਰ ਪਾਠੀ ਸਿੰਘ ਮੁੜ ਉਸ ਸਿੰਘ ਦੇ ਘਰ ਆਏ ਅਤੇ ਫ਼ਾਤਮਾ ਨੂੰ ਨਾਲ ਲੈ ਕੇ ਚੌਧਰੀ ਮੁਨਸ਼ੀ ਰਾਮ ਦੇ ਘਰ ਚਲੇ ਗਏ। ਘਰ ਵੜਦਿਆਂ ਹੀ ਚੌਧਰੀ ਮੁਨਸ਼ੀ ਰਾਮ ਨੇ ਫ਼ਾਤਮਾ ਨੂੰ ਕਲਾਵੇ ਵਿੱਚ ਲੈਂਦਿਆਂ ਕਿਹਾ, ਤੂੰ ਕਿੱਥੇ ਰਹਿ ਗਈ ਸੈਂ ਮੇਰੇ ਵੀਰ ਦੀਏ ਆਖਰੀ ਨਿਸ਼ਾਨੀਏ, ਮੇਰੀ ਗੁੱਡੀ ਧੀਏ, ਆਹ ਤੇਰੀ ਚਾਚੀ ਏ ਤੇ ਮਾਂ ਵੀ ਇਹੋ ਹੀ ਏ ਤੇਰੀ, ਸਾਡਾ ਹੋਰ ਕੋਈ ਨਹੀਂ ਓ ਤੇਰੇ ਬਗੈਰ ਇਸ ਦੁਨੀਆ ’ਤੇ।

ਖ਼ੂਨ ਨੂੰ ਖ਼ੂਨ ਨਾਲ ਮਿਲਾ ਕੇ ਆਪਣੇ ਮਨ ਤੋਂ ਜ਼ਿੰਦਗੀ ਦਾ ਸਭ ਤੋਂ ਵੱਡਾ ਬੋਝ ਉਤਾਰ ਕੇ ਫ਼ਾਤਮਾ ਤੋਂ ਵਿਦਾ ਲੈਣ ਲੱਗਿਆਂ ਫ਼ਾਤਮਾ ਨੂੰ ਗਲ ਨਾਲ ਲਗਾ ਕੇ ਮਿਲਣ ਲੱਗਾ ਤਾਂ ਫ਼ਾਤਮਾ ਪਹਿਲੀ ਵਾਰ ਖੁੱਲ੍ਹ ਕੇ ਬੋਲੀ, ਜੇਕਰ ਇਹ ਫਰਜ਼ ਨਿਭਾਅ ਕੇ ਚਲਿਆਂ ਤਾਂ ਇਕ ਵਾਅਦਾ ਵੀ ਕਰ ਕੇ ਜਾਹ ਕਿ ਮੈਨੂੰ ਮੇਰੀ ਡੋਲੀ ਵਿੱਚ ਵੀ ਤੂੰ ਹੀ ਬਿਠਾ ਕੇ ਜਾਵੇਂਗਾ ਮੇਰਿਆ ਸੋਹਣਿਆ ਵੀਰਾ।

ਮੈਂ ਭੈਣ ਫ਼ਾਤਮਾ ਨੂੰ ਜ਼ੁਬਾਨ ਦੇ ਕੇ ਅਤੇ ਉਸ ਦੇ ਪਿਆਰ ਦੀ ਪੰਡ ਸਿਰ ’ਤੇ ਧਰ ਕੇ ਉਨ੍ਹਾਂ ਰਾਹਾਂ ’ਤੇ ਤੁਰ ਪਿਆ ਜਿੱਥੇ ਕਦੇ ਮੈਂ ਆਪਣੇ ਮਾਂ-ਬਾਪ, ਭੈਣ-ਭਰਾਵਾਂ ਦਾ ਪਿਆਰ ਗੁਆ ਕੇ ਤੁਰਦਾ ਆਇਆ ਸੀ। ਕੁਝ ਸਮੇਂ ਬਾਅਦ ਹੀ ਹਿੰਦੋਸਤਾਨ ਅਤੇ ਪਾਕਿਸਤਾਨ ਦੇ ਸਬੰਧ ਵਿਗੜਨ ਕਰਕੇ ਲਾਂਘਾ ਬੰਦ ਹੋ ਗਿਆ ਜਿਸ ਕਰਕੇ ਮੈਂ ਦੁਬਾਰਾ ਹਿੰਦੋਸਤਾਨ ਜਾ ਹੀ ਨਾ ਸਕਿਆ ਜਿਸ ਦਾ ਮੈਨੂੰ ਅੱਜ ਤੱਕ ਮਲਾਲ ਹੈ ਕਿ ਮੈਂ ਆਪਣੀ ਭੈਣ ਨਾਲ ਕੀਤਾ ਵਾਅਦਾ ਨਹੀਂ ਪੁਗਾ ਸਕਿਆ।

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਨ ਗਏ ਨੇ ਮੈਂ ਬਜ਼ੁਰਗ ਰਹਿਮਾਨ ਦੇ ਮੂੰਹੋਂ ਇਹ ਸਾਰੀ ਕਹਾਣੀ ਸੁਣੀ। ਉਹ ਜੋ ਆਪਣੇ ਪਿੰਡੋਂ ਇਸ ਆਸ ਨਾਲ ਬਜ਼ੁਰਗ ਅਵਸਥਾ ’ਚ ਵੀ ਘਰੋਂ ਲੰਗਰ ਤਿਆਰ ਕਰਵਾ ਕੇ ਸੇਵਾ ਲਈ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਵਿਖੇ ਆਇਆ ਹੋਇਆ ਸੀ ਕਿ ਖੌਰੇ ਕਿਤੇ ਉਸ ਦੀ ਭੈਣ ਫ਼ਾਤਮਾ ਜਾਂ ਉਸ ਪਾਠੀ ਸਿੰਘ ਦੇ ਘਰੋਂ ਕੋਈ ਜੀਅ ਆਇਆ ਹੋਵੇ ਜੋ ਮੈਨੂੰ ਪਛਾਣ ਲਵੇ। ਵੰਡ ਵੇਲੇ ਦੇ ਉਸ ਮੰਜ਼ਰ ਬਾਰੇ ਸੁਣ ਕੇ ਮੈਨੂੰ ਇੰਝ ਲੱਗ ਰਿਹਾ ਸੀ ਕਿ ਜਿਵੇਂ ਮੈਂ ਉਸ ਕਤਲੇਆਮ ਦਾ ਚਸ਼ਮਦੀਦ ਗਵਾਹ ਹੋਵਾਂ। ਬਜ਼ੁਰਗ ਰਹਿਮਾਨ ਦੇ ਪਰਿਵਾਰ ਦੀ ਮਹਿਮਾਨ ਨਿਵਾਜ਼ੀ ਅਤੇ ਉਸ ਦਾ ਕਿਰਦਾਰ ਮੇਰੇ ਦਿਲ ਦੀ ਕਿਤਾਬ ’ਤੇ ਇਕ ਮਿੱਠੀ ਯਾਦ ਬਣ ਕੇ ਸਦਾ-ਸਦਾ ਲਈ ਉਕਰ ਗਿਆ।

# ਮਿੰਨੀ ਕਹਾਣੀਆਂ

## ਮੁੱਲ ਦੀ ਸਰਪੰਚੀ

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ

ਸੁੱਖਾ ਬੱਚਿਆਂ ਨੂੰ ਸਕੂਲ ਤੋਂ ਲੈ ਕੇ ਘਰ ਨੂੰ ਪਰਤ ਰਿਹਾ ਸੀ। ਰਾਹ ਵਿੱਚ ਚਾਰ ਪੰਜ ਬੰਦੇ, ਪਿੰਡ ਦੇ ਮੋਹਤਬਰ ਜਿਹੇ ਮਿਲ ਗਏ। ਉਹ ਗੱਲਾਂ ਕਰਨ ਲੱਗ ਪਏ ਕਿ ਅੱਜ ਸ਼ਾਮ ਨੂੰ ਆਪਣੇ ਪਿੰਡ ਦੀ ਸਰਪੰਚੀ ਦੀ ਬੋਲੀ ਲੱਗਣੀ ਹੈ ਜਿਹੜਾ ਬੋਲੀ ਵੱਧ ਲਾ ਦੇਵੇਗਾ ਅੱਜ ਤੋਂ ਹੀ ਉਹ ਆਪਣੇ ਪਿੰਡ ਦਾ ਸਰਪੰਚ ਬਣ ਜਾਵੇਗਾ। ਬੱਸ ਇੰਨੀ ਕੁ ਭਿਣਕ ਲੱਗੀ ਤੇ ਸੁੱਖਾ ਵਾਹੋਦਾਹੀ ਘਰ ਪਹੁੰਚ ਗਿਆ। ਘਰ ਆਉਂਦਿਆਂ ਹੀ ਆਵਾਜ਼ਾਂ ਮਾਰਨ ਲੱਗਿਆ “ਬਾਪੂ ਬਾਪੂ, ਕਿੱਥੇ ਚਲਾ ਗਿਆ ਏਂ ਬਾਪੂ?” “ਕੀ ਗੱਲ ਹੋ ਗਈ ਏ?” ਬੇਬੇ ਨੇ ਅੰਦਰੋਂ ਬਾਹਰ ਨਿਕਲ ਕੇ ਪੁੱਛਿਆ। ਅਜੇ ਮਾਂ ਆਪਣੇ ਪੁੱਤਰ ਸੁੱਖੇ ਗੱਲ ਹੀ ਕਰ ਰਹੀ ਸੀ ਕਿ ਵਿੱਚੋਂ ਬਾਪੂ ਵਿੱਚ ਆ ਗਿਆ, “ਦੱਸੋ ਕੀ ਗੱਲ ਏ? ਬੜਾ ਘਰ ਸਿਰ ’ਤੇ ਚੁੱਕਿਆ ਹੋਇਆ ਏ।” ਸੁੱਖਾ ਅੱਗੋਂ ਬੋਲਿਆ, “ਬਾਪੂ, ਗੱਲ ਉਹੀ ਹੈ ਜਿਹੜੀ ਮੈਂ ਤੁਹਾਨੂੰ ਕਈ ਚਿਰਾਂ ਤੋਂ ਕਹਿੰਦਾ ਆ ਰਿਹਾ ਹਾਂ ਕਿ ਮੈਂ ਜ਼ਿੰਦਗੀ ਵਿੱਚ ਇੱਕ ਵਾਰ ਸਰਪੰਚ ਜ਼ਰੂਰ ਬਣਨਾ ਹੈ। ਅੱਜ ਉਹ ਵੇਲਾ ਆ ਗਿਆ ਹੈ।”

“ਸੁੱਖੇ ਪੁੱਤਰ, ਗੱਲ ਤੇਰੀ ਠੀਕ ਹੈ ਪਰ ਸਰਪੰਚ ਬਣਨ ਲਈ ਚਾਰ ਵੋਟਾਂ ਵੀ ਨਾਲ ਹੋਣੀਆਂ ਚਾਹੀਦੀਆਂ ਨੇ। ਪੁੱਤਰਾ, ਆਪਾਂ ਨੂੰ ਤਾਂ ਵੋਟਾਂ ਆਪਣੇ ਟੱਬਰ ਨੇ ਵੀ ਨਹੀਂ ਪਾਉਣੀਆਂ। ਫਿਰ ਵੋਟਾਂ ਤੋਂ ਬਿਨਾਂ ਤੂੰ ਸਰਪੰਚ ਕਿਵੇਂ ਬਣ ਜਾਵੇਂਗਾ। ਬਾਪੂ ਜੀ ਹੁਣ ਸਰਪੰਚੀ ਵਾਸਤੇ ਵੋਟਾਂ ਦੀ ਲੋੜ ਨਹੀਂ ਸਗੋਂ ਨੋਟਾਂ ਦੀ ਲੋੜ ਹੈ।” “ਉਹ ਕਿਵੇਂ? ਕੀ ਹੁਣ ਆਪਣੇ ਟੱਬਰ ਵਾਲੇ ਪੈਸੇ ਲੈ ਕੇ ਤੈਨੂੰ ਵੋਟਾਂ ਮੁੱਲ ਦੇਣਗੇ। ਕਦੇ ਨਹੀਂ ਹੋ ਸਕਦਾ।” “ਬਾਪੂ, ਤੂੰ ਵੀ ਭੋਲਾ ਏਂ, ਪੈਸੇ ਆਪਾਂ ਕਿਸੇ ਵੋਟਰ ਨੂੰ ਨਹੀਂ ਦੇਣੇ ਸਗੋਂ ਸਾਡੇ ਪੈਸੇ ਪਿੰਡ ਦੇ ਵਿਕਾਸ ’ਤੇ ਲੱਗਣਗੇ।” “ਕਿਹੜੇ ਵਿਕਾਸ ’ਤੇ।” ਆਹ ਹੀ ਵਿਕਾਸ, ਗਲੀਆਂ, ਨਾਲੀਆਂ, ਸਿਵੇ ਤੇ ਧਰਮਸ਼ਾਲਾ ਨੂੰ ਸੁਧਾਰਨ ਦਾ।” “ਵਾਹ ਬਈ ਵਾਹ! ਗੌਰਮਿੰਟ ਕਰੋੜਾਂ ਰੁਪਏ ਫੰਡ ਦੇ ਦਿੰਦੀ ਹੈ ਸੁਧਾਰ ਲਈ, ਸੁਧਾਰ ਫਿਰ ਨਹੀਂ ਹੁੰਦਾ। ਤੂੰ ਕਿਹੜੇ ਸੁਧਾਰ ਦੀ ਗੱਲ ਕਰਦਾ ਏਂ?” “ਛੱਡ ਬਾਪੂ, ਸਾਰੀਆਂ ਗੱਲਾਂ। ਅੱਜ ਸ਼ਾਮ ਨੂੰ ਗੁਰਦੁਆਰੇ ਦੇ ਬਾਹਰਲੇ ਪਾਸੇ ਸੱਥ ਵਿੱਚ ਸਰਪੰਚੀ ਦੀ ਖੁੱਲ੍ਹੀ ਬੋਲੀ ਲੱਗਣੀ ਹੈ। ਤੂੰ ਜਾਹ ਆੜ੍ਹਤੀਏ ਕੋਲ, ਉਹਦੇ ਨਾਲ ਆਪਣੀ ਨਿਆਈਂ ਵਾਲੀ ਪੈਲੀ ਦੇ ਦੋ ਕਿੱਲਿਆਂ ਦਾ ਸੌਦਾ ਕਰ ਕੇ ਆ।” “ਮੈਂ ਨਿਆਈਂ ਵਾਲੀ ਜ਼ਮੀਨ ਵੇਚ ਦਿਆਂ! ਨਹੀਂ, ਨਹੀਂ, ਸੁੱਖਿਆ ਇਹ ਜ਼ਮੀਨ ਤਾਂ ਮੈਂ ਭੁੱਖਿਆਂ ਰਹਿ ਰਹਿ ਕੇ ਬਣਾਈ ਏ। ਇੱਥੋਂ ਹੀ ਚਾਰ ਦਾਣੇ ਹੁੰਦੇ ਨੇ ਆਪਣੇ ਖਾਣ ਨੂੰ। ਜੇ ਇਹ ਜ਼ਮੀਨ ਵਿਕ ਗਈ ਤਾਂ ਰੋਟੀ ਕਿੱਥੋਂ ਖਾਵਾਂਗੇ!” “ਬਾਪੂ, ਜੇ ਤੂੰ ਭੁੱਖਿਆਂ ਰਹਿ ਕੇ ਜ਼ਮੀਨ ਬਣਾ ਲਈ ਸੀ ਤਾਂ ਕੀ ਮੈਂ ਸਰਪੰਚੀ ਵਿੱਚ ਨਹੀਂ ਬਣਾ ਸਕਦਾ? ਮੇਰੀ ਵੀ ਜ਼ਿੱਦ ਹੈ ਮੈਂ ਬੋਲੀ ਕਿਸੇ ਤੋਂ ਘੱਟ ਨਹੀਂ ਲਾਉਣੀ। ਅੱਜ ਸ਼ਾਮ ਨੂੰ ਬਾਪੂ ਤੂੰ ਸਰਪੰਚ ਦਾ ਪਿਉ ਹੋਵੇਂਗਾ। ਪਾ ਲੈ ਲੀੜੇ ਤੇ ਛੇਤੀ ਸੌਦਾ ਕਰ ਕੇ ਆ। ਉਹ ਜਿਹੜਾ ਵੀ ਭਾਅ ਲਾਵੇ ਤੂੰ ਜ਼ਿੱਦ ਨਾ ਕਰੀਂ, ਦੇ ਦੇਈਂ ਕਿਉਂਕਿ ਪੈਸੇ ਆਪਾਂ ਮੌਕੇ ’ਤੇ ਹੀ ਦੇ ਦੇਣੇ ਨੇ।” ਹੁਣ ਬਾਪੂ ਨੂੰ ਇੱਕ ਪਾਸੇ ਨਿਆਈ ਵਾਲੇ ਦੋ ਕਿੱਲੇ ਹੱਥੋਂ ਜਾਂਦੇ ਦਿਸਣ ਲੱਗ ਪਏ ਤੇ ਦੂਜੇ ਪਾਸੇ ਗੱਭਰੂ ਪੁੱਤਰ ਦੀ ਜ਼ਿੱਦ। ਜ਼ਮੀਨ ਤਾਂ ਜ਼ਿਮੀਦਾਰ ਦੀ ਮਾਂ ਹੁੰਦੀ ਹੈ। “ਸਰਪੰਚੀ ਤਾਂ ਅੱਜ ਆਈ ਤੇ ਕੱਲ੍ਹ ਗਈ, ਪਰ ਜ਼ਮੀਨ ਇੱਕ ਵਾਰ ਹੱਥ ਵਿੱਚੋਂ ਨਿਕਲ ਗਈ ਤਾਂ ਦੁਬਾਰਾ ਵਾਪਸ ਨਹੀਂ ਆਉਣੀ। ਕਦੋਂ ਤੋਂ ਹੋ ਗਈ ਏ ਮੁੱਲ ਦੀ ਸਰਪੰਚੀ! ਪੁੱਤ ਮੇਰਾ ਸਿਰ ਚਕਰਾਉਣ ਲੱਗ ਪਿਆ ਏ। ਮੈਂ ਕੀ ਕਰਾਂ?” “ਬਾਪੂ, ਤੂੰ ਕਰਨਾ ਕਰਾਉਣਾ ਕੁਝ ਨਹੀਂ, ਬਸ ਤੂੰ ਤਾਂ ਇੱਕ ਅੰਗੂਠਾ ਹੀ ਅਸ਼ਟਾਮ ’ਤੇ ਲਾਉਣਾ ਏ।” ਪੁੱਤਰ ਦੀ ਜ਼ਿੱਦ ਅੱਗੇ ਬਾਪੂ ਝੁਕ ਗਿਆ। ਸੌਦਾ ਕਰਕੇ ਪੈਸੇ ਨਕਦ ਹੀ ਸ਼ਾਮ ਹੋਣ ਤੋਂ ਪਹਿਲਾਂ ਹੀ ਲੈ ਕੇ ਆ ਗਿਆ। ਲੋਕ ਇੱਕਠੇ ਹੋ ਗਏ। ਬੋਲੀ ਲੱਗਣੀ ਸ਼ੁਰੂ ਹੋ ਗਈ। ਗੱਲ ਸਿੱਧੀ ਲੱਖਾਂ ਤੋਂ ਸ਼ੁਰੂ ਹੋਈ ਤੇ ਕਰੋੜਾਂ ਨੂੰ ਛੂਹਣ ਲੱਗ ਪਈ। ਉੱਥੇ ਪਰਵਾਸੀ ਹੋ ਕੇ ਵੱਡੇ ਵੱਡੇ ਧਨਾਢ ਬਣੇ ਵਿਅਕਤੀਆਂ ਨੇ ਸੁੱਖੇ ਨੂੰ ਮਿੱਟੀ ਵਿੱਚ ਮਿਲਾ ਦਿੱਤਾ। ਸਰਪੰਚੀ ਦਾ ਮੁੱਲ ਕਰੋੜਾਂ ਰੁਪਏ ਪੈ ਗਿਆ। ਪੈਸੇ ਵਾਲੇ ਸਰਪੰਚੀ ਲੈ ਗਏ। ਸੁੱਖੇ ਦੇ ਹੱਥੋਂ ਸਰਪੰਚੀ ਚਲੀ ਗਈ। ਬਜ਼ੁਰਗ ਬਾਪੂ ਦੇ ਹੱਥੋਂ ਜ਼ਮੀਨ। ਹੁਣ ਦੋਵੇਂ ਪਿਉ ਪੁੱਤ ਇੱਕ ਦੂਜੇ ਦੇ ਮੂੰਹ ਵੱਲ ਵੇਖਦੇ ਹੀ ਰਹਿ ਗਏ ਕਿ ਸਾਡੇ ਨਾਲ ਧੋਖਾ ਕਰ ਗਈ ਮੁੱਲ ਦੀ ਸਰਪੰਚੀ।

***

## ਵਿਸ਼ਵਾਸ

ਡਾ. ਸਤੀਸ਼ ਰਾਜ ਪੁਸ਼ਕਰਣਾ

ਪਤਨੀ ਕਾਫ਼ੀ ਸਮੇਂ ਤੋਂ ਬਿਮਾਰ ਪਈ ਸੀ। ਲੱਖ ਯਤਨ ਕਰਨ ਦੇ ਬਾਵਜੂਦ ਡਾਕਟਰ ਉਸ ਨੂੰ ਰੋਗ ਮੁਕਤ ਨਹੀਂ ਕਰ ਪਾ ਰਹੇ ਸਨ। ਪਤੀ ਪ੍ਰੇਸ਼ਾਨ ਸੀ। ਪਤਨੀ ਦਾ ਦੁੱਖ ਉਹ ਦੂਰ ਨਹੀਂ ਕਰ ਸਕਦਾ ਸੀ ਅਤੇ ਉਸ ਦਾ ਮੰਜੀ ਉੱਤੇ ਇਸ ਤਰ੍ਹਾਂ ਪਏ ਰਹਿਣਾ ਉਹ ਹੋਰ ਨਹੀਂ ਝੱਲ ਸਕਦਾ ਸੀ।

ਉਹ ਕੀ ਕਰੇ, ਕੀ ਨਾ ਕਰੇ? ਇਸ ਚੱਕਰ ਵਿੱਚ ਸੜਕ ਉੱਤੇ ਤੁਰਦੇ ਜਾਂਦੇ ਉਸ ਨੇ ਸੋਚਿਆ ਕਿ ਇਹੋ ਜਿਹੇ ਜੀਵਨ ਵਿੱਚ ਉਸ ਨੂੰ ਜਾਂ ਰੋਗਣ ਪਤਨੀ ਨੂੰ ਕੀ ਲਾਭ ਹੋ ਰਿਹਾ ਹੈ; ਇਸ ਨਾਲੋਂ ਤਾਂ ਚੰਗਾ ਹੈ ਪਤਨੀ ਨੂੰ ਜ਼ਿੰਦਗੀ ਤੋਂ ਹੀ ਮੁਕਤ ਕਰ ਦਿੱਤਾ ਜਾਵੇ। ਇਸ ਲਈ ਉਸ ਨੇ ਇੱਕ ਸ਼ੀਸ਼ੀ ਜ਼ਹਿਰ ਦੀ ਖਰੀਦ ਲਈ। ਘਰ ਪਹੁੰਚਿਆ ਤਾਂ ਪਤਨੀ ਨੇ ਲੇਟੇ ਲੇਟੇ ਮੁਸਕਰਾ ਕੇ ਪੁੱਛਿਆ, “ਆ ਗਏ?”

ਉਹ ਬੋਲਿਆ, “ਹਾਂ। ਤੂੰ ਦਵਾਈ ਲੈ ਲੈ।”

ਪਤਨੀ ਨੇ ਕਿਹਾ, “ਏਨੀਆਂ ਦਵਾਈਆਂ ਰੱਖੀਆਂ ਹਨ। ਕਿਸੇ ਤੋਂ ਵੀ ਕੁਝ ਲਾਭ ਨਹੀਂ ਹੋਇਆ ਨਹੀਂ। ਮੈਂ ਹੁਣ ਕੋਈ ਦਵਾਈ ਨਹੀਂ ਖਾਵਾਂਗੀ।” ਪਤੀ ਬੋਲਿਆ, “ਅੱਜ ਮੈਂ ਤੇਰੇ ਲਈ ਬਹੁਤ ਚੰਗੀ ਦਵਾਈ ਲਿਆਇਆ ਹਾਂ। ਇਸ ਨਾਲ ਤੂੰ ਠੀਕ ਹੋ ਜਾਵੇਂਗੀ।” ਪਤਨੀ ਮੁੜ ਮੁਸਕਰਾਈ ਤੇ ਬੋਲੀ, “ਤੁਸੀਂ ਨਹੀਂ ਮੰਨੋਗੇ। ਅੱਛਾ ਲਿਆਉ। ਤੁਸੀਂ ਮੈਨੂੰ ਜ਼ਹਿਰ ਵੀ ਦੇ ਦਿਉ ਤਾਂ ਉਹ ਵੀ ਪੀ ਲਵਾਂਗੀ।” ਉਸੇ ਪਲ ਪਤੀ ਦੇ ਹੱਥੋਂ ਸ਼ੀਸ਼ੀ ਛੁੱਟ ਕੇ ਧਰਤੀ ’ਤੇ ਡਿੱਗਣ ਨਾਲ ਚਕਨਾਚੂਰ ਹੋ ਗਈ।




## ਸੂਰਜ
### ਮਨਜੀਤ ਸਿੰਘ ਬੱਧਣ

ਦਿਨ-ਰਾਤ, ਸਵੇਰ-ਸ਼ਾਮ, ਚੜ੍ਹਨਾ-ਲਹਿਣਾ,
ਕੁਦਰਤ-ਕੁਦਰਤ-ਕੁਦਰਤ, ਓਸ ਕਾਦਰ ਦੀ।
ਜਦ ਆਵੇ ਪਤਝੜ, ਪੱਤੇ ਝੜ-ਝੜ ਜਾਵਣ,
ਬਸੰਤ-ਬਹਾਰ ਤੇ ਰੁੱਤਾਂ, ਖੇਡ ਓਸ ਕਾਦਰ ਦੀ।
ਜਨਮ-ਮਰਨ, ਨਫ਼ਾ-ਨੁਕਸਾਨ, ਰੋਣੇ-ਹਾਸੇ,
ਰਜ਼ਾ-ਰਜ਼ਾ-ਰਜ਼ਾ, ਰਜ਼ਾ ਓਸ ਕਾਦਰ ਦੀ।
ਰਹੇ ਬੱਚਿਆਂ ਦਾ ਬਚਪਨ, ਜੋਸ਼-ਏ-ਜਵਾਨੀ,
ਰਹੇ ਬੇਦਾਗ ਚਾਦਰ, ਵੱਡਿਆਂ ਦੇ ਆਦਰ ਦੀ।
ਤੂੰ ਤੱਕ! ਢਲ਼ ਰਿਹਾ ਸੂਰਜ ਹੁੰਦਾ ਮਾੜਾ ਜੇ,
ਤੂੰ ਸੁਣ! ਸ਼ਾਮਾਂ ਨੂੰ ਪੰਖੀ ਚਹਿਚਹਾਉਂਦੇ ਨਾ।
ਸਵੇਰੇ ਛੱਡ ਆਏ ਸੀ ਆਲ੍ਹਣਿਆਂ ਵਿੱਚ ਜੋ,
ਆਪਣਿਆਂ ਬੋਟਾਂ ਕੋਲ ਮੁੜ ਆਉਂਦੇਨਾ।
ਘੜੇ ਕੱਚੜੇ ਸੋਹਣੀ ਪਾਰ ਹੋਣ ਨਾ ਤਰਦੀ,
ਰਾਂਝਾ ਤੇ ਮੱਝੀਆਂ ਬੇਲਿਓਂ ਮੁੜ ਆਉਂਦੇ ਨਾ।
ਜੁੜ ਜਾਂਦੇ ਓਸ ਦੇ ਦੁਲਾਰੇ ਓਸ ਦੇ ਦੁਆਰੇ,
ਸਰੂਰ ਦੇ ਸ਼ੌਕੀ ਸਾਕੀ ਕੋਲ ਵੀ ਆਉਂਦੇ ਨਾ।
ਰਾਹ ਘਰ ਦਾ ਫੜਿਆ ਕਿਸੇ ਮਜ਼ਦੂਰ ਨੇ,
ਮੁੜਕੋ-ਮੁੜਕੀ ਨੂੰ ਧੀ ਨੇ ਜੱਫੀ ਚਾ ਪਾਈ।
ਰਿੜ੍ਹਦਾ ਰਿੜ੍ਹਦਾ ਪੁੱਤ ਲੱਤਾਂ ਨੂੰ ਚਿੰਬੜਿਆ,
ਚੋਂਦੇ ਮੁੜ੍ਹਕੇ ਦੀ ਗੰਧ ਦੱਸੋ ਕਿਸ ਨੂੰ ਆਈ?
ਕਿਸੇ ਹੱਟੀ ਵਿੱਚ ਗਾਹਕ ਸੀ ਟਾਵਾਂ-ਟਾਵਾਂ,
ਸ਼ਾਮ ਦੀ ਲਾਲੀ ਨੇ ਆਸ ਦੀ ਲੋਅ ਜਗਾਈ।
ਸੂਰਜ ਦਾ ਚੜ੍ਹਨਾ-ਲਹਿਣਾ ਐਵੇਂ ਨਾ ਹੋਸੀ,
ਅਸਾਂ ਭੀ ਸਵੇਰ ਤੋਂ ਸ਼ਾਮ ਦੌੜ ਹੈ ਲਗਾਈ।
ਜਿਹੜਾ ਸੂਰਜ ਪੂਰਬ ਵੱਲੋਂ ਉਗਮਿਆ ਸੀ,
ਉਸੇ ਨੂੰ ਪੱਛਮ ਦੇਸ਼ ਵੱਲ ਢਹਿੰਦੇ ਨੂੰ ਵੀ।
ਪਹਿਲਾਂ ਲਾਲ ਫੇਰ ਲਿਸ਼ਕਦੀ ਕਟਾਰ,
ਆਪਣੀ ਅਗਨ ਆਪੇ ਹੀ ਸਹਿੰਦੇ ਨੂੰ ਵੀ।
ਯੁਗਾਂ-ਯੁਗਾਂ ਤੋਂ ਯੁਗਾਂ ਤੱਕ ਤੱਕਦੇ-ਤੱਕਦੇ,
ਚੁੱਪ ਰਹਿ ਕੇ ਬਹੁਤ ਕੁਝ ਕਹਿੰਦੇ ਨੂੰ ਵੀ।
ਚੜ੍ਹਦੇ ਸੂਰਜ ਨੂੰ ਸਲਾਮਾਂ ਪਈਆਂ ਹੋਵਣ,
ਮੇਰੀ ਸਲਾਮ ਉਸ ਸੂਰਜ ਲਹਿੰਦੇ ਨੂੰ ਵੀ।

## ਬਸੰਤ ਰੁੱਤ
### ਹਰਪ੍ਰੀਤ ਪੱਤੋ



ਬਸੰਤ ਦੇ ਦਿਨ ਆਏ ਨਿਰਾਲੇ,
ਕਿਧਰੇ ਉੱਡਗੇ ਕੱਕਰ ਪਾਲੇ।
ਫਸਲਾਂ ਹੁਣ ਝੂਮਣ ਲੱਗੀਆਂ,
ਉਨ੍ਹਾਂ ਨੇ ਵੀ ਰੰਗ ਵਟਾਲੇ।
ਪੰਛੀ ਕਰਦੇ ਸ਼ੋਰ ਸ਼ਰਾਬਾ,
ਬ੍ਰਿਛਾਂ ਉੱਤੇ ਆ ਗਏ ਬਾਹਲੇ,
ਬੂਟੇ ਵੀ ਹੁਣ ਟਹਿਕਣ ਲੱਗੇ,
ਨਵੀਆਂ ਫੋਟਾਂ ਫੁੱਟੀਆਂ ਨਾਲੇ।
ਫੁੱਲਾਂ ਉੱਪਰ ਭੌਰੇ ਤਿਤਲੀਆਂ,
ਹੋਏ ਫਿਰਦੇ ਨੇ ਮਤਵਾਲੇ।
ਕੇਸਰ, ਗੁਲਾਬ, ਚਮੇਲੀ, ਗੇਂਦਾ,
ਇੱਕ ਦੂਜੇ ਤੋਂ ਦਿਸਦੇ ਕਾਹਲੇ।
ਕੋਈ ਕਿਸੇ ਤੋਂ ਘੱਟ ਨਾ ਦਿਸਦਾ,
ਨਾਂ ਗਿਣਨ ਤੋਂ ਰਹਿਗੇ ਹਾਲੇ।
ਪੀਲੇ ਫੁੱਲ ਸਰ੍ਹੋਆਂ ਨੂੰ ਲੱਗੇ,
ਸ਼ਹਿਦ ਦੀ ਮੱਖੀ ਰਸ ਨੂੰ ਭਾਲੇ।
ਪੀਲੇ ਪਤੰਗ ਚੜ੍ਹਾਏ ਬੱਚਿਆਂ,
ਸੁਆਣੀਆਂ ਨੇ ਚੌਲ਼ ਉਬਾਲੇ।
'ਪੱਤੋ' ਆਈ ਰੁੱਤ ਬਸੰਤ ਦੀ,
ਦੁੱਖ ਦਲਿੱਦਰ ਸਾਰੇ ਜਾਲੇ।

## ਐਵੇਂ..
### ਹਰਭਿੰਦਰ ਸਿੰਘ ਸੰਧੂ

ਵੱਡੀ ਝਾਕ 'ਚ ਛੋਟੀਆਂ ਖ਼ੁਸ਼ੀਆਂ ਗੁਆਈ ਜਾਂਦੇ ਹਾਂ।
ਦੇਖ ਕੇ ਮਹਿਲਾਂ ਨੂੰ ਐਵੇਂ ਕੁੱਲੀਆਂ ਢਾਹੀ ਜਾਂਦੇ ਹਾਂ।
ਜੋ ਹੋਣਾ ਹੈ, ਹੋ ਕੇ ਰਹਿਣਾ, ਲਿਖਤਾਂ ਮਿਟਦੀਆਂ ਨਾ।
ਮੌਤ ਤੋਂ ਡਰ ਕੇ ਬਾਡੀ ਗਾਰਡ ਵਧਾਈ ਜਾਂਦੇ ਹਾਂ।
ਤਕੜਿਆਂ ਨੂੰ ਨਿੱਤ ਮਿਲਦੇ ਹਾਂ ਬੜੇ ਨੀਵੇਂ ਹੋ ਹੋ ਕੇ।
ਮਾੜਾ ਫਤਹਿ ਬੁਲਾਵੇ ਤਾਂ ਮੂੰਹ ਭੁਆਂਈ ਜਾਂਦੇ ਹਾਂ।
ਹੱਕ ਵਿੱਚ ਹੋਵੇ ਗੱਲ ਜੋ ਉਹ ਹੁੱਬ ਕੇ ਦੱਸਦੇ ਹਾਂ,
ਉਂਝ ਲੋਕਾਂ ਤੋਂ ਕਿੰਨਾ ਕੁਝ ਲੁਕਾਈ ਜਾਂਦੇ ਹਾਂ।
ਸੰਧੂਆਂ ਕਿੰਨਾ ਚਾਤਰ ਬੰਦਾ ਤਕਨੀਕ ਨੇ ਕਰ ਦਿੱਤਾ,
ਸੋਹਣੇ ਦਿਸਣ ਲਈ ਕਿੰਨੇ ਫਿਲਟਰ ਲਾਈ ਜਾਂਦੇ ਹਾਂ।

## .ਗਜ਼ਲ
### ਰੋਜ਼ੀ ਸਿੰਘ

ਲ.ਫਜ਼ਾਂ ਨੂੰ ਸੋਚਾਂ ਦੇ .ਫਰਜ਼ੀ 'ਪਰ' ਬਣਾ ਕੇ ਦੇ ਰਹੇ ਨੇ,
ਲੋਕ ਅੱਜ ਕੱਲ੍ਹ ਪੰਛੀਆਂ ਨੂੰ ਘਰ ਬਣਾ ਕੇ ਦੇ ਰਹੇ ਨੇ।
ਮਰ ਹੀ ਕਿਧਰੇ ਜਾਣ ਨ ਪਾਣੀ ਬਿਨਾਂ ਇਸੇ ਲਈ ਉਹ,
ਮਛਲੀਆਂ ਨੂੰ ਕੱਚ ਦੇ ਸਾਗਰ ਬਣਾ ਕੇ ਦੇ ਰਹੇ ਨੇ।
ਬਹੁਤ ਨੇ ਚਾਲਾਕ ਬਾਬੇ ਭੋਲੀ ਜਨਤਾ ਨੂੰ ਇਹ ਰੋਜ਼,
ਖੁਸ਼ਬੋਆਂ ਵੱਸ ਕਰਨ ਦੇ ਮੰਤਰ ਬਣਾ ਕੇ ਦੇ ਰਹੇ ਨੇ।
ਪਹਿਲਾਂ ਸਭ ਦੇ ਖੰਭ ਕੁਤਰ ਕੇ ਧੋਖੇਬਾਜ਼ ਇਹ ਸ਼ਿਕਾਰੀ,
ਹੁਣ ਪਰਿੰਦਿਆਂ ਵਾਸਤੇ ਅੰਬਰ ਬਣਾ ਕੇ ਦੇ ਰਹੇ ਨੇ।
ਸਾਝਾਂ ਦਾ ਉਪਦੇਸ਼ ਛੱਡ ਕੇ ਲੁੱਟਣ ਦੇ ਮੰਤਵ ਲਈ,
ਰਹਿਬਰ ਅਗਲੀ ਪੀੜ੍ਹੀ ਨੂੰ ਖ਼ੰਜਰ ਬਣਾ ਕੇ ਦੇ ਰਹੇ ਨੇ।
ਖ਼ੁਦਕੁਸ਼ੀਆਂ ਦੇ ਦੌਰ ਵਿੱਚ ਵੀ ਦੇਸ਼ ਦੇ ਵੱਡੇ ਰਹਿਬਰ,
ਵਿਸ਼ਵਗੁਰੂ ਦਾ ਕਾਗਜ਼ੀ ਮੰਜ਼ਰ ਬਣਾ ਕੇ ਦੇ ਰਹੇ ਨੇ।
ਅੱਗ ਦੇ ਲਾਂਬੂ ਲਗਾ ਕੇ ਵਾਰਿਸ ਆਪਣੇ ਬੱਚਿਆਂ ਨੂੰ,
ਆਪਣੀ ਹੀ ਧਰਤ ਇਹ ਬੰਜਰ ਬਣਾ ਕੇ ਦੇ ਰਹੇ ਨੇ।

## .ਗਜ਼ਲ
### ਭੁਪਿੰਦਰ ਸਿੰਘ ਬੋਪਾਰਾਏ

ਜਿਹੜੇ ਬੱਦਲ ਗਰਜਦੇ, ਉਹ ਤਾਂ ਵਰ੍ਹਦੇ ਘੱਟ।
ਹਿੰਮਤੀ ਕਾਜ ਨਿਬੇੜਦੇ, ਲਾ ਕੇ ਪੂਰੀ ਝੱਟ।
ਹਾਕਮ ਜਿਸ ਵੀ ਦੇਸ਼ ਦਾ, ਹੋਵੇ ਜੁਮਲੇ-ਬਾਜ਼,
ਉੱਥੇ ਅੰਨ੍ਹੀ ਪੀਂਹਵਦੀ, ਕੁੱਤਾ ਜਾਵੇ ਚੱਟ।
ਕਾਲਾ ਧਨ ਵਿਦੇਸ਼ ਤੋਂ, ਅਸੀਂ ਲਿਆਉਣਾ ਮੋੜ,
ਕੇਵਲ ਵੋਟਾਂ ਵਕਤ ਹੀ, ਲੀਡਰ ਲਾਉਂਦੇਰੱਟ।
ਬਾਬਰ ਦੀ ਰੂਹ ਆ ਵੱਸੀ, ਰਾਜੇ ਦੇ ਕਲਬੂਤ,
ਹੱਕਾਂ ਖਾਤਰ ਲੜਨ ਜੋ, ਫੜ ਫੜ ਮਾਰਨ ਬੱਟ।
ਬੇਹੱਦ ਆਉਂਦੀ ਸ਼ਰਮ ਹੈ, ਸੁਣਦੇ ਹਾਂ ਜਦ ਗੱਲ,
ਗੁਰ ਪੀਰਾਂ ਦੀ ਧਰਤ 'ਤੇ, ਕੁਝ ਲੋਕ ਨਸ਼ੇ ਦੇ ਮੱਟ।
ਫਿਰ ਵੀ ਹੋਠੀਂ ਸੀ ਨਹੀਂ, ਹੋਇਆ ਤਨ ਲੰਗਾਰ,
ਪੀੜਾਂ ਪੀੜਾਂ ਕੂਕਦੈਂ, ਖਾ ਕੇ ਇੱਕ ਹੀ ਫੱਟ।
ਲੋੜ ਪਏ ਨਾ ਬਹੁੜਦੇ, ਖਿਸਕਣ ਪੋਲੇ ਪੈਰ,
'ਬੋਪਾਰਾਏ' ਬੁਰੇ ਨੇ, ਮਿੱਤਰ ਕੌਲੀ ਚੱਟ।

## ਹੈ ਤੇ ਦੱਸ
### ਪ੍ਰੀਤ ਬੋੜਾਵਾਲ

ਹਿੰਦੂ ਹੈ ਕਿ ਮੁਸਲਮਾਨ ਜਾਂ ਸਿੱਖ ਇਸਾਈ।
ਕੀ ਨਿਸ਼ਾਨੀ ਪਿੰਡੇ ਉੱਤੇ ਦਿਖਾ ਤੇ ਦੱਸ।
ਜਾਤਾਂ ਪਾਤਾਂ, ਧਰਮਾਂ, ਭਰਮਾਂ ਦਾ ਪਾਠ ਪੜ੍ਹਾਵੇਂ ਤੂੰ।
ਮਾਨਸ ਕੀ ਜਾਤਿ ਏਕੋ ਹੈ ਭਾਈ ਆ ਤੇ ਦੱਸ।
ਉਹ ਘਰ ਨਈ ਉਹਦਾ ਪਰਵੇਸ਼ ਜਿੱਥੇ ਜਾਤ ਆਧਾਰਿਤ ਹੈ।
ਸਾੜੇ ਵਾਲੀ ਲੋਈ ਸਿਰ ਤੋਂ ਥੱਲੇ ਲਾਹ ਤੇ ਦੱਸ।
ਹਰ ਮਾਨਸ ਲਈ ਖੁੱਲ੍ਹੇ ਦਰਬਾਰ ਹਰਿਮੰਦਰ ਸਾਹਿਬ ਦਾ।
ਨਾਨਕ ਦਾ ਘਰ ਕੈਸਾ ਹੈ ਸਿਰ ਝੁਕਾ ਤੇ ਦੱਸ।
ਰੱਬ ਦੇ ਰੂਪ ਕਈ ਭੁੱਖਣ ਭਾਣੇ ਸੌਂਦੇ ਨੇ।
ਉਨ੍ਹਾਂ ਉਦਾਸੇ ਚਿਹਰਿਆਂ ਨੂੰ ਹਸਾ ਤੇ ਦੱਸ।
ਜਿਸਦੇ ਦਰਸ਼ਨ 'ਵੱਡਾ' ਬਣਕੇ ਕਰਦਾ ਤੂੰ।
ਮਿਲਿਆ ਹੋਵੇ ਕਦੇ ਤੈਨੂੰ ਉਹ ਖ਼ੁਦਾ ਤੇ ਦੱਸ।
ਬੋੜਾਵਾਲ ਦੇ ਪ੍ਰੀਤ ਸਿਆਂ ਸਿਰ ਝੁਕਾ ਕੇ ਖੜ੍ਹਾ ਰਹੀਂ।
ਜੋ ਹੋਣਾ ਸੋ ਹੋਣਾ ਇਹ ਓਹਦੀ ਰਜ਼ਾ ਤੇ ਦੱਸ।

## ਹਿਜਰਾਂ ਨੂੰ...
### ਗਗਨਪ੍ਰੀਤ ਸੱਪਲ

ਤੀਰ ਲੱਗੇ ਦਿਲ 'ਤੇ ਤੇਰੇ ਵਿਛੋੜੇ ਦੇ
ਅੱਖੀਆਂ 'ਚੋਂ ਵਹਾਅ ਨੀਰ ਰੋੜ੍ਹੇ ਵੇ।
ਰੂਹਾਂ ਵਾਲਾ ਰੱਖਣਾ ਸੀ ਸਾਥ ਮੈਂ
ਕਿਸਮਤ ਨੇ ਦਿੱਤੇ ਬਣਨ ਨਾ ਜੋੜੇ ਵੇ।
ਸਾਹਾਂ ਨਾਲ ਸਾਹਾਂ ਦਾ ਰਿਸ਼ਤਾ ਸੀ ਜੋ
ਦਿਲ ਦੀਆਂ ਸੱਧਰਾਂ ਕਰ ਖ਼ੂਨ ਤੋੜੇ ਵੇ।
ਸੌਗਾਤਾਂ ਜੋ ਦਿੱਤੀਆਂ ਕਸਮ ਨਾਲ
ਆਖ਼ਰੀ ਮੁਲਕਾਤ 'ਤੇ ਸਭ ਮੋੜੇ ਵੇ।
ਸਾਂਭ ਕੇ ਰੱਖ ਲਵੇ ਗਗਨ ਹਿਜਰਾਂ ਨੂੰ
ਨਿੰਮ ਵਾਂਗ ਲੱਗਣ ਸੱਚੀਓਂ ਕੌੜੇ ਵੇ।

## ਬੰਦਾ
### ਗੁਰਤੇਜ ਸਿੰਘ ਖੁਡਾਲ

ਹਰ ਪਾਸੇ ਅੱਜ ਜ਼ਹਿਰ ਨਾ ਹੁੰਦਾ,
ਜੇਕਰ ਬੰਦਾ, ਹੁੰਦਾ ਬੰਦਾ...
ਰੱਬ ਦੇ ਘਰ ਨਾ ਜਿੰਦਰਾ ਹੁੰਦਾ
ਜੇਕਰ ਚੰਗਾ ਹੁੰਦਾ ਬੰਦਾ...
ਵੋਟਾਂ ਦਾ ਜਦੋਂ ਵੇਲਾ ਹੁੰਦਾ,
ਬੋਤਲ ਲਈ ਵਿਕ ਜਾਂਦਾ ਬੰਦਾ...
ਬੋਤਲ ਲਈ ਜੋ ਵਿਕਿਆ ਬੰਦਾ,
ਲੀਡਰਾਂ ਤੋ ਕੀ ਲੱਭੇ ਬੰਦਾ?
ਹੱਕ ਪਰਾਇਆ ਚੋਰੀ ਖਾਂਦਾ,
ਰੱਜਦਾ ਫਿਰ ਨਹੀਂ ਇਹ ਬੰਦਾ...
ਦੂਜਿਆਂ ਨੂੰ ਇਹ ਲੁੱਟ ਲੁੱਟ ਕੇ,
ਆਪਣਾ ਘਰ ਹੈ ਭਰਦਾ ਬੰਦਾ..
ਹੋਰਾਂ ਦੇ ਘਰ ਅੱਗ ਲਗਾ ਕੇ,
ਆਪਣੇ ਘਰ ਸੁੱਖ ਲੱਭੇ ਬੰਦਾ...
ਪੈਸਾ ਪੈਸਾ ਪੈਸਾ ਕਰਦਾ ਰਹਿੰਦਾ ,
ਪਾਗਲ ਹੋਇਆ ਫਿਰਦੈ ਬੰਦਾ..
ਬਜ਼ੁਰਗਾਂ ਅਤੇ ਰੱਬ ਨੂੰ ਭੁਲ ਕੇ..
ਬਹੁਤ ਸਿਆਣਾ ਬਣਦੈ ਬੰਦਾ...
ਖੁਡਾਲ ਕਹੇ ਸੁਣ ਸਾਡੀ ਰੱਬਾ,
ਬੰਦਾ ਬਣਜੇ, ਬਸ ਅੱਜ ਦਾ ਬੰਦਾ..

## ਉਹ ਤੇ ਮੈਂ
### ਗੁਰਦੀਪ ਢੁੱਡੀ


ਜਦ ਵੀ ਤਪਸ਼ ਵੇਖਦਾ ਹਾਂ, ਸਾਰਾ ਹੀ ਪਿਘਲ ਜਾਂਦਾ ਹਾਂ,
ਘੁਲ਼ ਕੇ ਪਾਰੇ ਵਿੱਚ ਸਾਰਾ, ਪੂਰਾ ਹੀ ਡੋਲ਼ ਜਾਂਦਾ ਹਾਂ।
ਕੁ.ਫਰ ਉਹ ਤੋਲਦਾ ਦਿਨ ਰਾਤ, ਬਣ ਮੈਂ ਢਾਲ਼ ਜਾਂਦਾ ਹਾਂ,
ਉਸ ਦੀ ਬੋਲ-ਬਾਣੀ ਵਿੱਚ, ਮੈਂ ਆਪਾ ਢਾਲ਼ ਜਾਂਦਾ ਹਾਂ।
ਅੱਖਾਂ ਦਾ ਚੁੱਕਿਆ ਪਰਦਾ ਤੇ ਕੰਨਾਂ 'ਚੋਂ ਮੈਲ਼ ਕੱਢ ਸੁੱਟੀ,
ਤਿਲਕਣ ਬਾਜ਼ੀ ਵਿੱਚ ਐਵੇਂ, ਮੈਂ ਆਪਾ ਗਾਲ਼ ਜਾਂਦਾ ਹਾਂ।
ਪੰਧ ਇਹ ਬੜਾ ਲੰਮੇਰਾ ਹੈ, ਤੀਹਾਂ ਤੇ ਅਠਾਰਾਂ ਦਿਨ ਦਾ ਹੈ,
ਗਿਣਤੀਆਂ ਮਿਣਤੀਆਂ ਵਿੱਚ, ਪੂਰਾ, ਮੈਂ ਖੰਘਾਲ਼ ਜਾਂਦਾ ਹਾਂ।
ਬਣਦਾ ਗੋਦੜੀ ਦਾ ਲਾਲ, ਹਿਟਲਰ ਨੂੰ ਮਾਤ ਪਾਉਂਦਾਹੈ,
ਸਭ ਕੁਝ ਸਹਿਣ ਕਰਕੇ, ਸ਼ਬਦੋਂ ਵਿਹੂਣੀ ਗਾਲ਼ ਖਾਂਦਾ ਹਾਂ।
ਅੱਖੋਂ ਅੰਨ੍ਹਾ, ਕੰਨੋਂ ਵਿਹੂਣਾ, ਜ਼ੁਬਾਂ ਨੂੰ ਤਾਲਾ, ਬਾਂਦਰ ਨਹੀਂ ਹਾਂ, ਮੈਂ,
ਸਭ ਕੁਝ ਵੇਖਦਾ, ਸੁਣਦਾ ਅਤੇ ਬੜਾ ਕੁਝ ਭਾਲ਼ ਜਾਂਦਾ ਹਾਂ।
ਗੱਲ ਗੱਲ 'ਤੇ ਮਸਖ਼ਰੀ ਕਰਨੀ, ਉਸੇ ਦਾ ਖ਼ਾਸਾ ਮੁਬਾਰਕ ਹੈ,
ਕਤਰਾ ਸਮਝਦੀ ਭੁੱਲ ਉਸ ਦੀ, ਬੜਾ ਕੁਝ ਟਾਲ਼ ਜਾਂਦਾ ਹਾਂ।
ਮੇਰੀ, ਮੈਂ, ਕਦੀ, ਗੁੰਮ ਨਹੀਂ ਸਕਦੀ, ਉਸ ਨੂੰ ਭੁਲੇਖਾ ਹੈ,
ਸ਼ਕੁਨੀ ਹਾਂ ਨਹੀਂ ਭਾਵੇਂ, ਫਿਰ ਵੀ ਚੱਲ ਚਾਲ ਜਾਂਦਾ ਹਾਂ।

## ਬਾਰਾ ਮਾਹ
### ਗੁਰਿੰਦਰ ਸਿੰਘ ਸੰਧੂਆਂ

ਵੱਖੋ ਵੱਖ ਰੁੱਤਾਂ ਵੱਖੋ ਵੱਖ ਰੰਗ ਜੀ।
ਜਿੰਦਗੀ ਜਿਉਣ ਵਾਲੇ ਸਿੱਖੋ ਢੰਗ ਜੀ।
ਆਖਦੇ ਸਿਆਣੇ ਚਿੱਤ ਨੂੰ ਟਿਕਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਚੇਤ ਦੇ ਮਹੀਨੇ ਦੇਸੀ ਚੜ੍ਹੇ ਸਾਲ ਜੀ।
ਮੌਸਮ ਵੀ ਹੋਵੇ ਵੀਰਨੋ ਕਮਾਲ ਜੀ।
ਸੰਧੂਆਂ ਸ਼ੌਕੀਨ ਕਵਿਤਾ ਬਣਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਵਿਸਾਖ ਵਿਸਾਖੀ ਹੋਂਵਦਾ ਤਿਉਹਾਰ ਜੀ।
ਕਣਕ ਫਸਲ ਭਰਦੀ ਭੰਡਾਰ ਜੀ।
ਖਾਲਸਾ ਦਿਵਸ ਸੰਗਤੇ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਜੇਠ ਦੇ ਮਹੀਨੇ ਤਪਸ਼ ਤਪਾਂਵਦੀ।
ਹਾੜ ਵਾਲੀ ਵਾੜ ਪੂਰਾ ਕਹਿਰ ਢਾਂਵਦੀ।
ਪੰਚਮ ਗੁਰਾਂ ਦੀ ਸ਼ਹੀਦੀ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਸਾਉਣ ਦਾ ਮਹੀਨਾ ਖੀਰ ਪੂੜੇ ਖਾਣ ਦਾ।
ਕੁੜੀਆਂ ਨੂੰ ਚਾਅ ਹੋਵੇ ਪੇਕੇ ਜਾਣ ਦਾ।
ਗਰਮੀ ਤੋਂ ਰਾਹਤ ਮੇਘ ਵਰਸਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਭਾਦੋਂ ਵਿੱਚ ਮੇਲਾ ਲੱਗਦਾ ਛਪਾਰ ਦਾ।
ਗਰਮੀ ਦਾ ਕਹਿਰ ਉੱਤੋਂ ਮੱਤ ਮਾਰਦਾ।
ਕ੍ਰਿਸ਼ਨ ਮੁਰਾਰ ਪੁਰਬ ਮਨਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਅੱਸੂ ਦੇ ਨੌਰਾਤੇ ਬੜੇ ਮਸ਼ਹੂਰ ਜੀ।
ਵਿਆਹਾਂ ਵਿੱਚ ਲੱਡੂ ਪੱਕਦੇ ਜ਼ਰੂਰ ਜੀ।
ਬਦੀ ਉੱਤੇ ਨੇਕੀ ਤਾਈਂ ਜਿੱਤ ਪਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਅਯੁੱਧਿਆ 'ਚ ਪੁੱਜੇ ਜਦੋਂ ਸ੍ਰੀ ਰਾਮ ਜੀ।
ਖ਼ੁਸ਼ ਹੋਇਆ ਨਰ ਨਾਰੀ ਸੀ ਤਮਾਮ ਜੀ।
ਬੰਦੀ ਛੋੜ ਮੌਕੇ ਦੀਪਕ ਜਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਪੋਹ ਦਾ ਮਹੀਨਾ ਹੋਵੇ ਠੰਢ ਜ਼ੋਰ ਦੀ।
ਚੇਤੇ ਆਵੇ ਸਾਨੂੰ ਗੜ੍ਹੀ ਚਮਕੌਰ ਦੀ।
ਵਿੱਚ ਸਰਹਿੰਦ ਹਾਜ਼ਰੀ ਲਗਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਚਾਲੀ ਸਿੰਘਾਂ ਮੁੱਖ ਗੁਰੂ ਵੱਲੋਂ ਮੋੜਿਆ।
ਪਾੜਕੇ ਬੇਦਾਵਾ ਗੁਰਾਂ ਗੰਢ ਜੋੜਿਆ।
ਆਪਣੇ ਪਿਆਰਿਆਂ ਨੂੰ ਗਲ ਲਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।
ਫੱਗਣ ਮਹੀਨੇ ਹੋਲੀ ਹੋਲਾ ਆਂਵਦਾ।
ਆਨੰਦਾ ਦੀ ਪੁਰੀ ਖਾਲਸਾ ਮਨਾਂਵਦਾ।
ਬਾਰਾ ਮਾਹ ਚੇਤੇ ਦੇਸੀ ਕਰਵਾਉਣ ਦਾ।
ਮਾਘ ਦਾ ਮਹੀਨਾ ਰੱਬੀ ਗੁਣ ਗਾਉਣ ਦਾ।

# ਸਿਆਸਤ ਵਿੱਚ ਧਮਾਲ ਪਾ ਰਿਹੈ ਹਾਕੀ ਦਾ ਜਾਦੂਗਰ ਪਰਗਟ ਸਿੰਘ

## ਪਰਥ-1985 ਦੀ ਚੈਂਪੀਅਨਜ਼ ਟਰਾਫ਼ੀ ਦੇ ਇੱਕ ਮੈਚ ਦੌਰਾਨ 6 ਮਿੰਟਾਂ 'ਚ ਕੀਤੇ ਸਨ 4 ਗੋਲ



ਪ੍ਰਿੰ. ਸਰਵਣ ਸਿੰਘ
+1-905-779-1661





ਪਰਗਟ ਸਿੰਘ ਪਹਿਲਾਂ ਹਾਕੀ ਖਿਡਾਰੀ, ਫ਼ਿਰ ਨੈਸ਼ਨਲ ਕੋਚ, ਪੁਲਿਸ ਕਪਤਾਨ, ਸਪੋਰਟਸ ਡਾਇਰੈਕਟਰ ਤੇ ਹੁਣ ਸਿਆਸਤਦਾਨ ਹੈ। ਉਸ ਨੇ 313 ਕੌਮਾਂਤਰੀ ਮੈਚ ਖੇਡੇ ਹਨ। 168 ਮੈਚਾਂ ਵਿੱਚ ਉਹ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ। ਏਸ਼ੀਆ ਹਾਕੀ ਕੱਪ, ਸੈਫ਼ ਖੇਡਾਂ, ਏਸ਼ਿਆਈ ਖੇਡਾਂ, ਚੈਂਪੀਅਨਜ਼ ਟਰਾਫ਼ੀ, ਵਿਸ਼ਵ ਕੱਪ ਤੇ ਉਲੰਪਿਕ ਖੇਡਾਂ ਵਿੱਚ ਉਸ ਨੇ ਵਾਰ ਵਾਰ ਭਾਰਤੀ ਟੀਮਾਂ ਦੀ ਕਪਤਾਨੀ ਕੀਤੀ। ਭਾਰਤ ਦਾ ਉਹ ਇੱਕੋ-ਇੱਕ ਖਿਡਾਰੀ ਹੈ ਜੋ ਦੋ ਓਲੰਪਿਕਸ ਵਿੱਚ ਭਾਰਤੀ ਹਾਕੀ ਟੀਮਾਂ ਦਾ ਕਪਤਾਨ ਬਣਿਆ। ਐਟਲਾਂਟਾ ਦੀਆਂ ਉਲੰਪਿਕ ਖੇਡਾਂ ਸਮੇਂ ਉਹ ਭਾਰਤੀ ਦਲ ਦਾ ਝੰਡਾਬਰਦਾਰ ਸੀ। ਇੰਟਰ-ਕਾਂਟੀਨੈਂਟਲ ਹਾਕੀ ਕੱਪ 'ਚ ਵੀ ਉਸ ਨੇ ਏਸ਼ੀਅਨ ਆਲ ਸਟਾਰਜ਼ ਇਲੈਵਨ ਦੀ ਕਪਤਾਨੀ ਕੀਤੀ। ਉਸ ਨੂੰ ਅਰਜਨ ਐਵਾਰਡ, ਖੇਲ ਰਤਨ ਐਵਾਰਡ ਤੇ ਪਦਮ ਸ੍ਰੀ ਪੁਰਸਕਾਰ ਮਿਲੇ। ਉਹ ਫ਼ੈਡਰੇਸ਼ਨ ਇੰਟਰਨੈਸ਼ਨਲ ਹਾਕੀ ਦਾ ਸਲਾਹਕਾਰ ਤੇ ਹਾਕੀ ਪੰਜਾਬ ਦੀ ਜਿੰਦ ਜਾਨ ਹੈ।

ਪਰਥ-1985 ਦੀ ਚੈਂਪੀਅਨਜ਼ ਟਰਾਫ਼ੀ ਦੇ ਇੱਕ ਮੈਚ ਵਿੱਚ ਉਸ ਨੇ 6 ਮਿੰਟਾਂ 'ਚ 4 ਗੋਲ ਕੀਤੇ ਸਨ। ਉਹ ਵੀ ਜਰਮਨੀ ਦੀ ਤਕੜੀ ਟੀਮ ਵਿਰੁੱਧ। ਜਰਮਨੀ ਭਾਰਤ ਤੋਂ 5-1 ਗੋਲਾਂ ਦੇ ਵੱਡੇ ਫ਼ਰਕ ਨਾਲ ਅੱਗੇ ਸੀ। ਮੈਚ ਮੁੱਕਣ 'ਚ ਸਿਰਫ਼ 6 ਮਿੰਟ ਬਾਕੀ ਸਨ। ਦਰਸ਼ਕ ਉੱਠਣੇ ਸ਼ੁਰੂ ਹੋ ਚੁੱਕੇ ਸਨ, ਪਰ 6 ਮਿੰਟਾਂ ਵਿੱਚ ਪਰਗਟ ਸਿੰਘ ਨੇ ਐਸੀ ਕਲਾ ਵਰਤਾਈ ਕਿ ਉੱਤੋੜੁਤੀ 4 ਗੋਲ ਕਰ ਕੇ ਮੈਚ ਬਰਾਬਰ ਕਰ ਲਿਆ ਸੀ!

ਪੰਜਾਬ ਦਾ ਖੇਡ ਡਾਇਰੈਕਟਰ ਹੁੰਦਿਆਂ ਪੰਜਾਬ 'ਚ ਕਰਾਏ ਕਬੱਡੀ ਵਿਸ਼ਵ ਕੱਪਾਂ ਵਿੱਚ ਉਹਦਾ ਵਿਸ਼ੇਸ਼ ਰੋਲ ਸੀ। ਉਦੋਂ ਮੈਨੂੰ ਵੀ ਉਹਦਾ ਸਹਿਯੋਗੀ ਬਣਨ ਦਾ ਮੌਕਾ ਮਿਲਿਆ। ਮੈਨੂੰ ਕਬੱਡੀ ਕੱਪ ਦਾ ਟੈਕਨੀਕਲ ਐਡਵਾਈਜ਼ਰ ਅਤੇ ਕੁਮੈਂਟਰੀ ਟੀਮ ਦਾ ਕੁਆਰਡੀਨੇਟਰ ਬਣਾਇਆ ਗਿਆ ਸੀ। ਬਾਅਦ ਵਿੱਚ ਪੰਜਾਬ ਦਾ ਮੁੱਖ ਮੰਤਰੀ ਬਣਨ ਵਾਲਾ ਭਗਵੰਤ ਸਿੰਘ ਮਾਨ ਵੀ ਉਦੋਂ ਕੁਮੈਂਟੇਰੀ ਟੀਮ ਵਿੱਚ ਸ਼ਾਮਲ ਸੀ। ਉਦੋਂ ਨਾ ਪਰਗਟ ਸਿੰਘ ਸਿਆਸਤਦਾਨ ਸੀ ਤੇ ਨਾ ਭਗਵੰਤ ਮਾਨ। 2012 'ਚ ਪਰਗਟ ਸਿੰਘ ਤੋਂ ਖੇਡ ਡਾਇਰੈਕਟਰੀ ਛੁਡਵਾ ਕੇ ਉਸ ਨੂੰ ਵਿਧਾਨ ਸਭਾ ਦੀ ਚੋਣ ਲੜਾਈ ਗਈ। ਉਹ ਫ਼ਿਰ ਤਿੰਨ ਵਾਰ ਪੰਜਾਬ ਵਿਧਾਨ ਸਭਾ ਦਾ ਮੈਂਬਰ ਚੁਣਿਆ ਗਿਆ। ਇੱਕ ਵਾਰ ਪੰਜਾਬ ਸਰਕਾਰ ਦਾ ਮੰਤਰੀ ਵੀ ਬਣਿਆ।



ਉਸ ਦਾ ਜਨਮ 5 ਮਾਰਚ 1965 ਨੂੰ ਪਿੰਡ ਮਿੱਠਾਪੁਰ ਵਿੱਚ ਸਧਾਰਨ ਕਿਸਾਨ ਗੁਰਦੇਵ ਸਿੰਘ ਦੇ ਘਰ ਮਾਤਾ ਨਸੀਬ ਕੌਰ ਦੀ ਕੁੱਖੋਂ ਹੋਇਆ। ਮਿੱਠਾਪੁਰ ਜਲੰਧਰ ਛਾਉਣੀ ਦੀ ਹਾਕੀ ਬੈਲਟ 'ਚ ਪੈਂਦਾ ਹੈ। ਜਿਵੇਂ ਸੰਸਾਰਪੁਰ ਹਾਕੀ ਉਲੰਪੀਅਨਾਂ ਦਾ ਪਿੰਡ ਵੱਜਦਾ ਸੀ, ਉਵੇਂ ਹੁਣ ਮਿੱਠਾਪੁਰ ਵੀ ਉਲੰਪੀਅਨਾਂ ਦਾ ਪਿੰਡ ਵੱਜਣ ਲੱਗ ਪਿਆ ਹੈ। ਹਾਕੀ ਨਾਲ ਪਹਿਲਾਂ ਧਿਆਨ ਚੰਦ ਦਾ ਨਾਂ ਜੁੜਿਆ। ਫ਼ਿਰ ਬਲਬੀਰ ਸਿੰਘ, ਊਧਮ ਸਿੰਘ, ਪ੍ਰਿਥੀਪਾਲ ਸਿੰਘ, ਅਜੀਤਪਾਲ ਸਿੰਘ ਤੇ ਸੁਰਜੀਤ ਸਿੰਘ ਹੋਰਾਂ ਦੇ ਨਾਂ ਜੁੜਦੇ ਗਏ। ਵੀਹਵੀਂ ਸਦੀ ਦੇ ਅੰਤਲੇ ਸਾਲਾਂ 'ਚ ਪਰਗਟ-ਪਰਗਟ ਹੁੰਦੀ ਰਹੀ। ਹਾਕੀ ਤੇ ਪਰਗਟ ਐਸੇ ਨਾਂ ਹਨ ਜਿਵੇਂ ਮੁੱਕੇਬਾਜ਼ੀ ਤੇ ਮੁਹੰਮਦ ਅਲੀ। ਫ਼ੁੱਟਬਾਲ ਦੇ ਪੇਲੇ ਵਾਂਗ ਉਹ ਹਾਕੀ ਦਾ ਪੇਲੇ ਹੈ। ਉਸ ਨੇ ਸੈਂਕੜੇ ਗੇਂਦਾਂ ਤੇ ਦਰਜਨਾਂ ਹਾਕੀਆਂ ਹੰਢਾਈਆਂ। ਅਨੇਕ ਮੈਦਾਨ ਘਸਾਏ ਤੇ ਦਰਜਨਾਂ ਮੁਲਕ ਗਾਹੇ। ਕੁਮੈਂਟੇਟਰਾਂ ਨੇ ਉਹਦਾ ਨਾਂ ਹਜ਼ਾਰਾਂ ਵਾਰ ਹਵਾ ਦੀਆਂ ਤਰੰਗਾਂ 'ਚ ਗੁੰਜਾਇਆ।

ਪਰਗਟ ਸਿੰਘ ਦਾ ਕੱਦ ਦਰਮਿਆਨਾ, ਨੈਣ-ਨਕਸ਼ ਤਿੱਖੇ ਤੇ ਰੰਗ ਸਾਂਵਲਾ ਹੈ। ਉਹ ਨਾ ਕਿਸੇ ਨੂੰ ਡਰਾਉਂਦੈ, ਨਾ ਕਿਸੇ ਤੋਂ ਡਰਦਾ। ਦਲੀਲ ਨਾਲ ਜਿਹੜਾ ਮਰਜ਼ੀ ਕਾਇਲ ਕਰ ਲਵੇ। ਬਤੌਰ ਖਿਡਾਰੀ, ਸੁਪਰਡੈਂਟ ਪੁਲਿਸ ਤੇ ਡਾਇਰੈਕਟਰ ਸਪੋਰਟਸ ਵੀ ਉਹਦਾ ਸੁਭਾਅ ਇਹੋ ਜਿਹਾ ਰਿਹਾ ਤੇ ਬਤੌਰ ਸਿਆਸਤਦਾਨ ਵੀ। ਖੇਡ ਡਾਇਰੈਕਟਰ ਹੁੰਦਿਆਂ ਉਸ ਨੇ 'ਵੱਡੇ ਬੰਦਿਆਂ' ਦੇ ਛਲਾਰੂ ਮੁੰਡਿਆਂ ਨੂੰ ਮੈਰਿਟ ਦੇ ਖਿਡਾਰੀਆਂ ਦੀ ਥਾਂ ਡੀ.ਐੱਸ.ਪੀ. ਨਹੀਂ ਸੀ ਲੱਗਣ ਦਿੱਤਾ। ਉਹ ਸੱਚਾ ਸਪੋਰਟਸਮੈਨ ਹੋਣ ਦੇ ਨਾਤੇ ਸਹੀ ਨੂੰ ਸਹੀ ਤੇ ਗ਼ਲਤ ਨੂੰ ਗ਼ਲਤ ਕਹਿਣ ਵਾਲਾ ਅਫ਼ਸਰ ਰਿਹਾ। ਸਿਆਸਤ ਵਿੱਚ ਵੀ ਪਹਿਲਾਂ ਅਕਾਲੀ ਦਲ, ਫ਼ਿਰ ਨਵਜੋਤ ਸਿੱਧੂ ਤੇ ਬੈਂਸ ਭਰਾਵਾਂ ਨਾਲ ਆਵਾਜ਼-ਏ-ਪੰਜਾਬ ਤੇ ਫ਼ਿਰ ਕਾਂਗਰਸ ਪਾਰਟੀ 'ਚ ਸ਼ਾਮਲ ਹੋਇਆ।

1983 ਵਿੱਚ 18 ਸਾਲ ਦੀ ਉਮਰੇ ਉਸ ਨੂੰ ਭਾਰਤੀ ਹਾਕੀ ਟੀਮ ਦੇ ਕੋਚਿੰਗ ਕੈਂਪ 'ਚ ਸ਼ਾਮਲ ਕਰ ਲਿਆ ਗਿਆ ਸੀ। ਪਹਿਲਾ ਇੰਟਰਨੈਸ਼ਨਲ ਟੂਰਨਾਮੈਂਟ ਉਹ ਹਾਂਗਕਾਂਗ ਖੇਡਿਆ। ਫ਼ਿਰ ਵੈਨਕੂਵਰ ਦਾ ਜੂਨੀਅਰ ਵਰਲਡ ਹਾਕੀ ਕੱਪ ਖੇਡਿਆ, ਜਿੱਥੇ ਉਸ ਨੇ ਚੰਗੀ ਹੋਣਹਾਰੀ ਵਿਖਾਈ। 1985 'ਚ ਢਾਕੇ ਦਾ ਏਸ਼ੀਆ ਕੱਪ ਖੇਡਿਆ ਜਿੱਥੋਂ ਸਿਲਵਰ ਮੈਡਲ ਜਿੱਤਿਆ। ਪਰਥ ਦੀ ਚੈਂਪੀਅਨਜ਼ ਟਰਾਫ਼ੀ ਖੇਡਦਿਆਂ ਅਖ਼ੀਰਲੇ 6 ਮਿੰਟਾਂ 'ਚ 4 ਗੋਲ ਕਰਨ ਦਾ ਕੌਤਕ ਵਰਤਾਇਆ। 1986 ਵਿੱਚ ਕਰਾਚੀ ਦੀ ਚੈਂਪੀਅਨਜ਼ ਟਰਾਫ਼ੀ ਸਮੇਂ ਚੋਟੀ ਦੀ ਟੀਮ ਹਾਲੈਂਡ ਨੂੰ 3-2 ਗੋਲਾਂ ਨਾਲ ਹਰਾਇਆ। 1986 ਵਿੱਚ ਉਹ ਲੰਡਨ ਦਾ ਵਿਸ਼ਵ ਕੱਪ ਖੇਡਿਆ। 1986 ਵਿੱਚ ਹੀ ਸਿਓਲ ਦੀਆਂ ਏਸ਼ਿਆਈ ਖੇਡਾਂ 'ਚੋਂ ਕਾਂਸੀ ਦਾ ਮੈਡਲ ਜਿੱਤਿਆ। 1988 ਵਿੱਚ ਉਹ ਉਲੰਪਿਕ ਖੇਡਾਂ ਲਈ ਭਾਰਤੀ ਟੀਮ 'ਚ ਚੁਣਿਆ ਗਿਆ। ਟੀਮ ਭਾਵੇਂ ਕੋਈ ਮੈਡਲ ਨਾ ਜਿੱਤ ਸਕੀ, ਪਰ ਪਰਗਟ ਸਿੰਘ ਦੀ ਖੇਡ ਚੰਗੀ ਸਲਾਹੀ ਗਈ। ਨਾਲ ਦੀ ਨਾਲ ਉਹ ਹਾਕੀ ਦੀਆਂ ਚੈਂਪੀਅਨਜ਼ ਟਰਾਫ਼ੀਆਂ ਵੀ ਖੇਡਦਾ ਰਿਹਾ। 1990 ਵਿੱਚ ਲਾਹੌਰ ਦਾ ਵਿਸ਼ਵ ਹਾਕੀ ਕੱਪ ਖੇਡਿਆ। ਤਦ ਤੱਕ ਉਹ ਵਿਸ਼ਵ ਦਾ ਸਰਬੋਤਮ ਫ਼ੁੱਲਬੈਕ ਖਿਡਾਰੀ ਮੰਨਿਆ ਜਾਣ ਲੱਗਾ ਸੀ। ਉਸੇ ਸਾਲ ਉਹ ਬੀਜਿੰਗ ਦੀਆਂ ਏਸ਼ਿਆਈ ਖੇਡਾਂ 'ਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਬਾਰਸੀਲੋਨਾ-1992 ਦੀਆਂ ਉਲੰਪਿਕ ਖੇਡਾਂ 'ਚ ਉਸ ਨੂੰ ਭਾਰਤੀ ਹਾਕੀ ਟੀਮ ਦਾ ਕਪਤਾਨ ਬਣਾਇਆ ਗਿਆ। 1992 ਵਿੱਚ ਹੀ ਕੁਆਲਾ ਲੰਪੁਰ ਵਿਖੇ ਹੋਏ ਪਹਿਲੇ ਅੰਤਰ ਮਹਾਂਦੀਪੀ ਟੂਰਨਾਮੈਂਟ 'ਚ ਉਸ ਨੇ ਏਸ਼ੀਆ ਆਲ ਸਟਾਰਜ਼ ਟੀਮ ਦੀ ਕਪਤਾਨੀ ਕੀਤੀ।

ਪਰਗਟ ਸਿੰਘ ਕੰਬਾਈਂਡ ਯੂਨੀਵਰਸਿਟੀਜ਼ ਦੀ ਟੀਮ 'ਚ ਖੇਡਦਾ ਪਹਿਲਾਂ ਰੇਲਵੇਜ਼, ਫ਼ਿਰ ਰੇਲ ਕੋਚ ਫ਼ੈਕਟਰੀ ਕਪੂਰਥਲਾ ਵਿੱਚ ਇੰਸਪੈਕਟਰ ਲੱਗਾ ਤੇ ਫ਼ਿਰ ਪੰਜਾਬ ਅਲਕਲੀਜ਼ ਦੀ ਟੀਮ ਵਿੱਚ ਬਤੌਰ ਅਫ਼ਸਰ ਆ ਗਿਆ। ਫ਼ਿਰ ਉਸ ਨੂੰ ਪੰਜਾਬ ਪੁਲਿਸ ਨੇ ਸਿੱਧਾ ਡੀ.ਐੱਸ.ਪੀ. ਭਰਤੀ ਕਰ ਲਿਆ। 2005 ਵਿੱਚ ਉਹ ਪੰਜਾਬ ਖੇਡ ਵਿਭਾਗ ਦਾ ਡਾਇਰੈਕਟਰ ਬਣਿਆ। ਉਸ ਨੇ ਸਕੂਲਾਂ-ਕਾਲਜਾਂ ਦੇ ਖੇਡ ਵਿੰਗਾਂ ਨੂੰ ਫ਼ਿਰ ਸਰਗਰਮ ਕੀਤਾ। ਲੋੜੀਂਦਾ ਖੇਡ ਸਾਮਾਨ ਸਕੂਲਾਂ ਤੇ ਕਾਲਜਾਂ ਦੇ ਖੇਡ ਵਿੰਗਾਂ 'ਚ ਪਹੁੰਚਾਇਆ। ਖਾਲੀ ਥਾਵਾਂ 'ਤੇ ਕੋਚ ਤਾਇਨਾਤ ਕੀਤੇ। ਪਰਗਟ ਸਿੰਘ ਦਾ ਵਿਆਹ ਸਾਬਕਾ ਸਪੀਕਰ ਤੇ ਰਾਜਸਥਾਨ ਦੇ ਸਾਬਕਾ ਗਵਰਨਰ ਦਰਬਾਰਾ ਸਿੰਘ ਦੀ ਧੀ ਬੀਬੀ ਬਰਿੰਦਰਜੀਤ ਨਾਲ ਹੋਇਆ। ਉਨ੍ਹਾਂ ਦਾ ਪੁੱਤਰ ਹਰਤਾਸ਼ ਸਿੰਘ ਤੇ ਪੁੱਤਰੀ ਹਰਨੂਰ ਕੌਰ ਵਿਆਹੇ ਵਰ੍ਹੇ ਹਨ। ਧੜੱਲੇਦਾਰ ਸਿਆਸਤਦਾਨ ਵਜੋਂ ਬੇਸ਼ੱਕ ਉਹ ਚੋਖਾ ਵਜ਼ਨਦਾਰ ਹੈ, ਪਰ ਚੱਲਵੀਂ ਸਿਆਸਤ ਦੀ ਟੈਕਲਿੰਗ ਤੇ ਡ੍ਰਿਬਲਿੰਗ ਕਰਨੀ ਹਾਲੇ ਹਾਕੀ ਜਿੰਨੀ ਨਹੀਂ ਸਿੱਖਿਆ।

2012 ਵਿੱਚ ਸੁਖਬੀਰ ਸਿੰਘ ਬਾਦਲ ਨੇ ਉਸ ਤੋਂ ਖੇਡ ਵਿਭਾਗ ਦੀ ਡਾਇਰੈਕਟਰੀ ਛੁਡਾ ਕੇ ਜਲੰਧਰ ਛਾਉਣੀ ਤੋਂ ਟਿਕਟ ਦਿੱਤੀ ਸੀ। ਜਲੰਧਰ ਛਾਉਣੀ ਕਾਂਗਰਸ ਦੀ ਪੱਕੀ ਸੀਟ ਸਮਝੀ ਜਾਂਦੀ ਸੀ, ਪਰ ਪਰਗਟ ਸਿੰਘ ਆਪਣੀ ਮਕਬੂਲੀਅਤ ਸਦਕਾ ਚੋਣ ਜਿੱਤ ਗਿਆ। ਵਿਧਾਇਕ ਤਾਂ ਉਹ ਬਣ ਗਿਆ, ਪਰ ਸਿਆਸਤੀ ਚਾਲਾਂ ਨਾ ਆਈਆਂ। ਬੁਨਿਆਦੀ ਤੌਰ 'ਤੇ ਉਹ ਖਿਡਾਰੀ ਹੈ, ਸਿਆਸਤਦਾਨ ਨਹੀਂ।

# ਸਰਕਾਰ ਨੇ ਬਣਾਈ ਖੇਡ ਮਾਹਿਰਾਂ ਦੀ ਸਲਾਹਕਾਰ ਕਮੇਟੀ

## 17 ਮੈਂਬਰੀ ਕਮੇਟੀ ਵਿੱਚ ਮੈਰੀ ਕੌਮ, ਸਾਇਨਾ ਨੇਹਵਾਲ ਤੇ ਲਿਏਂਡਰ ਪੇਸ ਵੀ ਸ਼ਾਮਲ



ਨਵੀਂ ਦਿੱਲੀ/ਏ.ਟੀ.ਨਿਊਜ਼: ਸਰਕਾਰ ਨੇ ਨਵੀਂ ਪ੍ਰਤਿਭਾ ਦੀ ਪਛਾਣ ਤੇ ਉਨ੍ਹਾਂ ਨੂੰ ਤਿਆਰ ਕਰਨ, ਨਿਰਪੱਖ ਤੇ ਪਾਰਦਰਸ਼ੀ ਚੋਣ ਅਮਲ ਯਕੀਨੀ ਬਣਾਉਣ ਤੇ ਕੌਮਾਂਤਰੀ ਖੇਡ ਮੁਕਾਬਲਿਆਂ ਵਿੱਚ ਅਥਲੀਟਾਂ ਦੇ ਪ੍ਰਦਰਸ਼ਨ ਤੇ ਕੋਚਾਂ ਦੀ ਕਾਰਗੁਜ਼ਾਰੀ 'ਤੇ ਨਜ਼ਰ ਰੱਖਣ ਲਈ ਖੇਡ ਮੰਤਰੀ ਮਨਸੁਖ ਮਾਂਡਵੀਆ ਦੀ ਅਗਵਾਈ ਵਿੱਚ ਕਮੇਟੀ ਬਣਾਈ ਹੈ।


17 ਮੈਂਬਰੀ ਖੇਡ ਮਾਹਿਰਾਂ ਦੀ ਐਡਵਾਈਜ਼ਰੀ ਕਮੇਟੀ ਵਿੱਚ ਉਲੰਪਿਕ ਤਗ਼ਮਾ ਜੇਤੂ ਤਿੰਨ ਖਿਡਾਰੀਆਂ ਮੈਰੀ ਕੌਮ, ਸਾਇਨਾ ਨੇਹਵਾਲ ਤੇ ਲਿਏਂਡਰ ਪੇਸ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਕੇਂਦਰੀ ਖੇਡ ਰਾਜ ਮੰਤਰੀ ਰਕਸ਼ਾ ਖੜਸੇ ਇਸ ਕਮੇਟੀ ਦੇ ਉਪ ਚੇਅਰਪਰਸਨ ਜਦੋਂਕਿ ਖੇਡ ਸਕੱਤਰ/ਸੰਯੁਕਤ ਸਕੱਤਰ ਕਨਵੀਨਰ ਹੋਣਗੇ।

# ਕੌਮੀ ਖੇਡਾਂ: ਜਯੋਤੀ ਨੇ ਅੜਿੱਕਾ ਦੌੜ 'ਚ ਸੋਨ ਤਗ਼ਮਾ ਜਿੱਤਿਆ



ਦੇਹਰਾਦੂਨ/ਏ.ਟੀ.ਨਿਊਜ਼: ਆਂਧਰਾ ਪ੍ਰਦੇਸ਼ ਦੀ ਜਯੋਤੀ ਯਾਰਾਜੀ ਅਤੇ ਮਹਾਰਾਸ਼ਟਰ ਦੇ ਤੇਜਸ ਸ਼ਿਰਸੇ ਨੇ ਇੱਥੇ ਕੌਮੀ ਖੇਡਾਂ ਦੇ ਅਥਲੈਟਿਕਸ ਮੁਕਾਬਲਿਆਂ ਦੇ ਦੂਜੇ ਦਿਨ ਖੇਡਾਂ ਦੇ ਰਿਕਾਰਡ ਸਮੇਂ ਨਾਲ ਕ੍ਰਮਵਾਰ ਮਹਿਲਾ 100 ਮੀਟਰ ਅੜਿੱਕਾ ਦੌੜ ਅਤੇ ਪੁਰਸ਼ਾਂ ਦੀ 110 ਮੀਟਰ ਅੜਿੱਕਾ ਦੌੜ ਵਿੱਚ ਲਗਾਤਾਰ ਤੀਜੇ ਸੋਨ ਤਗ਼ਮੇ ਜਿੱਤੇ। ਆਪੋ-ਆਪਣੇ ਵਰਗਾਂ ਵਿੱਚ ਕੌਮੀ ਰਿਕਾਰਡ ਧਾਰਕ ਸ਼ਿਰਸੇ ਅਤੇ ਯਾਰਾਜੀ ਨੇ ਇਸ ਤੋਂ ਪਹਿਲਾਂ ਗੁਜਰਾਤ ਅਤੇ ਗੋਆ ਵਿੱਚ ਹੋਈਆਂ ਪਿਛਲੀਆਂ ਦੋ ਕੌਮੀ ਖੇਡਾਂ ਵਿੱਚ ਵੀ ਸੋਨ ਤਗ਼ਮੇ ਜਿੱਤੇ ਸਨ। ਮੌਜੂਦਾ ਏਸ਼ਿਆਈ ਚੈਂਪੀਅਨ ਅਤੇ 2023 ਹਾਂਗਜ਼ੂ ਏਸ਼ਿਆਈ ਖੇਡਾਂ ਵਿੱਚ ਚਾਂਦੀ ਦਾ ਤਗ਼ਮਾ ਜੇਤੂ 25 ਸਾਲਾ ਯਾਰਾਜੀ ਨੇ ਫਾਈਨਲ ਵਿੱਚ 13.10 ਸੈਕਿੰਡ ਦੇ ਸਮੇਂ ਨਾਲ 13.22 ਸੈਕਿੰਡ ਦੇ ਆਪਣੇ ਪਿਛਲੇ ਕੌਮੀ ਖੇਡਾਂ ਦੇ ਰਿਕਾਰਡ ਵਿੱਚ ਸੁਧਾਰ ਕੀਤਾ। ਯਾਰਾਜੀ ਦਾ ਕੌਮੀ ਰਿਕਾਰਡ 12.78 ਸੈਕਿੰਡ ਹੈ। ਪੱਛਮੀ ਬੰਗਾਲ ਦੀ ਮੌਮਿਤਾ ਮੰਡਲ ਨੇ 13.36 ਸੈਕਿੰਡ ਦੇ ਸਮੇਂ ਨਾਲ ਚਾਂਦੀ, ਜਦਕਿ ਤਾਮਿਲਨਾਡੂ ਦੀ ਨਿਤਿਆ ਰਾਮਰਾਜ ਨੇ 13.60 ਸੈਕਿੰਡ ਦੇ ਸਮੇਂ ਨਾਲ ਕਾਂਸੇ ਦਾ ਤਗ਼ਮਾ ਜਿੱਤਿਆ। 22 ਸ਼ਿਰਸੇ ਨੇ 13.65 ਸੈਕਿੰਡ ਦੇ ਸਮੇਂ ਨਾਲ ਸੋਨ ਤਗ਼ਮਾ ਜਿੱਤਿਆ।

# ਪੰਜਾਬੀ ਗੀਤਕਾਰੀ ਤੇ ਗਾਇਕੀ, ਕੱਲ੍ਹ ਤੇ ਅੱਜ



ਭੋਲਾ ਸਿੰਘ ਸ਼ਮੀਰੀਆ

ਸੰਗੀਤਮਈ ਬੋਲ ਉਹ ਹੀ ਰੂਹ ਨੂੰ ਸਕੂਨ ਬਖ਼ਸ਼ਦੇ ਹਨ ਜੋ ਅੱਖਾਂ ਬੰਦ ਕਰਕੇ ਕੰਨਾਂ ਨਾਲ ਸਰਵਣ ਕੀਤੇ ਜਾਣ। ਅੱਜ ਤੋਂ ਅੱਠ-ਦਸ ਦਹਾਕੇ ਪਹਿਲਾਂ ਜਦੋਂ ਮੇਲਿਆਂ ਜਾਂ ਅਖਾੜਿਆਂ ਵਿੱਚ ਕਵੀਸ਼ਰ ਜਾਂ ਢਾਡੀ ਤੁਰ ਫ਼ਿਰ ਕੇ ਗੌਣ ਸੁਣਾਇਆ ਕਰਦੇ ਸਨ, ਉਦੋਂ ਢਾਡੀਆਂ ਜਾਂ ਕਵੀਸ਼ਰਾਂ ਦੀ ਆਵਾਜ਼ ਹੀ ਸਪੀਕਰ ਵਰਗੀ ਹੋਇਆ ਕਰਦੀ ਸੀ। ਲੋਕ ਗੋਲ ਚੱਕਰ ਬਣਾ ਕੇ ਉਨ੍ਹਾਂ ਢਾਡੀਆਂ ਨੂੰ ਸੁਣਦੇ ਸਨ। ਪਿੰਡਾਂ ਦੇ ਲੋਕ ਮੇਲਿਆਂ 'ਤੇ ਵਹੀਰਾਂ ਘੱਤ ਕੇ ਇਹ ਗੌਣ ਸੁਣਨ ਲਈ ਜਾਂਦੇ ਸਨ ਕਿਉਂਕਿ ਉਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ।

ਕਿਤੇ ਦੂਰੋਂ ਆਉਂਦੀ ਗਮੰਤਰੀਆਂ ਦੀ ਆਵਾਜ਼ ਨੂੰ ਸੁਣ ਕੇ ਲੋਕ ਤੁਰੇ ਜਾਂਦੇ ਵੀ ਖੜ੍ਹ ਜਾਇਆ ਕਰਦੇ ਸਨ। ਖੇਤ ਹਲ਼ ਵਾਹੁੰਦੇ ਕਿਸਾਨ ਜਦੋਂ ਦੂਰ ਕਿਤੇ ਲਾਊਡ ਸਪੀਕਰ 'ਤੇ ਅਮਰ ਸਿੰਘ ਸ਼ੌਂਕੀ ਦੀ 'ਸਾਹਿਬਾ ਵਾਜ਼ਾਂ ਮਾਰਦੀ' ਜਾਂ 'ਤਿੰਨ ਸੌ ਕਾਨੀ ਸਾਰਦੀ, ਮੇਰੇ ਲੱਕ ਲਟਕੇ ਸ਼ਮਸ਼ੀਰ। ਨੀਂ ਉਹ ਪੱਤਿਆਂ ਵਾਂਗਰ ਉੱਡਣਗੇ, ਜਦ ਮਾਰੇ ਜੱਟ ਨੇ ਤੀਰ' ਸੁਣਦੇ ਤਾਂ ਹਰ ਸਤਰ ਦੇ ਆਖ਼ਰੀ ਤੋੜੇ ਦੇ ਨਾਲ ਉੱਚੀ-ਉੱਚੀ ਆਪ ਵੀ ਗਾਉਣ ਲੱਗ ਪੈਂਦੇ ਸਨ। ਢਾਡੀ ਬਚਨ ਸਿੰਘ ਗਾਉਂਦਾ,'ਇੱਕ ਤਾਂ ਆਂਹਦੀ ਸਾਧਾ ਵਿਆਹਤੀ ਕੰਤ ਨਿਆਣੇ ਨੂੰ', ਕਵੀਸ਼ਰ ਕਰਨੈਲ ਸਿੰਘ ਪਾਰਸ ਗਾਉਂਦਾ ਹੁੰਦਾ ਸੀ, 'ਦੁਨੀਆ ਚਹੁੰ ਕੁ ਦਿਨਾਂ ਦਾ ਮੇਲਾ', ਮਿਲਖੀ ਰਾਮ ਜਦ ਗਾਉਂਦਾ,'ਤੋਤਾ ਢੋਲ ਦਾ ਰੋਵੇ ਤੇ ਕੁਰਲਾਵੇ' ਤਾਂ ਅੱਖਾਂ ਬੰਦ ਕਰਕੇ ਸੁਣਨ ਵਾਲੇ ਦੀ ਰੂਹ ਕਹਾਣੀ ਦੇ ਪਾਤਰਾਂ ਦੇ ਅੰਗ-ਸੰਗ ਜਾ ਖੜ੍ਹਦੀ ਸੀ।

ਇਹ ਉਹ ਸਮਾਂ ਸੀ ਜਦੋਂ ਗਾਇਕਾਂ ਤੇ ਪਹਿਲਵਾਨਾਂ ਪ੍ਰਤੀ ਲੋਕਾਂ ਦਾ ਪਿਆਰ ਤੇ ਸਤਿਕਾਰ ਨਿਰਛੱਲ ਤੇ ਸ਼ਰਧਾ ਵਾਲਾ ਹੁੰਦਾ ਸੀ। ਆਵਾਜਾਈ ਦੇ ਸਾਧਨਾਂ ਦੀ ਘਾਟ ਹੋਣ ਕਰਕੇ ਲੋਕ ਅਖਾੜਾ ਲੱਗਣ ਤੋਂ ਬਾਅਦ ਇਨ੍ਹਾਂ ਪਹਿਲਵਾਨਾਂ ਤੇ ਗਮੰਤਰੀਆਂ ਨੂੰ ਆਪਣੇ ਘਰਾਂ ਵਿੱਚ ਨਿਵਾਸ ਦੇਣ ਨੂੰ ਵਡਿਆਈ ਵਾਲਾ ਕਾਰਜ ਸਮਝਦੇ ਸਨ। ਉੱਚੀ ਤੇ ਖੜਕਵੀਂ ਆਵਾਜ਼ ਵਿੱਚ ਅਮਰ ਸਿੰਘ ਸ਼ੌਂਕੀ ਅਤੇ ਬਾਅਦ ਵਿੱਚ ਰਣਜੀਤ ਸਿੰਘ ਸੰਧਵਾਂ ਦੀ ਝੰਡੀ ਰਹੀ। ਰਣਜੀਤ ਸਿੰਘ ਸੰਧਵਾਂ ਤੇ ਕਰਨੈਲ ਸਿੰਘ ਪਾਰਸ ਦੀ ਜੋੜੀ ਨੇ ਬਹੁਤ ਨਾਂ ਕਮਾਇਆ। ਅਲਗੋਜ਼ੇ ਦੀ ਟੌਹਰ ਸਥਾਪਿਤ ਕੀਤੀ ਮਿਲਖੀ ਰਾਮ ਤੇ ਬੇਲੀ ਰਾਮ ਨੇ। ਇਸ ਸਮੇਂ ਸਾਜ਼ਾਂ ਦਾ ਸ਼ੋਰ-ਸ਼ਰਾਬਾ ਨਹੀਂ ਸੀ ਹੁੰਦਾ। ਲੋਕ ਰੱਜ ਕੇ ਸ਼ਬਦੀ-ਰਸ ਮਾਣਦੇ। ਕਵੀਸ਼ਰ ਜਾਂ ਢਾਡੀ ਸਮੇਂ ਤੇ ਸਥਿਤੀ ਅਨੁਸਾਰ ਪਾਤਰਾਂ ਦੀ ਮਨੋਦਸ਼ਾ ਨੂੰ ਢੁੱਕਵੇਂ ਛੰਦ ਰਾਹੀਂ ਗਾ ਕੇ ਸਰੋਤਿਆਂ ਨੂੰ ਆਪਣੇ ਨਾਲ ਤੋਰ ਲੈਂਦੇ ਸਨ। ਗੱਡੀ ਛੰਦ ਰਾਹੀਂ ਪੂਰਨ ਤੇ ਰਾਣੀ ਸੁੰਦਰਾਂ ਵਿਚਲੇ ਸੰਵਾਦੀ ਰੂਪ ਨੂੰ ਅਮਰ ਸਿੰਘ ਸ਼ੌਂਕੀ ਇਉਂ ਪੇਸ਼ ਕਰਦਾ;

ਗੱਲ ਸੁਣ ਲੈ ਰਾਣੀਏ ਮੇਰੀ ਅਸੀਂ ਹਾਂ ਭਗਤ ਰੱਬ ਦੇ, ਸਾਡੀ ਸਤਿਗੁਰ,

ਸਾਡੀ ਸਤਿਗੁਰ ਨਾਲ ਪ੍ਰੀਤੀ ਲੋਕ ਭਾਵੇਂ ਲੱਖ ਵਸਦੇ, ਅਸੀਂ ਰੂਪ,

ਅਸੀਂ ਰੂਪ ਗੰਵਾ ਲਿਆ ਆਪਣਾ ਕੰਨ ਪੜਵਾ ਕੇ ਰਾਣੀਏ, ਸੁੰਦਰਾਂ,

ਸੁੰਦਰਾਂ..ਨੀਂ ਜੱਗ ਦਾ ਪਿਆਰ ਛੱਡ ਕੇ ਪਾਈਆਂ ਮੁੰਦਰਾਂ।

ਲਾਲ ਚੰਦ ਯਮਲਾ ਜੱਟ ਦੀ ਤੂੰਬੀ ਨੇ ਗੁਰੂ ਨਾਨਕ ਨੂੰ ਅਜਿਹਾ ਧਿਆਇਆ ਕਿ ਉਹ ਸਦਾ ਲਈ ਅਮਰ ਹੋ ਗਿਆ। ਜ਼ਿਆਦਾ ਕਰਕੇ ਢੋਲਕੀ ਤੇ ਤੂੰਬੀ ਹੀ ਉਸ ਦੀ ਗਾਇਕੀ ਦਾ ਧੁਰਾ ਰਹੇ। ਆਪਣੇ ਫ਼ੱਕਰਾਂ ਵਰਗੇ ਭੇਸ ਨਾਲ ਫ਼ੱਕਰਾਂ ਵਰਗੀ ਗਾਇਕੀ ਹੀ ਪ੍ਰਧਾਨ ਰਹੀ। ਸੰਸਾਰੀ ਤੇ ਅਧਿਆਤਮਿਕਤਾ ਦੇ ਸੰਵਾਦੀ ਰੂਪ ਨੂੰ ਲੋਕਾਈ ਦੇ ਪੱਧਰ 'ਤੇ ਆ ਕੇ ਲੋਕਾਂ ਦਾ ਮਨੋਰੰਜਨ ਕਰਦੀ ਰਹੀ ਯਮਲੇ ਜੱਟ ਦੀ ਗਾਇਕੀ। ਯਮਲੇ ਦੀ ਗਾਇਕੀ ਨੇ ਸਿੱਧ ਕਰ ਦਿੱਤਾ ਕਿ ਜੇ ਤੁਹਾਡੀ ਕਲਾ ਸੱਚਮੁੱਚ ਹੀ 'ਸੱਚ' ਦੀ ਗੱਲ ਕਰਦੀ ਹੈ ਤਾਂ ਲੋਕ ਜਾਤਾਂ, ਧਰਮਾਂ, ਮਜ਼ਹਬਾਂ ਤੋਂ ਉੱਪਰ ਉੱਠ ਕੇ ਤੁਹਾਨੂੰ ਪ੍ਰਵਾਨ ਕਰ ਲੈਂਦੇ ਹਨ। ਲਾਲ ਚੰਦ ਇੱਕ ਬਾਣੀਆਂ ਦਾ ਮੁੰਡਾ ਹੋਣ ਦੇ ਬਾਵਜੂਦ ਉਸ ਨੇ ਜੱਟ ਬਰਾਦਰੀ ਦਾ ਤਖੱਲਸ 'ਯਮਲਾ ਜੱਟ' ਅਪਨਾ ਲਿਆ, ਪਰ ਜੱਟ ਬਰਾਦਰੀ ਨੇ ਇਸ ਵਰਗ-ਅੰਤਰਾਲ ਨੂੰ ਸ਼ੁਭ ਸ਼ਗਨ ਮੰਨਦੇ ਹੋਏ ਚਾਵਾਂ ਨਾਲ ਸਵੀਕਾਰਿਆ। ਇਹ ਪ੍ਰਵਾਨਗੀ ਤੇ ਅਪਣੱਤ ਸਿਰਫ਼ ਯਮਲੇ ਦੇ 'ਸ਼ਬਦ-ਰਸ' ਕਰਕੇ ਹੀ ਸੰਭਵ ਹੈ। ਉਸ ਦੀ ਗਾਇਕੀ ਵਿੱਚੋਂ ਲੋਕ ਆਨੰਦ ਮਹਿਸੂਸ ਕਰਦੇ ਰਹੇ। ਉਸ ਦੀ ਗਾਇਕੀ ਵਿੱਚ ਮੌਜੂਦਾ ਸਮੇਂ ਵਰਗਾ 'ਧੂਮ-ਧੜੱਕਾ' ਨਹੀਂ ਸੀ। ਉਸ ਦੇ ਸੁੱਚੇ ਬੋਲਾਂ ਸਦਕੇ ਕਿਸੇ ਦੇ ਵੀ ਬੁੱਲ੍ਹਾਂ 'ਤੇ ਅੱਜ ਤੱਕ ਇਹ ਸ਼ਬਦ ਨਹੀਂ ਆਇਆ ਕਿ ਇੱਕ ਬਾਣੀਆ ਜੱਟ ਕਿਵੇਂ ਹੋਇਆ?

ਪੁਰਾਤਨ ਗਾਇਕ ਜ਼ਿਆਦਾ ਕਰਕੇ ਆਪਣੀਆਂ ਲਿਖੀਆਂ ਰਚਨਾਵਾਂ ਹੀ ਪੇਸ਼ ਕਰਦੇ ਸਨ। ਆਪਣੀ ਲਿਖੀ ਰਚਨਾ ਵਿੱਚ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਕਿਹੜਾ ਪਹਿਰਾ ਜਾਂ ਕਿਹੜਾ ਬੰਦ ਐਕਸ਼ਨ ਭਰਭੂਰ ਹੈ। ਕਿਹੜੇ ਸ਼ਬਦਾਂ ਨੂੰ 'ਚੱਬ ਕੇ' ਬੋਲਣਾ ਹੈ ਤੇ ਕਿੱਥੇ ਸੁਰ ਨੀਵੀਂ ਰੱਖਣੀ ਹੈ। ਫ਼ਿਰ ਜੇਲ੍ਹ 'ਚੋਂ ਨਿਕਲ ਕੇ ਸਟੇਜ 'ਤੇ ਚੜ੍ਹੇ ਜਗਤ ਸਿੰਘ ਜੱਗੇ ਨੂੰ ਲੋਕ ਸੁਣਨ ਦੇ ਨਾਲ-ਨਾਲ ਉਸ ਦੀ ਬਾਹਰੀ ਦਿੱਖ ਨੂੰ ਵੀ ਨਿਹਾਰਨ ਲੱਗੇ। ਜਦੋਂ ਉਹ ਘੋੜੀ 'ਤੇ ਚੜ੍ਹ ਕੇ ਆਉਂਦਾ ਤੇ ਉਤਰਨ ਸਾਰ ਹੀ ਗਾਉਂਦਾ,'ਮੈਨੂੰ ਜੱਟ ਮਿਰਜ਼ਾ ਨੇ ਆਖਦੇ' ਉਦੋਂ ਉਹ ਸੱਚਮੁੱਚ ਮਿਰਜ਼ਾ ਹੀ ਪ੍ਰਤੀਤ ਹੁੰਦਾ। ਉਸ ਦੇ ਨਾਲ ਨਰਿੰਦਰ ਬੀਬਾ ਦਾ ਸਾਥ ਸੋਨੇ 'ਤੇ ਸੁਹਾਗੇ ਵਰਗਾ ਸੀ। ਸੁਰਿੰਦਰ ਕੌਰ ਨੂੰ 'ਪੰਜਾਬ ਦੀ ਕੋਇਲ' ਹੋਣ ਦਾ ਮਾਣ ਹਾਸਲ ਸੀ। ਉਸ ਦੇ ਗਾਏ ਗੀਤ 'ਮਾਵਾਂ ਧੀਆਂ ਮਿਲਣ ਲੱਗੀਆਂ ਚਾਰੇ ਕੰਧਾਂ ਨੇ ਚੁਬਾਰੇ ਦੀਆਂ ਹੱਲੀਆਂ', 'ਨੀਂ ਇੱਕ ਮੇਰੀ ਅੱਖ ਕਾਸ਼ਨੀ', 'ਲੱਠੇ ਦੀ ਚਾਦਰ ਉੱਤੇ ਸਲੇਟੀ ਰੰਗ ਮਾਹੀਆ' ਕਾਫ਼ੀ ਚਰਚਿਤ ਰਹੇ। ਪ੍ਰਕਾਸ਼ ਕੌਰ, ਜਗਜੀਤ ਜੀਰਵੀ ਤੇ ਆਸਾ ਸਿੰਘ ਮਸਤਾਨਾ ਦਾ ਆਪਣਾ ਰੰਗ ਸੀ। ਇਸ ਤੋਂ ਬਾਅਦ ਅਖਾੜਾ ਪ੍ਰਣਾਲੀ ਲੋਕਾਂ ਦੀ ਭਰਭੂਰ ਖਿੱਚ ਦਾ ਕੇਂਦਰ ਬਣੀ ਰਹੀ।



ਇਨ੍ਹਾਂ ਅਖਾੜਾ ਜੋੜੀਆਂ ਦੇ ਸਰਗਰਮ ਹੋਣ 'ਤੇ ਗੀਤਕਾਰਾਂ ਦੀ ਵੱਖਰੀ ਪਛਾਣ ਬਣਨੀ ਸ਼ੁਰੂ ਹੋਈ। ਅਖਾੜੇ ਪ੍ਰਤੀ ਲੋਕਾਂ ਦੀ ਦਿਲਚਸਪੀ ਔਰਤ ਦੇ ਮੂੰਹੋਂ ਬੇਬਾਕ ਪਰਿਵਾਰਕ ਨੋਕ-ਝੋਕ ਸੁਣਨ ਕਰਕੇ ਜ਼ਿਆਦਾ ਹੁੰਦੀ ਸੀ ਕਿਉਂਕਿ ਔਰਤ ਸਮਾਜਿਕ ਤੌਰ 'ਤੇ ਅਣ-ਐਲਾਨੀ ਐਮਰਜੈਂਸੀ ਤਹਿਤ ਬੰਦ ਹੁੰਦੀ ਸੀ। ਸ਼ੁਰੂ-ਸ਼ੁਰੂ ਵਿੱਚ ਸਿਰਫ਼ ਮਰਦ ਹੀ ਅਖਾੜਾ ਦੇਖਿਆ ਕਰਦੇ ਸਨ। ਇਹ ਵੀ ਇੱਕ ਸ਼ਰਮ ਦਾ ਦੌਰ ਸੀ ਜਦੋਂ ਘਰ ਦੇ ਜੁਆਨ ਪੁੱਤ ਵੀ ਆਪਣੇ ਬਾਪ ਤੋਂ ਚੋਰੀਉਂ ਅਖਾੜਾ ਦੇਖਦੇ ਸਨ। ਅਖਾੜੇ ਵਿੱਚ ਖੜ੍ਹਨ ਜਾਂ ਬੈਠਣ ਸਮੇਂ ਆਪਣੇ ਬਾਪ ਤੋਂ ਓਹਲੇ ਹੋ ਕੇ ਅਖਾੜਾ ਦੇਖਦੇ ਸਨ। ਔਰਤਾਂ ਲੁਕ-ਛਿਪ ਕੇ ਜਾਂ ਕੋਠਿਆਂ ਤੋਂ ਆਪਣੇ ਚਿਹਰੇ ਕੱਪੜੇ ਨਾਲ ਢੱਕ ਕੇ ਆਪਣੇ ਘਰਦਿਆਂ ਤੋਂ ਚੋਰੀਉਂ ਅਖਾੜੇ ਦੇਖਿਆ ਕਰਦੀਆਂ ਸਨ। ਸਮੇਂ ਦੇ ਵਹਿਣ ਨਾਲ ਜਦੋਂ ਇਹ ਅਖਾੜਾ ਕਲਚਰ ਸੱਥਾਂ ਤੋਂ ਹੁੰਦਾ ਹੋਇਆ ਪੈਲੇਸਾਂ ਤੱਕ ਪੁੱਜਿਆ ਤਾਂ ਔਰਤਾਂ ਵੀ ਇਸ ਅਖਾੜਾ ਕਲਚਰ ਦਾ ਹਿੱਸਾ ਬਣਨ ਲੱਗੀਆਂ।

ਇਸ ਅਖਾੜਾ ਵਿਧੀ ਵਿੱਚ ਜਦੋਂ ਗੀਤ ਦੇ ਆਖ਼ਰੀ ਬੰਦ ਵਿੱਚ ਗੀਤਕਾਰ ਦਾ ਨਾਂ ਨਸ਼ਰ ਹੁੰਦਾ ਤਾਂ ਲੋਕ ਗੀਤਕਾਰਾਂ ਦੀ ਵੀ ਪਛਾਣ ਕਰਨ ਲੱਗੇ। ਨੰਦ ਲਾਲ ਨੂਰਪੁਰੀ, ਚਿਮਨ ਲਾਲ ਸ਼ੁਗਲ, ਗੁਰਦੇਵ ਸਿੰਘ ਮਾਨ, ਬਾਬੂ ਸਿੰਘ ਮਾਨ ਮਰਾੜ੍ਹਾਂ ਵਾਲਾ, ਹਰਦੇਵ ਦਿਲਗੀਰ ਥਰੀਕੇ ਵਾਲਾ, ਸੋਹਣ ਸਿੰਘ ਸੀਤਲ, ਗਾਮੀ ਸੰਗਤਪੁਰੀਆ ਆਦਿ ਗੀਤਕਾਰ ਵੱਖੋ-ਵੱਖਰੀਆਂ ਵਿਧਾਵਾਂ ਤੇ ਗੀਤ ਰਚ ਕੇ ਆਪੋ-ਆਪਣੇ ਵੱਖਰੇ ਮਾਰਕੇ ਦੀ ਗੱਲ ਕਰਦੇ ਰਹੇ। ਗੀਤਾਂ ਦੀਆਂ ਸ਼ੈਲੀਆਂ ਤੋਂ ਹੀ ਲੋਕ ਗੀਤਕਾਰਾਂ ਦੀ ਪਛਾਣ ਕਰਨ ਲੱਗੇ। ਅਖਾੜਿਆਂ ਵਿੱਚ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਘਟਨਾਵਾਂ ਜਾਂ ਪਰਿਵਾਰਕ ਮਸਲਿਆਂ ਨੂੰ ਨਾਟਕੀ ਢੰਗ ਨਾਲ ਦਰਸਾਇਆ ਜਾਣ ਲੱਗਿਆ। ਅਖਾੜਾ ਕਲਚਰ ਕਾਫ਼ੀ ਸਮਾਂ ਲੋਕਾਂ ਦੀ ਖਿੱਚ ਦਾ ਕੇਂਦਰ ਰਿਹਾ। ਇਸ ਸਮੇਂ ਤੱਕ ਸੰਗੀਤ ਕਲਾਕਾਰਾਂ ਦੀ ਮੁੱਠੀ ਵਿੱਚ ਰਿਹਾ ਭਾਵ ਸੰਗੀਤ ਕਦੇ ਸ਼ਬਦਾਂ 'ਤੇ ਭਾਰੂ ਨਹੀਂ ਸੀ ਪੈਂਦਾ। ਬੇਸ਼ੱਕ ਸਾਜ਼ਾਂ ਦੀ ਗਿਣਤੀ ਸਟੇਜ 'ਤੇ ਛੇ ਜਾਂ ਸੱਤ ਤੱਕ ਪੁੱਜ ਗਈ ਸੀ। ਲੋਕ ਸਰਵਣ ਵਿਧੀ ਰਾਹੀਂ ਗੀਤਾਂ ਦਾ ਸ਼ਬਦੀ ਰਸ ਮਾਣਦੇ।

ਅਖਾੜਿਆਂ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਕਲਾਕਾਰ ਸਨ ਪੰਮੀ-ਪੋਹਲੀ, ਮੁਹੰਮਦ ਸਦੀਕ-ਰਣਜੀਤ ਕੌਰ, ਹਰਚਰਨ ਗਰੇਵਾਲ-ਰਾਜਨ, ਚਾਂਦੀ ਰਾਮ, ਦੀਦਾਰ ਸੰਧੂ, ਕੁਲਦੀਪ ਮਾਣਕ, ਜਗਮੋਹਣ ਕੌਰ-ਕੇ ਦੀਪ, ਨਰਿੰਦਰ ਬੀਬਾ, ਪ੍ਰਕਾਸ਼ ਕੌਰ, ਆਸਾ ਸਿੰਘ ਮਸਤਾਨਾ, ਜਸਵੰਤ ਸੰਦੀਲਾ-ਪਰਮਿੰਦਰ ਸੰਧੂ, ਕਰਤਾਰ ਰਮਲਾ, ਹਾਕਮ ਬਖਤੜੀ ਵਲਾ, ਅਮਰ ਸਿੰਘ ਚਮਕੀਲਾ, ਮਦਨ ਰਾਹੀ ਆਦਿ ਕਲਾਕਾਰਾਂ ਦੀ ਕਤਾਰ ਕਾਫ਼ੀ ਲੰਬੀ ਹੈ। ਇਸ ਦੌਰ ਦਾ ਇੱਕ ਇਹ ਵੀ ਰੰਗ ਸੀ ਕਿ ਔਰਤ ਕਲਾਕਾਰ ਤੋਂ ਬਿਨਾਂ ਲੋਕ ਅਖਾੜੇ ਨੂੰ ਪ੍ਰਵਾਨ ਨਹੀਂ ਸਨ ਕਰਦੇ। ਕੁਲਦੀਪ ਮਾਣਕ ਦਾ ਇਸ ਦੌਰ ਵਿੱਚ ਇੱਕ ਵੱਖਰਾ ਰੰਗ ਸੀ। ਨਰਿੰਦਰ ਬੀਬਾ ਦਾ ਵੱਖਰਾ ਤੇ ਜਗਮੋਹਣ ਕੌਰ-ਕੇ.ਦੀਪ ਦਾ ਵੱਖਰਾ। ਦੀਦਾਰ ਸੰਧੂ ਖ਼ੁਦ ਹੀ ਗੀਤ ਲਿਖਦਾ ਤੇ ਖ਼ੁਦ ਹੀ ਗਾਉਂਦਾ ਸੀ। ਉਸ ਦੀ ਮੁਹਾਵਰਿਆਂ ਨਾਲ ਸ਼ਿੰਗਾਰੀ ਹੋਈ ਗੀਤ-ਸ਼ੈਲੀ ਲੋਕਾਂ ਨੇ ਬਹੁਤ ਪਸੰਦ ਕੀਤੀ।

ਅਖਾੜਾ ਵਿਧੀ ਵਿੱਚ ਮੁਹੰਮਦ ਸਦੀਕ-ਰਣਜੀਤ ਕੌਰ ਲੰਬੀ ਪਾਰੀ ਖੇਡਣ ਵਾਲੀ ਜੋੜੀ ਸੀ। ਬਹੁਤ ਘੱਟ ਲੋਕ ਜਾਣਦੇ ਹਨ ਕਿ ਮੁਹੰਮਦ ਸਦੀਕ ਸਿਰਫ਼ ਗਾਇਕ ਹੀ ਨਹੀਂ, ਸੰਗੀਤਕਾਰ ਦੇ ਤੌਰ 'ਤੇ ਉਸ ਤੋਂ ਵੀ ਜ਼ਿਆਦਾ ਮਾਹਿਰ ਹੈ। ਮੁਹੰਮਦ ਸਦੀਕ ਨੇ ਬਾਬੂ ਸਿੰਘ ਮਾਨ ਦੇ ਕੋਰੜਾ ਛੰਦ ਨੁਮਾ ਗੀਤਾਂ ਨੂੰ ਵੱਖੋ-ਵੱਖਰੀਆਂ ਤਰਜ਼ਾਂ ਵਿੱਚ ਪੇਸ਼ ਕਰਕੇ ਆਪਣੀ ਕਲਾ ਦਾ ਭਰਭੂਰ ਮੁਜ਼ਾਹਰਾ ਕੀਤਾ। ਜਦੋਂ ਕਲਾਕਾਰ ਤੇ ਸੁਰ ਇੱਕ-ਸੁਰ ਹੁੰਦੇ ਹਨ ਤਾਂ ਕਲਾ ਦਾ ਜਨਮ ਹੁੰਦਾ ਹੈ। ਕਲਾ ਜਦੋਂ ਸਿਰ ਚੜ੍ਹ ਕੇ ਬੋਲਦੀ ਹੈ ਤਾਂ ਕਲਾਕਾਰ ਨੂੰ ਵੀ ਵਹਿਣਾਂ ਵਿੱਚ ਡਬੋ ਜਾਂਦੀ ਹੈ। ਇੱਕ ਵਾਰ ਮੁਹੰਮਦ ਸਦੀਕ, ਬਾਬੂ ਸਿੰਘ ਮਾਨ ਦੇ ਗੀਤ 'ਨਹੀਉਂ ਭੁੱਲਣਾ ਵਿਛੋੜਾ ਤੇਰਾ' ਦਾ ਸੰਗੀਤ ਤਿਆਰ ਕਰ ਰਿਹਾ ਸੀ। ਜਦੋਂ ਗੀਤ ਨੂੰ ਪੂਰੀ ਤਰ੍ਹਾਂ ਸੰਗੀਤਬੱਧ ਕਰਕੇ ਮੁਹੰਮਦ ਸਦੀਕ ਗਾਉਣ ਲੱਗਿਆ ਤਾਂ ਮੁਹੰਮਦ ਸਦੀਕ ਖ਼ੁਦ ਵੀ ਰੋਣ ਲੱਗ ਪਿਆ। ਇਸ ਨੂੰ ਕਹਿੰਦੇ ਨੇ ਜਿਉਂਦੀ ਭਾਵਨਾ ਵਾਲਾ ਗੀਤ। ਸੋ ਇਸ ਤਰ੍ਹਾਂ ਗੀਤਕਾਰਾਂ ਦੀ ਸ਼ੈਲੀ ਵਿੱਚ ਵੀ ਨਿਖਾਰ ਆਉਂਦਾ ਗਿਆ। ਬਾਬੂ ਸਿੰਘ ਮਾਨ ਲੋਕ ਬੋਲੀ ਵਿੱਚ ਭਾਵਨਾਤਮਕ ਗੀਤ ਲਿਖਣ ਦੇ ਮਾਹਿਰ ਵਜੋਂ ਜਾਣਿਆ ਜਾਣ ਲੱਗਾ ਤੇ ਥਰੀਕੇ ਵਾਲਾ ਲੋਕ ਗਥਾਵਾਂ ਲਿਖਣ ਵਾਲਾ। ਲਹਿੰਦੇ ਪੰਜਾਬ ਦੇ ਕਲਾਕਾਰਾਂ ਨੇ ਸੰਗੀਤ ਨੂੰ ਵਿਕਾਊ ਨਹੀਂ ਹੋਣ ਦਿੱਤਾ। ਉਨ੍ਹਾਂ ਨੇ ਸ਼ਬਦਾਵਲੀ ਉੱਪਰ ਸੰਗੀਤ ਨੂੰ ਅਜੇ ਤੀਕ ਵੀ ਭਾਰੂ ਨਹੀਂ ਹੋਣ ਦਿੱਤਾ।

(ਬਾਕੀ ਸਫ਼ਾ 31 'ਤੇ)



## ਜੇ ਰਿਜ਼ਕ ਰਜਾਈ ਦਸੋਂ ਮਿਲ ਜਾਏ...

ਇਹਨਾਂ ਨੂੰ ਇਹਨਾਂ ਦੇ ਹੀ ਸ਼ਰੀਕ ਅੱਡ ਟਿੱਚਰਾਂ ਕਰਦੇ ਨੇ। ਹੁਣ ਇਹ ਡਿਪੋਰਟ ਹੋਏ ਵਿਅਕਤੀ ਜਾਣ ਤਾਂ ਆਖ਼ਰ ਜਾਣ ਵੀ ਕਿੱਥੇ ਨਾ ਤਾਂ ਇਹਨਾਂ ਨੂੰ ਅਮਰੀਕਾ ਨੇ ਅਪਨਾਇਆ ਤੇ ਨਾ ਹੀ ਹੁਣ ਇਹਨਾਂ ਕੋਲ ਪੰਜਾਬ 'ਚ ਆਪਣੇ ਖੇਤ ਰਹੇ, ਜਿਥੇ ਕਿ ਇਹ ਖੇਤੀ ਕਰ ਸਕਣ। ਉਂਝ ਵੀ ਖੇਤੀ ਵਾਲੀਆਂ ਜ਼ਮੀਨਾਂ ਦੇ ਘੱਟ ਹੋਣ ਅਤੇ ਚੰਗਾ ਰੁਜ਼ਗਾਰ ਨਾ ਮਿਲਣ ਦੇ ਦੁੱਖ ਕਾਰਨ ਹੀ ਤਾਂ ਇਹਨਾਂ ਲੋਕਾਂ ਨੇ ਅਮਰੀਕਾ ਜਾਣ ਲਈ ਡੌਂਕੀ ਲਗਾਈ ਸੀ, ਪਰ ਇਹਨਾਂ ਨੂੰ ਕੀ ਪਤਾ ਸੀ ਕਿ ਹੋਣੀ ਨੇ ਇਹਨਾਂ ਦਾ ਸਭ ਕੁਝ ਤਬਾਹ ਕਰ ਦੇਣਾ ਹੈ ਅਤੇ ਮੁੜ ਉਸੇ ਥਾਂ ਲਿਆ ਖੜੇ ਕਰਨਾ ਹੈ, ਜਿਥੋਂ ਕਿ ਇਹਨਾਂ ਨੇ ਅਮਰੀਕਾ ਜਾਣ ਲਈ ਪਹਿਲਾ ਸੁਪਨਾ ਲਿਆ ਸੀ। ਅਮਰੀਕਾ ਵਿਚੋਂ ਕੱਢੇ ਭਾਰਤੀ ਪਰਵਾਸੀਆਂ ਦੇ ਸੁਪਨੇ ਵੀ ਚਕਨਾਚੂਰ ਹੋਏ ਹਨ ਤੇ ਉਹ ਆਰਥਿਕ ਤੌਰ 'ਤੇ ਵੀ ਟੁੱਟ ਗਏ ਹਨ।ਕਈ ਪੰਜਾਬੀਆਂ ਨੇ ਆਪਣੀਆਂ ਧੀਆਂ ਲਈ ਵਤਨ ਛੱਡਿਆ ਸੀ ਤਾਂ ਕਿ ਵਿਦੇਸ਼ ਜਾ ਕੇ ਧੀਆਂ ਦੀ ਚੰਗੀ ਪਰਵਰਿਸ਼ ਅਤੇ ਵਿਆਹ ਲਈ ਪੈਸੇ ਜੋੜੇ ਜਾ ਸਕਣ ਪਰ ......। ਸ਼ਾਇਰ ਸੁਰਜੀਤ ਪਾਤਰ ਨੇ ਅਜਿਹੇ ਲੋਕਾਂ ਲਈ ਹੀ ਤਾਂ ਲਿਖਿਆ ਹੈ

"ਧੀਆਂ ਲਈ ਬਾਪੂ ਦੇਸ਼ ਛੱਡਿਆ,
ਕਿੱਥੇ ਦਾ ਪੰਛੀ, ਕਿੱਥੇ ਚੋਗਾ ਲੱਭਿਆ।"

ਪਰ ਇਹਨਾਂ ਲਈ ਅਮਰੀਕਾ 'ਚ ਚੋਗਾ ਹੀ ਮੁੱਕ ਗਿਆ ਅਤੇ ਇਹਨਾਂ ਨੂੰ ਮੁੜ ਆਪਣੇ ਘਰ ਪਰਤਣ ਲਈ ਮਜਬੂਰ ਹੋਣਾ ਪਿਆ। ਅਮਰੀਕਾ ਤੋਂ ਵਾਪਸ ਪਰਤੇ ਇਹਨਾਂ ਪਰਵਾਸੀਆਂ ਨੂੰ ਇਹਨਾਂ ਦੇ ਪਰਿਵਾਰਾਂ ਨੇ ਆਪਣੇ ਗਲ਼ਾਂ ਨਾਲ ਲਗਾ ਲਿਆ ਹੈ, ਪਰ ਸਭ ਦੇ ਚਿਹਰੇ ਗਮਗੀਨ ਹਨ, ਸਭ ਨੂੰ ਆਪਣੇ ਭਵਿੱਖ ਦੀ ਚਿੰਤਾ ਵੱਢ ਵੱਢ ਖਾ ਰਹੀ ਹੈ ਅਤੇ ਉਹ ਦਿਨ ਰਾਤ ਇਹ ਹੀ ਸੋਚ ਰਹੇ ਹਨ ਕਿ ਹੁਣ ਇਹਨਾਂ ਦਾ ਕੀ ਬਣੇਗਾ ? ਇਹ ਲੋਕ ਨਾ ਤਾਂ ਵਿਦੇਸ਼ ਦੇ ਰਹੇ ਤੇ ਨਾ ਹੀ ਹੁਣ ਆਪਣੇ ਘਰ੍ਹਾਂ 'ਚ ਰਹਿਣ ਜੋਗੇ ਰਹੇ। ਇਹਨਾਂ ਵਿਚੋਂ ਕਈਆਂ ਦੇ ਵਿਆਹਾਂ ਵਾਲੀਆਂ ਤੰਦਾਂ ਦੇ ਵੀ ਕਮਜ਼ੋਰ ਪੈਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਜਵਾਨੀ ਦੀ ਜਿਹੜੀ ਉਮਰੇ ਇਹਨਾਂ ਨੇ ਡਾਲਰ ਕਮਾਉਣੇ ਸਨ, ਉਮਰ ਦਾ ਉਹ ਮਹੱਤਵਪੂਰਨ ਹਿੱਸਾ ਡੌਂਕੀ ਲਗਾਉਣ ਅਤੇ ਦੇਸ਼ ਨਿਕਾਲੇ ਵਿੱਚ ਹੀ ਲੰਘ ਗਿਆ। ਇਹ ਸਭ ਕਹਿ ਦੇਣਾ ਤੇ ਇਸ ਬਾਰੇ ਗੱਲ ਕਰਨਾ ਸ਼ਾਇਦ ਬਹੁਤ ਆਸਾਨ ਹੈ, ਪਰ ਜੋ ਇਸ ਨੂੰ ਭੋਗਦਾ ਹੈ, ਕੇਵਲ ਉਹ ਹੀ ਦੱਸ ਸਕਦਾ ਹੈ ਕਿ ਉਹ ਕਿਸ ਤਰ੍ਹਾਂ ਦਾ ਮਹਿਸੂਸ ਕਰਦਾ ਹੈ। ਮੁਸੀਬਤ ਮਾਰੇ ਨੌਜਵਾਨਾਂ ਦੇ ਮੁੜ ਵਸੇਬੇ ਬਾਰੇ ਵੀ ਸੋਚ ਵਿਚਾਰ ਕਰਨ ਦੇ ਨਾਲ ਨਾਲ ਇਹ ਵੀ ਸੋਚਣ ਦੀ ਲੋੜ ਹੈ ਕਿ ਸਾਡੇ ਰਾਜ ਵਿੱਚ ਅਜਿਹੇ ਹਾਲਾਤ ਕਿਉਂ ਬਣ ਗਏ ਹਨ ਕਿ ਸਾਡੇ ਨੌਜਵਾਨ ਲੱਖਾਂ ਰੁਪਏ ਖਰਚ ਕੇ ਅਤੇ ਆਪਣੀਆਂ ਜਾਨਾਂ ਦਾਅ 'ਤੇ ਲਾ ਕੇ ਵਿਦੇਸ਼ਾਂ ਵੱਲ ਭੱਜ ਰਹੇ ਹਨ।

ਇਸ ਸਮੇਂ ਵਿਸ਼ਵ ਦੇ ਵਿਕਸਤ ਅਤੇ ਆਰਥਿਕ ਤੌਰ 'ਤੇ ਮਜ਼ਬੂਤ ਮੰਨੇ ਜਾਂਦੇ ਦੇਸ਼ਾਂ ਵਿੱਚ ਵੀ ਆਰਥਿਕ ਮੰਦੀ ਦੇ ਆਉਣ ਦੀ ਆਹਟ ਮਿਲ ਰਹੀ ਹੈ, ਜਿਸ ਦੇ ਮੱਦੇ-ਨਜ਼ਰ ਸਾਡੇ ਕੋਲ ਆਪਣੇ ਘਰ ਨੂੰ ਸੰਵਾਰਨ ਤੋਂ ਬਿਨਾਂ ਕੋਈ ਚਾਰਾ ਨਹੀਂ ਬਚਿਆ ਅਤੇ ਇਸ ਮੰਤਵ ਲਈ ਸਭ ਪੱਧਰਾਂ 'ਤੇ ਸੁਹਿਰਦ ਯਤਨਾਂ ਦੀ ਲੋੜ ਹੈ। ਪੰਜਾਬ ਸਰਕਾਰ ਨੂੰ ਓਨਾ ਕਾਰਨਾਂ ਦਾ ਪਤਾ ਲਗਾਉਣਾ ਚਾਹੀਦਾ ਹੈ ਜਿਨ੍ਹਾਂ ਕਾਰਨਾਂ ਕਰਕੇ ਪੰਜਾਬ ਦੇ ਵੱਡੀ ਗਿਣਤੀ ਨੌਜਵਾਨ ਆਪਣੇ ਜੱਦੀ ਘਰਾਂ ਅਤੇ ਖੇਤਾਂ ਨੂੰ ਅਲਵਿਦਾ ਕਹਿ ਕੇ ਡੌਂਕੀ ਲਗਾ ਕੇ ਆਪਣੀਆਂ ਜਾਨਾਂ ਜੋਖ਼ਮ ਵਿੱਚ ਪਾ ਕੇ ਪਰਵਾਸ ਕਰ ਰਹੇ ਹਨ। ਇਨ੍ਹਾਂ ਕਾਰਨਾਂ ਅਤੇ ਹਾਲਾਤ ਬਾਰੇ ਨਿੱਠ ਕੇ ਪੜਚੋਲ ਅਤੇ ਚਰਚਾ ਕਰਨ ਦੀ ਇਸ ਸਮੇਂ ਵੱਡੀ ਲੋੜ ਹੈ। ਇਸ ਤੋਂ ਇਲਾਵਾ ਸਮੇਂ ਦੀਆਂ ਸਰਕਾਰਾਂ ਨੂੰ ਆਪਣੇ ਦੇਸ਼ ਦੇ ਅੰਦਰ ਹੀ ਲਾਹੇਵੰਦ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ। ਜੇ ਨੌਜਵਾਨਾਂ ਨੂੰ ਦੇਸ਼ ਵਿੱਚ ਹੀ ਚੰਗਾ ਰੁਜ਼ਗਾਰ ਮਿਲੇਗਾ ਤਾਂ ਉਹ ਪਰਵਾਸ ਕਿਉਂ ਕਰਨਗੇ ?

ਅਮਰੀਕਾ ਅਤੇ ਹੋਰ ਮੁਲਕਾਂ ਤੋਂ ਡਿਪੋਰਟ ਹੋ ਕੇ ਭਾਰਤ ਆਏ ਲੋਕਾਂ ਦੀ ਦਾਸਤਾਨ ਸੁਣ ਕੇ ਰੌਂਗਟੇ ਖੜੇ ਹੋ ਜਾਂਦੇ ਹਨ। ਇਸ ਸਮੇਂ ਸਭ ਤੋਂ ਪਹਿਲਾਂ ਅਜਿਹੇ ਲੋਕਾਂ ਨੂੰ ਚੜ੍ਹਦੀਕਲਾ 'ਚ ਰੱਖਣਾ, ਉਨ੍ਹਾਂ ਨੂੰ ਹਰ ਸੰਭਵ ਸਹਿਯੋਗ ਦੇਣਾ, ਕਲਾਵੇ ਵਿੱਚ ਲੈਣਾ ਅਤੇ ਆਪਸੀ ਮੋਹ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨਾ ਬਹੁਤ ਜ਼ਰੂਰੀ ਹੈ, ਇਹੋ ਹੀ ਪੰਜਾਬ ਦੀ ਪਹਿਚਾਣ ਹੈ। ਇਹ ਠੀਕ ਹੈ ਕਿ ਡਿਪੋਰਟ ਹੋਣ ਦੇ ਨਾਲ ਬੰਦਾ ਇੱਕ ਵਾਰ ਟੁੱਟ ਜਾਂਦਾ ਹੈ ਪਰ ਇਸ ਨਾਲ ਜ਼ਿੰਦਗੀ ਖ਼ਤਮ ਨਹੀਂ ਹੁੰਦੀ ਸਗੋਂ ਦੂਣਾ ਹੋ ਕੇ ਉੱਠਦਾ ਹੈ।

**ਖੁਸ਼ਹਾਲ ਸੂਬੇ ਗੁਜਰਾਤ ਦੇ ਵਸਨੀਕ ਕਿਉਂ ਲਗਾਉਂਦੇ ਨੇ ਡੌਂਕੀ ?**

ਅਮਰੀਕਾ ਵੱਲੋਂ ਭਾਰਤ ਡਿਪੋਰਟ ਕੀਤੇ ਗਏ 104 ਭਾਰਤੀਆਂ ਵਿੱਚ 33 ਗੁਜਰਾਤ ਦੇ ਹਨ। ਗੁਜਰਾਤ ਭਾਰਤ ਦਾ ਅਜਿਹਾ ਰਾਜ ਹੈ ਜੋ ਕਿ ਸਨਅਤ ਅਤੇ ਕਾਰੋਬਾਰ ਦੇ ਵੱਡੇ ਵਿਕਾਸ ਕਾਰਨ ਵਿਕਸਤ ਰਾਜਾਂ ਦੀ ਸੂਚੀ ਵਿੱਚ ਪਹਿਲੇ ਨੰਬਰ 'ਤੇ ਹੈ। ਸਾਲ 2014 ਵਿੱਚ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ 'ਗੁਜਰਾਤ ਮਾਡਲ' ਚਰਚਾ ਦਾ ਵਿਸ਼ਾ ਬਣਿਆ ਰਿਹਾ ਹੈ। ਹੁਣ ਵੱਡਾ ਸਵਾਲ ਇਹ ਵੀ ਪੈਦਾ ਹੋ ਰਿਹਾ ਹੈ ਕਿ ਜੇ ਗੁਜਰਾਤ ਆਰਥਿਕ ਤੌਰ 'ਤੇ ਐਨਾ ਖੁਸ਼ਹਾਲ ਸੂਬਾ ਹੈ ਤਾਂ ਫਿਰ ਉੱਥੋਂ ਦੇ ਵਸਨੀਕ ਚੰਗੀ ਜ਼ਿੰਦਗੀ ਲਈ ਵਿਦੇਸ਼ਾਂ ਵਿੱਚ ਜਾਣ ਲਈ ਕਿਉਂ ਮਜਬੂਰ ਹਨ ? ਜੇ ਖੁਸ਼ਹਾਲ ਸੂਬੇ ਗੁਜਰਾਤ ਦੇ ਅਨੇਕਾਂ ਲੋਕ ਡੌਂਕੀ ਲਗਾ ਕੇ ਵਿਦੇਸ਼ ਜਾ ਰਹੇ ਹਨ ਤਾਂ ਘੱਟ ਵਿਕਸਤ ਸੂਬਿਆਂ ਦੇ ਲੋਕਾਂ ਲਈ ਤਾਂ ਪਰਵਾਸ ਕਰਨਾ ਮਜਬੂਰੀ ਹੀ ਹੈ।

**ਮੋਦੀ ਤੇ ਟਰੰਪ ਦੀ ਦੋਸਤੀ ?**

ਜਿਹੜੇ ਡੋਨਾਲਡ ਟਰੰਪ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 'ਮਾਈ ਫਰੈਂਡ' ਕਹਿ ਕੇ ਰਾਸ਼ਟਰਪਤੀ ਵਜੋਂ ਦੁਬਾਰਾ ਚੁਣੇ ਜਾਣ 'ਤੇ ਵਧਾਈ ਦਿੱਤੀ ਸੀ, ਉਸ ਨੇ ਮੋਦੀ ਨੂੰ 'ਰਿਟਰਨ ਗਿਫ਼ਟ' ਵਜੋਂ 104 ਭਾਰਤੀਆਂ ਨੂੰ ਇੱਕ ਫ਼ੌਜੀ ਜਹਾਜ਼ ਵਿੱਚ ਗੈਰ-ਕਾਨੂੰਨੀ ਪ੍ਰਵਾਸੀ ਕਹਿ ਕੇ ਵਾਪਸ ਭੇਜ ਦਿੱਤਾ ਹੈ - ਉਹ ਵੀ ਉਨ੍ਹਾਂ ਦੇ ਹੱਥਾਂ-ਪੈਰਾਂ ਵਿੱਚ ਹੱਥਕੜੀਆਂ ਅਤੇ ਬੇੜੀਆਂ ਲਗਾ ਕੇ ਅਤੇ ਉਨ੍ਹਾਂ ਦੇ ਕਮਰ ਨੂੰ ਅਪਰਾਧੀਆਂ ਵਾਂਗ ਜ਼ੰਜੀਰਾਂ ਨਾਲ ਬੰਨ੍ਹ ਕੇ। ਇਸ ਤੋਂ ਦੁਖੀ ਲੋਕਾਂ ਦੇ ਦਿਲਾਂ ਵਿੱਚ ਡੂੰਘੀ ਬੇਇੱਜ਼ਤੀ ਦਾ ਦਰਦ ਸਾਫ਼ ਦਿਖਾਈ ਦੇ ਰਿਹਾ ਸੀ। ਪੂਰਾ ਦੇਸ਼ ਇਸ ਬਾਰੇ ਇੱਕ ਬੇਮਿਸਾਲ ਅਪਮਾਨ ਮਹਿਸੂਸ ਕਰ ਰਿਹਾ ਹੈ, ਜਿਸ ਦਾ ਸਾਹਮਣਾ ਆਜ਼ਾਦ ਭਾਰਤ ਦੇ ਇਤਿਹਾਸ ਵਿੱਚ ਕਦੇ ਨਹੀਂ ਹੋਇਆ।ਉਨ੍ਹਾਂ ਨੂੰ ਭਾਰਤ ਸਰਕਾਰ ਦੀ ਸਹਿਮਤੀ ਨਾਲ ਭੇਜਿਆ ਗਿਆ ਹੈ, ਜੋ ਕਿ ਹੋਰ ਵੀ ਸ਼ਰਮਨਾਕ ਹੈ।

## ਮੁੜ ਸਰਗਰਮ ਹੋਣਗੇ ਐੱਨ.ਆਰ.ਆਈ. ਸਭਾ ...

ਹੁਣ ਪਿਛਲੇ ਸਾਲ ਨਵੀਂ ਬਣੀ ਪ੍ਰਧਾਨ ਪਰਵਿੰਦਰ ਕੌਰ ਨੇ ਬੰਗਾ ਨੇ ਜ਼ਿਲ੍ਹਾ ਯੂਨਿਟਾਂ ਨੂੰ ਸਰਗਰਮ ਕਰਨ ਲਈ ਹੰਭਲਾ ਮਾਰਿਆ ਹੈ। ਐੱਨ.ਆਰ.ਆਈ. ਸਭਾ ਪੰਜਾਬ ਵੱਲੋਂ ਪਹਿਲਾਂ ਬਣਾਏ ਗਏ ਸਭਾ ਦੇ 14 ਜ਼ਿਲ੍ਹਾ ਯੂਨਿਟਾਂ ਦੀ ਗਿਣਤੀ ਵਧਾ ਕੇ 18 ਕਰ ਦਿੱਤੀ ਗਈ ਹੈ। ਸਭਾ ਦੇ ਪਹਿਲਾਂ ਗਠਿਤ ਕੀਤੇ ਗਏ ਜ਼ਿਲ੍ਹਾ ਯੂਨਿਟਾਂ 'ਚ ਸ਼ਹੀਦ ਭਗਤ ਨਗਰ, ਲੁਧਿਆਣਾ, ਅੰਮ੍ਰਿਤਸਰ, ਗੁਰਦਾਸਪੁਰ, ਤਰਨਤਾਰਨ, ਹੁਸ਼ਿਆਰਪੁਰ, ਕਪੂਰਥਲਾ, ਰੋਪੜ, ਮੋਹਾਲੀ, ਪਟਿਆਲਾ, ਸੰਗਰੂਰ ਤੇ ਬਰਨਾਲਾ ਸ਼ਾਮਲ ਸਨ। ਸਾਰੇ ਜ਼ਿਲ੍ਹਾ ਯਨਿਟਾਂ ਦੇ ਪ੍ਰਬੰਧ ਦਾ ਹੋਵੇਗਾ ਕੇਂਦਰੀਕਰਨ

ਐੱਨ.ਆਰ.ਆਈ. ਸਭਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ ਚਾਨਾ ਨੇ ਦੱਸਿਆ ਕਿ ਸਭਾ ਦੇ ਸਾਰੇ ਜ਼ਿਲ੍ਹਾ ਯੂਨਿਟਾਂ 'ਚ ਕੇਂਦਰੀਕਰਨ ਕੀਤਾ ਜਾ ਰਿਹਾ ਹੈ। ਪਹਿਲਾਂ ਜ਼ਿਲ੍ਹਿਆਂ ਦੇ ਆਰਜ਼ੀ ਪ੍ਰਧਾਨਾਂ ਤੇ ਸੀਨੀਅਰ ਮੀਤ ਪ੍ਰਧਾਨਾਂ ਦੀ ਨਿਯੁਕਤੀ ਸਬੰਧਤ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗਾਂ ਕਰਕੇ ਆਰੰਭੀ ਜਾਵੇਗੀ। ਇਹ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਗਈ ਹੈ ਅਤੇ ਡਿਪਟੀ ਕਮਿਸ਼ਨਰਾਂ ਨਾਲ ਮੀਟਿੰਗਾਂ ਦਾ ਸਿਲਸਿਲਾ ਚੱਲ ਰਿਹਾ ਹੈ। ਜ਼ਿਲ੍ਹਾ ਯੂਨਿਟਾਂ 'ਚ ਰੱਖੇ ਜਾਣ ਵਾਲੇ ਸਟਾਫ ਦੀ ਨਿਯੁਕਤੀ ਹੁਣ ਐੱਨ.ਆਰ.ਆਈ. ਸਭਾ ਪੰਜਾਬ ਦੇ ਦਫਤਰ ਵੱਲੋਂ ਕੀਤੀ ਜਾਇਆ ਕਰੇਗੀ ਅਤੇ ਉਨ੍ਹਾਂ ਦੀ ਤਨਖਾਹ ਵੀ ਇੱਥੋਂ ਹੀ ਜਾਰੀ ਹੋਇਆ ਕਰੇਗੀ।

***

## 39 ਸਾਲ ਬੀਤ ਜਾਣ ...

ਉਨ੍ਹਾਂ ਕਿਹਾ, 'ਸੰਯੁਕਤ ਰਾਜ ਦੇ ਨੁਮਾਇੰਦੇ ਹੋਣ ਦੇ ਨਾਤੇ ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਦੇਸ਼ ਅਤੇ ਵਿਦੇਸ਼ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਲਈ ਲੜੀਏ ਅਤੇ ਦੁਨੀਆਂ ਭਰ ਦੇ ਆਪਣੇ ਭਾਈਵਾਲਾਂ ਨੂੰ ਇਸ ਦੁਖਾਂਤ ਬਾਰੇ ਦੱਸੀਏ। ਇਸ ਲਈ ਉਹ ਸਾਕਾ ਨਕੋਦਰ ਦਿਵਸ ਨੂੰ ਮਾਨਤਾ ਦੇਣ ਦੀ ਮੰਗ ਕਰਦੇ ਹਨ।'

ਇਥੇ ਜ਼ਿਕਰਯੋਗ ਹੈ ਕਿ ਨਕੋਦਰ ਵਿੱਚ 2 ਫ਼ਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਂਟ ਕਰ ਦਿੱਤੇ ਗਏ ਸਨ। ਇਸ ਦਾ ਰੋਸ ਪ੍ਰਗਟਾ ਰਹੀ ਸੰਗਤ 'ਤੇ 4 ਫ਼ਰਵਰੀ 1986 ਨੂੰ ਗੋਲੀਆਂ ਚਲਾ ਦਿੱਤੀਆਂ ਗਈਆਂ, ਜਿਸ ਕਾਰਨ ਭਾਈ ਰਵਿੰਦਰ ਸਿੰਘ ਲਿੱਤਰਾਂ, ਬਲਧੀਰ ਸਿੰਘ ਰਾਮਪੁਰ, ਝਿਲਮਨ ਸਿੰਘ ਗੌਰਸੀਆਂ ਅਤੇ ਹਰਮਿੰਦਰ ਸਿੰਘ ਸ਼ਹੀਦ ਹੋ ਗਏ ਸਨ ਤੇ 20 ਦੇ ਕਰੀਬ ਜ਼ਖਮੀ ਹੋ ਗਏ ਸਨ। ਪੁਲਿਸ ਨੇ ਇਨ੍ਹਾਂ ਦੀਆਂ ਲਾਸ਼ਾਂ ਵੀ ਲਾਵਾਰਸ ਕਹਿ ਕੇ ਨਕੋਦਰ ਦੇ ਹੀ ਸ਼ਮਸ਼ਾਨਘਾਟ ਵਿੱਚ ਸਾੜ ਦਿੱਤੀਆਂ ਸਨ।

ਜਨਵਰੀ 2021 ਦੌਰਾਨ ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਮੁੱਖ ਜੱਜ ਨੂੰ ਇੱਕ ਪੱਤਰ ਭੇਜ ਕੇ ਅਪੀਲ ਕੀਤੀ ਸੀ ਕਿ 4 ਫ਼ਰਵਰੀ 1986 ਨੂੰ ਵਾਪਰੇ ਨਕੋਦਰ ਕਾਂਡ ਦੀ ਰਿਪੋਰਟ ਜਨਤਕ ਕਰਕੇ ਪੀੜਤਾਂ ਨੂੰ ਇਨਸਾਫ਼ ਦਿੱਤਾ ਜਾਵੇ। ਜਥੇਬੰਦੀ ਦੀ ਸਰਪ੍ਰਸਤ ਬੀਬੀ ਪਰਮਜੀਤ ਕੌਰ ਖਾਲੜਾ ਵੱਲੋਂ ਇਸ ਸਬੰਧੀ ਲਿਖੇ ਪੱਤਰ ਵਿੱਚ ਉਨ੍ਹਾਂ ਕਿਹਾ ਸੀ ਕਿ ਇਸ ਮਾਮਲੇ ਦੀ ਜਾਂਚ ਲਈ ਜਸਟਿਸ ਗੁਰਨਾਮ ਸਿੰਘ ਦੀ ਅਗਵਾਈ ਹੇਠ ਕਮਿਸ਼ਨ ਬਣਾਇਆ ਗਿਆ ਸੀ। ਇਸ ਕਾਂਡ ਬਾਰੇ ਬਣੇ ਜਸਟਿਸ ਗੁਰਨਾਮ ਸਿੰਘ ਦੀ ਰਿਪੋਰਟ ਜਦੋਂ 2001 ਵਿੱਚ ਪੰਜਾਬ ਵਿਧਾਨ ਸਭਾ 'ਚ ਰੱਖੀ ਗਈ ਸੀ ਉਸ ਵੇਲੇ ਵਿਧਾਨ ਸਭਾ ਦੇ ਸਪੀਕਰ ਚਰਨਜੀਤ ਸਿੰਘ ਅਟਵਾਲ ਸਨ। ਜਿਸ ਦੀ ਰਿਪੋਰਟ ਅੱਜ ਤਕ ਜਨਤਕ ਨਹੀਂ ਕੀਤੀ ਗਈ। ਅਕਾਲੀ ਸਰਕਾਰਾਂ ਵਾਂਗ ਬਾਕੀ ਸਰਕਾਰਾਂ ਕਾਂਗਰਸ ਤੇ 'ਆਪ' ਵੀ ਝੂਠੇ ਦਿਲਾਸੇ ਹੀ ਦਿੰਦੀਆਂ ਰਹੀਆਂ ਹਨ।

****

## ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਏ ...

ਜਿਸ ਤੋਂ ਬਾਅਦ ਉਹ ਵੀਲ੍ਹ ਚੇਅਰ 'ਤੇ ਹੈ। ਇਸ ਦੌਰਾਨ ਹਰਿਮੰਦਰ ਸਾਹਿਬ ਵਿਖੇ ਉਸ ਦੇ ਪ੍ਰਸ਼ੰਸਕਾਂ ਨੇ ਆਪੋ-ਆਪਣੇ ਅੰਦਾਜ਼ ਵਿੱਚ ਜੀ ਆਇਆਂ ਕਿਹਾ। ਵਿੱਕੀ ਨੇ ਵੀ ਉਨ੍ਹਾਂ ਨੂੰ ਹੱਸ ਕੇ ਜਵਾਬ ਦਿੱਤਾ। ਇਸ ਮੌਕੇ ਵਿੱਕੀ ਨੇ ਆਪਣੀ ਆਉਣ ਵਾਲੀ ਫ਼ਿਲਮ ਦੀ ਸਫ਼ਲਤਾ ਲਈ ਅਰਦਾਸ ਕੀਤੀ।

ਮੀਡੀਆ ਨਾਲ ਗੱਲਬਾਤ ਦੌਰਾਨ ਉਸ ਨੇ ਦੱਸਿਆ ਕਿ ਅੰਮ੍ਰਿਤਸਰ ਦੀ ਉਸ ਲਈ ਵਿਸ਼ੇਸ਼ ਮਹੱਤਤਾ ਹੈ, ਇਹ ਉਸ ਨੂੰ ਆਪਣੇ ਘਰ ਅਤੇ ਆਪਣੇ ਪਿੰਡ ਵਾਂਗ ਲੱਗਦਾ ਹੈ। ਉਹ ਜ਼ਿਲ੍ਹਾ ਹੁਸ਼ਿਆਰਪੁਰ ਨਾਲ ਸਬੰਧਤ ਹੈ। ਇਸ ਤੋਂ ਬਾਅਦ ਦੋਵਾਂ ਨੇ ਇੱਥੋਂ ਦਾ ਆਲੂ ਕੁਲਚਾ ਅਤੇ ਪਰਾਂਠੇ ਵੀ ਖਾਧੇ। ਉਸ ਨੇ ਆਖਿਆ ਕਿ ਅੰਮ੍ਰਿਤਸਰ ਦੇ ਖਾਣੇ ਦਾ ਸਵਾਦ ਹੀ ਅਜਿਹਾ ਹੈ ਕਿ ਇਨ੍ਹਾਂ ਨੂੰ ਖਾਣ ਦੌਰਾਨ ਬਾਕੀ ਕੰਮ ਭੁੱਲ ਜਾਂਦਾ ਹੈ। ਇਸ ਮੌਕੇ ਉਸ ਨੇ ਆਪਣੀਆਂ ਕੁਝ ਫ਼ਿਲਮਾਂ ਬਾਰੇ ਵੀ ਚਰਚਾ ਕੀਤੀ ਅਤੇ ਆਪਣੇ ਤਜਰਬੇ ਵੀ ਸਾਂਝੇ ਕੀਤੇ।

***

## ਇਹ ਸਿਆਸੀ ਫ਼ੈਸਲੈ...

ਉਨ੍ਹਾਂ ਕਿਹਾ ਕਿ ਜਥੇਦਾਰ ਰਘਬੀਰ ਸਿੰਘ ਹੁਰਾਂ ਨੇ ਕੁਝ ਸਮਾਂ ਪਹਿਲਾਂ ਤਾਂ ਇਹ ਵੀ ਕਿਹਾ ਸੀ ਕਿ ਜੇਕਰ ਗਿਆਨੀ ਹਰਪ੍ਰੀਤ ਸਿੰਘ ਖ਼ਿਲਾਫ਼ ਐਸ.ਜੀ.ਪੀ.ਸੀ. ਨੇ ਕਾਰਵਾਈ ਕੀਤੀ ਤਾਂ ਉਹ ਵੀ ਅਸਤੀਫ਼ਾ ਦੇ ਦੇਣਗੇ। ਹੁਣ ਤਾਂ ਜਥੇਦਾਰ ਰਘਬੀਰ ਸਿੰਘ ਦੇ ਬਚਨਾ ਦੀ ਹੀ ਉਡੀਕ ਰਹੇਗੀ ਕਿ ਉਹ ਕੀ ਫ਼ੈਸਲਾ ਲੈਂਦੇ ਨੇ ?

***

## ਸਿੱਖ ਜਥੇਬੰਦੀਆਂ ਵੱਲੋਂ ਵਿਰੋਧ...

ਸਬੰਧੀ ਕੋਈ ਸਿਸਟਮ ਨਹੀਂ ਬਣੇਗਾ, ਓਨੀ ਦੇਰ ਅਜਿਹਾ ਵਾਪਰਦਾ ਰਹੇਗਾ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਅਤੇ ਹੋਰ ਤਖ਼ਤ ਸਾਹਿਬ ਕਿਸੇ ਇੱਕ ਪ੍ਰਬੰਧਕ ਕਮੇਟੀ ਦੇ ਹੇਠ ਨਹੀਂ ਹੋਣੇ ਚਾਹੀਦੇ ਹਨ ਕਿਉਂਕਿ ਇਹ ਪੰਥ ਦੀ ਧਾਰਮਿਕ, ਸਿਆਸੀ, ਸਮਾਜਿਕ ਤਰਜਮਾਨੀ ਦੇ ਪ੍ਰਤੀਕ ਹਨ ਅਤੇ ਇਸ ਨੂੰ ਚਲਾਉਣ ਦੀ ਜ਼ਿੰਮੇਵਾਰੀ ਵੀ ਪੰਥ ਦੀ ਹੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕਿਸੇ ਜਥੇਦਾਰ ਦੀ ਜਾਂਚ ਦਾ ਹੱਕ ਸਿਰਫ਼ ਅਕਾਲ ਤਖ਼ਤ ਸਾਹਿਬ ਕੋਲ ਹੈ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਮਗਰੋਂ ਹੁਣ ਪੰਥ ਦੀਆਂ ਨਜ਼ਰਾਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਵੱਲ ਹਨ। ਸ਼੍ਰੋਮਣੀ ਅਕਾਲੀ ਦਲ 1920 ਦੇ ਪ੍ਰਧਾਨ ਰਵੀਇੰਦਰ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਸਬੰਧੀ ਫ਼ੈਸਲੇ ਨੂੰ ਸਿਆਸਤ ਤੋਂ ਪ੍ਰੇਰਿਤ ਕਰਾਰ ਦਿੱਤਾ ਹੈ।

***

## ਇਸ ਫ਼ੈਸਲੇ ਨਾਲ ਪੰਥ ਨੂੰ...

ਜੇਕਰ ਇਸੇ ਤਰ੍ਹਾਂ ਹੀ ਫ਼ੈਸਲੇ ਹੁੰਦੇ ਰਹੇ ਤਾਂ ਐਸਜੀਪੀਸੀ ਦਾ ਅਕਸ ਹੋਰ ਖ਼ਰਾਬ ਹੋਵੇਗਾ। ਵਡਾਲਾ ਨੇ ਕਿਹਾ ਕਿ ਜਥੇਦਾਰ ਸ਼੍ਰੀ ਅਕਾਲ ਤਖ਼ਤ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕਿਹਾ ਸੀ ਕਿ ਇੰਨਕੁਆਰੀ ਬੇਮੁਨਿਆਦ ਸੀ ਇਹਦਾ ਕੋਈ ਬੇਸ ਨਹੀਂ ਸੀ, ਪਰ ਫ਼ਿਰ ਵੀ ਇਸ ਦੇ ਉਲਟ ਜਾ ਕੇ ਅਕਾਲੀ ਦਲ ਨੇ ਕਿੜ ਕੱਢੀ ਅਤੇ ਗਿਆਨੀ ਹਰਪ੍ਰੀਤ ਸਿੰਘ ਦੀਆਂ ਸੇਵਾਵਾਂ ਖ਼ਤਮ ਕਰਵਾ ਦਿੱਤੀਆਂ ਗਈਆਂ।

## ਬਾਦਲ ਪਰਿਵਾਰ ਦੇ ਦਬਦਬੇ ਨੂੰ ...

ਉਹਨਾਂ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਉਹ ਇਸ ਵੱਡੀ ਸਾਜ਼ਿਸ਼ ਨੂੰ ਪਛਾਣਨ ਅਤੇ ਪੰਥਕ ਸੰਸਥਾਵਾਂ ਨੂੰ ਨਿੱਜੀ ਲਾਭ ਲਈ ਹਥਿਆਰ ਬਣਾਉਣ ਵਾਲਿਆਂ ਵਿਰੁੱਧ ਇੱਕਜੁੱਟ ਸਟੈਂਡ ਲੈਣ। ਅਕਾਲੀ ਦਲ ਅਤੇ ਸਿੱਖ ਕੌਮ ਦਾ ਭਵਿੱਖ ਭ੍ਰਿਸ਼ਟ, ਵੰਸ਼ਵਾਦੀ ਸ਼ਾਸਨ ਨੂੰ ਰੱਦ ਕਰਨ ਅਤੇ ਜਮਹੂਰੀ ਅਤੇ ਸਿਧਾਂਤਕ ਲੀਡਰਸ਼ਿਪ ਨੂੰ ਬਹਾਲ ਕਰਨ 'ਤੇ ਨਿਰਭਰ ਕਰਦਾ ਹੈ।

ਉਹਨਾਂ ਸਮੂਹ ਪੰਥਕ ਜਥੇਬੰਦੀਆਂ, ਸਿੱਖ ਨੌਜਵਾਨਾਂ ਅਤੇ ਬੁੱਧੀਜੀਵੀਆਂ ਨੂੰ ਇਸ ਬੇਇਨਸਾਫ਼ੀ ਵਿਰੁੱਧ ਉੱਠਣ ਅਤੇ ਪੰਥ ਦੀਆਂ ਸੰਸਥਾਵਾਂ ਨੂੰ ਮੁੜ ਸੁਰਜੀਤ ਕਰਨ ਲਈ ਕੰਮ ਕਰਨ ਦਾ ਸੱਦਾ ਦਿੱਤਾ।

***

## ਸ੍ਰੀ ਅਖੰਡ ਪਾਠ ਸਾਹਿਬ ਨੂੰ ਪਾਠੀ ਸਿੰਘ...

ਉਥੇ ਇਸ ਪਾਠੀ ਸਿੰਘ ਨੇ ਇੱਕ ਚੌਂਕੜੇ ਵਿੱਚ ਸੰਪੂਰਨ ਪਾਠ ਕੀਤਾ ਹੈ। ਭਾਈ ਜੋਗਾ ਸਿੰਘ ਨੇ ਗੱਲਬਾਤ ਕਰਦੇ ਹੋਏ ਕਿਹਾ ਕਿ ਜਦੋਂ ਅਸੀਂ ਗੁਰੂ ਤੇ ਗੁਰੂ ਦੀ ਬਾਣੀ ਨਾਲ ਜੁੜਦੇ ਹਾਂ ਤਾਂ ਸਾਨੂੰ ਬੜਾ ਸਕੂਨ ਮਿਲਦਾ ਹੈ।

ਉਨ੍ਹਾਂ ਕਿਹਾ ਕਿ ਅਸੀਂ ਆਪਣੀ ਆਤਮਾ ਨੂੰ ਗੁਰੂ ਦੀ ਬਾਣੀ ਨਾਲ ਜੋੜਨ ਦੀ ਕੋਸ਼ਿਸ਼ ਨਹੀਂ ਕਰਦੇ, ਪਰ ਜੇ ਅਸੀਂ ਕੋਸ਼ਿਸ਼ ਕਰਦੇ ਹਾਂ ਤਾਂ ਇੱਕ ਦਿਨ ਜ਼ਰੂਰ ਆਉਂਦਾ ਹੈ ਜਦੋਂ ਸਾਡੀ ਆਤਮਾ ਗੁਰੂ ਤੇ ਗੁਰੂ ਦੀ ਬਾਣੀ ਨਾਲ ਜੁੜ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਅਸੀਂ ਆਪਣੀ ਮਾਤਾ ਦੇ ਗਰਭ ਵਿੱਚ ਹੁੰਦੇ ਹਾਂ ਤਾਂ ਸਾਡੀ ਆਤਮਾ ਪਰਮਾਤਮਾ ਨਾਲ ਜੁੜੀ ਹੁੰਦੀ ਹੈ ਪਰ ਜਦੋਂ ਅਸੀਂ ਬਾਹਰਲੀ ਦੁਨੀਆਂ ਵਿੱਚ ਜਨਮ ਲੈਂਦੇ ਹਾਂ ਤਾਂ ਸਾਡੀ ਲਿਵ ਪਰਮਾਤਮਾ ਨਾਲੋਂ ਟੁੱਟ ਜਾਂਦੀ ਹੈ ਤੇ ਅਸੀਂ ਆਪਣੇ ਬੁਨਿਆਦੀ ਕੰਮਾਂ ਵਿੱਚ ਫਸ ਜਾਂਦੇ ਹਾਂ।ਉਨ੍ਹਾਂ ਕਿਹਾ ਕਿ ਅਸੀਂ ਪਰਮਾਤਮਾ ਕੋਲ ਲਿਖਵਾ ਕੇ ਆਉਂਦੇ ਹਾਂ ਕਿ ਅਸੀਂ ਮਨੁੱਖੀ ਜੀਵਨ ਵਿੱਚ ਚੰਗੇ ਕਰਮ ਕਰਨੇ ਹਨ ਪਰ ਅਸੀਂ ਇਥੇ ਆ ਕੇ ਸਭ ਭੁੱਲ ਜਾਂਦੇ ਹਾਂ। ਉਨ੍ਹਾਂ ਕਿਹਾ ਕਿ ਅਸੀਂ ਸਿੱਖੀ ਵਲ ਨਹੀਂ ਤੁਰਦੇ ਗੁਰਬਾਣੀ ਨਾਲ ਨਹੀਂ ਜੁੜਦੇ ਕਿਉਂਕਿ ਅੱਜਕੱਲ ਫ਼ੈਸਨ ਦਾ ਦੌਰ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਨੂੰ ਸਾਦਾ ਜੀਵਨ ਜੀਉਣਾ ਚਾਹੀਦਾ ਹੈ ਤੇ ਗੁਰਬਾਣੀ ਪੜ੍ਹਨੀ ਚਾਹੀਦੀ ਹੈ।



## ਕਿਉ ਭਾਈ ਖਾਲੜਾ 'ਤੇ ਬਣੀ ਫ਼ਿਲਮ...

ਅਸਲ 'ਚ ਸੈਂਸਰ ਬੋਰਡ ਉਤੇ ਰਾਜਨੀਤਕ ਦਬਾਅ ਹੈ, ਸੈਂਸਰ ਬੋਰਡ ਚਾਹੁੰਦਾ ਹੈ ਕਿ ਫ਼ਿਲਮ ਵਿੱਚ ਕੁਝ ਹੋਰ ਬਦਲਾਅ ਕੀਤੇ ਜਾਣ.... ਜਿਵੇਂ ਕਿ ਜਸਵੰਤ ਸਿੰਘ ਖਾਲੜਾ ਦਾ ਨਾਂਅ ਨਾ ਵਰਤਿਆ ਜਾਵੇ, ਫ਼ਿਲਮ ਦਾ ਨਾਂਅ ਖਾਲੜਾ ਦੇ ਨਾਂਅ 'ਤੇ ਨਹੀਂ ਹੋਣਾ ਚਾਹੀਦਾ, ਫ਼ਿਲਮ ਵਿੱਚ ਚਲਦੇ ਗੁਰਬਾਣੀ ਕੀਰਤਨ ਨੂੰ ਵੀ ਹਟਾਇਆ ਜਾਵੇ, ਪੰਜਾਬ ਵਿੱਚ ਝੂਠੇ ਪੁਲਿਸ ਮੁਕਾਬਲਿਆਂ, ਲਾਵਾਰਸ ਲਾਸ਼ਾਂ ਦੇ ਅੰਕੜੇ ਅਤੇ ਉਨ੍ਹਾਂ ਥਾਵਾਂ ਦੇ ਨਾਂਅ ਜਿੱਥੇ ਇਹ ਘਟਨਾਵਾਂ ਵਾਪਰੀਆਂ, ਪੁਲਿਸ ਅਫ਼ਸਰਾਂ ਦੇ ਨਾਂਅ ਵੀ ਹਟਾਏ ਜਾਣ। ਇੱਕ ਗੱਲ ਜ਼ਿਕਰਯੋਗ ਹੈ ਕਿ ਸੈਂਸਰ ਬੋਰਡ ਜਿਨ੍ਹਾਂ ਇਤਿਹਾਸਕ ਤੱਥਾਂ 'ਤੇ ਇਤਰਾਜ਼ ਕਰ ਰਿਹਾ ਹੈ ਉਹ ਸਾਰੇ ਹੀ ਸਾਬਿਤ ਹੋ ਚੁੱਕੇ ਹਨ।

ਬੀਬੀ ਪਰਮਜੀਤ ਕੌਰ ਖਾਲੜਾ ਨੇ ਟਵੀਟ ਕਰਦਿਆਂ ਲਿਖਿਆ ਹੈ ਕਿ, ਅਸੀਂ ਫ਼ਿਲਮ ਦੇ ਪ੍ਰੋਡਿਊਸਰ ਨੂੰ ਵੀ ਜਸਵੰਤ ਸਿੰਘ ਖਾਲੜਾ ਅਤੇ ਫ਼ਿਲਮ ਦੀ ਕਹਾਣੀ ਦੇ ਸੱਚ ਨਾਲ ਖੜ੍ਹਨ ਦੀ ਅਪੀਲ ਕਰਦੇ ਹਾਂ। ਅਸੀਂ ਫ਼ਿਲਮ ਨਿਰਦੇਸ਼ਕ ਵਲੋਂ ਕਾਨੂੰਨੀ ਤੱਥਾਂ ਦੀ ਬੁਨਿਆਦ 'ਤੇ ਬਣਾਈ ਇਸ ਫ਼ਿਲਮ ਅਤੇ ਦਿਲਜੀਤ ਦੋਸਾਂਝ ਵਲੋਂ ਨਿਭਾਏ ਖਾਲੜਾ ਦੇ ਕਿਰਦਾਰ ਨਾਲ ਸਹਿਮਤ ਹਾਂ ਅਤੇ ਆਸ ਕਰਦੇ ਹਾਂ ਕਿ ਫ਼ਿਲਮ ਅਸਲ ਰੂਪ ਵਿੱਚ ਰਿਲੀਜ਼ ਕੀਤੀ ਜਾਵੇਗੀ।

ਫ਼ਿਲਮ ਰਿਲੀਜ਼ ਹੁੰਦੀ ਹੈ ਜਾਂ ਨਹੀਂ ਇਹ ਬਾਅਦ ਦੀ ਗੱਲ ਹੈ ਪਰ ਇੱਕ ਗੱਲ ਜ਼ਰੂਰ ਪੱਕੀ ਹੈ ਕਿ ਹਰੇਕ ਪੰਜਾਬੀ ਉਸ ਕਿਰਦਾਰ ਨੂੰ ਨੇੜੇ ਤੋਂ ਦੇਖਣ ਲਈ ਉਤਸੁਕ ਹੈ, ਜਿਹੜਾ ਜਸਵੰਤ ਸਿੰਘ ਖਾਲੜਾ ਨੇ ਆਪਣੀ ਜ਼ਿੰਦਗੀ 'ਚ ਉਨ੍ਹਾਂ ਗੁੰਮ ਹੋਏ ਲੋਕਾਂ ਦੀ ਭਾਲ ਕਰਦਿਆਂ ਨਿਭਾਇਆ ਸੀ ਅਤੇ ਉਸ ਨੇ ਕਿਸ ਤਰ੍ਹਾਂ ਦਲੇਰੀ ਦਾ ਪ੍ਰਗਟਾਵਾ ਕਰਦਿਆਂ ਭਾਰਤੀ ਹਕੂਮਤ ਅਤੇ ਪੰਜਾਬ ਪੁਲਿਸ ਦੇ ਕਿਰਦਾਰ ਨੂੰ ਉਜਾਗਰ ਕਰ ਦਿੱਤਾ ਸੀ।

***

## ਸਿੱਖ ਭਾਈਚਾਰੇ 'ਚੋਂ ਜਾਤੀ-ਸਿਸਟਮ...

ਸਿੱਖ ਧਰਮ ਦਾ ਭਵਿੱਖ ਇਸ ਗੱਲ ਦੀ ਮੰਗ ਕਰਦਾ ਹੈ ਕਿ ਅੱਜ ਮੁੜ ਸਿੱਖ ਸਮਾਜ ਨੂੰ ਜਾਤ-ਪਾਤ ਤੋਂ ਪੂਰੀ ਤਰ੍ਹਾਂ ਮੁਕਤ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਆਪਣੀ ਇਤਿਹਾਸਕ ਭੂਮਿਕਾ ਤੋਂ ਸੇਧ ਲੈਂਦਿਆਂ ਵੱਡੇ ਉਦੇਸ਼ਾਂ 'ਤੇ ਆਧਾਰਿਤ ਧਰਮ ਪ੍ਰਚਾਰ ਲਹਿਰ ਆਰੰਭ ਕੀਤੀ ਜਾਵੇ, ਤਾਂ ਜੋ ਗੁਰੂ ਸਾਹਿਬਾਨ ਦੇ 'ਸਰਬ ਸਾਂਝੀਵਾਲਤਾ' ਵਾਲੇ ਮਹਾਨ ਫ਼ਲਸਫ਼ੇ ਨੂੰ ਵਿਸ਼ਵ ਸਮਾਜ ਅਤੇ ਮਨੁੱਖੀ ਭਾਈਚਾਰੇ ਦੇ ਪ੍ਰਸੰਗ ਵਿੱਚ ਰੱਖ ਕੇ ਸਹੀ ਰੂਪ 'ਚ ਸਮਝਣ ਦੀਆਂ ਅੰਤਰ-ਦ੍ਰਿਸ਼ਟੀਆਂ ਖੋਲ੍ਹੀਆਂ ਜਾ ਸਕਣ। ਸਿੱਖੀ ਤੋਂ ਟੁੱਟ ਰਹੇ ਭਾਈਚਾਰਿਆਂ ਨੂੰ ਗੁਰਮਤਿ ਸੱਭਿਆਚਾਰ ਨਾਲ ਜੋੜ ਕੇ 'ਚਾਰਿ ਵਰਨ ਇਕ ਵਰਨੁ ਕਰਾਇਆ' ਅਨੁਸਾਰ ਗੁਰੂ ਨਾਨਕ ਸਾਹਿਬ ਦੇ ਚਿਤਵੇ ਬਰਾਬਰਤਾ ਵਾਲੇ ਸਮਾਜ ਦੀ ਸਿਰਜਣਾ ਕੀਤੀ ਜਾਵੇ। ਰੰਘਰੇਟੇ ਸਿੱਖ, ਰਵਿਦਾਸੀਏ ਸਿੱਖ, ਕਬੀਰ ਪੰਥੀ ਸਿੱਖ, ਸ਼ਿਕਲੀਗਰ ਅਤੇ ਵਣਜਾਰੇ ਆਦਿ ਸਿੱਖਾਂ ਨੂੰ ਸਿੱਖ ਪੰਥ ਦਾ ਅਟੁੱਟ ਅੰਗ ਸਮਝ ਕੇ ਬਰਾਬਰ ਸਥਾਨ ਅਤੇ ਸਤਿਕਾਰ ਦਿੱਤਾ ਜਾਵੇ।

***

## ਸਮਝੌਤੇ ਕਾਰਨ ਗਾਜ਼ਾ ...

ਆਲਮੀ ਭਾਈਚਾਰੇ ਨੂੰ ਸਥਾਈ ਅਮਨ ਤੇ ਸ਼ਾਂਤੀ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰਨ ਅਤੇ ਇਸ ਦੇ ਨਾਲ ਹੀ ਮਾਨਵੀ ਰਾਹਤ ਫੌਰੀ ਮੁਹੱਈਆ ਕਰਵਾਉਣ ਦੀ ਲੋੜ 'ਤੇ ਜ਼ੋਰ ਦੇਣਾ ਚਾਹੀਦਾ ਹੈ ਤਾਂ ਕਿ ਫ਼ਲਸਤੀਨੀਆਂ ਨੂੰ ਮੁੜ ਆਪਣੀ ਜ਼ਿੰਦਗੀ ਲੀਹਾਂ 'ਤੇ ਲਿਆਉਣ ਲਈ ਰਾਹ ਪੱਧਰਾ ਹੋ ਸਕੇ। ਇਸ ਤੋਂ ਇਲਾਵਾ ਗਾਜ਼ਾ ਦੇ ਲੋਕਾਂ ਨੂੰ ਇਸ ਸਮਝੌਤੇ ਨਾਲ ਆਪਣੀਆਂ ਜ਼ਿੰਦਗੀਆਂ ਨੂੰ ਮਲਬੇ ਦੇ ਢੇਰਾਂ 'ਚੋਂ ਸਹੇਜ ਕੇ ਮੁੜ ਖੜ੍ਹੇ ਹੋਣ ਦਾ ਮੌਕਾ ਮਿਲਿਆ ਹੈ ਪਰ ਨਿਰਮਾਣ ਲਈ ਸਿਆਸੀ ਅਤੇ ਹਰ ਕਿਸਮ ਦੀ ਇਮਦਾਦ ਦੀ ਲੋੜ ਪਵੇਗੀ।

ਮਿਸਰ ਵੱਲੋਂ ਰਾਹਤ ਸਮੱਗਰੀ ਦੇ ਟਰੱਕ ਗਾਜ਼ਾ ਪੱਟੀ ਪਹੁੰਚਣੇ ਸ਼ੁਰੂ ਹੋ ਗਏ ਹਨ। ਅਗਲੇ ਕੁਝ ਦਿਨਾਂ ਤੱਕ ਹੋਰ ਵੀ ਕੌਮਾਂਤਰੀ ਸੰਗਠਨ ਮਾਨਵੀ ਸਹਾਇਤਾ ਪਹੁੰਚਾਉਣੀ ਸ਼ੁਰੂ ਕਰ ਦੇਣਗੇ। ਅਖੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਇਜ਼ਰਾਇਲ-ਹਮਾਸ ਦਰਮਿਆਨ ਹੋਇਆ ਜੰਗਬੰਦੀ ਸਮਝੌਤਾ ਜਿੱਥੇ ਗਾਜ਼ਾ ਪੱਟੀ ਦੇ ਲੋਕਾਂ ਲਈ ਵੱਡੀ ਰਾਹਤ ਹੈ, ਉਥੇ ਅਮਨ-ਸ਼ਾਂਤੀ ਦੀ ਸਥਾਪਨਾ ਦੀ ਵੀ ਉਮੀਦ ਹੈ।

***

## ਵਿਸਰੀਆਂ ਪੁਰਾਤਨ ਕਦਰਾਂ ਕੀਮਤਾਂ...

ਅੱਜ ਖ਼ੂਨ ਦੇ ਰਿਸ਼ਤਿਆਂ ਦਾ ਵੀ ਘਾਣ ਹੋ ਰਿਹਾ ਹੈ। ਬਜ਼ੁਰਗਾਂ ਨੂੰ ਘਰੋਂ ਕੱਢ ਕੇ ਬਿਰਧ ਜਾਂ ਅਨਾਥ ਆਸ਼ਰਮਾਂ ਵਿੱਚ ਭੇਜਿਆ ਜਾ ਰਿਹਾ ਹੈ। ਲਾਲਚ ਵੱਸ ਹਰ ਕੰਮ ਪਿੱਛੇ ਪੈਸੇ ਪ੍ਰਤੀ ਸੋਚ ਨੇ ਜ਼ੋਰਾਵਰ ਨਾਲ ਖੜ੍ਹਨਾ, ਸੱਚੇ ਨੂੰ ਦਬਾਉਣਾ ਤੇ ਮਾੜੇ ਨੂੰ ਖ਼ਤਮ ਕਰਨ ਵਾਲੇ ਪਾਸੇ ਅੱਜ ਦੀ ਪੀੜ੍ਹੀ ਤੁਰ ਪਈ ਹੈ। ਪੁਰਾਤਨ ਸਮਿਆਂ ਵਿੱਚ ਗੁਰਦੁਆਰੇ ਦੇ ਭਾਈ ਜੀ ਨੂੰ, ਡੇਰੇ ਦੇ ਸੇਵਾਦਾਰ ਆਦਿ ਨੂੰ ਦੁੱਧ, ਰੋਟੀ, ਸਬਜ਼ੀ ਆਦਿ ਰੋਜ਼ਾਨਾ ਬਿਨਾਂ ਨਾਗਾ ਦਿੱਤਾ ਜਾਂਦਾ ਸੀ ਕਿਉਂਕਿ ਬੱਚਿਆਂ ਨੂੰ ਨੈਤਿਕਤਾ ਦਾ ਪਾਠ ਉੱਥੇ ਹੀ ਪੜ੍ਹਾਇਆ ਜਾਂਦਾ ਸੀ। ਪਿੰਡ ਗ਼ਜ਼ਾ ਕਰਨ ਆਏ ਕਿਸੇ ਵੀ ਗ਼ਰੀਬ ਨੂੰ ਕੋਈ ਵੀ ਘਰ ਖਾਲੀ ਨਹੀਂ ਮੋੜਦਾ ਸੀ। ਭਾਵੇਂ ਕੌਲੀ ਆਟਾ ਹੀ ਪਾਉਂਦੇ ਅੱਜ ਵਾਲੇ ਤਾਂ ਅੰਦਰੋਂ ਬੈਠੇ ਕੈਮਰੇ ਵਿੱਚ ਦੇਖ ਕੇ ਕਿ ਕੋਈ ਬਾਹਰ ਗ਼ਰੀਬ ਆਇਆ ਹੈ, ਅੰਦਰੋਂ ਕੁੰਡਾ ਨਹੀਂ ਖੋਲ੍ਹਦੇ। ਖ਼ੈਰ! ਜ਼ਮਾਨਾ ਵੀ ਠੀਕ ਨਹੀਂ ਹੈ। ਭਾਵੇਂ ਅਸੀਂ ਆਧੁਨਿਕਤਾ ਦੇ ਦੌਰ ਵਿੱਚ ਪੜ੍ਹਾਈ ਦੇ ਅਖੀਰਲੇ ਡੰਡੇ ਨੂੰ ਫੜਨ ਵਾਲੇ ਪਾਸੇ ਤੁਰ ਪਏ ਹਾਂ, ਪ੍ਰੰਤੂ ਜੇਕਰ ਉਸ ਪੁਰਾਤਨ ਵਿਰਸੇ ਵੱਲ ਝਾਤ ਮਾਰੀਏ ਤਾਂ ਨੈਤਿਕਤਾ ਬਾਰੇ ਸੈਂਕੜੇ ਸਾਲ ਪਿੱਛੇ ਨੂੰ ਜਾ ਰਹੇ ਹਾਂ, ਜਿਸ ਕਾਰਨ ਸੰਯੁਕਤ ਪਰਿਵਾਰ ਤਿੜਕ ਕੇ ਇਕੱਲਤਾ ਦਾ ਸੰਤਾਪ ਭੋਗ ਰਹੇ ਹਾਂ। ਸਾਨੂੰ ਸਮੇਂ ਦੇ ਦੌਰ ਵਿੱਚ ਰੁਕ ਕੇ ਵਿਚਾਰਾਂ ਕਰ ਲੈਣੀਆਂ ਚਾਹੀਦੀਆਂ ਹਨ ਕਿ ਅੱਜ ਦੇ ਮੋਬਾਈਲ, ਕੰਪਿਊਟਰ ਯੁੱਗ ਵਿੱਚ ਤੇ ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਰਾਹੀਂ ਕੀ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਦੇ ਲਿਹਾਜ ਨਾਲ ਠੀਕ ਕਰ ਰਹੇ ਹਾਂ? ਕਿਤੇ ਅਸੀਂ ਆਪਣੀਆਂ ਸੋਨੇ ਵਰਗੀਆਂ ਕਦਰਾਂ ਕੀਮਤਾਂ ਨੂੰ ਛੱਡ ਕੇ ਕੋਲਿਆਂ ਦੀ ਨਿਆਈ ਪੱਛਮੀ ਸੱਭਿਅਤਾ ਨੂੰ ਅਪਣਾ ਕੇ ਪੁਰਾਤਨ ਕਦਰਾਂ ਕੀਮਤਾਂ ਦਾ ਘਾਣ ਤਾਂ ਨਹੀਂ ਕਰ ਰਹੇ? ਸਾਨੂੰ ਖ਼ਾਸ ਕਰਕੇ ਪੰਜਾਬੀਆਂ ਨੂੰ ਇਹ ਸੋਚਣ ਦੀ ਲੋੜ ਹੈ! ਇੱਕ ਪਾਸੇ ਤਾਂ ਅਸੀਂ ਭਾਰਤ ਨੂੰ ਵਿਸ਼ਵ ਗੁਰੂ ਬਣਾਉਣ ਵਾਲੀਆਂ ਗੱਲਾਂ ਕਰਦੇ ਹਾਂ, ਦੂਜੇ ਪਾਸੇ ਅਸੀਂ ਆਪਣੇ ਸੱਭਿਆਚਾਰ ਨੂੰ ਭੁੱਲਦੇ ਜਾ ਰਹੇ ਹਾਂ। ਭਾਵੇਂ ਆਧੁਨਿਕਤਾ ਵਾਸਤੇ ਸਾਇੰਸ ਦੀ ਆਧੁਨਿਕ ਤਕਲਾਲੋਜੀ ਦੀ ਸਖ਼ਤ ਲੋੜ ਹੈ, ਪ੍ਰੰਤੂ ਜੇਕਰ ਅਸੀਂ ਆਪਣੀਆਂ ਪੁਰਾਤਨ ਕਦਰਾਂ ਕੀਮਤਾਂ ਨੂੰ ਭੁੱਲ ਕੇ ਅਜਿਹਾ ਕਰਾਂਗੇ ਤਾਂ ਫਿਕਰਮੰਦੀ ਵਾਲੀ ਗੱਲ ਤਾਂ ਹੈ। ਨਹੀਂ ਤਾਂ ਆਉਣ ਵਾਲੇ ਸਮੇਂ ਵਿੱਚ ਹਰ ਗੱਲ ਪ੍ਰਤੀ ਘਾਟ ਦਿਸੇਗੀ, ਭਾਵੇਂ ਕੋਈ ਲੱਖ ਲੁਕਾਉਣ ਦੀ ਕੋਸ਼ਿਸ਼ ਕਰੇ!

***

## ਚੀਰੇ ਵਾਲਿਆ ਵੇਖਦਾ ..

**ਜੁਗਨੀ:** ਜੁਗਨੀ ਵੀ ਗਲੇ ਦਾ ਗਹਿਣਾ ਸੀ। ਜੁਗਨੀ ਹਾਰ ਦੇ ਮੱਧ ਵਿੱਚ ਆ ਕੇ ਹੇਠਾਂ ਵੱਲ ਨੂੰ ਲਟਕਦੀ ਦਿਖਾਈ ਦਿੰਦੀ ਸੀ ਤੇ ਖੱਬੇ ਤੇ ਸੱਜੇ ਪਾਸੇ ਹਰੇ ਤੇ ਲਾਲ ਨਗ ਲੱਗੇ ਹੁੰਦੇ ਸਨ। ਗਲੇ 'ਚ ਜ਼ੰਜੀਰੀ, ਚੌਂਕੀ, ਹੱਸ, ਰਾਣੀਹਾਰ, ਤਵੀਤ, ਮੱਖੀ, ਹੌਲਦਿਲੀ, ਚੁਟਾਲਾ, ਲੌਕਟ, ਪੈਂਡਲ, ਸਿੰਘ-ਤਵੀਤ, ਗੁਲੂਬੰਦ, ਦੀਰਾ, ਮਾਲਾ, ਨੌਂਰਤਨਾ ਗਹਿਣੇ ਵੀ ਸਨ।

**ਤੱਗਾ, ਹਮੇਲ, ਇਨਾਮ ਅਤੇ ਬੁੱਗਤੀਆਂ**

ਗਲੇ ਵਿੱਚ ਧਾਗੇ ਨੂੰ ਮੇਲ ਕੇ ਇਸ 'ਚ ਜੇਕਰ ਪੌਂਡ ਪਾਏ ਜਾਣ ਤਾਂ ਇਹ ਤੱਗਾ ਕਹਾਉਂਦਾ ਸੀ। ਜੇਕਰ ਰੁਪਏ ਪਾਏ ਜਾਣ ਤਾਂ ਹਮੇਲ ਕਹਾਉਂਦਾ ਸੀ। ਜੇਕਰ ਸੋਨੇ ਦੇ ਪੈਸੇ ਹੋਣ ਤਾਂ ਬੁੱਗਤੀਆਂ ਅਤੇ ਜੇਕਰ ਤਿਕੋਣੇ ਤਵੀਤ ਹੋਣ ਤਾਂ ਇਨਾਮ ਕਹਾਉਂਦਾ ਸੀ।

***

## ਡੋਨਾਲਡ ਟਰੰਪ ਦੇ ਰਾਸ਼ਟਰਪਤੀ...

ਵਿਰੋਧੀ ਧਿਰ ਦੀ ਭੀੜ, ਜਿਸਦੀ ਅਗਵਾਈ ਰਾਹੁਲ ਗਾਂਧੀ ਕਰ ਰਹੇ ਹਨ, ਅਮਰੀਕਾ ਦੁਆਰਾ ਭੜਕਾਏ ਗਏ ਵਿਸ਼ਵਵਿਆਪੀ ਉਥਲ-ਪੁਥਲ ਪ੍ਰਤੀ ਇੱਕ ਵਿਚਾਰਸ਼ੀਲ ਅਤੇ ਮਾਪੇ ਗਿਆ ਰਾਸ਼ਟਰੀ ਜਵਾਬ ਦੇਣ ਵਿੱਚ ਬਹੁਤ ਘੱਟ ਮਦਦ ਕਰ ਸਕਦੀ ਹੈ। ਭਾਰਤੀ ਯੂਨੀਵਰਸਿਟੀਆਂ ਅਤੇ ਥਿੰਕ ਟੈਂਕਾਂ ਨੂੰ ਰਾਸ਼ਟਰੀ ਸਵੈਮ ਸੇਵਕ ਸੰਘ ਦੇ ਕੈਂਪ-ਪੈਰੋਕਾਰਾਂ ਵਜੋਂ ਪਾਰਕਿੰਗ ਸਥਾਨ ਹੀ ਬਣਾ ਦਿੱਤਾ ਗਿਆ ਹੈ। ਅਤੇ, ਭਾਰਤੀ ਪ੍ਰਵਾਸੀ ਖੁਦ ਘਬਰਾਹਟ ਵਿੱਚ ਹੋਣਗੇ ਅਤੇ ਟਰੰਪ ਕੈਂਪ ਵਿੱਚ ਦੇਸ਼ ਭਗਤੀ ਦੇ ਜੋਸ਼ ਦੇ ਨਵੇਂ ਹੇਰਾਫੇਰੀ ਕਰਨ ਵਾਲੇ ਮੋਦੀ ਸ਼ਾਸਨ ਲਈ ਸਮਰਥਨ ਦੇ ਕਿਸੇ ਵੀ ਤਰ੍ਹਾਂ ਦੇ ਬਾਹਰੀ ਪ੍ਰਗਟਾਵੇ ਨੂੰ ਪਿਆਰ ਨਾਲ ਨਹੀਂ ਲੈਣਗੇ।

ਇੱਕ ਰਾਸ਼ਟਰ ਦੇ ਰੂਪ ਵਿੱਚ, ਸਾਨੂੰ ਵਾਸ਼ਿੰਗਟਨ ਤੋਂ ਮੰਗਾਂ ਨੂੰ ਦੂਰ ਕਰਨ ਲਈ ਆਪਣੀ ਸਮੂਹਿਕ ਕਲਪਨਾ ਅਤੇ ਰਾਸ਼ਟਰੀ ਉਦੇਸ਼ ਦੀ ਸਪੱਸ਼ਟਤਾ ਨੂੰ ਵਰਤਣਾ ਪਵੇਗਾ। ਅਸੀਂ ਸਿਰਫ਼ ਸ਼ਰਧਾ ਨਾਲ ਚਾਹੁੰਦੇ ਹਾਂ ਕਿ ਸਾਡੀ ਰਾਸ਼ਟਰੀ ਲੀਡਰਸ਼ਿਪ ਪੁਰਾਣੀ ਚਾਣਕਿਆ ਨਸੀਹਤ ਨੂੰ ਯਾਦ ਰੱਖੇ: ਕਿਸੇ ਵੀ ਸ਼ਾਸਕ ਨੂੰ ਰਾਸ਼ਟਰੀ

ਹਿੱਤਾਂ ਦੀ ਕੀਮਤ 'ਤੇ ਨਿੱਜੀ ਮਹਿਮਾ ਨਹੀਂ ਲੈਣੀ ਚਾਹੀਦੀ। ਇਸ ਹੁਕਮ ਨੂੰ ਅਗਲੇ ਚਾਰ ਸਾਲਾਂ ਲਈ ਹਰ ਰੋਜ਼ ਯਾਦ ਰੱਖਣ ਦੀ ਜ਼ਰੂਰਤ ਹੋਏਗੀ।

****

## ਪੰਜਾਬੀ ਗੀਤਕਾਰੀ ਤੇ...

ਮੌਜੂਦਾ ਗਾਇਕੀ ਤੇ ਗੀਤਕਾਰੀ ਵਿੱਚੋਂ ਹੁਣ ਸੁਚੱਜਾ ਕਲਾਕਾਰ ਲੱਭਣਾ ਔਖਾ ਹੈ। ਪਹਿਲਾਂ ਗਾਉਣ ਵਾਲਾ ਸੰਗੀਤ ਨੂੰ ਆਪਣੇ ਮੁਤਾਬਿਕ ਢਾਲਦਾ ਸੀ, ਹੁਣ ਸੰਗੀਤ ਕਲਾਕਾਰ ਨੂੰ ਆਪਣੇ ਮੁਤਾਬਿਕ ਤੋਰਦਾ ਹੈ। ਸੰਗੀਤ ਦੇ ਸ਼ੋਰ ਨੇ ਗਾਇਕ ਤੇ ਗੀਤਕਾਰ ਦੋਵੇਂ ਹੀ ਗੁਣਾਤਮਕ ਪੱਖ ਤੋਂ ਹੀਣੇ ਕਰ ਦਿੱਤੇ ਹਨ। ਹੁਣ ਗੀਤ ਵਿਚਲਾ ਸਰੋਦੀ-ਰਸ ਅੱਖਾਂ ਰਾਹੀਂ ਦੇਖਣ ਵਾਲੀ ਵਸਤੂ ਬਣ ਕੇ ਰਹਿ ਗਿਆ ਹੈ। ਹੁਣ ਅਸੀਂ ਪਰਦੇ 'ਤੇ ਗੀਤ ਸੁਣਦੇ ਨਹੀਂ, ਦੇਖਦੇ ਹਾਂ। ਅੱਜਕੱਲ੍ਹ ਕਲਾਕਾਰ ਸਿੱਖਦੇ ਨਹੀਂ, ਕੰਪਿਊਟਰ 'ਤੇ ਵਜਦਾ ਸੰਗੀਤ ਹੀ ਉਨ੍ਹਾਂ ਨੂੰ ਆਪਣੇ ਮੁਤਾਬਿਕ ਮੋੜਦਾ ਹੈ। ਹੁਣ ਤਾਂ ਇਹ ਵੀ ਨਹੀਂ ਪਤਾ ਕਿ ਇੱਕ ਅਣਜਾਣ ਜਿਹਾ ਅਖੌਤੀ ਕਲਾਕਾਰ ਕਦੋਂ ਸੁਪਰ ਸਟਾਰ ਬਣ ਜਾਵੇ। ਅਜਿਹੇ ਕਲਾਕਾਰ ਸਟੇਜ 'ਤੇ ਗਾਉਂਦੇ ਘੱਟ ਤੇ ਨੱਚਦੇ ਜ਼ਿਆਦਾ ਹਨ। ਹੁਣ ਤਾਂ ਇਹ ਵੀ ਸਮਝ ਨਹੀਂ ਆਉਂਦੀ ਕਿ ਪਰਦੇ ਅੱਗੇ ਬੈਠੇ ਨੂੰ ਦਰਸ਼ਕ ਕਹੀਏ ਜਾਂ ਸਰੋਤਾ।

ਬਾਬੂ ਸਿੰਘ ਮਾਨ ਦੇ ਕਹਿਣ ਅਨੁਸਾਰ ਹੁਣ ਗੀਤਕਾਰੀ ਵਾਲੀ ਕਲਾਤਮਿਕਤਾ ਖ਼ਤਮ ਹੋ ਚੁੱਕੀ ਹੈ। ਗੀਤਕਾਰੀ ਤੇ ਗਾਇਕੀ ਨੂੰ ਕੰਪਿਊਟਰੀ ਸੰਗੀਤ ਨੇ ਆਪਣੇ ਕਲਾਵੇ ਵਿੱਚ ਲੈ ਲਿਆ ਹੈ, ਪ੍ਰੰਤੂ ਫ਼ਿਰ ਵੀ ਕੁਝ ਕਲਾਕਾਰ ਅਜੇ ਵੀ ਅਜਿਹੇ ਹਨ ਜਿਨ੍ਹਾਂ ਨੇ ਸਾਜ਼ਾਂ ਦੇ ਸ਼ੋਰ-ਸ਼ਰਾਬੇ ਵਿੱਚ ਵੀ ਆਪਣੀ ਆਵਾਜ਼ ਨੂੰ ਗੁਆਚਣ ਨਹੀਂ ਦਿੱਤਾ। ਜਿਵੇਂ ਗੁਰਦਾਸ ਮਾਨ, ਸਤਿੰਦਰ ਸਰਤਾਜ, ਹਰਭਜਨ ਮਾਨ, ਹੰਸ ਰਾਜ ਹੰਸ, ਸੁਖਵਿੰਦਰ ਆਦਿ ਕਲਾਕਾਰ ਵਰਣਨਯੋਗ ਹਨ। ਜਿਨ੍ਹਾਂ ਨੇ ਸਾਜ਼ਾਂ ਨੂੰ ਆਪਣੀ ਗਾਇਕੀ 'ਤੇ ਭਾਰੂ ਨਹੀਂ ਪੈਣ ਦਿੱਤਾ। ਜਿਨ੍ਹਾਂ ਸਾਜ਼ਾਂ ਦਾ ਸ਼ੋਰ ਸ਼ਰਾਬਾ ਹੋਵੇਗਾ ਸਮਝੋ ਗਾਇਕ ਓਨਾਂ ਹੀ ਕਮਜ਼ੋਰ ਪੱਧਰ ਦਾ ਹੋਵੇਗਾ। ਸੰਗੀਤਕ ਪੱਖ ਦੀ ਕਮਜ਼ੋਰੀ ਵਾਲਾ ਕਲਾਕਾਰ ਹੀ ਸਾਜ਼ਾਂ ਦੀ 'ਢਊਂ-ਢਊਂ' ਦਾ ਸਹਾਰਾ ਲਵੇਗਾ। ਕਈ ਨਵੇਂ ਗੀਤਕਾਰਾਂ ਨੇ ਅਜਿਹੇ ਗੀਤ ਸਿਰਜੇ ਹਨ ਜਿਨ੍ਹਾਂ ਦਾ ਪਤਾ ਹੀ ਨਹੀਂ ਲੱਗਦਾ ਕਿ ਉਨ੍ਹਾਂ ਦਾ ਕੀ ਮਤਲਬ ਹੈ।

ਹੁਣ ਗੀਤਕਾਰੀ ਸਾਡੀਆਂ ਭਾਵਨਾਵਾਂ ਨੂੰ ਹਲੂਣਾ ਦੇਣ ਵਾਲੀ ਨਹੀਂ ਰਚੀ ਜਾ ਰਹੀ, ਸਿਰਫ਼ ਪਰਦੇ ਨੂੰ ਮੁੱਖ ਰੱਖ ਕੇ ਰਚੀ ਜਾ ਰਹੀ ਹੈ। ਮੇਰੇ ਕਹਿਣ ਦਾ ਭਾਵ ਇਹ ਵੀ ਨਹੀਂ ਹੈ ਕਿ ਮੌਜੂਦਾ ਗਾਇਕੀ ਜਾਂ ਗੀਤਕਾਰੀ ਬਿਲਕੁਲ ਤਬਾਹ ਹੀ ਹੋ ਗਈ ਹੈ। ਕੁਝ ਨਵੇਂ ਕਲਾਕਾਰ ਅਜੇ ਵੀ ਬਹੁਤ ਵਧੀਆ ਲੀਹਾਂ ਪਾ ਰਹੇ ਹਨ, ਪਰ ਉਨ੍ਹਾਂ ਨਾਲੋਂ ਵਪਾਰੀ ਕਿਸਮ ਦੀ ਗਾਇਕੀ ਸਿਖਰਾਂ ਨੂੰ ਛੋਹ ਰਹੀ ਹੈ। ਜੇਕਰ ਇਹੀ ਰੁਝਾਨ ਜਾਰੀ ਰਿਹਾ ਤਾਂ ਸਾਡੀ ਅਗਲੀ ਪੀੜ੍ਹੀ ਵੀ ਇਸ 'ਢਊਂ-ਢਊਂ' ਦੀ ਆਦੀ ਹੋ ਜਾਵੇਗੀ। ਸੋ ਨਵੇਂ ਤੇ ਉੱਭਰਦੇ ਕਲਾਕਾਰਾਂ ਤੇ ਗੀਤਕਾਰਾਂ ਨੂੰ ਚਾਹੀਦਾ ਹੈ ਕਿ ਉਹ ਵਪਾਰੀ ਪੱਧਰ ਦੇ ਤਾਣੇ-ਬਾਣੇ ਦਾ ਸ਼ਿਕਾਰ ਨਾ ਬਣਨ, ਗਾਇਕੀ ਦਾ ਹੁਨਰ ਸਿੱਖਣ ਤੇ ਆਪਣੇ ਸ਼ਬਦੀ-ਰਸ ਨੂੰ ਗੁਆਚਣ ਨਾ ਦੇਣ।

***

## ਕੌਮਾਂ ਬਾਰੇ ਪਹਿਲੀ ਗੰਭੀਰ ਪੁਸਤਕ...

ਲੇਖਕ ਅੰਦਰ ਇਹ ਕਹਿਣ ਦੀ ਝਿਜਕ ਨਹੀਂ ਕਿ ਕੌਮ ਬਾਰੇ ਜੋ ਗੱਲਾਂ ਕਿਤਾਬ ਵਿੱਚ ਕੀਤੀਆਂ ਗਈਆਂ ਹਨ ਉਹ ਅੰਤਿਮ ਨਹੀਂ, ਪਰ ਇਹ ਕਿਤਾਬ ਹੋਰ ਕਿਤਾਬਾਂ ਦੀ ਸਿਰਜਣਾ ਕਰਨ ਲਈ ਰਾਹ ਜ਼ਰੂਰ ਪੱਧਰਾ ਕਰੇਗੀ। ਇਸ ਕਿਤਾਬ ਦੀ ਪ੍ਰੇਰਨਾ ਤੇ ਸਹਾਇਤਾ ਲਈ ਯੂਕੇ ਸਥਿਤ ਇੱਕ ਉੱਘੀ ਸੰਸਥਾ ਸਿੱਖ ਐਜੂਕੇਸ਼ਨਲ ਕੌਂਸਲ ਅਤੇ ਅਮਰੀਕਾ ਸਥਿਤ ਪੰਜਾਬੀ ਰੇਡੀਓ ਨੇ ਵੱਡਾ ਰੋਲ ਅਦਾ ਕੀਤਾ।

ਕਿਤਾਬ ਦੇ ਆਖਰੀ ਕਾਂਡ ਦੇ ਆਖਰੀ ਪਹਿਰੇ ਵਿੱਚ ਹਿੰਸਾ ਦੀ ਵਰਤੋਂ ਬਾਰੇ ਖ਼ਾਲਸਾ -ਪ੍ਰਸੰਗ ਤੇ ਖ਼ਾਲਸਾ- ਰੌਸ਼ਨੀ ਦਾ ਆਸਰਾ ਲੈ ਕੇ ਲੇਖਕ ਇਤਿਹਾਸਕ ਟਿੱਪਣੀ ਕਰ ਰਿਹਾ ਹੈ ਕਿ ਸਿੱਖਾਂ ਦੀ ਧਾਰਮਿਕ ਪਰੰਪਰਾ ਵਿੱਚ ਉਹ ਹਿੰਸਾ ਜਾਇਜ਼ ਹੈ ਜੋ ਮਨੁੱਖਤਾ ਦੇ ਉਧਾਰ ਅਤੇ ਜ਼ੁਲਮ ਦੇ ਖਾਤਮੇ ਲਈ ਕੀਤੀ ਜਾਂਦੀ ਹੈ। ਜੁਝਾਰੂ ਲਹਿਰ, ਨਾਮਧਾਰੀ ਲਹਿਰ ਅਤੇ ਗਦਰ ਲਹਿਰ ਦਾ ਹਵਾਲਾ ਦਿੰਦਿਆਂ ਲੇਖਕ ਇਹ ਆਖ ਰਿਹਾ ਹੈ ਕਿ ਸਿੱਖਾਂ ਦੇ ਮਨੁੱਖੀ ਜੁਝਾਰੂਪਣ ਨੂੰ ਫ਼ੌਜੀ ਜੁਝਾਰੂਪਣ ਵਿੱਚ ਬਦਲਣ ਦੀਆਂ ਅਣਗਿਣਤ ਮਿਸਾਲਾਂ ਇਤਿਹਾਸ ਵਿੱਚ ਮਿਲਦੀਆਂ ਹਨ। ਕਿਨਾਂ ਕਿਨਾਂ ਨੂੰ ਇਹ ਕਿਤਾਬ ਪੜਨੀ ਚਾਹੀਦੀ ਹੈ ਜਾਂ ਪੜਨੀ ਪੈਣੀ ਹੈ? ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਸਾਰੇ ਧੜਿਆਂ ਦੇ ਜਾਗਦੇ ਵਿਦਿਆਰਥੀਆਂ ਨੂੰ, ਆਜ਼ਾਦੀ ਲਈ ਲੜ ਰਹੀਆਂ ਜਥੇਬੰਦੀਆਂ ਤੇ ਪਾਰਟੀਆਂ ਦੇ ਪੜੇ ਲਿਖੇ ਆਗੂਆਂ ਨੂੰ, ਰਾਜਨੀਤਿਕ ਵਿਦਵਤਾ ਵਿੱਚ ਨਿਪੁੰਨ ਪੰਜਾਬ ਦੀਆਂ ਤਮਾਮ ਰਾਜਨੀਤਕ ਪਾਰਟੀਆਂ ਨੂੰ, ਵਿਸ਼ੇਸ਼ ਕਰਕੇ ਅਕਾਲੀ ਦਲ ਦੇ ਉਹਨਾਂ ਆਗੂਆਂ ਨੂੰ ਜੋ ਬਹੁਤੀ ਵਾਰ ਕੌਮ ਤੇ ਕੌਮਵਾਦ ਬਾਰੇ ਨਿਆਣਿਆਂ ਵਾਲੀਆਂ ਗੱਲਾਂ ਕਰਦੇ ਹਨ, ਸੋਸ਼ਲ ਮੀਡੀਏ ਉੱਤੇ ਗੰਭੀਰ ਟਿੱਪਣੀਆਂ ਕਰਨ ਵਾਲਿਆਂ ਨੂੰ ,ਪੰਜਾਬ ਦੇ ਇਤਿਹਾਸਕਾਰਾਂ ਨੂੰ, ਪੰਜਾਬ ਦੇ ਮਸਲਿਆਂ ਨਾਲ ਜੁੜੇ ਗੰਭੀਰ ਪੱਤਰਕਾਰਾਂ ਅਤੇ ਲੇਖਕਾਂ ਨੂੰ ਵਿਹਲ ਕੱਢ ਕੇ ਪੜਨ ਦੀ ਲੋੜ ਹੈ ਤਾਂ ਜੋ ਪੰਜਾਬ ਵਿੱਚ ਮਿਲਦੇ ਜੁਲਦੇ ਤੇ ਇੱਕ ਦੂਜੇ ਨਾਲ ਟਕਰਾਉਂਦੇ ਵਿਚਾਰਾਂ ਦਾ ਇੱਕ ਭਰਪੂਰ ਮੇਲਾ ਲੱਗ ਸਕੇ।

ਕਿਤਾਬ ਉਹਨਾਂ ਰਾਜਨੀਤਿਕ ਅੱਖਾਂ ਵਿੱਚ ਵੀ ਝਾਕਣਾ ਚਾਹੁੰਦੀ ਹੈ ਜੋ ਇਕ ਕਤਰੇ ਵਿੱਚ ਸਮੁੰਦਰ ਦੇਖ ਸਕਣ ਦੀ ਯੋਗਤਾ ਤੇ ਕਾਬਲੀਅਤ ਰੱਖਦੇ ਹਨ।

***

## ਅਕਾਲੀ ਮੋਰਚਿਆਂ ਵਿੱਚ...

ਜਥਾ ਗੁਰਦੁਆਰੇ ਨੂੰ ਅੰਗਰੇਜ਼ ਅਫ਼ਸਰਾਂ ਦੇ ਕਬਜ਼ੇ ਵਿਚ ਨਹੀਂ ਰਹਿਣ ਦੇਵੇਗਾ। ਆਪਣੀਆਂ ਫ਼ੌਜਾਂ ਹਟਾ ਕੇ ਗੁਰਦੁਆਰਾ ਆਜ਼ਾਦ ਕਰ ਦੇਵੋ। ਸਿੰਘਾਂ ਨੇ ਹਥਿਆਰ ਸੂਤ ਲਏ। ਅੰਗਰੇਜ਼ ਅਫ਼ਸਰਾਂ ਨੂੰ ਜਾਣ ਲਿਆ ਕਿ ਇਸ ਵਿਚ ਅੰਗਰੇਜ਼ ਸਰਕਾਰ ਦਾ ਜਨਤਕ ਨੁਕਸਾਨ ਹੋਵੇਗਾ। ਭਾਵੇਂ ਪਹਿਲੇ ਹੋ ਰਹੇ ਤਸ਼ੱਦਦ ਪਰਦੇ ਵਿਚ ਹਨ। ਇਸ ਲਈ ਡਿਪਟੀ ਕਮਿਸ਼ਨਰ ਕੈਰੀ ਨੇ ਚਾਬੀਆਂ ਜਥੇਦਾਰ ਦੇ ਹੱਥ ਫੜਾਈਆਂ ਅਤੇ ਫ਼ੌਜ ਹਟਾ ਲਈ ਗਈ। ਉਸ ਵੇਲੇ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸਿੰਘਾਂ ਨੂੰ ਦੇ ਦਿੱਤਾ। ਕਮੇਟੀ ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਅਟਾਰੀ ਵਾਲੇ ਜੋ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਨ, ਨੂੰ ਬਣਾਇਆ ਗਿਆ। ਫਰਵਰੀ 22, 1921 ਨੂੰ ਸਵੇਰੇ 11 ਵਜੇ ਸਿੰਘਾਂ ਨੂੰ ਅੰਦਰ ਜਾਣ ਦਾ ਹੁਕਮ ਹੋਇਆ।

23 ਫਰਵਰੀ 1921 ਨੂੰ ਪੰਜਾਬ ਦਾ ਗਵਰਨਰ ਮੈਕਲੈਗਨ ਆਪਣੀ ਕਾਰਜਕਾਰਨੀ ਨੂੰ ਨਾਲ ਲੈ ਕੇ ਨਨਕਾਣਾ ਸਾਹਿਬ ਪੁੱਜਾ। ਗਵਰਨਰ ਵੀ ਇਸ ਭਿਆਨਕ ਕਤਲੇਆਮ ਦਾ ਦ੍ਰਿਸ਼ ਵੇਖ ਕੇ ਦੁਖੀ ਹੋਇਆ। ਫਿਰ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿਸ ਵਿਚ ਸ਼ਹੀਦ ਗੰਜ ਬਣਿਆ ਹੈ, ਤਿਆਰ ਕੀਤਾ ਗਿਆ। ਸ਼ਾਮ 7 ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ। ਇਸ ਦੀ ਯਾਦ ਵਿੱਚ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਕਾਲੇ ਦਸਤਾਰੇ ਸਜਾਏ।

ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ। ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ 16 ਪਠਾਣਾ ਨੂੰ 7-7 ਸਾਲ ਦੀ ਕੈਦ ਦੀ ਸਜਾ ਸੁਣਾਈ। ਅਪੀਲ ਹੋਣ ਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਕਰ ਦਿੱਤੀ। ਉਸ ਦੇ ਕੇਵਲ ਤਿੰਨ ਸਾਥੀਆਂ ਦੀ ਫਾਂਸੀ ਦੀ ਬਹਾਲ ਰਖੀ। ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਇਸ ਕਤਲੇਆਮ ਸਮੇਂ ਅਕਾਲੀਆਂ ਨੂੰ ਹਿੰਦੂ, ਮੁਸਲਮਾਨ ਭਾਈਚਾਰੇ ਦੀ ਹਮਦਰਦੀ ਮਿਲੀ, ਮਹੰਤ ਦੇ ਇਸ ਕਾਲੇ ਕਾਰੇ ਤੇ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ, ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰੀਆਂ ਅਖ਼ਬਾਰਾਂ ਨੇ ਸਰਕਾਰ ਨੂੰ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ,ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰਿਆਂ ਅਖ਼ਬਾਰਾਂ ਨੇ ਸਰਕਾਰ ਨੂੰ ਅੰਦਰਖਾਤੇ ਮਹੰਤ ਨਾਲ ਮਿਲੇ ਹੋਣ ਦੇ ਦੋਸ਼ ਲਗਾਏ। ਜ਼ਿਮੀਦਾਰ ਉਰਦੂ ਅਖ਼ਬਾਰ ਨੇ ਉਹਨਾਂ ਮੁਸਲਮਾਨਾਂ ਨੂੰ ਲਾਹਨਤਾਂ ਪਾਈਆਂ ਜੋ ਮਹੰਤ ਦੀ ਮਦਦ ਵਿੱਚ ਰਹੇ ਸਨ।

ਇਸ ਕਤਲੇਆਮ ਨੇ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿੱਚ ਨਵਾਂ ਜੋਸ਼ ਭਰਿਆ। ਉਹ ਅੰਗਰੇਜ਼ ਸਰਕਾਰ ਦੀ ਪ੍ਰਵਾਹ ਨਾ ਕਰਦੇ ਹੋਏ, ਕੈਦਾਂ ਅਤੇ ਜੁਰਮਾਨਿਆਂ ਦੇ ਬਾਵਜੂਦ ਬੜੀਆਂ ਕਵਿਤਾ ਲਿਖਦੇ ਅਤੇ ਪੜ੍ਹਦੇ ਰਹੇ। ਇਸ ਨਾਲ ਅਕਾਲੀ ਲਹਿਰ ਦਾ ਘੇਰਾ ਵਿਸ਼ਾਲ ਹੋ ਗਿਆ। ਰਾਸ਼ਟਰੀ ਜਨਤਕ ਅੰਦੋਲਨਾਂ ਦਾ ਰਾਹ ਖੁਲਿਆ। ਅਕਾਲੀ ਲਹਿਰ ਨੇ ਗੁਰਦੁਆਰੇ ਆਜ਼ਾਦ ਕਰਵਾਉਣੇ ਆਰੰਭ ਕਰ ਦਿੱਤੇ। ਨਨਕਾਣਾ ਸਾਹਿਬ ਦੇ 'ਮਾਲ ਜੀ ਸਾਹਿਬ',' ਕਿਆਰਾ ਸਾਹਿਬ', 'ਬਾਲ ਲੀਲ੍ਹਾ ਸਾਹਿਬ' ਆਦਿ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆ ਗਏ। ਇਸ ਸਮੇਂ ਅੰਗਰੇਜ਼ੀ ਸਰਕਾਰ ਨੇ ਵਕਤੀ ਤੌਰ ਤੇ ਸਿੱਖਾਂ ਨਾਲ ਹਮਦਰਦੀ ਪ੍ਰਗਟਾਈ ਪਰ ਛੇਤੀ ਹੱਥ ਸਰਕਾਰ ਨੇ ਸੁਧਾਰਕ ਸਿੱਖਾਂ ਉੱਪਰ ਸਖ਼ਤੀ ਕਰਕੇ ਕਈਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ।

***

## ਪਰਵਾਸੀ ਮਜ਼ਦੂਰ ਸਿੱਖਣ ਲੱਗੇ ਪੰਜਾਬੀ...

2024 ਦੀਆਂ ਲੋਕ ਚੋਣਾਂ ਵਿੱਚ ਇਸ ਮੁੱਦੇ ਨੇ ਉਦੋਂ ਸੁਰਖ਼ੀਆਂ ਫੜੀਆਂ ਜਦੋਂ ਸੰਗਰੂਰ ਤੋਂ ਲੋਕ ਸਭਾ ਲਈ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਇਸ ਨੂੰ ਉਛਾਲਿਆ ਸੀ। ਸੁਖਪਾਲ ਸਿੰਘ ਖਹਿਰਾ ਦੀ ਦਲੀਲ ਸੀ ਕਿ ਹਿਮਾਚਲ ਪ੍ਰਦੇਸ਼ ਦੀ ਤਰਜ਼ ਉੱਤੇ ਦੂਜੇ ਸੂਬਿਆਂ ਦੇ ਲੋਕਾਂ ਨੂੰ ਪੰਜਾਬ ਵਿੱਚ ਜ਼ਮੀਨ ਅਤੇ ਜਾਇਦਾਦ ਖ਼ਰੀਦਣ ਦੀ ਆਗਿਆ ਨਹੀਂ ਹੋਣੀ ਚਾਹੀਦੀ।

2024 ਨਵੰਬਰ ਵਿੱਚ ਗ਼ੈਰ-ਪੰਜਾਬੀ ਪਰਵਾਸੀ ਮਜ਼ਦੂਰਾਂ ਦੇ ਮੁੱਦੇ ਨੇ ਇੱਕ ਵਾਰ ਫਿਰ ਉਸ ਸਮੇਂ ਸੁਰਖ਼ੀਆਂ ਵਿੱਚ ਫੜੀਆਂ ਜਦੋਂ ਮੁਹਾਲੀ ਜ਼ਿਲ੍ਹੇ ਦੇ ਕੁੰਬੜਾ ਪਿੰਡ ਦੋ ਨੌਜਵਾਨਾਂ ਦਾ ਕਤਲ ਹੋ ਜਾਂਦਾ ਹੈ। ਕਤਲ ਦਾ ਇਲਜ਼ਾਮ ਉੱਤਰ ਪ੍ਰਦੇਸ਼ ਦੇ ਕੁਝ ਨੌਜਵਾਨਾਂ ਉੱਤੇ ਲੱਗਾ। ਖ਼ੈਰ ਇਸ ਮੁੱਦੇ ਤੋਂ ਬਾਅਦ ਪਿੰਡਾਂ ਵਿੱਚੋਂ ਪਰਵਾਸੀ ਮਜ਼ਦੂਰਾਂ ਨੂੰ ਬਾਹਰ ਕਰਨ ਦੀ ਚਰਚਾ ਨੇ ਜ਼ੋਰ ਫੜ ਲਿਆ। ਇਸ ਪਿੰਡ ਦੇ ਬਾਹਰ ਬਕਾਇਦਾ ਬੋਰਡ ਲੱਗੇ ਹੋਏ ਹਨ, ਜਿਸ ਵਿੱਚ ਕਿਰਾਏ ਉੱਤੇ ਰਹਿਣ ਵਾਲੇ ਪਰਵਾਸੀ ਮਜ਼ਦੂਰਾਂ ਸਬੰਧੀ ਕਈ ਨਿਯਮ ਲਿਖੇ ਹੋਏ ਸਨ। ਪਿੰਡ ਦੇ ਵਸਨੀਕ ਬਲਵਿੰਦਰ ਸਿੰਘ ਨੇ ਦੱਸਿਆ ਕਿ ਉਹ ਪਰਵਾਸੀ ਮਜ਼ਦੂਰਾਂ ਦੇ ਖ਼ਿਲਾਫ਼ ਨਹੀਂ ਹਨ ,ਪਰ ਅਸੀਂ ਚਾਹੁੰਦੇ ਹਾਂ ਇਥੇ ਰਹਿਣ ਵਾਲੇ ਪਰਵਾਸੀਆਂ ਦੀ ਪੁਲਿਸ ਵੈਰੀਫਿਕੇਸ਼ਨ ਹੋਣੀ ਚਾਹੀਦੀ ਹੈ। ਉਨ੍ਹਾਂ ਆਖਿਆ ਕਿ ਜੋ ਪਰਵਾਸੀ ਪਿੰਡ ਵਿੱਚ ਕਿਰਾਏ ਉਤੇ ਰਹਿੰਦੇ ਹਨ, ਉਹ ਆਪਣੇ ਆਧਾਰ ਕਾਰਡ ਅਤੇ ਵੋਟਾਂ ਇੱਥੇ ਬਿਨਾ ਪੁਲਿਸ ਵੈਰੀਫੈਕੀਸ਼ਨ ਦੇ ਬਣਾ ਲੈਂਦੇ ਹਨ ਤੇ ਫਿਰ ਕ੍ਰਾਈਮ ਕਰ ਕੇ ਇੱਥੋਂ ਫ਼ਰਾਰ ਹੋ ਜਾਂਦੇ ਹਨ। ਇਸ ਤੋਂ ਪਹਿਲਾਂ ਮੁਹਾਲੀ ਜ਼ਿਲ੍ਹੇ ਦੇ ਟੱਪਰੀਆਂ ਪਿੰਡ ਦੇ ਕੁਝ ਲੋਕਾਂ ਨੇ ਬਿਹਾਰ ਅਤੇ ਯੂਪੀ ਨਾਲ ਸਬੰਧਿਤ ਸੂਬਿਆਂ ਦੇ ਮਜ਼ਦੂਰਾਂ ਨੂੰ ਪਿੰਡ ਤੋਂ ਬਾਹਰ ਕਰਨ ਦਾ ਫ਼ਰਮਾਨ ਜਾਰੀ ਕਰ ਦਿੱਤਾ ਸੀ।

ਖਹਿਰੇ ਵਾਂਗ ਸਮਾਜਿਕ ਕਾਰਕੁਨ ਲੱਖਾ ਸਿਧਾਣਾ ਸਮੇਂ ਸਮੇਂ ਉੱਤੇ ਪਰਵਾਸੀਆਂ ਦਾ ਮੁੱਦਾ ਚੁੱਕਦੇ ਰਹਿੰਦੇ ਹਨ। ਲੱਖਾ ਸਿਧਾਣਾ ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਦੂਜੇ ਸੂਬਿਆਂ ਤੋਂ ਕੋਈ ਵੀ ਵਿਅਕਤੀ ਪੰਜਾਬ ਵਿੱਚ ਆ ਸਕਦਾ ਹੈ ਅਤੇ ਉਸ ਦਾ ਉਹ ਸਵਾਗਤ ਕਰਦੇ ਹਾਂ, ਪਰ ਪੰਜਾਬ ਦੀਆਂ ਨੌਕਰੀਆਂ ਅਤੇ ਕਾਰੋਬਾਰ ਉੱਤੇ ਪਹਿਲਾ ਹੱਕ ਪੰਜਾਬੀਆਂ ਦਾ ਹੈ। ਦੂਜੇ ਪਾਸੇ ਅਕਾਲੀ ਦਲ ਵਾਰਿਸ ਪੰਜਾਬ ਦੇ ਸਿਆਸੀ ਪਾਰਟੀ ਨੇ ਬਕਾਇਦਾ ਮਤਾ ਪਾਸ ਕਰ ਕੇ ਆਖਿਆ ਹੈ ਕਿ ਪੰਜਾਬ ਪੰਜਾਬੀਆਂ ਦਾ ਹੈ ਅਤੇ ਇਸ ਉੱਤੇ ਹੱਕ ਇੱਥੇ ਦੇ ਮੂਲ ਲੋਕਾਂ ਦਾ ਹੈ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
AJJ DA
MUDDA
ON
jus
PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com